www.sikhbookclub.com

# ਯਾਦਾਂ ਗੰਜੀ ਬਾਰ ਦੀਆਂ

ਡਾ. ਹਰਕੀਰਤ ਸਿੰਘ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

www.sikhbookclub.com

# ਯਾਦਾਂ ਗੰਜੀ ਬਾਰ ਦੀਆਂ

ਡਾ. ਹਰਕੀਰਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

www.sikhbookclub.com

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

YADDAN GANJI BAAR DIAN (*Punjabi*)
*by*

DR. HARKIRAT SINGH
330, Urban Estate, Phase-I, Patiala

ISBN 81-7380-150-9

2019
ਕਾਪੀਆਂ : 1100
ਮੁੱਲ : 150.00

ਡਾ. ਮਨਜੀਤ ਸਿੰਘ ਨਿੱਜਰ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ
ਕੀਤੀ ਅਤੇ ਆਰਨਾ ਪ੍ਰਿੰਟਿੰਗ ਸੋਲਿਊਸ਼ਨਜ਼, ਪਟਿਆਲਾ ਵਿਖੇ ਛਪੀ।

www.sikhbookclub.com

# ਦੋ ਸ਼ਬਦ

'ਯਾਦਾਂ ਗੰਜੀ ਬਾਰ ਦੀਆਂ' ਵਿਚ ਪੱਛਮੀ ਪੰਜਾਬ ਦੀਆਂ ਬਾਰਾਂ ਦੇ ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਇਤਿਹਾਸ ਦਾ ਬੜਾ ਰੌਚਕ ਚਿਤਰਣ ਹੈ। ਗੰਜੀ ਬਾਰ ਦੇ ਵਸਣ ਤੋਂ ਲੈ ਕੇ ਦੇਸ਼ ਦੀ ਵੰਡ ਤਕ ਦੀਆਂ ਘਟਨਾਵਾਂ ਦਾ ਵਰਣਨ ਕਰਦਿਆਂ ਅਣਵੰਡੇ ਪੰਜਾਬ ਦੇ ਸਭਿਆਚਾਰ ਨੂੰ ਬੜੀ ਸਰਲ ਅਤੇ ਸਾਦਾ ਭਾਸ਼ਾ ਵਿਚ ਦਰਸਾਇਆ ਗਿਆ ਹੈ।

ਆਸ ਹੈ, ਇਸ ਪੁਸਤਕ ਦਾ ਪੰਜਾਬੀ ਸਾਹਿਤ ਜਗਤ, ਵਿਸ਼ੇਸ਼ ਕਰਕੇ ਪੱਛਮੀ ਪੰਜਾਬ ਦੀਆਂ ਬਾਰਾਂ ਤੋਂ ਉਜੜ ਕੇ ਆਏ ਪੰਜਾਬੀਆਂ ਵਲੋਂ ਨਿੱਘਾ ਸਆਗਤ ਹੋਵੇਗਾ।

ਜੋਗਿੰਦਰ ਸਿੰਘ ਪੁਆਰ
ਵਾਈਸ-ਚਾਂਸਲਰ

ਪੰਜਾਬੀ ਯੂਨੀਵਰਸਿਟੀ,
ਪਟਿਆਲਾ

www.sikhbookclub.com

www.sikhbookclub.com

# ਭੂਮਿਕਾ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁਲਾਂਕਣ ਕਰਵਾਉਣ ਦੇ ਉਦੇਸ਼ ਹਿਤ ਹੀ ਸੰਨ 1967 ਵਿਚ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਇਸ ਵਿਭਾਗ ਵਲੋਂ ਪੰਜਾਬੀ ਲੇਖਕ ਲੜੀ, ਸਾਹਿਤਕ ਸਵੈ-ਜੀਵਨੀ ਲੜੀ, ਸਾਹਿਤ ਸਿਧਾਂਤਾਂ ਸਬੰਧੀ ਪੁਸਤਕ ਲੜੀ, ਪੰਜਾਬੀ ਸਾਹਿਤ ਰੂਪਾਂ ਬਾਰੇ ਪੁਸਤਕ ਲੜੀ, ਮੇਰੀ ਪ੍ਰਤੀਨਿਧ ਰਚਨਾ ਲੜੀ, ਪੁਰਾਤਨ ਹਥ-ਲਿਖਤ ਸੰਪਾਦਨ ਲੜੀ ਆਦਿ ਯੋਜਨਾਵਾਂ ਅਧੀਨ ਅਨੇਕਾਂ ਪੁਸਤਕਾਂ ਪਰਕਾਸ਼ਤ ਕਰਵਾਈਆਂ ਗਈਆਂ ਹਨ। ਇਸੇ ਤਰ੍ਹਾਂ ਵਿਭਾਗ ਵਲੋਂ ਪੰਜਾਬੀ ਸਾਹਿਤ ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਭਾਈ ਵੀਰ ਸਿੰਘ ਸਾਹਿਤ ਕੋਸ਼ ਵੀ ਪਰਕਾਸ਼ਤ ਕੀਤੇ ਗਏ ਹਨ। ਏਹਨਾਂ ਲੜੀਆਂ ਅਧੀਨ ਲਿਖਵਾਈਆਂ ਪੁਸਤਕਾਂ ਤੋਂ ਇਲਾਵਾ ਕੁਝ ਕੁ ਫੁਟਕਲ ਰਚਨਾਵਾਂ ਵੀ ਪਰਕਾਸ਼ਤ ਹੋਈਆਂ ਹਨ।

ਹਥਲੀ ਪੁਸਤਕ "ਯਾਦਾਂ ਗੰਜੀ ਬਾਰ ਦੀਆਂ" ਬਜ਼ੁਰਗ ਵਿਦਵਾਨ ਡਾ. ਹਰਕੀਰਤ ਸਿੰਘ ਹੋਰਾਂ ਦੀ ਰਚਨਾ ਹੈ। ਇਸ ਪੁਸਤਕ ਬਾਰੇ ਡਾ. ਹਰਕੀਰਤ ਸਿੰਘ ਹੋਰਾਂ ਦੀਆਂ ਭਾਵਨਾਵਾਂ ਨੂੰ ਹੇਠਾਂ ਅੰਕਿਤ ਕੀਤਾ ਜਾ ਰਿਹਾ ਹੈ:

> "ਜੋ ਕੁਝ ਇਸ ਪੁਸਤਕ ਬਾਰੇ ਜਾਣਕਾਰੀ ਦੇਣ ਲਈ ਇਸ ਦੀ ਭੂਮਿਕਾ ਵਿਚ ਲਿਖਿਆ ਜਾਣਾ ਚਾਹੀਦਾ ਸੀ, ਓਹ ਸਭ ਕੁਝ ਇਸ ਦੇ ਪੈਹਲੇ ਅਧਿਆਏ ਵਿਚ ਤੇ ਕੁਝ ਹੋਰ ਵੇਰਵੇ ਪਿਛੋਂ ਆਏ ਅਧਿਆਵਾਂ ਵਿਚ ਦੇ ਦਿੱਤੇ ਗਏ ਹਨ। ਭੂਮਿਕਾ ਵਿਚ ਏਹਨਾਂ ਹੀ ਗੱਲਾਂ ਨੂੰ ਮੁੜ ਦੁਹਰਾਉਣਾ ਬੇਲੋੜਾ ਜਾਪਦਾ ਹੈ। ਮੈਂ ਏਥੇ ਸਿਰਫ ਏਨਾ ਦਸਣਾ ਚਾਹੁੰਦਾ ਹਾਂ ਕਿ 'ਪੰਜਾਬੀ ਟ੍ਰਿਬਿਊਨ' ਵਿਚ ਇਸ ਪੁਸਤਕ ਦੇ ਲੜੀ ਵਾਰ ਛਪੇ ਅਧਿਆਏ ਪੜ੍ਹ ਕੇ ਮੈਨੂੰ ਪਾਠਕਾਂ ਵਲੋਂ 130 ਤੋਂ ਉੱਤੇ ਪਰਸ਼ੰਸਾ-ਪੱਤਰ ਮਿਲੇ ਹਨ। ਬੌਹਤ ਸਾਰੇ ਵਿਦਵਾਨਾਂ, ਸਿਆਸਤਦਾਨਾਂ ਤੇ ਲੇਖਕਾਂ ਨੇ ਚਿੱਠੀ-ਪੱਤਰ ਰਾਹੀਂ ਜਾਂ ਮਿਲ ਕੇ ਜ਼ਬਾਨੀ ਮੈਨੂੰ ਵਧਾਈਆਂ ਦਿੱਤੀਆਂ ਹਨ ਅਤੇ ਪੁਸਤਕ ਦੀ ਪਰਸ਼ੰਸਾ ਕੀਤੀ ਹੈ। ਮੈਂ ਏਹ ਪੁਸਤਕ ਲਿਖ ਕੇ ਇਕ ਜ਼ਰੂਰੀ ਫ਼ਰਜ਼ ਅਦਾ ਕੀਤਾ ਹੈ। ਅਫ਼ਸੋਸ ਹੈ ਕਿ ਸਾਡੀਆਂ ਬਾਰਾਂ ਸਬੰਧੀ ਕਿਸੇ ਵਿਦਵਾਨ, ਕਿਸੇ ਲੀਡਰ, ਕਿਸੇ ਲੇਖਕ ਨੇ ਵਿਸਥਾਰ-ਸੈਹਤ ਕੁਝ ਲਿਖਣ ਦਾ ਉਪਰਾਲਾ ਨਹੀਂ ਕੀਤਾ, ਜਦੋਂ ਕਿ ਏਹਨਾਂ ਬਾਰਾਂ ਵਿਚੋਂ ਕਈ ਉੱਘੇ ਵਿਦਵਾਨ, ਪਰੋਫ਼ੈਸਰ, ਲੇਖਕ, ਸਿਆਸੀ ਲੀਡਰ ਅਤੇ ਉੱਚੇ ਔਹਦਿਆਂ ਤੇ ਰੈਹ ਚੁੱਕੇ ਅਫਸਰ ਬਾਰਾਂ ਬਾਰੇ ਮੇਰੇ ਨਾਲੋਂ ਜ਼ਿਆਦਾ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਲਿਖ ਸਕਦੇ

www.sikhbookclub.com



ਸਨ। ਮੈਨੂੰ ਸਿਰਫ ਇਕ ਵਿਦਵਾਨ ਸਰਦਾਰ ਭਗਵੰਤ ਸਿੰਘ ਆਜ਼ਾਦ ਹੀ ਮਿਲੇ ਹਨ ਜਿਨ੍ਹਾਂ ਨੇ 'ਸਾਂਦਲਬਾਰ' ਬਾਰੇ ਇਕ ਪੂਰੀ ਕਿਤਾਬ ਲਿਖੀ ਹੈ। ਖ਼ੈਰ, ਮੈਂ ਏਹ ਕਿਤਾਬ ਲਿਖਣ ਲਈ ਬੜੇ ਚਿਰਾਂ ਤੋਂ ਤਾਂਘ ਰਿਹਾ ਸੀ। ਗੁਰੂ ਨੇ ਮੇਰੇ ਤੇ ਅਪਾਰ ਕਿਰਪਾ ਕੀਤੀ ਹੈ ਕਿ ਮੈਂ ਉਮਰ ਦੇ ਅੰਤਲੇ ਦਿਨਾਂ ਵਿਚ ਆਪਣੀ ਏਹ ਇੱਛਾ ਪੂਰੀ ਕਰ ਸਕਿਆ ਹਾਂ।

ਹੁਣ ਮੈਂ ਏਹ ਛੋਟੀ ਜੇਹੀ ਪੁਸਤਕ ਇਸ ਆਸ਼ੇ ਨਾਲ ਪੰਜਾਬੀ ਪਾਠਕਾਂ ਨੂੰ ਪੇਸ਼ ਕਰਦਾ ਹਾਂ ਤਾਂ ਜੋ ਉਹ ਜਾਣ ਸਕਣ ਕਿ ਸਾਡੇ ਵਡੇਰਿਆਂ ਨੇ ਬਾਰਾਂ ਵਸਾਉਂਦਿਆਂ ਕਿੰਨੀਆਂ ਵੱਡੀਆਂ ਘਾਲਣਾਂ ਘਾਲੀਆਂ ਸਨ ਅਤੇ ਸਿਆਸਤਦਾਨਾਂ ਦੀਆਂ ਗ਼ਲਤ ਨੀਤੀਆਂ ਕਾਰਨ ਅਸੀਂ ਆਪਣੇ ਹਥੀਂ ਉਸਾਰੇ ਏਹਨਾਂ ਸਵਰਗਾਂ ਨੂੰ ਛੱਡਣ ਲਈ ਕਿੰਝ ਮਜਬੂਰ ਹੋਏ।

ਮੈਂ ਸਤਕਾਰ ਸੈਹਤ ਧੰਨਵਾਦ ਕਰਦਾ ਹਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ, ਡਾ. ਜੋਗਿੰਦਰ ਸਿੰਘ ਪੁਆਰ ਹੋਰਾਂ ਦਾ, ਜਿਨ੍ਹਾਂ ਨੇ ਏਹ ਕਿਤਾਬ ਯੂਨੀਵਰਸਿਟੀ ਦੁਆਰਾ ਪਰਕਾਸ਼ਤ ਕਰਨ ਲਈ ਪਰਵਾਨ ਕਰਕੇ ਮੇਰੇ ਉਤੇ ਬਹੁਮੁੱਲਾ ਏਹਸਾਨ ਕੀਤਾ ਹੈ।

ਮੈਂ ਸਦਾ ਰਿਣੀ ਰਹਾਂਗਾ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ, ਸਰਦਾਰ ਹਰਭਜਨ ਸਿੰਘ ਹਲਵਾਰਵੀ ਦਾ, ਜਿਨ੍ਹਾਂ ਨੇ ਨਿਜੀ ਦਿਲਚਸਪੀ ਲੈ ਕੇ ਅਤੇ ਮੇਰਾ ਉਤਸ਼ਾਹ ਵਧਾ ਕੇ ਮੈਥੋਂ ਏਹ ਕਿਤਾਬ ਲਿਖਵਾਈ ਅਤੇ ਫਿਰ ਇਸ ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਲੜੀਵਾਰ ਪਰਕਾਸ਼ਤ ਕੀਤਾ।"

ਡਾ. ਹਰਕੀਰਤ ਸਿੰਘ ਹੋਰਾਂ ਦੁਆਰਾ ਲਿਖੀ ਭੂਮਿਕਾ ਤੋਂ ਬਾਅਦ ਸਾਡੇ ਵਲੋਂ ਕੇਵਲ ਓਹਨਾਂ ਦਾ ਧੰਨਵਾਦ ਹੀ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੀ ਨਿਜੀ ਯਾਦ ਸ਼ਕਤੀ ਤੋਂ ਇਲਾਵਾ ਆਪਣੇ ਵਡੇਰਿਆਂ, ਸਬੰਧੀਆਂ ਅਤੇ ਦੋਸਤਾਂ ਮਿੱਤਰਾਂ ਤੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ ਬੜੀ ਹੀ ਰੋਚਕ ਅਤੇ ਸੁੰਦਰ ਸ਼ੈਲੀ ਵਿਚ, ਗੰਜੀ ਬਾਰ ਬਾਰੇ ਏਹ ਪੁਸਤਕ ਲਿਖ ਕੇ ਸਾਨੂੰ ਨਵਾਜਿਆ ਹੈ।

ਆਸ ਹੈ, ਏਹ ਪੁਸਤਕ ਪੱਛਮੀ ਪੰਜਾਬ ਅਤੇ ਖਾਸ ਕਰਕੇ ਬਾਰਾਂ ਦੇ ਇਲਾਕੇ ਦੇ ਸਭਿਆਚਾਰ ਅਤੇ ਇਤਿਹਾਸ ਬਾਰੇ ਬੜੀ ਲਾਹੇਵੰਦੀ ਜਾਣਕਾਰੀ ਉਪਲਬਧ ਕਰਵਾਉਣ ਵਿਚ ਸਹਾਈ ਹੋਵੇਗੀ। ਅਸੀਂ ਏਹ ਵੀ ਆਸ ਕਰਦੇ ਹਾਂ ਕਿ ਪਾਠਕਾਂ ਵਲੋਂ ਅਵੱਸ਼ ਹੀ ਸਾਡੇ ਇਸ ਨਿਮਾਣੇ ਜੇਹੇ ਜਤਨ ਦਾ ਸੁਆਗਤ ਹੋਵੇਗਾ।

ਪੰਜਾਬੀ ਸਾਹਿਤ ਅਧਿਐਨ ਵਿਭਾਗ, ਰਾਜਿੰਦਰ ਸਿੰਘ ਲਾਂਬਾ
ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੁੱਖੀ

www.sikhbookclub.com

## ਤਤਕਰਾ


ਦੋ ਸ਼ਬਦ (ਵਾਈਸ-ਚਾਂਸਲਰ ਸਾਹਿਬ ਵਲੋਂ) (iii)
ਭੂਮਿਕਾ (ਵਿਭਾਗ-ਮੁਖੀ ਵਲੋਂ) (v)
1. ਯਾਦਾਂ ਗੰਜੀ ਬਾਰ ਦੀਆਂ 1
2. ਪੰਜਾਬ ਦੀਆਂ ਬਾਰਾਂ 5
3. ਗੰਜੀ ਬਾਰ ਨਾਲ ਜਾਣ-ਪਛਾਣ 10
4. ਸਾਡਾ ਟੱਬਰ ਗੰਜੀ ਬਾਰ ਪੁੱਜਾ 15
5. ਗੰਜੀ ਬਾਰ ਵਿਚ ਪਹਿਲਾ ਦਿਨ 21
6. ਬਾਰ ਵਿਚ ਪਹਿਲੇ ਕੁਝ ਦਿਨ 25
7. ਗੰਜੀ ਬਾਰ ਦਾ ਤੁਹਫ਼ਾ 30
8. ਔਕੜਾਂ ਤੇ ਸਮੱਸਿਆਵਾਂ 38
9. ਬਾਰ ਵਸਾਉਣੀ ਕੋਈ ਖੇਡ ਨਹੀਂ ਸੀ 42
10. ਨਵਾਂ ਭਾਈਚਾਰਾ, ਨਵੀਂ ਬੋਲੀ 47
11. ਚੱਕ 79 ਵੱਸ ਪਿਆ 52
12. ਬਾਰ ਦਾ ਜੀਵਣ ਰਿੜ੍ਹਨ ਲੱਗ ਪਿਆ 56
13. ਗੰਜੀ ਬਾਰ ਵਿਚ ਭੱਠੀਆਂ ਚੜ੍ਹੀਆਂ 60
14. ਸਭ ਤੋਂ ਔਖੇ ਦਿਨ 64
15. ਗੰਜੀ ਬਾਰ ਦਾ ਆਪਣਾ ਸਭਿਆਚਾਰ ਨਿੱਖਰ ਰਿਹਾ ਸੀ 68
16. ਸਾਡੇ ਇਲਾਕੇ ਦਾ ਸਧਾਰਨ ਜੀਵਨ 72
17. ਗੰਜੀ ਬਾਰ ਵਿਚ ਸਾਡਾ ਇਲਾਕਾ 77
18. ਕਾਰ-ਵਿਹਾਰ, ਫਸਲਵਾੜੀ 82
19. ਦੁੱਧ, ਘਿਓ, ਲੱਸੀ ਦੀ ਸਭਿਅਤਾ 87
20. ਪਾਣੀ ਦੀ ਤਿਹਾਈ ਗੰਜੀ ਬਾਰ 91
21. ਲਬਾਸ, ਰਸਮੋ-ਰਵਾਜ ਤੇ ਮਨੋਰੰਜਨ ਦੇ ਸਾਧਨ 95
22. ਸਾਡੇ ਪਿੰਡ ਦਾ ਪਿਛੋਕੜ 100
23. ਸਾਡੇ ਪਿੰਡ ਦਾ ਪਿਛੋਕੜ—ਮੋਰਚਾ ਕੋਤਲਮਾਰਾ 105
24. ਗੰਜੀ ਬਾਰ ਦਾ ਪਿਛਲਾ ਇਲਾਕਾ 109

www.sikhbookclub.com




| | | |
|---|---|---|
| 25. | ਗੰਜੀ ਬਾਰ ਦੇ ਜਾਂਗਲੀ | 118 |
| 26. | ਗੰਜੀ ਬਾਰ ਦੀ ਵਿਉਂਤਬੰਦੀ | 122 |
| 27. | ਗੰਜੀ ਬਾਰ ਕਿਵੇਂ ਉੱਜੜੀ | 127 |
| 28. | ... ਤੇ ਕਾਫਲਾ ਤੁਰ ਪਿਆ | 137 |

www.sikhbookclub.com

## 1
# ਯਾਦਾਂ ਗੰਜੀ ਬਾਰ ਦੀਆਂ

ਜ਼ਿੰਦਗੀ ਦੀ ਸ਼ਾਮ ਹੈ। ਇਹ ਸਰੀਰ ਅਠੱਤਰ ਸਿਆਲ ਹੁਨਾਲ ਹੰਢਾ ਚੁੱਕਾ ਹੈ। ਦੇਹ ਦੇ ਸਾਰੇ ਪੁਰਜ਼ੇ ਢਿੱਲੇ ਹੋ ਚੁੱਕੇ ਹਨ—ਅੱਖਾਂ ਜਵਾਬ ਦੇ ਰਹੀਆਂ ਹਨ, ਕੰਨਾਂ ਤੋਂ ਉੱਚਾ ਸੁਣਦਾ ਹੈ, ਹੱਥ ਕੰਬਦਾ ਹੈ, ਲਿਖਣ ਵਿਚ ਕਾਫ਼ੀ ਦਿੱਕਤ ਹੁੰਦੀ ਹੈ। ਧੀਆਂ, ਪੁੱਤ ਬੜੇ ਦੂਰ-ਦੂਰ ਬੈਠੇ ਹਨ ਤੇ ਬੜੀਆਂ ਚੰਗੀਆਂ ਪੁਜ਼ੀਸ਼ਨਾਂ ਤੇ ਹਨ। ਭੈਣਾਂ, ਭਰਾ ਵੀ ਆਪੋ-ਆਪਣੇ ਥਾਂ ਬੜੇ ਸੌਖੇ ਹਨ। ਮੈਂ ਤੇ ਮੇਰੀ ਪਤਨੀ, ਨਿਰੰਜਨ ਕੌਰ ਇਕੱਲੇ ਬੈਠੇ ਹਾਂ—ਅਰਬਨ ਇਸਟੇਟ ਪਟਿਆਲਾ ਦੇ ਇਹਨਾਂ ਪੱਕੇ ਕੋਠਿਆਂ ਵਿਚ, ਜਿਹਨਾਂ ਨੂੰ ਲੋਕ ਕੋਠੀ ਆਖਦੇ ਹਨ। ਪੱਖੇ ਚੱਲ ਰਹੇ ਹਨ, ਕੂਲਰ ਵਿਚੋਂ ਠੰਢੀ ਹਵਾ ਦੇ ਫਰਾਟੇ ਆ ਰਹੇ ਹਨ—ਡਲਹੌਜ਼ੀ ਦੀ ਬਰਫ਼ਾਂ ਚੁੰਮ ਕੇ ਆਈ ਠੰਢੀ ਪੌਣ ਵਰਗੇ, ਤੇ ਅਸੀਂ ਯਾਦ ਕਰ ਰਹੇ ਹਾਂ ਗੰਜੀ ਬਾਰ (ਜ਼ਿਲ੍ਹਾ ਮੁਲਤਾਨ) ਦੇ ਉਹਨਾਂ ਕੱਚਿਆਂ ਕੋਠਿਆਂ ਨੂੰ, ਜਿਨ੍ਹਾਂ ਵਿਚ ਜੇਠ, ਹਾੜ ਦੀਆਂ ਲੋਆਂ ਤੋਂ ਡਰਦੇ ਲੋਕ ਅੰਦਰੀਂ ਵੜਕੇ ਬਹਿੰਦੇ ਸਨ ਤੇ ਪੱਖੇ ਝੱਲ-ਝੱਲ ਕੇ ਦੁਪਹਿਰ ਬਿਤਾਉਂਦੇ ਸਨ। ਯਾਦ ਆਉਂਦੇ ਹਨ ਉਹ ਸੰਗੀ-ਸਾਥੀ ਜੋ ਅਜੇ ਜਿਉਂਦੇ ਹਨ, ਪਰ ਗੰਜੀ ਬਾਰ ਦੇ ਵਿਛੜੇ ਫੇਰ ਕਦੇ ਨਹੀਂ ਮਿਲੇ ਅਤੇ ਨਾ ਹੀ ਉਹਨਾਂ ਦੇ ਮਿਲਣ ਦੀ ਆਸ ਹੈ। ਯਾਦ ਆਉਂਦੇ ਹਨ ਗੰਜੀ ਬਾਰ ਦੇ ਕੱਪਰ, ਟਿੱਕੇ, ਝੰਗੀਆਂ, ਜੰਡ, ਕਰੀਰ, ਫਰਵਾਂਹ ਤੇ ਵਣ। ਵਣ ਦਾ ਨਾਂ ਲਿਆ ਗੰਜੀ ਬਾਰ ਦੇ ਜੀਵਨ ਦਾ ਇਕ ਰੁਮਾਂਟਿਕ ਪੱਖ ਅੱਖਾਂ ਸਾਹਵੇਂ ਘੁੰਮਣ ਲੱਗ ਪੈਂਦਾ ਹੈ। ਵਣ ਗੰਜੀ ਬਾਰ ਦੀ ਜਿੰਦ-ਜਾਨ ਸੀ। ਬੋਹੜ ਵਾਂਗ ਵਣ ਦੀ ਉਮਰ ਵੀ ਬਹੁਤ ਲੰਮੀ ਹੁੰਦੀ ਹੈ। ਕਈਆਂ ਵਣਾਂ ਦੀਆਂ ਟਾਹਣੀਆਂ ਝੁਕ ਕੇ ਭੋਂ ਨਾਲ ਲਗ ਜਾਂਦੀਆਂ ਹਨ ਅਤੇ ਹੇਠਾਂ ਇਕ ਪੂਰਾ ਕੋਠਾ ਬਣ ਜਾਂਦਾ ਹੈ। ਬਾਰ ਦੇ ਜਾਂਗਲੀ ਸਿਆਲ ਇਹਨਾਂ ਵਣਾਂ ਹੇਠਾਂ ਹੀ ਬਿਤਾਉਂਦੇ ਸਨ, ਉਹਨਾਂ ਦੇ ਬਕਰੀਆਂ, ਭੇਡਾਂ ਦੇ ਇੱਜੜ ਵੀ ਇਹਨਾਂ ਵਣਾਂ ਥੱਲੇ ਹੀ ਬੈਠਦੇ ਸਨ। ਵਣਾਂ ਦੇ ਪੱਤਿਆਂ ਉੱਤੇ ਹੀ ਡਖਣਿਆਂ (ਊਠਾਂ ਵਾਲਿਆਂ) ਦੇ ਊਠ ਪਲਦੇ ਸਨ। ਖਜੂਰ ਨੂੰ ਛੱਡ ਕੇ ਵਣ ਹੀ ਇਸ ਇਲਾਕੇ ਦਾ ਫਲਦਾਰ ਰੁੱਖ ਸੀ, ਜਿਸ ਦੀਆਂ ਪੀਲੂੰ ਸਿੱਧੀਆਂ ਟਾਹਣੀਆਂ ਨਾਲੋਂ ਤੋੜ ਕੇ ਖਾਈਦੀਆਂ ਸਨ। ਸਾਡੇ ਲੋਕ ਵੀ ਜਦੋਂ ਪਹਿਲਾਂ-ਪਹਿਲ ਗਏ, ਉਹਨਾਂ ਵਿਚੋਂ ਕਿਸੇ ਨੇ ਸਾਲ ਕਿਸੇ ਨੇ ਛੇ ਮਹੀਨੇ ਇਹਨਾਂ ਵਣਾਂ ਥੱਲੇ ਹੀ ਗੁਜ਼ਾਰੇ, ਫੇਰ ਇਹਨਾਂ ਵਣਾਂ ਦੇ ਤੋੜਿਆਂ (ਛਤੀਰਾਂ) ਤੇ ਕੜੀਆਂ ਨਾਲ ਹੀ ਕੱਚਿਆਂ ਕੋਠਿਆਂ ਦੀਆਂ ਛੱਤਾਂ ਪਾਈਆਂ। ਅਖੀਰ ਤਕ ਗਰਮੀਆਂ ਵਿਚ ਮਾਲ-ਡੰਗਰ ਵਣਾਂ ਹੇਠ ਹੀ ਬੰਨ੍ਹਦੇ ਰਹੇ। ਵਣਾਂ ਹੇਠ ਹੀ ਸਾਡੇ ਕਵਾਣੇ ਸਨ, ਵਣਾਂ ਹੇਠ ਹੀ ਖੁਰਲੀਆਂ ਤੇ ਵਣਾਂ ਹੇਠ ਹੀ ਦੁਪਹਿਰ ਨੂੰ ਮਹਿਫ਼ਲਾਂ ਲੱਗਦੀਆਂ ਸਨ।

ਪਰ ਅਸੀਂ ਦੋਵੇਂ ਜੀਅ ਸੋਚਦੇ ਹਾਂ ਕਿ ਏਨੇ ਸੁਖ ਆਰਾਮ ਵਿਚ ਬੈਠਿਆਂ ਸਾਨੂੰ ਮੁੜ-

www.sikhbookclub.com



ਮੁੜ ਗੰਜੀ ਬਾਰ ਕਿਉਂ ਯਾਦ ਆਉਂਦੀ ਹੈ । ਕਿਉਂ ਯਾਦ ਆਉਂਦਾ ਹੈ ਚੱਕ ਨੰਬਰ 79/15 ਐੱਲ, ਚੱਕ 82 (ਮੇਰੇ ਸਹੁਰਿਆਂ ਦਾ ਪਿੰਡ (ਜ਼ਿਲ੍ਹਾ ਮੁਲਤਾਨ) ਜਿੱਥੇ ਕਪੜੇ ਧੋਣ ਲਈ ਡਿੱਗੀਆਂ ਜਾਂ ਖਾਲਾਂ ਤੇ ਜਾਣਾ ਪੈਂਦਾ ਸੀ, ਪੀਣ ਵਾਲੇ ਪਾਣੀ ਲਈ ਪਿੰਡ ਦਾ ਇਕੋ ਸਾਂਝਾ ਖੂਹ ਸੀ, ਜਿੱਥੇ ਬਿਮਾਰ ਹੋਣ ਤੇ ਕੋਈ ਦਵਾਈ ਨਹੀਂ ਸੀ ਲੱਭਦੀ, ਜਿਥੋਂ ਰੇਲਵੇ ਸਟੇਸ਼ਨ ਘੱਟੋ-ਘੱਟ 14 ਮੀਲ ਦੂਰ ਸੀ ਤੇ ਇੱਕੋ-ਇੱਕ ਸ਼ਹਿਰ ਖਾਨੇਵਾਲ 18 ਮੀਲ । ਗੰਜੀ ਬਾਰ ਵਿਚ ਅਸੀਂ ਟਾਈਮ ਦਾ ਅੰਦਾਜ਼ਾ ਕੰਧਾਂ ਤੇ ਰੁੱਖਾਂ ਦੇ ਪਰਛਾਵਿਆਂ ਤੋਂ ਲਾਉਂਦੇ ਸਾਂ, ਏਥੇ ਮੇਰੇ ਸਾਹਮਣੇ ਵੱਖ-ਵੱਖ ਕਿਸਮਾਂ ਦੀਆਂ ਚਾਰ ਘੜੀਆਂ ਹਨ । ਗੰਜੀ ਬਾਰ ਵਿਚ ਰਹਿੰਦਿਆਂ ਮੈਂ ਸਾਈਕਲ ਵੀ ਨਾ ਖਰੀਦ ਸਕਿਆ, ਅੱਜ ਗੁਰੂ ਦੀ ਕਿਰਪਾ ਨਾਲ ਕਾਰ ਹੈ, ਸਕੂਟਰ ਹੈ ਅਤੇ ਛੁੱਟੀਆਂ ਕੱਟਣ ਆਏ ਪੋਤਿਆਂ, ਦੋਹਤਿਆਂ ਦੇ ਦਿਲ ਪਰਚਾਵੇ ਲਈ ਮੋਪਡ ਵੀ ਹੈ । ਫੇਰ ਵੀ ਗੰਜੀ ਬਾਰ ਕਿਉਂ ਯਾਦ ਆਉਂਦੀ ਹੈ, ਭੁਲਾਉਣ ਦਾ ਯਤਨ ਕੀਤਿਆਂ ਵੀ ਕਿਉਂ ਨਹੀਂ ਭੁੱਲਦੀ ?

ਅਕਲ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦੀ, ਪਰ ਦਿਲ ਕਹਿੰਦਾ ਹੈ, "ਗੰਜੀ ਬਾਰ ਸਵਰਗ ਸੀ. ਜਿੱਥੇ ਅਸੀਂ ਹੁਣ ਰਹਿੰਦੇ ਹਾਂ, ਏਥੇ ਐਸ਼-ਆਰਾਮ ਹਨ, ਪਰ ਇਹ ਸਵਰਗ ਨਹੀਂ ।" ਗੰਜੀ ਬਾਰ ਦੀਆਂ ਘੋੜੀਆਂ ਦੇ ਸਾਹਮਣੇ ਏਧਰ ਦੀਆਂ ਕਾਰਾਂ ਦੀ ਸਵਾਰੀ ਤੁੱਛ ਹੈ, ਗੰਜੀ ਬਾਰ ਦੀਆਂ ਲਾਲਟੈਣਾਂ ਤੇ ਸਰ੍ਹੋਂ ਦੇ ਤੇਲ ਦਿਆਂ ਦੀਵਿਆਂ ਦੇ ਮੁਕਾਬਲੇ ਸਾਡੀਆਂ ਕੋਠੀਆਂ ਦੀਆਂ ਟਿਊਬ-ਲਾਈਟਾਂ ਹੇਚ ਹਨ । ਆਮ ਪਾਠਕ ਤਾਂ ਮੇਰੇ ਇਹਨਾਂ ਸ਼ਬਦਾਂ ਨੂੰ ਜਜ਼ਬਾਤੀ ਜਨੂੰਨ ਜਾਂ ਮਾਲੀਖੋਲੀਆ ਹੀ ਸਮਝਣਗੇ, ਪਰ ਗੰਜੀ ਬਾਰ ਵਿਚੋਂ ਆਇਆ ਹੋਇਆ ਕੋਈ ਬਜ਼ੁਰਗ ਪਾਠਕ ਜੇ ਇਹਨਾਂ ਪੰਕਤੀਆਂ ਨੂੰ ਪੜ੍ਹੇ ਤਾਂ ਆਪਣੀ ਆਤਮਾ ਨੂੰ ਪੁੱਛ ਕੇ ਦੱਸੇ ਕਿ ਕੀ ਮੇਰੇ ਉਪਰੋਕਤ ਵਿਚਾਰ ਨਿਰਾ ਜਜ਼ਬਾਤੀ ਜਨੂੰਨ ਹਨ ? ਕੀ ਸੱਚ-ਮੁੱਚ ਅਸੀਂ ਸਵਰਗ ਛੱਡ ਕੇ ਨਹੀਂ ਆਏ ।

ਏਧਰ ਐਸ਼-ਆਰਾਮ ਹੈ, ਗੰਜੀ ਬਾਰ ਵਿਚ ਮਨ ਦੀ ਸ਼ਾਂਤੀ ਸੀ, ਏਧਰ ਅਸਰ-ਰਸੂਖ ਹੈ, ਸਰਕਾਰੀ ਤੇ ਗ਼ੈਰ-ਸਰਕਾਰੀ ਵਕਤੀ ਵਫ਼ਾਦਾਰੀਆਂ ਤੇ ਨਕਲੀ ਸਰਪ੍ਰਸਤੀਆਂ ਹਨ । ਓਧਰ ਬਰਾਦਰੀਆਂ, ਸਾਂਝ-ਭਿਆਲੀਆਂ, ਸੁੱਚੀਆਂ ਦੋਸਤੀਆਂ-ਯਾਰੀਆਂ ਤੇ ਸੱਚੀਆਂ ਰਿਸ਼ਤੇਦਾਰੀਆਂ ਸਨ । ਕਾਲਜ ਪੜ੍ਹਦਾ ਜਾਂ ਫ਼ੌਜੀ ਨੌਕਰੀ ਕਰਦਾ, ਜਦੋਂ ਕਿਤੇ ਮੈਂ ਛੁੱਟੀ ਆਉਂਦਾ ਸਾਂ, ਅੱਧਾ ਪਿੰਡ ਮਿਲਣ ਆਉਂਦਾ ਸੀ । ਏਥੇ ਅਰਬਨ ਇਸਟੇਟ ਦੀ 330 ਨੰਬਰ ਕੋਠੀ ਵਿਚ ਜੇ ਕਿਤੇ ਰਾਤ ਨੂੰ ਇਕੱਲਾ ਸੁੱਤਾ ਮੈਂ ਮਰ ਜਾਵਾਂ ਤਾਂ ਆਂਢੀਆਂ-ਗੁਆਂਢੀਆਂ ਨੂੰ ਸ਼ਾਇਦ ਤੀਜੇ, ਚੌਥੇ ਦਿਨ ਪਤਾ ਲੱਗੇ । ਅੱਜ ਜਦੋਂ ਮੈਂ ਸਵੇਰੇ 8 ਰੁਪੈ ਕਿਲੋ ਦਾ ਉਹ ਦੁੱਧ ਪਤੀਲੇ ਵਿਚ ਪਵਾਉਂਦਾ ਹਾਂ, ਜਿਸ ਵਿਚ ਤੀਜਾ ਹਿੱਸਾ ਪਾਣੀ ਪਾਉਣਾ ਅਖ਼ਲਾਕੀ (ਤੇ ਸਗੋਂ ਕਨੂੰਨੀ) ਤੌਰ ਤੇ ਵੀ ਜਾਇਜ਼ ਹੈ ਤਾਂ ਮੈਨੂੰ ਗੰਜੀ ਬਾਰ ਦੇ ਉਹ ਦਿਨ ਯਾਦ ਆਉਂਦੇ ਹਨ, ਜਦੋਂ ਤਿਕਾਲਾਂ ਨੂੰ ਸਾਡੀ ਮਾਂ ਚਾਟੀ ਵਿਚ ਦੁੱਧ ਜਮਾਉਂਦੀ ਸੀ, ਕਿਉਂਕਿ ਕਾੜ੍ਹਨੀ ਵਿਚ ਪੂਰਾ ਨਹੀਂ ਸੀ ਆਉਂਦਾ । ਫੇਰ ਵੀ ਦੁੱਧ ਵੱਧ ਜਾਂਦਾ ਤਾਂ ਹਾਤੇ ਦੀ ਪਰਲੀ ਨੁਕਰੇ ਰਹਿੰਦੀ ਨੂਮੋ ਹਜੈਣ ਨੂੰ ਵਾਜ ਮਾਰਦੀ ਸੀ, "ਨੂਮੋ ਦੁੱਧ ਲੈ ਜਾ" ਅਤੇ ਨੂਮੋ ਅਪਣੇ ਸਿਲਵਰ (ਐਲੂਮਿਨੀਅਮ) ਦੇ ਪਤੀਲੇ ਵਿਚ ਕੋਈ ਦੋ, ਢਾਈ ਸੇਰ ਦੁੱਧ ਲੈ ਜਾਂਦੀ ਸੀ । (ਅਸੀਂ ਓਧਰ

www.sikhbookclub.com



'ਹਾਤਾ', 'ਹਸਾਈ', 'ਹਸੈਣ' ਹੀ ਬੋਲਦੇ ਸਾਂ, ਭਾਵੇਂ ਮੂਲ-ਉਚਾਰਨ ਕੁਝ ਫ਼ਰਕ ਵਾਲਾ ਹੈ।) ਓਧਰ ਖ਼ੁਸ਼ੀਆਂ ਸਨ, ਖੇੜੇ ਸਨ, ਮਹਿਫ਼ਲਾਂ ਲੱਗਦੀਆਂ ਸਨ, ਮਜਲਸਾਂ ਭਰਦੀਆਂ ਸਨ, ਏਧਰ ਰੋਣੇ ਹਨ, ਝੋਰੇ ਹਨ, ਚਿੱਟਾ ਜਾਂ ਕਾਲਾ ਧਨ ਕਮਾਉਣ ਵਿਚ ਦੁਨੀਆਂ ਇਉਂ ਗ਼ਲਤਾਨ ਹੈ ਕਿ ਸਾਡੇ ਨੌਜਵਾਨਾਂ ਨੂੰ ਮਰੇ ਪਏ ਪਿਉ ਦਾ ਸਸਕਾਰ ਕਰਨ ਲਈ ਸਮਾਂ ਕੱਢਣਾ ਵੀ ਔਖਾ ਹੈ। ਗੰਜੀ ਬਾਰ ਵਾਲੀਆਂ ਜਵਾਨੀਆਂ, ਗੰਜੀ ਬਾਰ ਵਾਲੀਆਂ ਰੰਗੀਨੀਆਂ, ਗੰਜੀ ਬਾਰ ਵਾਲੇ ਹਾਸੇ, ਏਧਰ ਕਿਤੇ ਵੇਖੇ, ਸੁਣੇ ਹੀ ਨਹੀਂ। ਸੱਚ ਦੱਸਿਓ ਗੰਜੀ ਬਾਰ ਦੇ ਵਸਨੀਕੋ ਕੀ ਅਸੀਂ ਸਵਰਗ ਛੱਡ ਕੇ ਨਹੀਂ ਆਏ?

ਮੈਂ ਉਹਨਾਂ ਬਦਨਸੀਬ ਬਾਰ ਵਾਲਿਆਂ ਵਿਚੋਂ ਇੱਕ ਹਾਂ, ਜਿਨ੍ਹਾਂ ਨੇ ਗੰਜੀ ਬਾਰ ਆਪਣੀ ਅੱਖੀਂ ਆਬਾਦ ਹੁੰਦੀ ਵੇਖੀ, ਆਪਣੀ ਅੱਖੀਂ ਵੱਸਦੀ ਵੇਖੀ ਅਤੇ ਇਹਨਾਂ ਬਦਬਖ਼ਤ ਅੱਖਾਂ ਨਾਲ ਉਜੜਦੀ ਵੇ ਵੇਖੀ। ਇਸ ਲਈ ਕਾਫ਼ੀ ਸਮੇਂ ਤੋਂ ਸੋਚ ਰਿਹਾ ਸਾਂ ਕਿ ਗੰਜੀ ਬਾਰ ਬਾਰੇ ਇਕ ਕਿਤਾਬ ਲਿਖੀ ਜਾਵੇ। ਅਜਿਹੀ ਕਿਤਾਬ ਲਿਖਣਾ ਇਕ ਹੋਰ ਪੱਖੋਂ ਵੀ ਜ਼ਰੂਰੀ ਸੀ। ਭਾਵੇਂ ਸੈਕੂਲਰ ਸਮਾਜ ਦੇ ਦਾਅਵੇਦਾਰ ਮੇਰੇ ਇਸ ਬਿਆਨ ਨੂੰ ਪਾਪ ਜਾਂ ਕੁਫ਼ਰ ਹੀ ਕਹਿਣ, ਪਰ ਮੈਂ ਸੱਚਾ ਕੁਫ਼ਰ ਤੋਲਣ ਦਾ ਵੀ ਹੀਆ ਕਰਦਾ ਹਾਂ—ਉਹ ਸੱਚਾ ਕੁਫ਼ਰ ਹੈ—ਪੰਜਾਬ ਦੀਆਂ ਬਾਰਾਂ—ਗੰਜੀ ਬਾਰ, ਸਾਂਦਲ ਬਾਰ, ਕਿਰਾਨਾ ਬਾਰ, ਨੀਲੀ ਬਾਰ—ਸਿੱਖ ਕਾਸ਼ਤਕਾਰ ਹੀ ਆਬਾਦ ਕਰ ਸਕਦੇ ਸਨ। ਇਸੇ ਪੁਸਤਕ ਵਿਚ ਅੱਗੇ ਮੇਰੇ ਇਸ ਬਿਆਨ ਦੇ ਪ੍ਰਮਾਣ ਵੀ ਮਿਲ ਜਾਣਗੇ। ਤਾਜ਼ਾ ਮਿਸਾਲ ਹੈ—ਉੱਤਰ ਪ੍ਰਦੇਸ਼ ਵਿਚ ਪਿਛਲੀਆਂ ਦੋਹਾਂ ਸਦੀਆਂ ਤੋਂ ਖੇਤੀ ਵਾਲੀ ਜ਼ਮੀਨ ਦੀ ਤੰਗੀ ਹੈ, ਪਰ ਤਰਾਈ ਦੇ ਜੰਗਲ ਆਬਾਦ ਕਰਨ ਦੀ ਕਿਸੇ ਨੇ ਜੁਰਅਤ ਨਹੀਂ ਕੀਤੀ, ਤਰਾਈ ਵੀ ਸਿੱਖ ਜ਼ਿਮੀਦਾਰਾਂ ਨੇ ਹੀ ਵਸਾਈ ਹੈ।

ਖ਼ੈਰ, ਗੰਜੀ ਬਾਰ ਸੰਬੰਧੀ ਕਿਤਾਬ ਲਿਖਣ ਲਈ ਮੈਂ ਬੜਾ ਚਿਰ ਸੋਚਦਾ ਰਿਹਾ। ਪਹਿਲਾਂ ਯੂਨੀਵਰਸਿਟੀ ਵਿਚ ਆਪਣੀਆਂ ਜ਼ਿੰਮੇਵਾਰੀਆਂ ਕਾਰਨ ਮੈਂ ਇਸ ਕਾਰਜ ਲਈ ਸਮਾ ਨਾ ਕੱਢ ਸਕਿਆ, ਪਿੱਛੋਂ ਓਧਰੋਂ ਵਿਹਲਾ ਹੋ ਕੇ ਜਦੋਂ ਕਿਤਾਬ ਲਿਖਣ ਦਾ ਮਨ ਬਣਾਇਆ ਤਾਂ ਪਤਾ ਲੱਗਾ ਕਿ ਪੰਜਾਬੀ ਦੀ ਕਿਤਾਬ ਛਾਪਣ ਲਈ ਕੋਈ ਪ੍ਰਕਾਸ਼ਕ ਤਿਆਰ ਨਹੀਂ ਹੁੰਦਾ ਤੇ ਜੇ ਆਪਣੇ ਖਰਚ ਤੇ ਛਪਵਾ ਦੇਈਏ ਤਾਂ ਕਿਤਾਬ ਨੂੰ ਖਰੀਦਣ ਵਾਲਾ ਕੋਈ ਨਹੀਂ ਲੱਭਦਾ। ਮੇਰਾ ਹੌਸਲਾ ਪਸਤ ਹੋ ਗਿਆ। ਦਿਲ ਨੂੰ ਧੱਕਾ ਲੱਗਾ, ਪਰ ਸੋਚਿਆ ਕਿ ਜਿਸ ਕਿਤਾਬ ਨੂੰ ਕਿਸੇ ਨੇ ਪੜ੍ਹਨਾ ਹੀ ਨਹੀਂ, ਉਸ ਨੂੰ ਲਿਖਣ ਲਈ ਸਿਰਖਪਾਈ ਕਿਉਂ ਕੀਤੀ ਜਾਏ—ਉਹ ਵੀ ਇਸ ਬੁਢਾਪੇ ਵਿਚ ਅਤੇ ਇਸ ਥੱਕੇ-ਹਾਰੇ ਸਰੀਰ ਨਾਲ। ਫੇਰ ਗੰਜੀ ਬਾਰ ਨਾਲ ਹੇਜ ਰੱਖਣ ਵਾਲੇ ਬਹੁਤੇ ਸਾਥੀ ਹੁਣ ਤਕ ਸੱਚੇ ਸਵਰਗਾਂ ਵਿਚ ਪਹੁੰਚ ਚੁੱਕੇ ਹੋਣਗੇ, ਮੇਰੀ ਕਿਤਾਬ ਕਿਸ ਨੇ ਪੜ੍ਹਨੀ ਹੈ?

ਇਹਨੀਂ ਦਿਨੀਂ ਹੀ ਆਪਣੇ ਨੌਜਵਾਨ ਮਿੱਤਰ, 'ਪੰਜਾਬੀ ਟ੍ਰਿਬਿਊਨ' ਦੇ ਐਡੀਟਰ ਸਰਦਾਰ ਹਰਭਜਨ ਸਿੰਘ ਹਲਵਾਰਵੀ ਨਾਲ ਅਚਾਨਕ ਮੁਲਾਕਾਤ ਹੋ ਗਈ। ਉਹਨਾਂ ਨਾਲ ਇਸ ਪ੍ਰਾਜੈਕਟ ਬਾਰੇ ਗੱਲ ਕੀਤੀ ਤਾਂ ਉਹਨਾਂ ਨੇ ਬੜੀ ਹੌਸਲਾ-ਅਫ਼ਜ਼ਾਈ ਕੀਤੀ। ਕਹਿਣ ਲੱਗੇ, "ਤੂੰ ਕਿਤਾਬ ਲਿਖ, ਬਾਕੀ ਸਭ ਕੁਝ ਮੇਰੇ ਤੇ ਛੱਡ ਦੇ। ਮੈਂ ਪਹਿਲਾਂ ਇਸਨੂੰ 'ਪੰਜਾਬੀ ਟ੍ਰਿਬਿਊਨ' ਵਿਚ ਕਿਸ਼ਤਵਾਰ ਛਾਪ ਦਿਆਂਗਾ, ਫੇਰ ਕਿਤਾਬ ਦੇ ਰੂਪ ਵਿਚ ਪ੍ਰਕਾਸ਼ਿਤ

www.sikhbookclub.com



ਕਰਾਉਣ ਦਾ ਵੀ ਪ੍ਰਬੰਧ ਕਰਾਂਗਾ।" ਮੇਰਾ ਉਤਸ਼ਾਹ ਫੇਰ ਚਮਕ ਉੱਠਿਆ। ਲਿਖਣਾ ਆਰੰਭ ਕੀਤਾ। ਸਰੀਰ ਦੀ ਨਿਰਬਲਤਾ ਤੇ ਬੁਢੇਪੇ ਦੀਆਂ ਹੋਰ ਕਮਜ਼ੋਰੀਆਂ ਨਾਲ ਹੀ ਹਨ, ਪਰ ਮੈਂ ਪਰਮਾਤਮਾ ਵਿਚ ਤੇ ਗੁਰੂ ਵਿਚ ਵਿਸ਼ਵਾਸ ਰੱਖਣ ਵਾਲਾ ਹਾਂ, ਯਕੀਨ ਹੈ ਕਿ ਗੁਰੂ ਮੇਰੀ ਸਹਾਇਤਾ ਕਰੇਗਾ।

ਮੇਰਾ ਆਸ਼ਾ ਇਥੇ ਕੋਈ ਮੁਸਤਨਦ ਦਸਤਾਵੇਜ਼ ਪੇਸ਼ ਕਰਨਾ ਨਹੀਂ, ਨਾ ਹੀ ਮੈਂ ਇਥੇ ਅੰਕੜੇ ਪੇਸ਼ ਕਰਨੇ ਹਨ, ਨਾ ਹੀ ਗੰਜੀ ਬਾਰ ਦਾ ਇਤਿਹਾਸ ਲਿਖਣਾ ਹੈ। ਮੈਂ ਸਿਰਫ਼ ਇਹ ਦੱਸਣਾ ਹੈ ਕਿ ਇਹ ਬਾਰ ਆਬਾਦ ਕਰਦਿਆਂ ਸਾਡਿਆਂ ਬਜ਼ੁਰਗਾਂ ਕੀ-ਕੀ ਜਫ਼ਰ ਜਾਲੇ। ਗੰਜੀ ਬਾਰ ਦੇ ਕਲਚਰ ਨਾਲ ਜਾਣ-ਪਛਾਣ ਕਰਾਉਣ ਦਾ ਯਤਨ ਕੀਤਾ ਜਾਏਗਾ ਤੇ ਅੰਤ ਵਿਚ ਇਹ ਦੱਸਣ ਦਾ ਜੇਰਾ ਕਰਾਂਗਾ ਕਿ ਇਹ ਬਾਰ ਕਿੰਝ ਉਜੜੀ। ਮੇਰੀ ਪਹੁੰਚ ਕੁਝ ਜਜ਼ਬਾਤੀ ਹੋਵੇਗੀ, ਇਹ ਮੇਰੀ ਮਜਬੂਰੀ ਹੈ, ਮੈਂ ਆਪਣੇ ਸਿਰ ਬੀਤੀ ਕਥਾ ਸੁਣਾ ਰਿਹਾ ਹਾਂ, ਪਰ ਇਥੇ ਕੋਈ ਗੱਲ ਵਧਾ-ਚੜ੍ਹਾ ਕੇ ਦੱਸਣ ਦਾ ਯਤਨ ਨਹੀਂ ਕੀਤਾ ਗਿਆ। ਜਿਹੜੇ ਪਾਠਕ ਗੰਜੀ ਬਾਰ ਛੱਡ ਕੇ ਆਏ ਹਨ, ਉਹ ਮੇਰੀ ਸ਼ਾਹਦੀ ਭਰਨਗੇ।

ਅੰਤ ਵਿਚ ਮੈਂ ਬਾਰਾਂ ਤੋਂ ਆਏ ਬਜ਼ੁਰਗਾਂ ਨੂੰ ਅਪੀਲ ਕਰਦਾ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸ ਜਾਓ, ਯਾਦ ਕਰਵਾ ਜਾਓ ਕਿ ਬਾਰਾਂ ਤੁਹਾਡੇ ਵਡੇਰਿਆਂ ਨੇ ਵਸਾਈਆਂ ਸਨ। ਸਾਥੋਂ ਬਾਰਾਂ ਹੀ ਨਹੀਂ ਖੁੱਸੀਆਂ, ਸਾਡੀ ਅੱਣਖ ਖੁੱਸੀ ਹੈ, ਸਾਡਾ ਵਿਰਸਾ ਖੁੱਸਾ ਹੈ, ਸਾਡਾ ਬਾਰਾਂ ਵਾਲਾ ਸਭਿਆਚਾਰ ਖੁੱਸਾ ਹੈ (ਜੋ ਇਧਰ ਆ ਕੇ ਕਿਤੇ ਵੀ ਦੁਬਾਰਾ ਉਸਰ ਨਹੀਂ ਸਕਿਆ) ਤੇ ਸਾਡੇ ਸੁਰਗ ਖੁੱਸੇ ਹਨ।

www.sikhbookclub.com

## 2
## ਪੰਜਾਬ ਦੀਆਂ ਬਾਰਾਂ

ਬਾਰਾਂ ਬਾਰੇ ਲਿਖਣ ਤੋਂ ਪਹਿਲਾਂ ਸ਼ਬਦ 'ਬਾਰ' ਦੇ ਅਰਥ ਸਪੱਸ਼ਟ ਕਰਨ ਦੀ ਲੋੜ ਜਾਪਦੀ ਹੈ, ਕਿਉਂਕਿ ਆਮ ਪੰਜਾਬੀਆਂ ਨੂੰ ਇਸ ਸ਼ਬਦ ਦੇ ਮੂਲ ਅਰਥਾਂ ਬਾਰੇ ਕੁਝ ਭੁਲੇਖਾ ਹੈ। 'ਬਾਰ' ਦੇ ਮੁੱਢਲੇ ਅਰਥ ਹਨ, 'ਗ਼ੈਰਆਬਾਦ ਜੰਗਲੀ ਇਲਾਕਾ'। ਮੁਲਤਾਨੀ ਬੋਲੀ ਵਿਚੋਂ ਅੱਜ ਵੀ ਸ਼ਬਦ 'ਬਾਰ' ਇਹਨਾਂ ਹੀ ਅਰਥਾਂ ਵਿਚ ਵਰਤਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਾਰਹਮਾਹਾ, ਤੁਖਾਰੀ ਵਿਚ ਉਚਾਰਿਆ ਹੈ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰਿ ਮੈਂ ਪਿਰੁ ਘਰਿ ਬਾਹੁੜੇ। (ਪੰਨਾ 1108)

ਇੱਥੇ ਵੀ ਸ਼ਬਦ 'ਬਾਰਿ' ਜੰਗਲ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ।

ਜਦੋਂ ਅੰਗਰੇਜ਼ਾਂ ਨੇ ਨਹਿਰਾਂ ਕੱਢ ਕੇ ਇਹਨਾਂ ਜੰਗਲਾਂ ਨੂੰ ਆਬਾਦ ਕੀਤਾ ਤਾਂ ਸਭ ਤੋਂ ਵੱਧ ਜ਼ਮੀਨ ਅਲਾਟ ਕੀਤੀ ਮਾਝੇ, ਮਾਲਵੇ, ਦੁਆਬੇ ਦੇ ਸਿੱਖ ਕਾਸ਼ਤਕਾਰਾਂ ਨੂੰ। ਜ਼ਿਲ੍ਹਾ ਗੁੱਜਰਾਂਵਾਲਾ, ਸਿਆਲਕੋਟ ਤੇ ਪੁਰਾਣੇ ਜ਼ਿਲ੍ਹਾ ਅੰਬਾਲਾ ਦੇ ਵੀ ਕਾਫ਼ੀ ਸਿੱਖਾਂ ਨੂੰ ਬਾਰਾਂ ਵਿਚ ਜ਼ਮੀਨ ਮਿਲੀ। ਕੁਝ ਪਿੰਡ ਜ਼ਿਲ੍ਹਾ ਗੁਜਰਾਤ ਦੇ ਜ਼ਿਮੀਂਦਾਰ ਸਿੱਖਾਂ ਦੇ ਵੀ ਸਨ। ਸਾਂਦਲਬਾਰ ਦੇ ਵਸਨੀਕ ਪ੍ਰੋ. ਸ਼ੇਰ ਸਿੰਘ ਸ਼ੇਰ ਦਾ ਅਨੁਮਾਨ ਹੈ ਇਸ ਬਾਰ ਵਿਚ ਨਵੀਂ ਆਬਾਦ ਹੋਈ ਜ਼ਮੀਨ ਦਾ 70 ਤੋਂ 75% ਹਿੱਸਾ ਸਿੱਖ, ਕਾਸ਼ਤਕਾਰਾਂ ਨੂੰ ਅਲਾਟ ਹੋਇਆ। ਗੰਜੀਬਾਰ ਤੇ ਨੀਲੀਬਾਰ ਵਿਚ ਵੀ ਤਕਰੀਬਨ 70 ਫੀ ਸਦੀ ਜ਼ਮੀਨ ਸਿੱਖਾਂ ਨੂੰ ਮਿਲੀ। ਇਹਨਾਂ ਵਿਚੋਂ ਕਿਸੇ ਵੀ ਇਲਾਕੇ ਵਿਚ ਸਿੱਖਾਂ ਦੀ ਆਬਾਦੀ 19 ਫੀ ਸਦੀ ਤੋਂ ਵੱਧ ਨਹੀਂ ਸੀ। ਇਹ ਬਾਰਾਂ ਆਬਾਦ ਹੋ ਗਈਆਂ। ਜੰਗਲ ਵੱਢ ਕੇ ਸਾਫ਼ ਕਰ ਦਿੱਤੇ ਗਏ; ਪਰ ਇਹਨਾਂ ਇਲਾਕਿਆਂ ਦਾ ਨਾਮ 'ਬਾਰਾਂ' ਹੀ ਰਿਹਾ। ਇੰਞ ਸ਼ਬਦ 'ਬਾਰ' ਦੇ ਅਰਥਾਂ ਵਿਚ ਵਿਸਤਾਰ ਹੋ ਗਿਆ—'ਨਵੀਂ ਵੱਸੀ ਨਹਿਰੀ ਕਾਲੋਨੀ।'

ਪੰਜਾਬ ਦੀਆਂ ਮਸ਼ਹੂਰ ਬਾਰਾਂ ਚਾਰ ਸਨ—ਸਾਂਦਲ ਬਾਰ, ਕਿਰਾਨਾ ਬਾਰ, ਗੰਜੀਬਾਰ ਤੇ ਨੀਲੀ ਬਾਰ। ਸਭ ਤੋਂ ਪ੍ਰਸਿੱਧ ਸ੍ਰੀ ਸਾਂਦਲ ਬਾਰ, ਜਿਸ ਵਿਚ ਜ਼ਿਲ੍ਹਾ ਲਾਇਲਪੁਰ (ਹੁਣ ਫ਼ੈਸਲਾਬਾਦ) ਆਉਂਦਾ ਸੀ, ਕਾਫ਼ੀ ਇਲਾਕਾ ਜ਼ਿਲ੍ਹਾ ਸ਼ੇਖ਼ੂਪੁਰਾ ਦਾ ਤੇ ਕੁਝ ਹਿੱਸਾ ਝੰਗ ਦਾ ਵੀ ਆਉਂਦਾ ਸੀ। ਇਹ ਬਾਰ ਦਰਿਆ ਰਾਵੀ ਤੇ ਝਨਾਂ ਦੇ ਵਿਚਾਲੇ ਪੈਂਦੀ ਹੈ; ਇਹ ਇਲਾਕਾ 'ਰਚਨਾ ਦੁਆਬ' ਦਾ ਦੱਖਣੀ ਹਿੱਸਾ ਹੈ। ਲਾਇਲਪੁਰ ਸਿੱਖਾਂ ਦਾ ਗੜ੍ਹ ਸੀ।

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿਚ ਸਿਰਫ਼ ਤਿੰਨ ਖ਼ਾਲਸਾ ਕਾਲਜ ਸਨ ਖ਼ਾਲਸਾ ਕਾਲਜ ਅੰਮ੍ਰਿਤਸਰ, ਖ਼ਾਲਸਾ ਕਾਲਜ ਗੁੱਜਰਾਂਵਾਲਾ ਤੇ ਖ਼ਾਲਸਾ ਕਾਲਜ ਲਾਇਲਪੁਰ।

www.sikhbookclub.com



ਇਸ ਬਾਰ ਦੇ ਸਿੱਖ ਬੜੇ ਅਸਰ-ਰਸੂਖ ਵਾਲੇ, ਜਵ੍ਹੇ ਵਾਲੇ, ਕੁਰਬਾਨੀ ਦੇ ਜਜ਼ਬੇ ਵਾਲੇ ਤੇ ਪੜ੍ਹੇ-ਲਿਖੇ ਸਨ। ਨਨਕਾਣਾ ਸਾਹਿਬ ਦੇ ਸ਼ਹੀਦੀ ਜੱਥੇ ਦਾ ਜਥੇਦਾਰ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ, ਸਰਦਾਰ ਤੇਜਾ ਸਿੰਘ ਸਮੁੰਦਰੀ, ਜਥੇਦਾਰ ਕਰਤਾਰ ਸਿੰਘ ਝੱਬਰ, ਸ਼ਹੀਦ ਸਰਦਾਰ ਭਗਤ ਸਿੰਘ ਤੇ ਉਹਨਾਂ ਦੇ ਚਾਚਾ ਜੀ ਸਰਦਾਰ ਅਜੀਤ ਸਿੰਘ ਸਭ ਸਾਂਦਲ ਬਾਰ ਦੇ ਵਸਨੀਕ ਸਨ। ਇਹ ਬਾਰ ਪਿਛਲੀ ਸਦੀ ਦੇ ਅਖੀਰੀ ਦਹਾਕੇ ਵਿਚ ਆਬਾਦ ਹੋਈ। ਇਸ ਨੂੰ ਨਹਿਰ 'ਲੋਇਰ ਚਨਾਬ' ਦਾ ਪਾਣੀ ਪੈਂਦਾ ਸੀ। ਜਦੋਂ ਇਹ ਕਿਤਾਬ 'ਪੰਜਾਬੀ ਟ੍ਰਿਬਿਊਨ' ਵਿਚ ਲੜੀਵਾਰ ਛਪੀ, ਉਦੋਂ ਮੈਂ 'ਸਾਂਦਲਬਾਰ' ਦੇ ਨਾਮ ਬਾਰੇ ਕੋਈ ਤਸੱਲੀਬਖਸ਼ ਜਾਣਕਾਰੀ ਨਹੀਂ ਸਾਂ ਦੇ ਸਕਿਆ। ਇਸ ਸੰਬੰਧ ਵਿਚ ਡਾ. ਸਰਬਜੀਤ ਸਿੰਘ ਘੁੰਮਣ ਦਾ ਪੱਤਰ ਵੀ ਪੰਜਾਬੀ ਟ੍ਰਿਬਿਊਨ 2-3-93 ਵਿਚ ਛਪਿਆ ਜਿਸ ਵਿਚ ਡਾ. ਸਾਹਿਬ ਨੇ ਅਹਿਮਦ ਸਲੀਮ ਦੀ ਪੁਸਤਕ 'ਲੋਕ-ਵਾਰਾਂ' ਦੇ ਹਵਾਲੇ ਨਾਲ ਦੱਸਿਆ ਹੈ ਕਿ 'ਸਾਂਦਲ' ਦੁੱਲੇ ਭੱਟੀ ਦੇ ਬਾਪ ਦਾ ਨਾਮ ਸੀ, ਜਿਸ ਤੋਂ ਇਸ ਬਾਰ ਦਾ ਨਾਮ 'ਸਾਂਦਲ ਬਾਰ' ਪਿਆ। ਇਹ ਸੁਝਾ ਮੰਨਣ ਯੋਗ ਨਹੀਂ, 'ਸਾਂਦਲ ਬਾਰ' ਦੁੱਲੇ ਦੇ ਸਮੇਂ ਤੋਂ ਕਾਫ਼ੀ ਪਹਿਲਾਂ ਦਾ ਨਾਮ ਹੈ। ਹੁਣ ਤੱਕ ਮੈਨੂੰ ਇਸ ਬਾਰੇ ਕਾਫ਼ੀ ਜਾਣਕਾਰੀ ਵੀ ਮਿਲ ਚੁਕੀ ਹੈ, ਜਿਸ ਲਈ ਮੈਂ ਸਰਦਾਰ ਭਗਵੰਤ ਸਿੰਘ ਆਜ਼ਾਦ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ 'ਸਾਂਦਲ ਬਾਰ' ਉੱਤੇ ਕਿਤਾਬ ਲਿਖੀ ਹੈ, ਜੋ ਹੁਣ ਤੱਕ ਛਪ ਚੁੱਕੀ ਹੈ। ਬਾਰ ਦੇ ਨਾਮ ਬਾਰੇ ਉਹਨਾਂ ਨੇ ਕਾਫ਼ੀ ਸਮੱਗਰੀ ਇਕੱਤਰ ਕੀਤੀ ਹੈ, ਮੈਂ ਉਸ ਵਿਚੋਂ ਸਿਰਫ਼ ਦੋ ਸੁਝਾ ਇੱਥੇ ਪੇਸ਼ ਕਰਦਾ ਹਾਂ :

1. ਇਹ ਨਾਮ ਇਸ ਜੰਗਲ ਵਿਚ ਵਿਚਰਨ ਵਾਲੇ ਪੁਰਾਣੇ ਸਮੇਂ ਦੇ ਰਿਸ਼ੀ ਦੇ ਨਾਮ ਤੋਂ ਪਿਆ। ਸੰਸਕ੍ਰਿਤ ਸਾਹਿਤ ਵਿਚ ਇਸ ਰਿਸ਼ੀ ਦਾ ਨਾਮ 'ਸ਼ਾਂਡਿਲਯ' ਮਿਲਦਾ ਹੈ, ਜੋ ਪੰਜਾਬੀ ਵਿਚ (ਸਗੋਂ ਅਪਭ੍ਰੰਸ਼ਾਂ ਤੇ ਪ੍ਰਾਕ੍ਰਿਤ ਵਿਚ ਹੀ) 'ਸਾਂਦਲ' ਬਣ ਗਿਆ (ਇਹ ਵਿਕਾਸ ਭਾਸ਼ਾ-ਵਿਗਿਆਨ ਦੇ ਨਿਯਮਾਂ ਅਨੁਸਾਰ ਬਿਲਕੁਲ ਠੀਕ ਹੈ)। ਇਹ ਰਾਏ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਦਿੱਤੀ ਹੈ—'ਸਾਂਦਲ ਬਾਰ' ਦੇ ਅੰਦਰਾਜ ਅਧੀਨ। ਭਾਈ ਕਾਨ੍ਹ ਸਿੰਘ ਕੱਚੀ-ਪਿੱਲੀ ਜਾਣਕਾਰੀ ਦੇ ਆਧਾਰ ਤੇ ਲਿਖਣ ਵਾਲੇ ਵਿਦਵਾਨ ਨਹੀਂ ਸਨ—ਇਸ ਦਾ ਉਹਨਾਂ ਕੋਲ ਜ਼ਰੂਰੀ ਕੋਈ ਵਿਸ਼ਵਾਸਯੋਗ ਪ੍ਰਮਾਣ ਹੋਵੇਗਾ।

2. ਸ. ਭਗਵੰਤ ਸਿੰਘ ਆਜ਼ਾਦ ਨੇ ਹੋਰ ਦੋ ਸ੍ਰੋਤਾਂ ਤੋਂ ਇਸ ਬਾਰ ਦਾ ਪੁਰਾਣਾ ਨਾਮ 'ਸਾਂਧੜ ਬਾਰ' ਲੱਭਾ ਹੈ। ਬਾਬਾ ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਇਸ ਬਾਰ ਦਾ ਨਾਮ 'ਸਾਂਧੜ ਬਾਰ' ਆਇਆ ਹੈ। 'ਸਾਂਧੜ' ਪੁਰਾਣੇ ਸਮੇਂ ਦਾ ਇਕ ਮਸ਼ਹੂਰ ਧਾੜਵੀ ਸੀ, ਅੱਜ ਕੱਲ ਦੇ ਇਲਾਕਾ ਸਾਂਗਲਾ ਵਿਚ ਰਹਿੰਦਾ ਸੀ। ਇਸੇ ਦੇ ਨਾਮ ਤੇ ਬਾਰ ਦਾ ਨਾਮ 'ਸਾਂਧੜ ਬਾਰ' ਪਿਆ, ਜੋ ਵਿਕਾਸ ਦੀਆਂ ਕਈਆਂ ਅਵੱਸਥਾਵਾਂ ਵਿਚੋਂ ਦੀ ਲੰਘ ਕੇ 'ਸਾਂਦਲ' ਹੋ ਗਿਆ।

ਉਪਰੋਕਤ ਦੋਹਾਂ ਸੁਝਾਵਾਂ ਵਿਚੋਂ ਕੋਈ ਵੀ ਠੀਕ ਹੋ ਸਕਦਾ ਹੈ।

ਕਿੜਾਣਾ ਬਾਰ ਵਿਚ ਜ਼ਿਲ੍ਹਾ ਸਰਗੋਧਾ ਦਾ ਇਲਾਕਾ ਆਉਂਦਾ ਸੀ, ਜਿਸ ਦਾ ਪੁਰਾਣਾ ਨਾਂ ਸ਼ਾਹਪੁਰ ਸੀ ਤੇ ਸ਼ਾਇਦ ਹੁਣ ਵੀ ਸ਼ਾਹਪੁਰ ਬਣਾ ਦਿੱਤਾ ਗਿਆ ਹੈ। ਇਹ ਬਾਰ ਦਰਿਆ

www.sikhbookclub.com



ਝਨਾਂ ਤੇ ਜਿਹਲਮ ਦੇ ਵਿਚਾਲੇ ਪੈਂਦੀ ਸੀ ਅਤੇ 'ਚੱਜ ਦੁਆਬ' ਦਾ ਇਕ ਹਿੱਸਾ ਸੀ। 'ਕਿੜਾਣਾ' ਇਕ ਪਹਾੜੀ ਦਾ ਨਾਮ ਸੀ, ਜਿਸ ਤੋਂ ਇਸ ਬਾਰ ਦਾ ਨਾਮ 'ਕਿੜਾਣਾ ਬਾਰ' ਪਿਆ। ਇਸ ਬਾਰ ਵਿਚ ਵਧੇਰੇ ਘੋੜੀ-ਪਾਲ ਮੁਰੱਬੇ ਦਿੱਤੇ ਗਏ ਸਨ। ਫ਼ੌਜ ਦੇ ਰਿਸਾਲਿਆਂ ਵਾਸਤੇ ਚੰਗੀ ਨਸਲ ਦੇ ਘੋੜਿਆਂ ਦੀ ਲੋੜ ਸੀ। ਇਕ ਜ਼ਿਮੀਦਾਰ ਨੂੰ ਦੋ ਮੁਰੱਬੇ ਦਿੱਤੇ ਜਾਂਦੇ ਸਨ ਤੇ ਨਾਲ ਉਸ ਨੂੰ ਇਕ ਘੋੜੀ ਰੱਖਣੀ ਪੈਂਦੀ ਸੀ, ਜੋ ਘੋੜੀ-ਪਾਲ ਮਹਿਕਮੇ ਦੇ ਅਫ਼ਸਰ ਖ਼ਰੀਦ ਕੇ ਦਿੰਦੇ ਸਨ, ਕੀਮਤ ਜ਼ਿਮੀਦਾਰ ਨੂੰ ਦੇਣੀ ਪੈਂਦੀ ਸੀ। ਇਹਨਾਂ ਘੋੜੀਆਂ ਦੀ ਸੰਭਾਲ ਤੇ ਪਰਵਰਿਸ਼ ਲਈ ਉਚੇਚੇ ਯਤਨ ਕਰਨੇ ਪੈਂਦੇ ਸਨ। ਇਹਨਾਂ ਨੂੰ ਸਰਕਾਰੀ ਅਸਤਬਲਾਂ ਵਿਚ ਰੱਖੇ ਘੋੜਿਆਂ ਤੋਂ ਮਿਲਾਇਆ ਜਾਂਦਾ ਸੀ। ਜਦੋਂ ਬੱਚਾ ਸਵਾਰੀ ਯੋਗ ਹੋ ਜਾਵੇ, ਇਸ ਨੂੰ ਸਰਕਾਰ ਖ਼ਰੀਦ ਲੈਂਦੀ ਸੀ; ਕੀਮਤ ਮੁਨਾਸਿਬ ਦਿੱਤੀ ਜਾਂਦੀ ਸੀ। ਇਹਨਾਂ ਘੋੜੀਆਂ ਦਾ ਸਮੇਂ-ਸਮੇਂ ਮੁਆਇਨਾ ਹੁੰਦਾ ਰਹਿੰਦਾ ਸੀ। ਜਿਸ ਜ਼ਿਮੀਦਾਰ ਦੀ ਘੋੜੀ ਦੀ ਦੋ ਜਾਂ ਤਿੰਨ ਵਾਰ ਟੁਕਾਈ ਹੋ ਜਾਵੇ, ਉਸ ਦੇ ਮੁਰੱਬੇ ਜ਼ਬਤ ਹੋ ਜਾਂਦੇ ਸਨ। ਮੁਰੱਬੇ ਦਾ ਕਿਉਂਕਿ ਘੋੜੀ ਨਾਲ ਸੰਬੰਧ ਸੀ ਤੇ ਘੋੜੀ ਸਿਰਫ਼ ਇਕ ਆਦਮੀ ਦੀ ਮਲਕੀਅਤ ਹੀ ਹੋ ਸਕਦੀ ਸੀ, ਇਸ ਲਈ ਪਿਉ ਦੀ ਮੌਤ ਪਿੱਛੋਂ ਘੋੜੀ ਤੇ ਮੁਰੱਬੇ ਸਿਰਫ਼ ਵੱਡੇ ਪੁੱਤਰ ਨੂੰ ਮਿਲਦੇ ਸਨ। ਇਹ ਸਿਲਸਿਲਾ ਦੂਜੇ ਸੰਸਾਰ ਯੁੱਧ ਤਕ ਜਾਰੀ ਰਿਹਾ। ਦੂਜੀ ਵੱਡੀ ਜੰਗ ਵਿਚ ਰਿਸਾਲੇ ਖ਼ਤਮ ਕਰਕੇ ਉਹਨਾਂ ਨੂੰ ਟੈਂਕ-ਰੈਜਮੈਂਟਾਂ ਵਿਚ ਬਦਲ ਦਿੱਤਾ ਗਿਆ। ਸੋ ਹੁਣ ਘੋੜੀਆਂ ਦੀ ਲੋੜ ਨਾ ਰਹਿ ਗਈ, ਪਰ ਮੁਰੱਬੇ ਮਾਲਕਾਂ ਨੂੰ ਪੱਕੇ ਕਰ ਦਿੱਤੇ ਗਏ। ਇਹ ਬਾਰ ਇਸ ਸਦੀ ਦੇ ਪਹਿਲੇ ਦਹਾਕੇ ਵਿਚ ਲਾਇਲਪੁਰ ਵਾਲੀ ਬਾਰ ਤੋਂ ਕੁਝ ਪਿੱਛੋਂ ਆਬਾਦ ਹੋਈ। ਇਹ ਨਹਿਰ ਲੋਇਰ ਜਿਹਲਮ ਨਾਲ ਸੈਰਾਬ ਹੁੰਦੀ ਸੀ।

ਗੰਜੀ ਬਾਰ ਤੇ ਨੀਲੀ ਬਾਰ ਦੋਵੇਂ 'ਬਾਰੀ ਦੁਆਬ' ਅਰਥਾਤ ਬਿਆਸ ਤੇ ਰਾਵੀ ਦੇ ਵਿਚਾਲੇ ਦੇ ਦੱਖਣੀ ਹਿੱਸੇ ਵਿਚ ਆਉਂਦੀਆਂ ਸਨ—ਜ਼ਿਲ੍ਹਾ ਮਿੰਟਗੁਮਰੀ (ਹੁਣ ਸਾਹੀਵਾਲ) ਤੇ ਮੁਲਤਾਨ ਵਿਚ। ਗੰਜੀ ਬਾਰ ਇਸ ਇਲਾਕੇ ਦੇ ਪੱਛਮੀ ਹਿੱਸੇ ਦਾ ਨਾਮ ਸੀ, ਇਹ ਹਿੱਸਾ ਨਹਿਰ 'ਲੋਇਰ ਬਾਰੀ ਦੁਆਬ' ਨਾਲ ਆਬਾਦ ਹੋਇਆ ਸੀ। ਇਹ ਨਹਿਰ ਉਸ ਸਮੇਂ ਮੁਤਾਬਕ, ਅੰਗਰੇਜ਼ ਹੁਕਮਰਾਨਾਂ ਦੀ ਇਕ ਕਰਾਮਾਤ ਸੀ। ਰਾਵੀ ਦਾ ਪਾਣੀ ਮਾਧੋਪੁਰ ਤੋਂ ਕੱਢੀ ਨਹਿਰ 'ਅੱਪਰ ਬਾਰੀ ਦੁਆਬ' ਨੇ ਖਿੱਚ ਲਿਆ ਸੀ ਅਤੇ ਦਰਿਆ ਵਿਚ ਏਨਾ ਪਾਣੀ ਨਹੀਂ ਸੀ, ਜਿਸ ਨਾਲ ਇਕ ਹੋਰ ਨਹਿਰ ਨੂੰ ਸਾਰਾ ਸਾਲ ਪਾਣੀ ਮਿਲ ਸਕਦਾ। ਇਸ ਲਈ ਦਰਿਆ ਜਿਹਲਮ ਵਿਚੋਂ ਨਹਿਰ ਕੱਢ ਕੇ ਉਸ ਦਾ ਪਾਣੀ ਝਨਾਂ ਵਿਚ ਸੁੱਟਿਆ ਗਿਆ, ਝਨਾਂ ਵਿਚੋਂ ਨਹਿਰ ਕੱਢ ਕੇ ਰਾਵੀ ਵਿਚ ਸੁੱਟੀ ਗਈ ਤੇ ਰਾਵੀ ਵਿਚੋਂ 'ਬੱਲੋਕੀ' (ਜ਼ਿਲ੍ਹਾ ਲਾਹੌਰ) ਦੇ ਸਥਾਨ ਤੋਂ 'ਲੋਇਰ ਬਾਰੀ ਦੁਆਬ' ਨਹਿਰ ਕੱਢੀ ਗਈ, ਜਿਸ ਨਾਲ ਗੰਜੀ ਬਾਰ ਆਬਾਦ ਹੋਈ। ਇਹ ਸਾਰਾ ਪ੍ਰਾਜੈਕਟ 1902-3 ਵਿਚ ਉਲੀਕਿਆ ਗਿਆ, ਪਰ ਗੰਜੀ ਬਾਰ 1914 ਤੋਂ 1922-23 ਤਕ ਦੇ ਸਮੇਂ ਵਿਚ ਆਬਾਦ ਹੋਈ। ਇੰਞ ਗੰਜੀ ਬਾਰ ਅਸਲ ਵਿਚ ਤਿੰਨਾਂ ਦਰਿਆਵਾਂ ਦੇ ਪਾਣੀਆਂ ਤੇ ਪਲਦੀ ਸੀ।

'ਨੀਲੀ ਬਾਰ' ਜ਼ਿਲ੍ਹਾ ਮਿੰਟਗੁਮਰੀ, ਮੁਲਤਾਨ ਦੇ ਪੂਰਬੀ ਭਾਗ ਦਾ ਨਾਮ ਹੈ, ਜਿਸ ਇਲਾਕੇ ਦੀ ਢਲਾਨ ਦਰਿਆ ਸਤਲੁਜ-ਬਿਆਸ ਵੱਲ ਨੂੰ ਹੈ। ਇਹ ਬਾਰ ਫ਼ਾਜ਼ਿਲਕਾ

www.sikhbookclub.com



ਲਾਗਿਓਂ, ਸੁਲੇਮਾਨਕੀ ਦੇ ਮੁਕਾਮ ਤੋਂ ਸਤਲੁਜ-ਬਿਆਸ ਦੇ ਸਾਂਝੇ ਵਹਿਣ ਵਿਚੋਂ ਕੱਢੀ ਨਹਿਰ ਨਾਲ ਆਬਾਦ ਹੋਈ। ਇਹ ਸਭ ਤੋਂ ਪਿੱਛੋਂ ਆਬਾਦ ਹੋਣ ਵਾਲੀ ਬਾਰ ਹੈ, ਜੋ ਇਸ ਸਦੀ ਦੇ ਤੀਜੇ, ਚੌਥੇ ਦਹਾਕੇ ਵਿਚ ਵੱਸੀ। ਇਸ ਦਾ ਨਾਮ ਵੀ ਨਵਾਂ ਹੈ। ਸਾਂਦਲ ਬਾਰ, ਗੰਜੀ ਬਾਰ, ਕਿੜਾਣਾ ਬਾਰ ਦੇ ਨਾਮ ਪੁਰਾਣੇ ਫ਼ਾਰਸੀ ਸਾਹਿਤ ਵਿਚ ਮਿਲਦੇ ਹਨ, ਪਰ ਨੀਲੀ ਬਾਰ ਦਾ ਜ਼ਿਕਰ ਨਹੀਂ। ਇਸ ਦਾ ਨਾਮ 'ਨੀਲੀ ਬਾਰ' ਹੋਣ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਦਰਿਆ ਸਤਲੁਜ ਦਾ ਪਾਣੀ ਸਾਫ਼ ਹੈ, ਇਸ ਵਿਚ ਗਾਰ (ਰੇਤ, ਮਿੱਟੀ ਆਦਿ) ਦੀ ਮਿਲਾਵਟ ਬਹੁਤ ਘੱਟ ਹੁੰਦੀ ਹੈ। ਇਸ ਲਈ ਦਰਿਆ ਦਾ ਅਤੇ ਇਸ ਵਿਚੋਂ ਨਿਕਲੀ ਨਹਿਰ ਦਾ ਪਾਣੀ ਨੀਲੀ ਭਾਹ ਮਾਰਦਾ ਹੈ, ਜਿਸ ਤੋਂ ਇਸ ਦਾ ਨਾਮ ਨੀਲੀ ਬਾਰ ਹੋ ਗਿਆ। ਜੇ ਇਸ ਦਾ ਕੋਈ ਹੋਰ ਕਾਰਨ ਹੈ ਤਾਂ ਇਸ ਦਾ ਮੈਨੂੰ ਪੂਰਾ ਗਿਆਨ ਨਹੀਂ।

ਇਹਨਾਂ ਤੋਂ ਇਲਾਵਾ ਇਕ ਹੋਰ ਛੋਟੀ ਜਿਹੀ ਬਾਰ ਸੀ, ਜੋ ਜ਼ਿਲ੍ਹਾ ਮੁਲਤਾਨ ਦੀਆਂ ਦੋਂਹ ਤਸੀਲਾਂ ਤਕ ਹੀ ਸੀਮਤ ਸੀ। ਇਸ ਬਾਰ ਦਾ ਕੋਈ ਖਾਸ ਨਾਮ ਨਹੀਂ ਸੀ, ਪਰ ਇਹ 'ਸਿਧਨੈ' ਨਾਮ ਦੀ ਨਹਿਰ ਨਾਲ ਸੈਰਾਬ ਹੁੰਦੀ ਸੀ। ਇਸ ਵਿਚ ਮੁਰੱਬੇ ਨਹੀਂ 'ਕਿੱਤੂ' ਅਲਾਟ ਕੀਤੇ ਗਏ ਸਨ। ਇਕ ਕਿੱਤੂ ਵਿਚ ਤਕਰੀਬਨ 95 ਏਕੜ ਜ਼ਮੀਨ ਹੁੰਦੀ ਸੀ। 'ਸਿਧਨੈ' ਕਿਉਂਕਿ ਛਿਮਾਹੀ ਨਹਿਰ ਸੀ, ਇਸ ਲਈ ਹਰ ਕਿੱਤੂ ਵਿਚ ਇਕ ਖੂਹ ਵੀ ਲਾਉਣਾ ਪੈਂਦਾ ਸੀ। ਇਹ ਬਾਰ ਪਿਛਲੀ ਸਦੀ ਦੇ ਅਖੀਰੀ ਦਹਾਕੇ ਵਿਚ ਵੱਸੀ। ਇਸ ਇਲਾਕੇ ਵਿਚ ਜ਼ਿਲ੍ਹਾ ਲਾਹੌਰ ਦੇ ਦੱਖਣੀ ਹਿੱਸੇ ਦੇ ਸਿੱਖ ਜ਼ਿਮੀਦਾਰ ਆਬਾਦ ਕੀਤੇ ਗਏ। ਭਾਵੇਂ ਇਹਨਾਂ ਦੇ ਪਿੰਡ ਬਹੁਤ ਥੋੜ੍ਹੇ ਜਿਹੇ ਸਨ—ਸਿਰਫ਼ ਚੌਦਾਂ, ਪੰਦਰਾਂ, ਪਰ ਇਹ ਬੜੇ ਦਬਦਬੇ ਵਾਲੇ ਸਿੱਖ ਸਨ। ਚਾਰ-ਚੁਫੇਰੇ ਉਸੇ ਇਲਾਕੇ ਦੇ ਪੁਰਾਣੇ ਵਸਨੀਕ ਮੁਸਲਮਾਨ ਵੱਸੇ ਹੋਏ ਸਨ, ਪਰ ਇਹਨਾਂ ਸਿੱਖਾਂ ਨੇ ਆਪਣਾ ਚੰਗਾ ਰੋਹਬ-ਦਾਬ ਬਣਾਇਆ ਹੋਇਆ ਸੀ। 'ਖਾਲਸਾ ਹਾਈ ਸਕੂਲ, ਖਾਨੇਵਾਲ' ਜਿਥੋਂ ਮੈਂ ਮੈਟਰਿਕ ਪਾਸ ਕੀਤਾ, ਪਹਿਲਾਂ ਇਸੇ ਇਲਾਕੇ ਦੇ ਪਿੰਡ 'ਜਵੰਦ ਸਿੰਘ ਵਾਲਾ' (ਪੰਜ ਕੱਸੀ) ਵਿਚ ਖੁੱਲ੍ਹਾ ਸੀ, ਪਿੱਛੋਂ ਗੰਜੀ ਬਾਰ ਆਬਾਦ ਹੋਣ ਤੇ ਨਵਾਂ ਸ਼ਹਿਰ ਖਾਨੇਵਾਲ ਵੱਸਿਆ ਅਤੇ ਇਹ ਸਕੂਲ ਵੀ ਓਥੇ ਬਦਲ ਦਿੱਤਾ ਗਿਆ, ਕਿਉਂਕਿ ਖਾਨੇਵਾਲ ਕੇਂਦਰੀ ਸਥਾਨ ਸੀ, ਇਕ ਚੰਗਾ ਕਸਬਾ ਬਣ ਗਿਆ ਸੀ, ਰੇਲਵੇ ਜੰਕਸ਼ਨ ਸੀ। ਸ. ਨਰੈਣ ਸਿੰਘ ਜੋ ਕਾਫ਼ੀ ਸਮੇਂ ਤਕ ਗੁਰਦਵਾਰਾ ਨਨਕਾਣਾ ਸਾਹਿਬ ਦੇ ਮੈਨੇਜਰ ਰਹੇ, ਇਸੇ ਇਲਾਕੇ ਦੇ ਵਸਨੀਕ ਸਨ ਤੇ ਕੁਝ ਸਮੇਂ ਲਈ ਉਹ ਖ਼ਾਲਸਾ ਹਾਈ ਸਕੂਲ ਖਾਨੇਵਾਲ ਦੇ ਹੈੱਡਮਾਸਟਰ ਵੀ ਰਹੇ। ਅਤੇ ਇਸੇ ਸਕੂਲ ਵਿਚ ਕੁਝ ਸਮੇਂ ਲਈ ਫ਼ਾਰਸੀ ਦਾ ਅਧਿਆਪਕ ਰਿਹਾ ਸੀ : ਅਮਰ ਕਵੀ, ਪ੍ਰੋ. ਮੋਹਨ ਸਿੰਘ। ਅੱਜ ਕੱਲ ਇਹ ਸਕੂਲ ਸ਼ਾਹਾਬਾਦ ਮਾਰਕੰਡਾ (ਹਰਿਆਣਾ) ਵਿਚ ਹੈ।

ਨਹਿਰ 'ਸਿਧਨੈ' ਦਾ ਜ਼ਿਕਰ ਆਇਆ ਤਾਂ ਇਸ ਬਾਰੇ ਦੋ ਸ਼ਬਦ ਕਹਿਣ ਦੀ ਵੀ ਲੋੜ ਜਾਪਦੀ ਹੈ। 'ਸਿਧਨੈ' ਅਸਲ ਵਿਚ ਦਰਿਆ ਰਾਵੀ ਦੇ ਕੋਈ ਬਾਰਾਂ, ਤੇਰਾਂ ਮੀਲ ਲੰਮੇ ਹਿੱਸੇ ਦਾ ਨਾਮ ਹੈ, ਜਿਥੇ ਦਰਿਆ ਬਿਲਕੁਲ ਸਿੱਧਾ ਵੱਗਦਾ ਹੈ, ਕਿਨਾਰੇ ਵੀ ਨਹਿਰ ਦੇ ਕੰਢਿਆਂ ਵਾਂਗ ਸਿੱਧੇ ਹਨ। ਹੜ੍ਹ ਆਵੇ ਤਾਂ ਪਾਣੀ ਕੰਢਿਆਂ ਉੱਤੋਂ ਦੀ ਉੱਛਲ ਜਾਂਦਾ ਹੈ, ਪਰ ਕੰਢੇ ਟੁੱਟਦੇ ਨਹੀਂ। ਜਿਥੋਂ 'ਸਿਧਨੈ' ਸ਼ੁਰੂ ਹੁੰਦੀ ਹੈ, ਉਥੇ 'ਸੀਤਾ ਕੁੰਡ' ਨਾਮ ਦਾ ਤੀਰਥ

www.sikhbookclub.com



ਅਸਥਾਨ ਬਣਿਆ ਹੋਇਆ ਹੈ। ਇਹ ਸਥਾਨ ਕਸਬਾ ਤਲੁੰਭਾ ਤੋਂ ਕੋਈ ਪੰਜ ਛੇ ਮੀਲ ਪੱਛਮ ਵੱਲ ਹੈ ਅਤੇ ਮੈਂ ਇਹ ਥਾਂ ਵੇਖਿਆ ਹੋਇਆ ਹੈ, ਕਿਉਂਕਿ ਮੈਂ ਸੱਤਵੀਂ, ਅੱਠਵੀਂ ਜਮਾਤ ਮਿਡਲ ਸਕੂਲ ਤਲੁੰਭਾ ਵਿਚੋਂ ਪਾਸ ਕੀਤੀਆਂ ਸਨ। ਜਿਥੇ ਸਿਧਨੈ ਖ਼ਤਮ ਹੁੰਦੀ ਹੈ, ਉਥੇ ਸੱਜੇ ਕਿਨਾਰੇ ਜ਼ਿਲ੍ਹਾ ਝੰਗ ਵਿਚ 'ਰਾਮ ਚੌਤਰਾ' ਤੇ ਖੱਬੇ ਕੰਢੇ (ਜ਼ਿਲ੍ਹਾ ਮੁਲਤਾਨ ਵਿਚ) 'ਲਛਮਣ ਚੌਤਰਾ' ਨਾਮ ਦੇ ਦੋ ਤੀਰਥ ਅਸਥਾਨ ਹਨ। ਇਥੇ ਵਿਸਾਖੀ ਦਾ ਮੇਲਾ ਲੱਗਦਾ ਸੀ। ਇਹ ਥਾਂ ਵੀ ਮੈਂ ਵੇਖੇ ਹੋਏ ਹਨ। ਸੀਤਾ ਕੁੰਡ ਤੇ ਰਾਮ ਚੌਤਰੇ ਦੇ ਵਿਚਾਲੇ ਦਰਿਆ ਦੇ ਕੰਢੇ ਇਕ ਮੁਸਲਮਾਨਾਂ ਦਾ ਛੋਟਾ ਜਿਹਾ ਪਿੰਡ ਹੈ, ਜਿਸ ਦਾ ਨਾਮ 'ਬਗਦਾਦ ਸ਼ਰੀਫ਼' ਹੈ। ਇਥੇ ਵੀ ਇਕ ਮੁਸਲਮਾਨ ਫ਼ਕੀਰ ਦੀ ਯਾਦ ਵਿਚ ਮੇਲਾ ਲੱਗਦਾ ਹੈ। ਇਹ ਥਾਂ ਵੀ ਮੇਰਾ ਵੇਖਿਆ ਹੋਇਆ ਹੈ ਅਤੇ ਦਰਿਆ ਇੱਥੇ ਭੀ ਠੀਕ ਨਹਿਰ ਵਾਂਗ ਸਿੱਧਾ ਹੈ ਅਤੇ ਕਿਨਾਰੇ ਖੜੇ ਹਨ।

ਇਸ ਕੁਦਰਤ ਦੇ ਅਜੂਬੇ ਦਾ ਬਿਆਨ ਕਰਨ ਵਾਲੀ ਮਿਥਿਹਾਸਿਕ ਕਥਾ ਇੰਝ ਦੱਸੀ ਜਾਂਦੀ ਹੈ। ਬਨਬਾਸ ਦੇ ਦਿਨਾਂ ਵਿਚ ਜਦੋਂ ਸ੍ਰੀ ਰਾਮ ਚੰਦਰ, ਲਛਮਣ ਤੇ ਮਾਤਾ ਸੀਤਾ ਜੀ ਇਥੇ ਪੁੱਜੇ ਤਾਂ ਥਾਂ ਬੜਾ ਰਮਣੀਕ ਜਾਪਿਆ, ਦਰਿਆ ਦਾ ਪਾਣੀ ਸਾਫ਼, ਸੁੱਥਰਾ ਤੇ ਮੌਸਮ ਸੁਹਾਵਣਾ ਸੀ। ਦੋਵੇਂ ਭਰਾ ਸੀਤਾ ਜੀ ਨੂੰ ਇਥੇ ਬੈਠਾ ਕੇ ਆਪ ਦਰਿਆ ਵਿਚ ਤਰਨ ਲੱਗ ਪਏ ਤੇ ਪਾਣੀ ਦੇ ਵਹਾ ਵੱਲ ਨੂੰ ਤਰਦੇ ਗਏ। ਤਰਦੇ ਵੀ ਜਾਂਦੇ ਸਨ ਤੇ ਪਿਛਾਂਹ ਵੱਲ ਝਾਤੀ ਮਾਰ ਕੇ ਸੀਤਾ ਜੀ ਨੂੰ ਵੇਖਦੇ ਜਾਂਦੇ ਸਨ। ਉਹਨਾਂ ਦੀ ਨਿਗਾਹ ਦੀ ਕਰਾਮਾਤ ਨਾਲ ਦਰਿਆ ਸਿੱਧਾ ਹੁੰਦਾ ਗਿਆ ਅਤੇ ਅੱਜ ਤਕ ਸਿੱਧਾ ਹੈ।

ਭੂਗੋਲ ਵਿਗਿਆਨੀ ਇਸ ਅਜੂਬੇ ਦਾ ਕਾਰਨ ਕੋਈ ਵੀ ਦੱਸਣ, ਪਰ ਇਹ ਮੇਰਾ ਅੱਖੀਂ ਡਿੱਠਾ ਦ੍ਰਿਸ਼ ਹੈ ਕਿ ਸੀਤਾ ਕੁੰਡ ਤੋਂ ਚੜ੍ਹਦੇ ਪਾਸੇ ਵੀ ਦਰਿਆ ਦੇ ਕੰਢੇ ਟੁੱਟੇ-ਭੱਜੇ ਤੇ ਸੱਜੇ-ਖੱਬੇ ਖਿੱਲਰੇ ਹੋਏ ਹਨ ਅਤੇ ਲਛਮਣ ਚੌਤਰਾ ਤੋਂ ਅੱਗੇ ਵੀ ਫੇਰ ਦਰਿਆ ਓਵੇਂ, ਦਰਿਆਵਾਂ ਦੇ ਵਹਿਣਾਂ ਵਾਂਗ ਹੀ ਖਿਲਰਿਆ-ਫੁਲਰਿਆ ਹੈ ਤੇ ਵਿਚਾਲੇ ਬਿਲਕੁਲ ਸਿੱਧਾ ਖੜ੍ਹੇ ਕਿਨਾਰਿਆ ਵਾਲਾ ਹੈ। 'ਲਛਮਣ ਚੌਤਰਾ' ਤੋਂ ਕੱਢੀ ਗਈ ਹੈ 'ਸਿਧਨੈ' ਨਹਿਰ ਜਿਸ ਬਾਰੇ ਅਜੀਂ ਲਿਖ ਰਹੇ ਸਾਂ।

ਅੰਗਰੇਜ਼ਾਂ ਦੁਆਰਾ ਬੂਟੇ ਸ਼ਾਹ ਤੋਂ ਪੰਜਾਬ ਬਾਰੇ ਲਿਖਵਾਈ ਕਿਤਾਬ ਵਿਚ 'ਸਾਂਦਲ ਦੀ ਬਾਰ', 'ਦੁੱਲੇ ਭੱਟੀ ਦੀ ਬਾਰ' ਅਤੇ 'ਗੰਜੀ ਬਾਰ' ਦੀ ਥਾਂ 'ਕੰਜੀ ਦੀ ਬਾਰ' ਲਿਖਿਆ ਹੈ, ਪਰ ਬੂਟੇ ਸ਼ਾਹ ਦੀ ਇਸ ਕਿਤਾਬ ਵਿਚ ਕਿਤੇ-ਕਿਤੇ ਅਸ਼ੁੱਧ ਜਾਣਕਾਰੀ ਵੀ ਦਿੱਤੀ ਗਈ ਹੈ ਤੇ ਅਟਕਲ-ਪੱਚੂ ਬਿਆਨਬਾਜ਼ੀ ਵੀ ਹੈ। 'ਸਿਧਨੈ' ਦਾ ਜ਼ਿਕਰ ਬੂਟੇ ਸ਼ਾਹ ਨੇ ਵੀ ਕੀਤਾ ਹੈ—ਰਾਵੀ ਦੇ ਉਸ ਹਿੱਸੇ ਦਾ ਜਿਸ ਨੂੰ 'ਸਿਧਨੈ' ਕਹਿੰਦੇ ਹਨ।

www.sikhbookclub.com

3

# ਗੰਜੀ ਬਾਰ ਨਾਲ ਜਾਣ-ਪਛਾਣ

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਗੰਜੀ ਬਾਰ ਜ਼ਿਲ੍ਹਾ ਮਿੰਟਗੁਮਰੀ ਤੇ ਮੁਲਤਾਨ ਦੇ ਪੱਛਮੀ ਹਿੱਸੇ ਵਿਚ ਆਉਂਦੀ ਸੀ। ਇਹ ਬਾਰ ਇਸ ਸਦੀ ਦੇ ਦੂਜੇ ਦਹਾਕੇ ਵਿਚ ਆਬਾਦ ਹੋਈ। ਇਸ ਨੂੰ ਜ਼ਰਿਆ ਰਾਵੀ ਵਿਚੋਂ ਕੱਢੀ 'ਲੋਇਰ ਬਾਰੀ ਦੁਆਬ' ਨਹਿਰ ਦਾ ਪਾਣੀ ਪੈਂਦਾ ਸੀ।

ਮੈਂ ਬੜਾ ਚਿਰ ਸੋਚਦਾ ਰਿਹਾ ਕਿ ਇਸ ਨੂੰ 'ਗੰਜੀ' ਕਿਉਂ ਆਖਿਆ ਜਾਂਦਾ ਹੈ। ਅਠਾਰ੍ਹਵੀਂ, ਉਨ੍ਹੀਵੀਂ ਸਦੀ ਵਿਚ ਲਿਖੀਆਂ ਕੁਝ ਫ਼ਾਰਸੀ ਕਿਤਾਬਾਂ ਵੇਖੀਆਂ। ਉਹਨਾਂ ਵਿਚ ਗੰਜੀ ਬਾਰ ਦਾ ਨਾਮ ਆਇਆ, ਪਰ ਇਹ ਕਿਤੇ ਨਹੀਂ ਦੱਸਿਆ ਗਿਆ ਕਿ ਇਸ ਬਾਰ ਨੂੰ 'ਗੰਜੀ' ਦੀ ਉਪਾਧੀ ਕਿਉਂ ਮਿਲੀ। ਇਕ ਕਿਤਾਬ ਵਿਚ ਤਾਂ ਇਹਨਾਂ ਬਾਰਾਂ ਦੇ ਨਾਮ 'ਸਾਂਦਲ ਦੀ ਬਾਰ' ਤੇ 'ਗੰਜੀ ਦੀ ਬਾਰ' ਲਿਖ ਕੇ ਮਸਲਾ ਹੋਰ ਵੀ ਉਲਝਾ ਦਿੱਤਾ। ਗੱਲ ਬੜੀ ਸਪੱਸ਼ਟ ਸੀ ਅਤੇ ਗੰਜੀ ਦਾ ਗੰਜ ਸਾਡੀਆਂ ਅੱਖਾਂ ਸਾਹਵੇਂ ਸੀ, ਪਰ ਸਾਡੀ ਸੂਝ-ਬੂਝ ਹੀ ਏਨੀ ਚੁੰਧਿਆਈ ਹੋਈ ਸੀ ਕਿ ਅਸੀਂ ਇਸ ਭੇਦ ਨੂੰ ਸਮਝ ਹੀ ਨਾ ਸਕੇ। ਮੈਂ ਧੰਨਵਾਦੀ ਹਾਂ ਆਪਣੇ ਪੁਰਾਣੇ ਮਿੱਤਰ ਮੇਜਰ ਗੁਰਮੁਖ ਸਿੰਘ ਦਾ, ਜਿਨ੍ਹਾਂ ਨੇ 'ਗੰਜੀ ਬਾਰ' ਦੇ ਅਰਥ ਦੱਸ ਕੇ ਮੈਨੂੰ 'ਗਿਆਨਵਾਨ' ਬਣਾਇਆ। ਮੇਜਰ ਗੁਰਮੁਖ ਸਿੰਘ ਫ਼ੌਜੀ ਨੌਕਰੀ ਦੌਰਾਨ ਦੋ-ਤਿੰਨ ਥਾਈਂ ਮੇਰੇ ਨਾਲ ਰਹੇ ਸਨ ਅਤੇ ਰਿਟਾਇਰ ਹੋਣ ਪਿੱਛੋਂ ਪੰਜਾਬੀ ਯੂਨੀਵਰਸਿਟੀ ਦੇ 'ਸਿੱਖ ਧਰਮ ਵਿਸ਼ਵ ਕੋਸ਼' (Encyclopaedia of Sikhism) ਵਿਭਾਗ ਵਿਚ ਅਸੀਂ ਫੇਰ ਇਕੱਠੇ ਹੋ ਗਏ। ਮੇਜਰ ਸਾਹਿਬ ਖ਼ੁਦ ਵੀ ਗੰਜੀ ਬਾਰ ਦੇ ਹੀ ਪੁਰਾਣੇ ਵਸਨੀਕ ਹਨ। ਉਹਨਾਂ ਦਾ ਪਿੰਡ ਸੀ ਚੱਕ ਨੰਬਰ 77/5-ਆਰ, ਸਾਡਾ ਪਿੰਡ ਸੀ ਚੱਕ ਨੰਬਰ 79/15-ਐਲ। ਚੱਕਾਂ ਦੇ ਨੰਬਰਾਂ ਦੀ ਵਿਆਖਿਆ ਅੱਗੇ ਜਾ ਕੇ ਕਰਾਂਗੇ, ਪਹਿਲਾਂ 'ਗੰਜੀ ਬਾਰ' ਦੇ ਨਾਮ ਦੀ ਵਿਆਖਿਆ ਕਰ ਲਈਏ।

ਗੰਜੀ ਬਾਰ ਦੇ ਆਰੰਭ ਤੋਂ ਅੰਤ ਤਕ ਲੰਮੇ ਰੁਖ ਵਿਚ-ਵਿਚਾਲੇ ਰੱਕੜ ਭੋਂ ਦੀ ਇਕ ਪੱਟੀ ਵਿਛੀ ਹੋਈ ਸੀ, ਜਿਸ ਵਿਚ ਕਿਸੇ ਵਿਰਲੇ-ਸਾਂਝੇ ਜੰਡ, ਕਰੀਰ ਦੇ ਬੂਟੇ ਜਾਂ ਕਿਸੇ ਛੋਟੀ-ਮੋਟੀ ਝਾੜੀ ਤੋਂ ਬਿਨਾਂ ਹੋਰ ਕੁਛ ਨਹੀਂ ਸੀ ਦਿਸਦਾ। ਇਹ ਭੋਂ ਪੱਕੀ ਸੜਕ ਵਾਂਗ ਕਰੜੀ ਸੀ ਤੇ ਧੁੱਪ ਵਿਚ ਪਾਣੀ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਦੀ ਸੀ। ਛੋਟੇ ਹੁੰਦਿਆਂ ਇਸ ਵਿਚੋਂ ਦੀ ਲੰਘਦਿਆਂ ਅਸੀਂ ਕਈ ਵਾਰ ਸ਼ਰਤਾਂ ਲਾਈਆਂ ਕਿ ਦੂਰ ਦਿਸਦੀ ਔਸ ਝਾੜੀ ਦੇ ਚੁਫੇਰੇ ਪਾਣੀ ਖੜਾ ਹੈ। ਨੇੜੇ ਜਾਣ ਤੇ ਪਾਣੀ ਪਿਛਾਂਹ ਹੱਟ ਜਾਂਦਾ ਤੇ ਝਾੜੀ ਰੜੇ ਮੈਦਾਨ ਵਿਚ ਖੜੀ ਦਿਸਦੀ। ਸਾਡੇ ਇਲਾਕੇ ਵਿਚ ਇਸ ਰੱਕੜ ਭੋਂ ਨੂੰ 'ਕੱਪਰ' ਕਹਿੰਦੇ ਸਨ। ਮੇਜਰ

www.sikhbookclub.com



ਗੁਰਮੁਖ ਸਿੰਘ ਦੱਸਦੇ ਹਨ ਕਿ ਉਹਨਾਂ ਦੇ ਪਿੰਡਾਂ ਵਿਚ ਇਸ ਨੂੰ 'ਬਾੜਾ' ਆਖਦੇ ਸਨ। ਇਸ ਕੱਪਰ ਦੀ ਚੌੜਾਈ ਵੱਖ-ਵੱਖ ਥਾਵਾਂ ਤੇ ਚਾਰ ਤੋਂ ਸੱਤ, ਅੱਠ ਮੀਲ ਤਕ ਸੀ। ਸਾਡੇ ਪਿੰਡ ਤੋਂ ਖਾਨੇਵਾਲ ਨੂੰ ਜਾਂਦਿਆਂ ਇਹ ਕੱਪਰ ਕੋਈ ਸੱਤ, ਅੱਠ ਮੀਲ ਚੌੜਾ ਸੀ, ਰੇਲਵੇ ਸਟੇਸ਼ਨ 'ਕੱਚੇ ਖੂਹ' ਨੂੰ ਜਾਂਦਿਆਂ ਕੋਈ ਪੰਜ, ਛੇ ਮੀਲ ਅਤੇ ਹੋਰ ਉੱਤੇ ਪਿੰਡ ਵਣਜਾਰੀ (105/15-ਐਲ) ਜਾਂ ਰਿਸਾਲੇ ਵਾਲਾ (109/15-ਐਲ) ਦੇ ਰਾਹ ਵਿਚ ਕੋਈ ਚਾਰ ਮੀਲ ਦੀ ਚੌੜਾਈ ਸੀ। ਇਹ ਕੱਪਰ ਉਕਾੜੇ, ਹੜੱਪੇ ਕੋਲੋਂ ਲੈ ਕੇ ਜਿਥੋਂ ਗੰਜੀ ਬਾਰ ਸ਼ੁਰੂ ਹੁੰਦੀ ਸੀ, ਸਾਡੇ ਪਿੰਡਾਂ ਤੋਂ ਅੱਗੇ ਗੰਜੀ ਬਾਰ ਦੇ ਅਖੀਰੀ ਸਿਰੇ ਤਕ ਪਸਰਿਆ ਹੋਇਆ ਸੀ ਅਤੇ ਏਹੋ ਸੀ ਗੰਜੀ ਬਾਰ ਦਾ 'ਗੰਜ', ਜਿਸ ਕਰਕੇ ਇਸ ਬਾਰ ਨੂੰ 'ਗੰਜੀ' ਕਿਹਾ ਜਾਣ ਲੱਗ ਪਿਆ। ਅਸਲ ਵਿਚ ਸਾਨੂੰ ਪਤਾ ਹੀ ਨਹੀਂ ਸੀ ਕਿ ਇਹ ਕੱਪਰ ਬਾਰ ਦੀ ਪੂਰੀ ਲੰਮਾਈ ਵਿਚ ਵਿਛਿਆ ਹੋਇਆ ਹੈ। ਮੇਜਰ ਗੁਰਮੁਖ ਸਿੰਘ ਦੇ ਦੱਸਣ ਤੇ ਹੀ ਪਤਾ ਲੱਗਾ ਕਿ ਗੰਜੀ ਬਾਰ ਦੇ ਇਸ 'ਗੰਜ' ਦੀ ਲੰਮਾਈ ਤਕਰੀਬਨ ਸਵਾ ਸੌ ਮੀਲ ਹੋਵੇਗੀ, ਇਸ ਬਾਰ ਦੀ ਆਪਣੀ ਲੰਮਾਈ ਜਿੰਨੀ।

ਗੰਜੀ ਬਾਰ ਕਈਆਂ ਪੜਾਵਾਂ ਵਿਚ ਆਬਾਦ ਹੋਈ। ਉਕਾੜੇ ਤੇ ਹੜੱਪੇ ਦੇ ਨੇੜੇ ਲੱਗਦੇ ਮੇਜਰ ਗੁਰਮੁਖ ਸਿੰਘ ਹੋਰਾਂ ਦੇ ਪਿੰਡ 1914-15 ਵਿਚ ਆਬਾਦ ਹੋਏ। ਸਾਡਾ ਇਲਾਕਾ 1920-21 ਵਿਚ ਵੱਸਿਆ। ਇਲਾਕਾ ਜਹਾਨੀਆਂ ਲਾਗਦੇ ਸਿੱਖਾਂ ਦੇ ਪਿੰਡ ਸਾਥੋਂ ਵੀ ਕੁਝ ਮਗਰੋਂ ਆਬਾਦ ਹੋਏ।

ਇਸ ਬਾਰ ਵਿਚ ਪਿੰਡਾਂ ਨੂੰ 'ਚੱਕ' ਕਿਹਾ ਜਾਂਦਾ ਸੀ। 'ਚੱਕ' ਪੰਜਾਬੀ ਦਾ ਪਰਾਣਾ ਲਫ਼ਜ਼ ਹੈ, ਜਿਸ ਦੇ ਮੁੱਢਲੇ ਅਰਥ ਸਨ, ਭੋਂ ਦਾ ਖਾਸ ਕਰ ਖੇਤੀ ਵਾਲੀ ਭੋਂ ਦਾ ਇਕੱਠਾ ਟੁਕੜਾ ਜਾਂ ਰਕਬਾ। ਚੱਕ, ਆਮ ਤੌਰ ਤੇ ਕਿਸੇ ਇਕ ਵਿਅਕਤੀ, ਇਕ ਪਰਿਵਾਰ ਜਾਂ ਇਕ ਸ਼ਰੀਕੇ ਦਾ ਮਲਕੀਅਤ ਹੁੰਦਾ ਸੀ। ਕਈਆਂ ਪੁਰਾਣਿਆਂ ਪਿੰਡਾਂ ਦੇ ਨਾਮ ਨਾਲ ਸ਼ਬਦ ਚੱਕ ਆਉਂਦਾ ਹੈ, ਜਿਵੇਂ 'ਬਲਾਕੀ ਚੱਕ', 'ਨਾਨਕ ਚੱਕ', 'ਅਮਰੂ ਚੱਕ' ਆਦਿ। ਜਦੋਂ ਅੰਗਰੇਜ਼ਾਂ ਨੇ ਬਾਰਾਂ ਵਸਾਈਆਂ ਤਾਂ ਉਹਨਾਂ ਨੇ ਪਿੰਡਾਂ ਨੂੰ 'ਚੱਕ' ਕਿਹਾ, ਜੋ ਬੜਾ ਢੁਕਵਾਂ ਨਾਮ ਸੀ। ਇਹਨਾਂ ਚੱਕਾਂ ਦੇ ਕੋਈ ਨਾਮ ਰੱਖਣ ਦੀ ਬਜਾਏ ਇਹਨਾਂ ਨੂੰ ਨੰਬਰ ਦਿੱਤੇ। ਮੁੱਖ ਨਹਿਰ ਵਿਚੋਂ ਨਿਕਲਣ ਵਾਲੇ ਹਰ ਵੱਡੇ ਰਜਵਾਹੇ ਜਾਂ ਵੱਡੀ ਬ੍ਰਾਂਚ ਦੇ ਚੱਕਾਂ ਦੇ ਨੰਬਰਾਂ ਦੀ ਵੱਖਰੀ ਲੜੀ ਸੀ। ਲੋਇਰ ਬਾਰੀ ਦੁਆਬ ਨਹਿਰ ਤੋਂ ਸੱਜੇ ਪਾਸੇ ਨੂੰ ਨਿਕਲਣ ਵਾਲੇ ਰਜਵਾਹਿਆਂ ਦੇ ਨੰਬਰ ਸਨ—1-ਆਰ, 2-ਆਰ, 3-ਆਰ ਆਦਿ। 'ਆਰ' ਅੰਗਰੇਜ਼ੀ ਸ਼ਬਦ ਰਾਈਟ (ਸੱਜਾ) ਨੂੰ ਦਰਸਾਉਂਦਾ ਸੀ। ਇਵੇਂ ਹੀ ਖੱਬੇ ਪਾਸੇ ਨੂੰ ਨਿਕਲਣ ਵਾਲੇ ਰਜਵਾਹਿਆਂ ਦੇ ਨੰਬਰ 1-ਐੱਲ, 2-ਐੱਲ ਆਦਿ ਸਨ। 'ਐੱਲ' ਤੋਂ ਭਾਵ ਸੀ ਖੱਬੇ (left) ਵਾਲੇ ਪਾਸੇ ਦਾ। ਮੇਜਰ ਗੁਰਮੁਖ ਸਿੰਘ ਹੋਰਾਂ ਦਾ ਪਿੰਡ 5-ਆਰ ਤੇ ਆਉਂਦਾ ਸੀ, ਜਿਸ ਦਾ ਭਾਵ ਹੈ ਕਿ ਇਥੋਂ ਤਕ (ਰੇਲਵੇ ਸਟੇਸ਼ਨ ਯੂਸਫ਼ ਵਾਲਾ ਤਕ) ਸੱਜੇ ਪਾਸੇ ਚਾਰ ਰਜਵਾਹੇ ਇਸ ਤੋਂ ਪਹਿਲਾਂ ਨਿਕਲ ਚੁੱਕੇ ਸਨ। ਉਕਾੜਾ ਕੋਲ ਪੈਂਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦਾ ਪਿੰਡ 2-ਐੱਲ ਤੇ ਆਉਂਦਾ ਸੀ। ਅਸੀਂ 15-ਐੱਲ ਉੱਤੇ ਆਉਂਦੇ ਸਾਂ

www.sikhbookclub.com



ਅਤੇ 15-ਐੱਲ ਖੱਬੇ ਪਾਸੇ ਦਾ ਅਖੀਰੀ ਰਜਵਾਹਾ ਸੀ। ਅਸੀਂ 15-ਐੱਲ ਦੀ ਵੀ ਟੇਲ (ਅਖੀਰੀ ਹਿੱਸੇ) ਉੱਤੇ ਆਉਂਦੇ ਸਾਂ, ਇਸ ਲਈ ਸਾਡੇ ਪਿੰਡਾਂ ਨੂੰ ਪਾਣੀ ਦੀ ਤੰਗੀ ਹੀ ਰਹਿੰਦੀ ਸੀ।

ਗੰਜੀ ਬਾਰ ਵਿਚ ਜ਼ਮੀਨ ਦੀ ਅਲਾਟਮੈਂਟ ਵੱਖ-ਵੱਖ ਆਧਾਰਾਂ ਤੇ ਹੋਈ ਸੀ। ਚੋਖੇ ਮੁਰੱਬੇ ਤਾਂ ਫ਼ੌਜੀ ਸਰਵਿਸ ਬਦਲੇ ਦਿੱਤੇ ਗਏ ਸਨ, ਖਾਸ ਕਰਕੇ ਪਹਿਲੇ ਸੰਸਾਰ ਯੁੱਧ ਵਿਚ ਲੜਨ ਵਾਲੇ ਫੌਜੀਆਂ ਨੂੰ। ਇਕ ਹੋਰ ਵਰਗ ਸੀ, ਜਿਨ੍ਹਾਂ ਨੂੰ ਆਬਾਦਕਾਰ ਕਿਹਾ ਜਾਂਦਾ ਸੀ। ਇਹਨਾਂ ਲੋਕਾਂ ਨੇ ਗ਼ੈਰ-ਆਬਾਦ ਭੋਂ ਜੰਗਲ ਵੱਢ ਕੇ ਆਬਾਦ ਕੀਤੀ, ਖਾਲ ਕੱਢੇ, ਖੇਤਾਂ ਦੀਆਂ ਵੱਟਾਂ ਪਾਈਆਂ, ਕੁਝ ਟਿੱਬੇ ਆਦਿ ਕਰਾਹੇ। ਨਿਸ਼ਚਿਤ ਸਮੇਂ ਪਿੱਛੋਂ ਆਬਾਦ ਕੀਤੀ ਜ਼ਮੀਨ ਵਿਚੋਂ ਅੱਧੀ (ਜਾਂ ਕੁਝ ਘੱਟ-ਵੱਧ) ਇਹਨਾਂ ਆਬਾਦਕਾਰਾਂ ਨੂੰ ਦੇ ਦਿੱਤੀ ਗਈ, ਬਾਕੀ ਅੱਧੀ ਗੌਰਮਿੰਟ ਦੀ ਰਹੀ। ਕੁਝ ਮੁਰੱਬੇ ਘੋੜੀਪਾਲ ਵੀ ਸਨ, ਜਿਨ੍ਹਾਂ ਦਾ ਵੇਰਵਾ ਕਿੜਾਣਾ ਬਾਰੇ ਦੇ ਬਿਆਨ ਵਿਚ ਦਿੱਤਾ ਗਿਆ ਹੈ। ਸਾਡੇ ਇਲਾਕੇ ਦੇ ਹਰ ਪਿੰਡ ਵਿਚ ਦੋ ਘੋੜੀਪਾਲ ਮੁਰੱਬੇ ਸਨ ਤੇ ਇਕ ਘੋੜੀ ਪਿੱਛੇ ਇਕ ਮੁਰੱਬਾ ਮਿਲਦਾ ਸੀ—ਕਿੜਾਣਾ ਬਾਰ ਵਿਚ ਇਕ ਘੋੜੀ ਪਿੱਛੇ ਦੋ ਮੁਰੱਬੇ ਦਿੱਤੇ ਗਏ ਸਨ। ਕੁਝ ਥੋੜ੍ਹੇ ਜਿਹੇ ਮੁਰੱਬੇ ਦਰਖਤਪਾਲ ਵੀ ਸਨ। ਸਰਕਾਰੀ ਸੜਕਾਂ ਦੇ ਦੋਹੀਂ ਪਾਸੀਂ ਰੁੱਖ ਲਾਏ ਜਾਂਦੇ ਸਨ। ਇਕ ਮੀਲ (ਜਾਂ ਸ਼ਾਇਦ ਦੋ ਮੀਲ) ਦੀ ਲੰਮਾਈ ਵਿਚ ਰੁੱਖ ਲਾਉਣ ਲਈ ਅੱਧਾ ਮੁਰੱਬਾ ਦਿੱਤਾ ਜਾਂਦਾ ਸੀ। ਮੁਰੱਬਾ ਪੱਕਾ ਉਦੋਂ ਹੁੰਦਾ ਸੀ, ਜਦੋਂ ਰੁੱਖ ਪੂਰੀ ਤਰ੍ਹਾਂ ਪਲ ਜਾਣ ਤੇ ਪੂਰੇ ਕੱਦ ਦੇ ਹੋ ਜਾਣ। ਮਹਿਕਮਾ ਜੰਗਲਾਤ ਵਲੋਂ ਲਾਏ ਗਏ ਦਰਖਤਾਂ ਨੂੰ ਪ੍ਰਵਾਨ ਕਰਨ ਉਪਰੰਤ ਹੀ ਮੁਰੱਬਾ ਪੱਕਾ ਹੁੰਦਾ ਸੀ।

ਮੁਰੱਬਿਆਂ ਨੂੰ ਨਹਿਰੀ ਪਾਣੀ ਵਾਰੀ ਨਾਲ ਮਿਲਦਾ ਸੀ। ਪਹਿਲਾਂ ਸਾਡੇ ਪਿੰਡਾਂ ਵਿਚ ਹਰ ਮੁਰੱਬੇ ਦੀ ਚਾਰ ਪਹਿਰ (12 ਘੰਟੇ) ਦੀ ਵਾਰੀ ਸੀ। ਪਿੱਛੋਂ ਪੱਕੀਆਂ ਵਾਰੀਆਂ ਬਣਾ ਦਿੱਤੀਆਂ ਗਈਆਂ, ਜਿਨ੍ਹਾਂ ਵਿਚ ਹਰ ਮੁਰੱਬੇ ਨੂੰ ਹਫ਼ਤੇ ਵਿਚ ਇਕ ਵਾਰੀ ਪਾਣੀ ਮਿਲਨ ਦਾ ਪ੍ਰਬੰਧ ਕੀਤਾ ਗਿਆ। ਪੱਕੀਆਂ ਵਾਰੀਆਂ ਦਾ ਘਾਟਾ ਇਹ ਹੋਇਆ ਕਿ ਕੁਝ ਲੋਕਾਂ ਦੀ ਵਾਰੀ ਹਮੇਸ਼ਾ ਲਈ ਦਿਨ ਦੀ ਹੋ ਗਈ ਤੇ ਕੁਝ ਹੋਰਨਾਂ ਦੇ ਹਿੱਸੇ ਸਦਾ ਲਈ ਰਾਤ ਆ ਗਈ। ਸਾਡੇ ਪਿੰਡ ਵਿਚ ਹਰ ਹਫਤੇ ਵਿਚ ਇਕ ਮੁਰੱਬੇ ਨੂੰ 8 ਘੰਟੇ ਪਾਣੀ ਮਿਲਦਾ ਸੀ ਤੇ ਇਕ ਘੰਟੇ ਵਿਚ ਤਕਰੀਬਨ 6 ਕਨਾਲ ਜ਼ਮੀਨ ਸਿੰਜੀ ਜਾਂਦੀ ਸੀ।

ਗੰਜੀ ਬਾਰ ਦੇ ਮੁਰੱਬੇ ਸਹੀ ਅਰਥਾਂ ਵਿਚ ਮੁਰੱਬੇ ਨਹੀਂ ਸਨ; ਮੁਰੱਬੇ ਲਾਇਲਪੁਰ ਦੀ ਬਾਰ (ਸਾਂਦਲ ਬਾਰ) ਵਿਚ ਸਨ ਜਿਨ੍ਹਾਂ ਦੀ ਲਮਾਈ, ਚੁੜਾਈ ਬਰਾਬਰ ਸੀ। ਗੰਜੀ ਬਾਰ ਦੇ ਮੁਰੱਬੇ ਸਿਰਫ਼ ਆਮ ਬੋਲ-ਚਾਲ ਵਿਚ ਹੀ ਮੁਰੱਬੇ ਸਨ, ਸਰਕਾਰੀ ਕਾਗਜ਼ਾਂ ਵਿਚ ਇਹਨਾਂ ਨੂੰ ਮੁਸਤਤੀਲ (ਆਇਤ) ਹੀ ਲਿਖਿਆ ਹੋਇਆ ਸੀ। ਮੇਜਰ ਗੁਰਮੁਖ ਸਿੰਘ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ ਏਕੜ ਲਾਇਲਪੁਰ ਵਿਚ 40 × 40 ਕਰਮਾਂ ਦਾ ਸੀ ਤੇ ਮੁਰੱਬਾ 200 × 200 ਕਰਮਾਂ ਦਾ। ਗੰਜੀ ਬਾਰ ਦਾ ਏਕੜ 40 × 36 ਕਰਮਾਂ ਦਾ ਸੀ। ਮੁਰੱਬਾ ਭਾਵੇਂ ਲਾਇਲਪੁਰ ਤੇ ਗੰਜੀ ਬਾਰ ਦੂਹਾਂ ਬਾਰਾਂ ਵਿਚ 25 ਏਕੜ ਦਾ ਹੀ ਸੀ, ਪਰ ਸਾਡਾ ਏਕੜ ਲਾਇਲਪੁਰ ਦੇ ਏਕੜ ਨਾਲੋਂ ਛੋਟਾ ਸੀ। ਇਕ ਕਰਮ $5\frac{1}{2}$ ਫੁਟ ਦੀ

www.sikhbookclub.com



ਮੰਨੀ ਜਾਂਦੀ ਸੀ, ਇੰਝ ਗੰਜੀ ਬਾਰ ਦਾ ਏਕੜ 4840 ਵਰਗ ਗਜ਼ ਦਾ ਹੁੰਦਾ ਸੀ। ਗੰਜੀ ਬਾਰ ਦੀ ਭੋਂ ਵੀ ਸਾਂਦਲਬਾਰ (ਲਾਇਲਪੁਰ) ਜਿੰਨੀ ਜ਼ਰਖੇਜ਼ ਨਹੀਂ ਸੀ, ਫੇਰ ਵੀ ਮਾਝੇ, ਮਾਲਵੇ ਦੀ ਜ਼ਮੀਨ ਨਾਲੋਂ ਜ਼ਿਆਦਾ ਪੈਦਾਵਾਰ ਦਿੰਦੀ ਸੀ।

ਗੰਜੀ ਬਾਰ ਦੇ ਘਾਹ-ਬੂਟ, ਕੀੜਿਆਂ-ਕਾਢਿਆਂ ਬਾਰੇ ਕੁਝ ਜਾਣਕਾਰੀ ਕਰਾਉਣੀ ਵੀ ਬੇਲੋੜੀ ਨਹੀਂ ਹੋਵੇਗੀ। ਇਸ ਬਾਰ ਦੇ ਰੁੱਖਾਂ, ਦਰਖਤਾਂ ਬਾਰੇ ਕਿਸੇ ਹੋਰ ਥਾਂ ਲਿਖਿਆ ਗਿਆ ਹੈ। ਘਾਹ-ਬੂਟ ਵਿਚੋਂ ਸਭ ਤੋਂ ਵੱਧ ਜਾਣ-ਪਛਾਣਿਆ ਸੀ ਭੱਖੜਾ, ਜਿਸ ਕਾਰਨ ਗੰਜੀ ਬਾਰ ਵਿਚ ਨੰਗੇ ਪੈਰੀ ਤੁਰਨਾ ਲਗਭਗ ਨਾਮੁਮਕਿਨ ਸੀ। ਭੱਖੜੇ ਦੀ ਕੰਡਿਆਂ ਵਾਲੀ ਡੋਡੀ ਬੜੀ ਮੋਟੀ ਹੁੰਦੀ ਸੀ। ਇਹ ਭੱਖੜੇ ਦਾ ਬੀ ਸੀ, ਇਸ ਦੀ ਕਈਆਂ ਦਵਾਈਆਂ ਵਿਚ ਵੀ ਵਰਤੋਂ ਕੀਤੀ ਜਾਂਦੀ ਸੀ। ਤੁੰਮਾਂ ਗੰਜੀ ਬਾਰ ਵਿਚ ਬਹੁਤ ਹੁੰਦਾ ਸੀ, ਅਤੇ ਤੁੰਮਾਂ ਡਾਂ ਬਹੁਤ ਸਾਰੀਆਂ ਦਵਾਈਆਂ ਵਿਚ ਵਰਤਿਆ ਜਾਣ ਵਾਲਾ ਫਲ ਹੈ। ਲੇਹਾ (ਜਾਂ ਉਲੇਹਾ) ਗੰਜੀ ਬਾਰ ਦੀ ਇਕ ਹੋਰ ਸੁਗਾਤ ਸੀ। ਇਸ ਦਾ ਬੀ, ਝੋਨੇ ਦੀਆਂ ਮੁੰਜਰਾਂ ਵਾਂਗ ਨਾੜ ਦੇ ਉਤਲੇ ਪਾਸੇ ਲਗਦਾ ਹੈ, ਅਤੇ ਨਿਰੇ ਬਰੀਕ ਕੰਡਿਆਂ ਦੀ ਡੰਡੀ ਦੇ ਰੂਪ ਵਿਚ ਹੁੰਦਾ ਹੈ। ਤੁਸੀਂ ਕਿੰਨਾ ਬਚਾ ਕੇ ਲੰਘੋ, ਲੇਹੇ ਦੇ ਕੰਡੇ ਕਿਸੇ-ਨਾ-ਕਿਸੇ ਪਾਸਿਓਂ ਤਹਾਡੇ ਲੀੜਿਆਂ ਨੂੰ ਚੰਬੜ ਹੀ ਜਾਂਦੇ ਹਨ। ਖਾਨੇਵਾਲੋਂ ਆਉਂਦਿਆਂ ਹੋਇਆਂ ਇਕ ਵਾਰ ਰਾਤ ਹਨੇਰੇ ਹੋਏ ਮੈਨੂੰ ਇਕ ਨਰਮੇ ਦੇ ਖੇਤ ਵਿਚੋਂ ਦੀ ਲੰਘਣਾ ਪਿਆ। ਮੇਰੇ ਤੇੜ ਰੇਬ ਪਜਾਮਾ ਸੀ, ਉਹ ਸਾਰਾ ਲੇਹੇ ਨਾਲ ਭਰ ਗਿਆ। ਤੁਰਨਾ ਔਖਾ ਹੋ ਗਿਆ। ਪਰ ਲੇਹੇ ਨਾਲ ਭਰਿਆ ਰੇਬ ਪਜਾਮਾ ਤੇੜੋਂ ਲਾਹੁਣਾ ਵੀ ਇਕ ਸਮੱਸਿਆ ਹੈ। ਮੈਂ ਕਾਫੀ ਔਖਾ ਘਰ ਪੁੱਜਾ। ਇਥੇ ਸਭ ਤੋਂ ਪਹਿਲਾਂ ਲਾਲਟੈਣ ਜਗਾ ਕੇ ਸਾਰੇ ਟੱਬਰ ਨੇ ਮੇਰੇ ਪਜਾਮੇ ਵਿਚੋਂ ਲੇਹਾ ਕੱਢਿਆ। ਫੇਰ ਪਜਾਮਾ ਤੇੜੋਂ ਲਾਹਿਆ। ਚਿੱਭੜ ਗੰਜੀ ਬਾਰ ਵਿਚ ਬਹੁਤ ਹੁੰਦੇ ਸਨ ਤੇ ਸਿਆਣਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਮੁੰਡੇ, ਕੁੜੀਆਂ ਚਿੱਭੜ ਖਾਂਦੇ ਹੀ ਰਹਿੰਦੇ ਸਨ। ਅੱਕ ਦੇ ਬੂਟੇ ਕਾਫੀ ਵੱਡੇ ਤੇ ਉੱਚੇ ਹੋ ਜਾਂਦੇ ਸਨ, ਇਹਨਾਂ ਦੇ ਪੱਤੇ ਬੱਕਰੀਆਂ ਖਾਂਦੀਆਂ ਸਨ। ਜੰਡੀ ਤੇ ਕਰੀਰ ਦੀਆਂ ਝਾੜੀਆਂ ਸਾਰੀ ਬਾਰ ਵਿਚ ਬੇਅੰਤ ਸਨ।

ਰੁੱਖਾਂ ਵਿਚ ਵਣ ਤੇ ਜੰਡ ਦਾ ਜ਼ਿਕਰ ਤਾਂ ਮੈਂ ਕਈ ਥਾਂਈਂ ਕੀਤਾ ਹੈ, ਕਰੀਰ ਵੀ ਇਕ ਕਾਰਾਮਦ ਰੁੱਖ ਸੀ, ਇਸ ਦੇ ਡੇਲਿਆਂ ਦਾ ਆਚਾਰ ਮਾਲਵੇ ਵਿਚ ਵੀ ਲੋਕ ਆਮ ਪਾਉਂਦੇ ਹਨ, ਪਰ ਏਧਰ ਡੇਲੇ ਮੁੱਲ ਵਿਕਦੇ ਹਨ, ਬਾਰ ਵਿਚ ਕਦੇ ਕਿਸੇ ਨੇ ਡੇਲੇ ਮੁੱਲ ਨਹੀਂ ਸਨ ਲਏ। ਫਰਵਾਂਹ ਇਕ ਹੋਰ ਜ਼ਰੂਰੀ ਰੁੱਖ ਸੀ, ਇਸ ਦੀ ਲੱਕੜ ਕਾਫੀ ਵਰਤੋਂ ਵਿਚ ਆਉਂਦੀ ਸੀ। ਸਾਡੇ ਆਪਣੇ ਹਾਤੇ ਵਿਚ ਇਕ ਕਾਫੀ ਵੱਡਾ ਫਰਵਾਂਹ ਸੀ। ਇਸੇ ਦੇ ਫੱਟੇ ਚੀਰ ਕੇ ਅਸਾਂ ਘਰ ਦਾ ਗੇਟ ਬਣਾਇਆ ਸੀ। ਫੋਗ ਇਕ ਹੋਰ ਜਾਣਿਆ-ਪਛਾਣਿਆ ਝਾੜ ਸੀ। ਇਸ ਦੀ ਲੱਕੜ ਸਿਵਾਏ ਬਾਲਣ ਦੇ ਹੋਰ ਕਿਸੇ ਕੰਮ ਨਹੀਂ ਸੀ ਆਉਂਦੀ।

ਕੀੜਿਆਂ-ਕਾਢਿਆਂ ਵਿਚ ਕੰਡਿਆਲੇ ਦਾ ਜ਼ਿਕਰ ਜ਼ਰੂਰ ਕਰਨਾ ਪੈਂਦਾ ਹੈ; ਕੰਡਿਆਲਾ ਗੰਜੀ ਬਾਰ ਵਿਚ ਬਹੁਤ ਮਿਲਦਾ ਸੀ। ਸਾਹਨਾ, ਗੋਹ, ਕੋੜ੍ਹ-ਕਿਰਲੀ ਆਮ

www.sikhbookclub.com



ਮਿਲਦੇ ਸਨ। ਰੰਗ ਵਟਾਉਣ ਵਾਲਾ ਕਿਰਲਾ ਬਹੁਤ ਸੀ, ਤੇ ਮੁਸਲਮਾਨ ਇਸ ਕਿਰਲੇ ਨੂੰ ਮਾਰਨਾ ਸਵਾਬ ਸਮਝਦੇ ਸਨ। ਉਹਨਾਂ ਦਾ ਵਿਸ਼ਵਾਸ ਹੈ ਕਿ ਕਰਬਲਾ ਦੇ ਮੈਦਾਨ ਵਿਚ ਇਹ ਕਿਰਲੇ ਪਾਣੀ ਦੀਆਂ ਮਸ਼ਕਾਂ ਟੁੱਕ ਗਏ ਸਨ, ਜਿਸ ਕਾਰਨ ਹਜ਼ਰਤ ਮੁਹੰਮਦ ਦੇ ਦੋਹਤੇ ਹਸਨ ਤੇ ਹੁਸੈਨ ਇਸੇ ਮੈਦਾਨੇ-ਜੰਗ ਵਿਚ ਤਿਹਾਏ ਪ੍ਰਾਣ ਤਿਆਗ ਗਏ ਸਨ। ਸਧਾਰਨ ਮਖੀਰ ਰੁੱਖਾਂ ਤੇ ਆਮ ਲੱਗਦਾ ਸੀ, ਪਰ ਡੂਮਣਾ ਗੰਜੀ ਬਾਰ ਵਿਚ ਅਸਾਂ ਕਿਤੇ ਨਹੀਂ ਵੇਖਿਆ।

www.sikhbookclub.com

4

# ਸਾਡਾ ਟੱਬਰ ਗੰਜੀ ਬਾਰ ਪੁੱਜਾ

ਸਾਡੇ ਪਰਵਾਰ ਨੂੰ ਗੰਜੀਬਾਰ ਵਿਚ ਸੰਨ 1920 ਵਿਚ ਜ਼ਮੀਨ ਮਿਲੀ। ਇਹ ਮੁਰੱਬਾ ਸਾਡੇ ਤਾਏ ਹੌਲਦਾਰ ਕੇਹਰ ਸਿੰਘ ਨੂੰ ਪਹਿਲੇ ਸੰਸਾਰ ਯੁੱਧ ਵਿਚ ਕੀਤੀ ਫ਼ੌਜੀ ਨੌਕਰੀ ਬਦਲੇ ਮਿਲਿਆ ਸੀ। ਹੌਲਦਾਰ ਕੇਹਰ ਸਿੰਘ ਸਾਡਾ ਸਕਾ ਤਾਇਆ ਨਹੀਂ ਸੀ, ਸਾਡੇ ਪਿਤਾ ਜੀ ਦੇ ਤਾਏ ਦਾ ਪੁੱਤ ਸੀ। ਹੌਲਦਾਰ ਦਾ ਪਿਤਾ ਬਾਬੂ ਬੂੜ ਸਿੰਘ ਸਾਡੇ ਦਾਦੇ ਬਾਬਾ ਰੂੜ ਸਿੰਘ ਦਾ ਵੱਡਾ ਭਰਾ ਸੀ। ਸਾਰਾ ਟੱਬਰ ਘਰੋਂ, ਬਾਹਰੋਂ ਇਕੱਠਾ ਸੀ, ਇਸ ਲਈ ਜਦੋਂ ਮੁਰੱਬਾ ਮਿਲਿਆ ਤਾਂ ਸਾਰਾ ਟੱਬਰ ਹੀ ਬਾਰ ਨੂੰ ਰਵਾਨਾ ਹੋ ਗਿਆ।

ਉਦੋਂ ਤੱਕ ਤਾਇਆ ਕੇਹਰ ਸਿੰਘ ਅਜੇ ਫ਼ੌਜ ਵਿਚ ਹੀ ਸੀ, ਮੁਰੱਬੇ ਦਾ ਦਖਲ ਲੈਣ ਉਹਨਾਂ ਦਾ ਵੱਡਾ ਭਰਾ ਸਰਦਾਰ ਸ਼ੇਰ ਸਿੰਘ ਆਇਆ ਸੀ, ਅਤੇ ਉਹ ਵੇਖ ਗਿਆ ਸੀ ਕਿ ਏਥੇ ਸਾਨੂੰ ਕੈਸੇ ਹਾਲਾਤ ਵਿਚ ਰਹਿਣਾ ਪੈਣਾ ਹੈ। ਸੋ ਜਦੋਂ ਸਾਡਾ ਟੱਬਰ ਪਿੱਛੋਂ ਚੱਲਿਆ ਤਾਂ ਅਗਲੇ ਟਿਕਾਣੇ ਦੀਆਂ ਲੋੜਾਂ ਮੁਤਾਬਕ ਚੀਜ਼ ਵਸਤ ਘਰੋਂ ਲੈ ਕੇ ਨਿਕਲਿਆ। ਗੱਡੇ ਉੱਤੇ ਕੁਝ ਬਿਸਤਰੇ, ਇਕ ਬੋਰੀ ਆਟਾ, ਦਾਲ, ਗੁੜ-ਸੱਕਰ, ਚੱਕੀ, ਨੀਂਹ, ਰਸੋਈ ਦੇ ਭਾਂਡੇ ਮਧਾਣੀ, ਕਹੀਆਂ, ਹਲ, ਰੰਬੇ, ਦਾਤਰੀਆਂ, ਕੁਹਾੜੀਆਂ, ਦੋ ਮੰਜੀਆਂ ਆਦਿ ਲੋੜ ਵਾਲੀਆਂ ਸਭ ਚੀਜ਼ਾਂ ਰੱਖ ਲਈਆਂ। ਜ਼ਨਾਨੀ ਨਾਲ ਇਕੱਲੀ ਸਾਡੀ ਦਾਦੀ, ਮਾਈ ਇੰਦੋ ਸੀ। ਮਾਲ-ਡੰਗਰ ਸੀ—ਦੋ ਜੋਗਾਂ, ਚਾਰ ਮੱਝਾਂ, ਦੋ ਗਾਈਆਂ, ਇਕ ਘੋੜੀ ਤੇ ਇਕ ਕੁੱਤਾ। ਇਹ ਕਾਫ਼ਲਾ ਆਪਣੇ ਜੱਦੀ ਪਿੰਡ 'ਘਣੀਏ ਕੇ ਬਾਂਗਰ', ਤਸੀਲ ਬਟਾਲਾ ਵਿਚੋਂ ਨਿਕਲਿਆ। ਇਸ ਲਾਣੇ ਵਿਚ ਦਾਦੀ ਜੀ ਤੋਂ ਇਲਾਵਾ ਸ਼ਾਮਿਲ ਸਨ ਦੋਵੇਂ ਬਾਬੇ, ਤਾਇਆ ਸ਼ੇਰ ਸਿੰਘ, ਚਾਚਾ ਦਲੀਪ ਸਿੰਘ ਤੇ ਇਕ ਨੌਕਰ ਮੰਤਾ। ਮੇਰੇ ਪਿਤਾ ਜੀ ਵੀ ਇਹਨੀਂ ਦਿਨੀਂ ਅਜੇ ਫ਼ੌਜ ਵਿਚ ਸਨ ਅਤੇ ਮੈਂ ਉਹਨਾਂ ਦੇ ਨਾਲ ਜੱਬਲਪੁਰ ਸਾਂ। ਮੈਂ ਇਹ ਹਾਲਾਤ ਪਿੱਛੋਂ ਬਜ਼ੁਰਗਾਂ ਤੋਂ ਸੁਣੇ। ਇਸ ਸਾਰੇ ਲਾਣੇ ਵਿਚੋਂ ਇਕੱਲਾ ਮੇਰਾ ਚਾਚਾ ਸਰਦਾਰ ਦਲੀਪ ਸਿੰਘ ਹੀ 1947 ਵਿਚ ਵਾਪਸ ਏਧਰ ਆਇਆ, ਬਾਕੀ ਸਾਰਿਆਂ ਦੀਆਂ ਮੜ੍ਹੀਆਂ ਅਸੀਂ ਬਾਰ ਵਿਚ ਹੀ ਛੱਡ ਕੇ ਆਏ ਹਾਂ।

ਚਾਚੇ ਦਲੀਪ ਸਿੰਘ ਦੇ ਦੇਹਾਂਤ ਤੋਂ ਕੁਝ ਚਿਰ ਪਹਿਲਾਂ ਮੈਂ ਉਹਨਾਂ ਨੂੰ ਪੁੱਛਿਆ ਸੀ ਕਿ ਸਾਡਾ ਟੱਬਰ ਕਿਹੜੇ ਸਾਲ ਬਾਰ ਨੂੰ ਗਿਆ ਸੀ, ਤਾਂ ਉਹਨਾਂ 1921 ਦੱਸਿਆ ਸੀ। ਪਰ ਮੇਰਾ ਖਿਆਲ ਹੈ ਕਿ ਚਾਚਾ ਜੀ ਨੂੰ ਭੁਲੇਖਾ ਲੱਗ ਰਿਹਾ ਸੀ। ਸੰਨ 1921 ਤੱਕ ਪਿਤਾ ਜੀ ਤੇ ਤਾਇਆ ਕੇਹਰ ਸਿੰਘ ਦੋਵੇਂ ਫ਼ੌਜ ਵਿਚੋਂ ਆ ਚੁੱਕੇ ਸਨ, ਪਰ ਅਸੀਂ ਇਸ ਕਾਫ਼ਲੇ ਨਾਲ ਨਹੀਂ ਸਾਂ। ਜਦੋਂ ਅਸੀਂ ਗਏ ਉਦੋਂ ਸਾਡਾ ਚੱਕ ਅੱਧ-ਪਚੱਧਾ ਵੱਸ ਚੁੱਕਾ

www.sikhbookclub.com



ਸੀ। ਕੋਈ ਤੀਜਾ ਹਿੱਸਾ ਹਾਤੇ ਵਲੇ ਹੋਏ ਸਨ ਤੇ ਸਤਾਰਾਂ, ਅਠਾਰਾਂ ਟੱਬਰ ਪਿੰਡ ਵਿਚ ਰਹਿ ਰਹੇ ਸਨ। ਇੰਞ, ਮੇਰੇ ਅਨੁਮਾਨ ਅਨੁਸਾਰ ਸਾਡਾ ਪਰਵਾਰ 1920 ਵਿਚ, ਅੱਸੂ ਦੇ ਮਹੀਨੇ, ਬਾਰ ਨੂੰ ਗਿਆ। ਛੇਤੀ ਪੁੱਜਣ ਦੀ ਕਾਹਲ ਸੀ, ਕਿਉਂਕਿ ਅੱਗੇ ਪਹੁੰਚ ਕੇ ਕਣਕ ਦੀ ਬਿਆਈ ਕਰਨੀ ਸੀ।

ਤੁਰਨ ਲੱਗਿਆਂ ਕਿਸ ਜੇਰੇ ਨਾਲ ਘਰਾਂ ਨੂੰ ਤਾਲੇ ਮਾਰੇ, ਅਤੇ ਕਿਸ ਹੌਸਲੇ ਨਾਲ ਉਹਨਾਂ ਖੇਤਾਂ ਵਿਚੋਂ ਹਲ, ਪੰਜਾਲੀਆਂ ਚੁੱਕੀਆਂ, ਜਿਨ੍ਹਾਂ ਨੂੰ ਸਾਡੇ ਬਜ਼ੁਰਗ ਪਿਛਲੀਆਂ ਬਾਰ੍ਹਾਂ ਪੀੜ੍ਹੀਆਂ ਤੋਂ ਵਾਹੁੰਦੇ ਆ ਰਹੇ ਸਨ, ਇਸ ਦਾ ਅੰਦਾਜ਼ਾ ਉਹੋ ਲੋਕ ਲਾ ਸਕਦੇ ਹਨ ਜਿਨ੍ਹਾਂ ਨੇ 1947 ਵਿਚ ਪਾਕਿਸਤਾਨ ਤੋਂ ਤੁਰਨ ਲੱਗਿਆਂ ਆਪਣਿਆਂ ਘਰਾਂ ਵੱਲ ਅਖੀਰੀ ਝਾਤ ਮਾਰੀ ਸੀ। (ਸਾਡੇ ਜੱਦੀ ਪਿੰਡ ਨੂੰ ਵਸਾਉਣ ਵਾਲਾ ਬਾਬਾ ਘਣੀਆਂ ਮੈਥੋਂ 14 ਪੀੜ੍ਹੀਆਂ ਉੱਤੇ ਸੀ, ਸਾਡੇ ਦਾਦੇ ਤੋਂ 12 ਪੀੜ੍ਹੀਆਂ ਉੱਪਰ)।

ਖੈਰ, ਸਾਡੇ ਪਰਵਾਰ ਲਈ ਪਿੰਡ ਤੋਂ ਇਹ ਦੂਜੀ ਹਿਜਰਤ ਸੀ। ਪਹਿਲੀ ਵਾਰ ਮਿਸਲਾਂ ਦੇ ਸਮੇਂ ਸਾਡੇ ਵਡੇਰਿਆਂ ਨੂੰ ਘਣੀਏਂ ਕੇ ਛੱਡ ਕੇ ਭਲਾਈਪੁਰੇ ਜਾ ਕੇ ਰਹਿਣਾ ਪਿਆ ਸੀ। ਪਰ ਛੇਤੀ ਹੀ ਪਿੱਛੋਂ 'ਮਹਾਰਾਜਾ ਰਣਜੀਤ ਸਿੰਘ' ਦੇ ਰਾਜ ਵਿਚ, ਫੇਰ ਆਪਣੇ ਪਿੰਡ ਆ ਵੱਸੇ। ਏਸੇ ਕਾਰਨ ਘਣੀਏ ਕਿਆਂ ਵਿਚ ਸਾਡੀ ਪੱਤੀ ਦਾ ਨਾਮ ਅੱਜ ਵੀ 'ਭਲਾਈ ਪੁਰੀਆਂ ਦੀ ਪੱਤੀ' ਹੈ। ਇਹ ਦੂਜੀ ਹਿਜਰਤ ਸਦੀਵੀ ਸਿੱਧ ਹੋਈ। ਪਾਕਿਸਤਾਨ ਤੋਂ ਆ ਕੇ ਅਸੀਂ ਆਪਣੇ ਪਿੰਡ ਨਹੀਂ ਜਾ ਸਕੇ, ਕਿਉਂਕਿ ਓਥੇ ਮੁਸਲਮਾਨਾਂ ਦੀ ਜ਼ਮੀਨ ਹੀ ਨਹੀਂ ਸੀ। ਸਾਡਾ ਜੱਦੀ ਮਕਾਨ, ਜਿਸ ਵਿਚ ਰਸੋਈ ਤੋਂ ਇਲਾਵਾ ਇਕ ਵੱਡਾ ਕਮਰਾ ਤੇ ਇਕ ਛੋਟੀ ਕੋਠੜੀ ਸੀ, ਕੋਈ ਵੀਹ ਸਾਲ ਪਹਿਲਾਂ ਦਾ ਢਹਿ ਚੁੱਕਾ ਹੈ, ਅਤੇ ਮੈਂ ਪਿਛਲੇ ਵੀਹਾਂ ਸਾਲਾਂ ਵਿਚ ਉਸ ਘਰ ਦੇ ਖੋਲੇ ਵੇਖਣ ਵੀ ਨਹੀਂ ਜਾ ਸਕਿਆ, ਜਿਸ ਵਿਚ ਮੇਰਾ ਜਨਮ ਹੋਇਆ ਸੀ।

ਘਣੀਏ ਕਿਆਂ ਤੋਂ ਸਾਡਾ ਬਾਰ ਵਾਲਾ ਟਿਕਾਣਾ ਸਵਾ ਦੋ ਸੌ ਮੀਲ ਤੋਂ ਕੁਝ ਉੱਤੇ ਸੀ। ਰੋਜ਼ਾਨਾ ਬਹੁਤ ਸਫ਼ਰ ਨਹੀਂ ਸੀ ਕੀਤਾ ਜਾ ਸਕਦਾ। ਮੱਝਾਂ, ਗਾਈਆਂ ਦੇ ਪਿੱਛੇ ਹੇਰੂ ਵੀ ਸਨ, ਅਤੇ ਲਗਾਤਾਰ ਚਲਦੇ ਰਹਿਣ ਨਾਲ ਡੰਗਰਾਂ ਦੇ ਖੁਰ ਵੀ ਦੁੱਖਣ ਲੱਗ ਪੈਂਦੇ ਹਨ। ਪੂਰਾ ਪੈਂਡਾ ਮੁਕਾਉਂਦਿਆਂ 25 ਦਿਨਾਂ ਤੋਂ ਉੱਤੇ ਲੱਗੇ। ਰਾਹ ਵਿਚ ਦੋਂਹ, ਤਿੰਨੀ ਥਾਈਂ ਪਸ਼ੂਆਂ ਦੀ ਥਕਾਵਟ ਦੂਰ ਕਰਨ ਲਈ ਦਿਹਾੜੀ ਭਰ ਰੁਕਣਾ ਵੀ ਪਿਆ।

ਇਹ ਪੈਂਡਾ ਕੋਈ ਸੌਖਾ ਨਹੀਂ ਸੀ। ਰਾਹ ਵਿਚ ਮੀਂਹ, ਝੱਖੜ, ਹਨੇਰੀਆਂ ਦਾ ਟਾਕਰਾ ਵੀ ਕਰਨਾ ਪਿਆ। ਜਦੋਂ ਕਿਤੇ ਮੀਂਹ ਆਉਂਦਾ ਗੱਡਾ ਕਿਸੇ ਰੁੱਖ ਥੱਲੇ ਖੜਾ ਕਰਕੇ ਦੋਵੇਂ ਮੰਜੀਆਂ ਆਟੇ, ਗੁੜ ਆਦਿ ਉੱਤੇ ਕਰਕੇ ਉਤੋਂ ਦੀ ਭੂਰੇ ਪਾ ਦਿੰਦੇ। ਹਨੇਰੀ ਸਮੇਂ ਲੀੜੇ ਕਪੜੇ ਨੂੰ ਉਡਣੋਂ ਬਚਾਉਣਾ ਅਤੇ ਮਾਲ-ਡੰਗਰ ਨੂੰ ਇਕੱਠਿਆਂ ਰੱਖਣਾ ਵੀ ਇਕ ਸਮੱਸਿਆ ਸੀ। ਸਭ ਤੋਂ ਵੱਡੀ ਕਠਨਾਈ ਸੀ ਪੱਠਿਆਂ ਦੀ। ਲਾਹੌਰ ਦਾ ਜ਼ਿਲ੍ਹਾ ਲੰਘ ਕੇ ਜਦੋਂ ਨਵੀਂ ਵੱਸੀ ਬਾਰ ਦੇ ਇਲਾਕੇ ਵਿਚ ਦਾਖ਼ਲ ਹੋਏ ਤਾਂ ਪੱਠੇ ਮਿਲਣੇ ਕਾਫ਼ੀ ਔਖੇ ਹੋ ਗਏ। ਭਾਵੇਂ ਬਾਰ ਦਾ ਇਹ ਇਲਾਕਾ ਆਬਾਦ ਹੋਇਆ ਚਾਰ, ਪੰਜ ਸਾਲ ਹੋ ਗਏ ਸਨ, ਪਰ ਸਾਡੇ ਵਾਂਗ ਅਗਾਂਹ ਨੂੰ ਜਾਣ ਵਾਲੇ ਹੋਰ ਵੀ ਬਹੁਤ ਲੋਕ ਸਨ। ਇਸ ਲਈ ਸੜਕ ਦੇ ਦੋਹੀਂ ਪਾਸੀਂ ਵੱਸੇ ਲੋਕਾਂ ਕੋਲ ਆਪਣੇ ਡੰਗਰਾਂ ਜੋਗੇ ਪੱਠੇ ਵੀ ਨਹੀਂ ਸਨ ਬਚੇ। ਹੁਣ ਸਕੀਮ

www.sikhbookclub.com



ਇਹ ਬਣਾਈ ਗਈ ਕਿ ਤਾਇਆ ਸ਼ੇਰ ਸਿੰਘ ਘੋੜੀ ਤੇ ਚੜ੍ਹ ਕੇ ਗੱਡੇ ਵਾਲਿਆਂ ਤੋਂ ਅੱਗੇ ਨਿਕਲ ਜਾਂਦਾ ਤੇ ਅੱਠ, ਦਸ ਮੀਲ ਜਾ ਕੇ ਪੱਠਿਆਂ ਦੀ ਭਾਲ ਸ਼ੁਰੂ ਕਰਦਾ। ਜਿੱਥੇ ਪੱਠੇ ਮਿਲ ਜਾਂਦੇ ਗੱਡੇ ਵਾਲਿਆਂ ਨੂੰ ਓਥੇ ਹੀ ਰੋਕ ਲੈਂਦਾ। ਇੰਞ ਕਈ ਵਾਰੀ ਹਨੇਰਾ ਹੋਣ ਤੱਕ ਸਫ਼ਰ ਕਰਨਾ ਪੈਂਦਾ, ਅਤੇ ਕਦੇ-ਕਦੇ ਚੰਗੇ ਦਿਨ ਖੜੇ ਹੀ ਡੇਰਾ ਲਾਉਣਾ ਪੈ ਜਾਂਦਾ। ਘੋੜੀ ਲੈ ਕੇ ਤਿੰਨ ਜਣੇ ਪੱਠੇ ਲੈਣ ਤੁਰ ਪੈਂਦੇ ਤੇ ਪਿੱਛੇ ਰਹੇ ਦੋ ਜਣੇ ਰੁੱਖਾਂ ਦਰਖਤਾਂ ਨਾਲ ਡੰਗਰ ਬੰਨ੍ਹਦੇ; ਡੰਗਰਾਂ ਨੂੰ ਪਾਣੀ ਡਾਹੁੰਦੇ ਜੇ ਪਾਣੀ ਖੁੱਲ੍ਹਾ ਮਿਲ ਜਾਵੇ ਤਾਂ ਮੱਝਾਂ ਨਹਾਉਂਦੇ। ਪੱਠੇ ਆਉਣ ਤੇ ਸਬੂਤੇ ਹੀ ਡੰਗਰਾਂ ਅੱਗੇ ਸੁੱਟ ਦਿੰਦੇ। ਬਾਬਾ ਬੂੜ ਸਿੰਘ ਹਰ ਪਸ਼ੂ ਕੋਲ ਜਾ ਕੇ ਉਸ ਦੀ ਪਿੱਠ ਉੱਤੇ, ਧੌਣ ਉੱਤੇ ਹੱਥ ਫੇਰਦਾ, ਥਾਪੀ ਦਿੰਦਾ ਤੇ ਕਹਿੰਦਾ, "ਖਾ ਲਓ ਭਈ ਜੋ ਕੁਝ ਰੁੱਖਾ, ਸੁੱਕਾ ਮਿਲਦਾ ਏ। ਸਾਨੂੰ ਤਾਂ ਰਾਹ ਵਿਚ ਵੀ ਘਰ ਵਰਗੀਆਂ ਪੱਕੀਆਂ-ਪਕਾਈਆਂ ਮਿਲਦੀਆਂ ਨੇ ਤੁਹਾਨੂੰ ਅਸੀਂ ਪੱਠੇ ਵੀ ਅਣਕੁਤਰੇ ਹੀ ਪਾਉਂਦੇ ਆਂ" ਅਤੇ ਪਸ਼ੂ ਬਾਬੇ ਦੀ ਗੱਲ ਸਮਝਦੇ ਸਨ। ਜਦੋਂ ਬਾਬਾ ਡੰਗਰਾਂ ਨੂੰ ਥਾਪੀ ਦੇਣ ਲਈ ਨਿਕਲਦਾ, ਹਰ ਪਸ਼ੂ ਆਪਣੀ ਵਾਰੀ ਦੀ ਉਡੀਕ ਵਿਚ ਬੂਥੀ ਚੁੱਕ ਕੇ ਬਾਬੇ ਵੱਲ ਨੂੰ ਝਾਕਦਾ ਰਹਿੰਦਾ। ਬਾਬੇ ਦੇ ਹੱਥ ਫੇਰਨ ਨਾਲ ਪਸ਼ੂਆਂ ਦਾ ਜਿਵੇਂ ਥਕੇਵਾਂ ਦੂਰ ਹੋ ਜਾਂਦਾ। ਜਿਸ ਦਿਨ ਕਿਤਿਓਂ ਤੂੜੀ ਵੀ ਮਿਲ ਜਾਂਦੀ, ਦੋਵੇਂ ਬਾਬੇ ਝੱਟ ਪੱਠੇ ਕੁੱਤਰਨ ਲੱਗ ਪੈਂਦੇ। ਉਹਨੀ ਦਿਨੀਂ ਅਜੇ ਹੱਥ ਵਾਲੇ ਟੋਕੇ ਹੀ ਵਰਤੋਂ ਵਿਚ ਸਨ, ਗੇੜਨ ਵਾਲਾ ਟੋਕਾ ਅਜੇ ਨਹੀਂ ਸੀ ਬਣਿਆ। ਬਾਬੇ ਨੇ ਪੱਠੇ ਕੁੱਤਰਨ ਵਾਲੀਆਂ ਦੋ ਉਚਾਵੀਆਂ ਮੁੱਢੀਆਂ ਵੀ ਪਿੰਡੋਂ ਹੀ ਗੱਡੇ ਤੇ ਰੱਖ ਲਈਆਂ ਸਨ। ਕੋਈ ਮੰਨੇ ਜਾਂ ਨਾ ਮੰਨੇ ਪਰ ਇਹ ਮੇਰੀ ਅੱਖੀਂ ਡਿੱਠੀ ਗੱਲ ਹੈ ਕਿ ਵੱਡਾ ਬਾਬਾ ਤਕਰੀਬਨ ਅੱਸੀ ਵਰ੍ਹਿਆਂ ਦੀ ਉਮਰ ਤੱਕ ਇਕੱਲਾ ਹੀ ਦੋਂਹ ਬੰਦਿਆਂ ਜਿੰਨੇ ਪੱਠੇ ਕੁੱਤਰ ਦਿੰਦਾ ਸੀ। ਕੁੱਤਰੇ ਹੋਏ ਪੱਠੇ ਡੰਗਰਾਂ ਨੂੰ ਪਾ ਕੇ ਬਾਬਾ ਇੰਞ ਮਹਿਸੂਸ ਕਰਦਾ ਜਿਵੇਂ ਕੋਈ ਵੱਡੀ ਜ਼ੁੰਮੇਵਾਰੀ ਨਿਭਾ ਲਈ ਹੋਵੇ। ਸਾਰੇ ਰਾਹ ਵਿਚ ਤਿੰਨ ਦਿਨ ਅਜਿਹੇ ਵੀ ਆਏ ਜਦੋਂ ਕਿਤਿਓਂ ਪੱਠੇ ਨਾ ਮਿਲੇ। ਐਸੇ ਸਮੇਂ ਚੰਗਾ ਦਿਨ ਖੜੇ ਹੀ ਕਿਸੇ ਅਜਿਹੇ ਥਾਂ ਗੱਡਾ ਰੋਕ ਲੈਂਦੇ ਜਿਥੇ ਪਾਣੀ ਮਿਲਦਾ ਅਤੇ ਲਾਗੇ-ਚਾਗੇ ਚੰਗਾ ਘਾਹ ਹੁੰਦਾ। ਡੰਗਰਾਂ ਨੂੰ ਚਰਨ ਛੱਡ ਦਿੰਦੇ ਅਤੇ ਆਪ ਸਾਰੇ ਜਣੇ ਦਾਤਰੀਆਂ, ਰੰਬੇ ਫੜ ਕੇ ਘਾਹ ਵੱਢਣ ਜਾਂ ਖੋਤਣ ਲੱਗ ਪੈਂਦੇ। ਬਾਬੇ ਦਾ ਹੁਕਮ ਸੀ ਕਿ ਡੰਗਰਾਂ ਨੂੰ ਪੱਠੇ ਪਾਉਣ ਤੋਂ ਪਹਿਲਾਂ ਆਪ ਰੋਟੀ ਨਹੀਂ ਖਾਣੀ, ਤੇ ਏਵੇਂ ਹੀ ਹੁੰਦਾ ਰਿਹਾ। ਜਿਨ੍ਹਾਂ ਸ਼ਹਿਰੀ ਰਹਿਣ ਵਾਲੇ ਲੋਕਾਂ ਨੇ ਕਦੇ ਲਵੇਰੀਆਂ ਨਹੀਂ ਰੱਖੀਆਂ ਉਹਨਾਂ ਨੂੰ ਤਾਂ ਸ਼ਾਇਦ ਇਹ ਇਕ ਨਗੂਣੀ ਜਿਹੀ ਗੱਲ ਜਾਪੇ, ਪਰ ਪੇਂਡੂ ਪਾਠਕ ਇਸ ਨੂੰ ਹੈਰਾਨਕੁਨ ਮੁਅਜਜ਼ਾ ਸਮਝਣਗੇ ਕਿ ਏਨਾ ਲੰਮਾ ਪੈਂਡਾ ਕਰਕੇ ਅਤੇ ਕਈ ਵਾਰੀ ਭੁੱਖੇ ਢਿੱਡ ਰਹਿ ਕੇ ਵੀ ਚਹੁੰਆਂ ਵਿਚੋਂ ਕਿਸੇ ਲਵੇਰੀ ਨੇ ਵੀ ਕੋਈ ਇਕ ਨਾਗਾ ਵੀ ਨਾ ਕੀਤਾ। ਥਕੇਵੇਂ ਕਰਕੇ ਅਤੇ ਪੂਰੀ ਖ਼ੁਰਾਕ ਨਾ ਮਿਲਣ ਕਰਕੇ ਦੁੱਧ ਤਾਂ ਘੱਟ ਹੁੰਦਾ ਗਿਆ ਪਰ ਤਿੰਨੇ ਮੱਝਾਂ ਤੇ ਇਕ ਗਾਂ ਦੋਵੇਂ ਵੇਲੇ ਮਿਲਦੀਆਂ ਰਹੀਆਂ। ਮੈਂ ਉਦੋਂ ਬਹੁਤ ਛੋਟਾ ਸਾਂ ਜਦੋਂ ਤਾਏ ਸ਼ੇਰ ਸਿੰਘ ਨੇ ਸਾਡੇ ਪਿਤਾ ਜੀ ਨੂੰ ਤੇ ਇਕ, ਦੋਂਹ ਹੋਰ ਸਾਥੀਆਂ ਨੂੰ ਇਹ ਕਹਾਣੀ ਸੁਣਾਈ, ਤੇ ਨਾਲ ਕਿਹਾ, "ਇਹ ਸਾਡੇ ਭਾਈਏ ਦੀਆਂ ਥਾਪੀਆਂ ਦੀ ਕਰਾਮਾਤ ਸੀ।" (ਤਾਇਆ ਸ਼ੇਰ ਸਿੰਘ ਤੇ ਕੇਹਰ ਸਿੰਘ ਆਪਣੇ ਪਿਤਾ ਨੂੰ 'ਭਾਈਆ' ਕਹਿੰਦੇ ਸਨ।)

www.sikhbookclub.com



ਸਾਡੀ ਦਾਦੀ ਨੇ ਇਸ ਲੰਮੇ ਪੈਂਡੇ ਵਿਚ ਜਿਸ ਤਰ੍ਹਾਂ ਟੱਬਰ ਦੀ ਸੰਭਾਲ ਕੀਤੀ, ਉਹ ਅੱਜ ਕੱਲ ਦੀਆਂ ਮੁਟਿਆਰਾਂ ਲਈ ਇਕ ਮਿਸਾਲ ਹੈ। ਜਿਥੇ ਤਿਕਾਲਾਂ ਨੂੰ ਗੱਡਾ ਰੁਕਦਾ, ਮਾਂ ਜੀ ਝੱਟ ਇੱਟਾਂ ਰੋੜੇ ਫੜ ਕੇ ਚੁੱਲ੍ਹਾ ਬਣਾ ਲੈਂਦੀ। ਬਾਲਣ ਦੀ ਰਾਹ ਵਿਚ ਕੋਈ ਥੁੜ੍ਹ ਨਹੀਂ ਸੀ। ਚੁੱਲ੍ਹਾ ਬਾਲ ਕੇ ਮਾਂ ਜੀ ਦਾਲ ਰਿੱਝਣੀ ਧਰ ਦਿੰਦੀ ਤੇ ਆਪ ਆਟਾ ਗੁੰਨ੍ਹਣ ਲੱਗ ਪੈਂਦੀ। ਦਾਲ ਆਮ ਤੌਰ ਤੇ ਮੂੰਗੀ ਦੀ ਧਰਦੀ, ਕਿਉਂਕਿ ਛੇਤੀ ਰਿੱਝਦੀ ਹੈ, ਜਾਂ ਕਦੇ-ਕਦਾਈਂ ਆਲੂ ਬਣਾ ਲੈਂਦੀ। ਆਟਾ ਗੁੰਨ੍ਹ ਕੇ ਨਾਲ ਹੀ ਦੂਜੇ ਚੁੱਲ੍ਹੇ ਤੇ ਰੋਟੀਆਂ ਪਕਾਉਣ ਲੱਗ ਪੈਂਦੀ। ਮਰਦ ਮਾਲ-ਡੰਗਰ ਨੂੰ ਪੱਠੇ ਪਾ ਕੇ ਨਹਾਉਣ-ਧੋਣ ਲੱਗ ਪੈਂਦੇ, ਨਾਲ ਹੀ ਆਪਣੇ ਗਲ ਵਾਲੇ ਲੀੜੇ ਵੀ ਪਾਣੀ ਵਿਚ ਘਚੋਲ ਲੈਂਦੇ। ਵੇਲਾ ਹੋਵੇ ਤਾਂ ਲੀੜਿਆਂ ਤੇ ਥੋੜ੍ਹਾ-ਬਹੁਤ ਸਬੂਣ ਵੀ ਘਸਾ ਲੈਂਦੇ। ('ਸਾਬਣ' ਦਾ ਨਾਮ ਉਹਨੀਂ ਦਿਨੀਂ 'ਸਬੂਣ' ਹੀ ਸੀ।) ਉਹਨਾਂ ਦੇ ਆਉਣ ਤਕ ਰੋਟੀ ਤਿਆਰ ਹੁੰਦੀ। ਰੋਟੀ ਖਾ ਕੇ ਧਾਰਾਂ ਕੱਢਦੇ। ਇਸ ਸਮੇਂ ਮਾਂ ਜੀ ਰੋਟੀ ਖਾ ਲੈਂਦੇ। ਦੁੱਧ ਚੋਖਾ ਹੁੰਦਾ ਸੀ, ਸਾਰਿਆਂ ਨੂੰ ਇਕ-ਇਕ ਛੰਨਾ ਕੱਚੇ ਦੁੱਧ ਦਾ ਪੀਣ ਲਈ ਦੇ ਕੇ ਫੇਰ ਵੀ ਚਾਰ, ਪੰਜ ਸੇਰ ਬਚ ਜਾਂਦਾ, ਉਹ ਮਾਂ ਜੀ ਕੜ੍ਹਨਾ ਧਰ ਦੇਂਦੇ। ਦੁੱਧ ਕਾੜ੍ਹ ਕੇ, ਜਾਗ ਲਾ ਕੇ, ਪੀੜ੍ਹੀ ਤੇ ਕੜ ਕੇ ਤੇ ਨ੍ਹਾ-ਧੋ ਕੇ ਕਿਤੇ ਅੱਧੀ ਰਾਤ ਨੂੰ ਮਾਂ ਜੀ ਨੂੰ ਸੌਣ ਦਾ ਵਿਹਲ ਮਿਲਦਾ। ਸਵੇਰੇ ਕੁੱਕੜ ਦੀ ਬਾਂਗ ਨਾਲ ਉੱਠ ਕੇ ਰਿੜਕਣਾ ਪਾ ਦੇਂਦੇ। ਇੰਝ ਬਟਾਲੇ, ਅੰਮ੍ਰਿਤਸਰ ਤੋਂ ਲੈ ਕੇ ਜ਼ਿਲ੍ਹਾ ਮੁਲਤਾਨ ਦੇ 'ਮੰਬਾ ਬੰਗਲਾ' ਤਕ ਸਵੇਰੇ ਅੰਮ੍ਰਿਤ ਵੇਲੇ ਸਾਡੀ ਦਾਦੀ ਦੀ ਮਧਾਣੀ ਦੀ ਘੁਮਕਾਰ ਪੈਂਦੀ ਗਈ। ਹੋਰ ਵੀ ਕਈਆਂ ਮਾਈਆਂ, ਬੀਬੀਆਂ ਨੇ ਇਸੇ ਰਾਹੇ ਜਾਂਦਿਆਂ ਸ਼ਾਇਦ ਮਧਾਣੀਆਂ ਪਾਈਆਂ ਹੋਣ, ਪਰ ਵਧੇਰੇ ਲੋਕ ਦੁੱਧ ਪੀ ਹੀ ਛੱਡਦੇ ਸਨ, ਮਾਈ ਇੰਦੋ ਵਰਗੀਆਂ ਦੁੱਧ ਕਾੜ੍ਹਨ, ਜਮਾਉਣ ਤੇ ਰਿੜਕਣ ਵਾਲੀਆਂ ਹਿੰਮਤੀ ਤੇ ਸਿਰੜੀ ਸੁਆਣੀਆਂ ਬਹੁਤ ਥੋੜ੍ਹੀਆਂ ਸਨ।

ਇਸ ਸਫ਼ਰ ਦੀਆਂ ਕਹਾਣੀਆਂ ਤਾਂ ਤਾਇਆ ਜੀ ਕਈ ਸੁਣਾਉਂਦੇ ਹੁੰਦੇ ਸਨ, ਪਰ 70 ਸਾਲ ਪੁਰਾਣੀਆਂ ਗੱਲਾਂ ਨਾ ਹੁਣ ਮੈਨੂੰ ਪੂਰੀ ਤਰ੍ਹਾਂ ਯਾਦ ਹੀ ਹਨ ਤੇ ਨਾ ਹੀ ਸਾਰੇ ਵੇਰਵੇ ਦੇਣ ਦੀ ਲੋੜ ਹੈ। ਹਾਂ, ਇਕ ਕਿੱਸਾ ਸੁਣਾਉਣ ਵਾਲਾ ਹੈ, ਕਿਉਂਕਿ ਉਸ ਨਾਲ ਉੱਤੇ ਬਿਆਨ ਕੀਤੀ ਮਧਾਣੀ ਦੀ ਘੁਮਕਾਰ ਦਾ ਸੰਬੰਧ ਹੈ।

ਇਹ ਕਿੱਸਾ ਮੈਂ ਤਾਇਆ ਸ਼ੇਰ ਸਿੰਘ ਜੀ ਤੋਂ ਸੰਨ 1921 ਜਾਂ 1922 ਵਿਚ ਸੁਣਿਆ, ਅੱਜ ਸੱਤਰ੍ਹਾਂ ਵਰ੍ਹਿਆਂ ਪਿੱਛੋਂ ਯਾਦਾਂ ਦੇ ਵਰਕੇ ਫੋਲਦਿਆਂ ਇਸ ਕਹਾਣੀ ਦਾ ਧੁੰਦਲਾ ਜਿਹਾ ਪਰਛਾਵਾਂ ਸਾਹਵੇਂ ਆ ਗਿਆ। ਪੂਰੇ ਵੇਰਵੇ ਹੁਣ ਯਾਦ ਨਹੀਂ। ਮਿੰਟਗੁਮਰੀ ਤੋਂ ਇਕ, ਦੋ ਮੰਜ਼ਲਾਂ ਅੱਗੇ ਲੰਘ ਕੇ ਇਕ ਦਿਨ ਸਾਡੇ ਪਰਿਵਾਰ ਨੇ ਰਾਤ ਇਕ ਅਜਿਹੇ ਥਾਂ ਡੇਰਾ ਲਾਇਆ ਜਿਥੇ ਜ਼ਮੀਨ ਆਬਾਦ ਹੋ ਚੁੱਕੀ ਸੀ, ਪਰ ਪਿੰਡ ਨੇੜੇ ਕੋਈ ਨਹੀਂ ਸੀ। ਸੜਕ ਤੋਂ ਕੁਝ ਹਟਵੀਂ ਮੁਸਲਮਾਨਾਂ ਦੀ ਇਕ ਭੈਣੀ ਸੀ। ਸਵੇਰੇ ਅਜੇ ਸੂਰਜ ਨਹੀਂ ਸੀ ਚੜ੍ਹਿਆ ਕਿ ਇਕ ਬਜ਼ੁਰਗ ਮੁਸਲਮਾਨ ਆਇਆ। ਉਸ ਇਲਾਕੇ ਦਾ ਮੁਸਲਮਾਨ, ਜਿਨ੍ਹਾਂ ਨੂੰ ਅਸੀਂ ਜਾਂਗਲੀ ਕਹਿੰਦੇ ਸਾਂ। ਉਹ ਆਉਂਦਿਆਂ ਹੀ ਬੋਲਿਆ, "ਸਰਦਾਰ ਜੀ ਵਾਹਿਗੁਰੂ ਜੀ ਕੀ ਫਤਹਿ"। ਸਾਡੇ ਬਜ਼ੁਰਗ ਹੈਰਾਨ ਹੋ ਗਏ ਕਿ ਇਕ ਮੁਸਲਮਾਨ ਤੇ ਉਹ ਵੀ ਮੁਲਤਾਨ ਦੇ ਇਲਾਕੇ ਦਾ ਮੁਸਲਮਾਨ, ਫਤਿਹ ਬੁਲਾਉਣੀ ਕਿਥੋਂ ਸਿੱਖਿਆ। ਤਾਇਆ ਜੀ ਦੇ ਕੁਝ ਕਹਿਣ

www.sikhbookclub.com



ਤੋਂ ਪਹਿਲਾਂ ਹੀ ਉਹ ਫੇਰ ਬੋਲਿਆ, "ਓ ਸਰਦਾਰੋ ਤੁਸਾਂ ਕੇਹੀ ਮਿੱਟੀ ਦੇ ਬਣੇ ਹੋਏ ਹੋ। ਸਾਡੀਆਂ ਸਵਾਣੀਆਂ ਘਰ ਬੈਠੀਆਂ ਹੀ ਆਖ ਦਿੰਦੀਆਂ ਹਿਨ, 'ਖੀਰ ਪੀ ਛੋੜ, ਜਮਾਵਣ ਤੇ ਰਿੜਕਣਾ ਪਾਵਣ ਦਾ ਖ਼ਖੇੜਾ ਕੌਣ ਕਰੇ' ਅਤੇ ਤੁਸ਼ਾਡੀ ਮਧਾਣੀ ਇਸ ਸਫ਼ਰ ਵਿਚ ਵੀ, ਧੰਮੀ ਨਾਲ ਖੜਕਣ ਲੱਗ ਪਈ ਗਦੀ। ਮੈਂ ਜਾਤਾ ਰਿੜਕਣਾ ਪਾਵਣ ਵਾਲੀ ਸਵਾਣੀ ਕੋਈ ਜਵਾਨ-ਜਹਾਨ ਹੋਸੀ, ਪਰ ਇਸ ਬੀਬੀ ਦੀ ਉਮਰ ਤਾਂ ਪੰਜਾਹ, ਪਚਵੰਜਾ ਦੇ ਢਿਗ ਹੋਸੀ। ਅਸਲ ਵਿਚ ਮਾਂ ਜੀ (ਸਾਡੀ ਦਾਦੀ) ਦੀ ਉਮਰ ਉਸ ਸਮੇਂ ਸੱਠ ਤੋਂ ਕੋਈ ਦੋ, ਚਾਰ ਸਾਲ ਉੱਤੇ ਸੀ। ਉਹ ਫੇਰ ਕਹਿਣ ਲੱਗਾ, "ਓ ਸਿੰਘੋ ਏਨੀ ਬਹਾਦਰ, ਗੈਰਤਮੰਦ ਤੇ ਹਿੰਮਤੀ ਕੌਮ ਹੁੰਦਿਆਂ ਤੁਸਾਂ ਰਾਜ ਕਿੰਞ ਗਵਾ ਲਿਆ?" ਅਸਲ ਵਿਚ ਉਸ ਬਜ਼ੁਰਗ ਦੀ ਉਮਰ ਉਸ ਵੇਲੇ ਸੌ ਸਾਲ ਤੋਂ ਉੱਤੇ ਸੀ। ਉਸ ਨੇ ਸਿੱਖ ਰਾਜ ਦਾ ਸਮਾਂ ਵੇਖਿਆ ਹੋਇਆ ਸੀ ਤੇ ਲਾਹੌਰ ਦਰਬਾਰ ਦੀ ਸ਼ਾਨੋ-ਸ਼ੌਕਤ ਵੀ ਵੇਖੀ ਹੋਈ ਸੀ, ਉਹ ਉਠਾਂ ਤੇ ਮਾਲ ਲੱਦ ਕੇ ਲਾਹੌਰ ਜਾਂਦੇ ਹੁੰਦੇ ਸਨ। ਕੁਝ ਚਿਰ ਹੋਰ ਗੱਲਬਾਤ ਹੋਈ, ਮੁਸਲਮਾਨ ਬਜ਼ੁਰਗ ਨੇ ਬੜੇ ਨਿੱਘੇ ਪਿਆਰ ਨਾਲ ਸਾਡੇ ਪਰਿਵਾਰ ਨੂੰ ਵਿਦਾ ਕੀਤਾ।

ਮਾਂ ਜੀ ਦਾ ਸਾਰਾ ਪ੍ਰੋਗਰਾਮ ਅਜੇ ਦੱਸਣਾ ਬਾਕੀ ਹੈ। ਦੁੱਧ ਰਿੜਕ ਕੇ ਮਾਂ ਜੀ ਸਾਰੇ ਟੱਬਰ ਲਈ ਪਰਾਉਂਠੇ ਪਕਾਉਂਦੇ। ਸਾਰੇ ਜਣੇ ਦਹੀਂ ਤੇ ਮੱਖਣ ਨਾਲ ਰੱਜ ਕੇ ਪਰਾਉਂਠੇ ਖਾਂਦੇ। ਇਕ-ਇਕ ਪਰਾਉਂਠਾ ਤੇ ਸਵੇਰੇ ਚੋਇਆ ਦੁੱਧ ਦੁਪਹਿਰ ਦੇ ਖਾਣੇ ਲਈ ਰੱਖ ਲਿਆ ਜਾਂਦਾ। ਤਾਇਆ ਸ਼ੇਰ ਸਿੰਘ ਪਿੱਛੋਂ ਦੱਸਦਾ ਹੁੰਦਾ ਸੀ, "ਚਾਚੀ ਸਾਨੂੰ ਸਾਰੇ ਰਾਹ ਵਿਚ ਇੰਞ ਰੋਟੀ-ਟੁੱਕ ਦਿੰਦੀ ਰਹੀ, ਜਿਵੇਂ ਘਰ ਬੈਠੀ ਹੋਵੇ।"

ਇਸ ਤਰ੍ਹਾਂ ਮੰਜ਼ਿਲਾਂ ਮਾਰਦਾ, ਪੈਂਡੇ ਝਾਗਦਾ ਸਾਡਾ ਲਾਣਾ ਕੋਈ ਪੰਝੀ ਦਿਨਾਂ ਪਿੱਛੋਂ (ਪੱਕਾ ਸਮਾਂ ਯਾਦ ਨਹੀਂ) ਆਪਣੇ ਟਿਕਾਣੇ ਪੁੱਜਾ। ਰਾਹ ਵਿਚ ਔਕੜਾਂ ਵੀ ਆਈਆਂ, ਤਾਪ-ਸਰਾਪ ਵੀ ਹੁੰਦਾ ਰਿਹਾ, ਪਰ ਇਹ ਮਾਮੂਲੀ ਗੱਲਾਂ ਸਨ। ਇਕ ਰਾਤ ਬਘਿਆੜ ਵੱਛੇ ਨੂੰ ਪਾੜਨ ਹੀ ਵਾਲਾ ਸੀ ਕਿ ਕੁੱਤਾ ਭੱਬਕ ਮਾਰ ਕੇ ਉਸ ਦੇ ਗਲ ਜਾ ਪਿਆ। ਸਾਰੇ ਜਾਗ ਪਏ, ਪਿੱਛੋਂ ਬਾਕੀ ਰਾਤ ਵਾਰੀ-ਵਾਰੀ ਇਕ ਜਣਾ ਪਹਿਰਾ ਦਿੰਦਾ ਰਿਹਾ। ਇਕ ਰਾਤ ਚੋਰ ਜੋਗਾਂ ਖੋਲ੍ਹਣ ਆ ਗਏ। ਉਦੋਂ ਵੀ ਕੁੱਤਾ ਭੌਂਕ ਪਿਆ। ਚੋਰ ਚਾਰ ਸਨ। ਇਧਰੋਂ ਅਜੇ ਬਾਬੇ ਬੂੜ ਸਿੰਘ ਨੇ ਹੀ ਲਲਕਾਰਾ ਮਾਰਿਆ ਸੀ ਕਿ ਚੋਰਾਂ ਨੂੰ ਭੱਜਦਿਆਂ ਰਾਹ ਨਾ ਲੱਭਾ। ਚਾਚਾ ਦਲੀਪ ਸਿੰਘ ਉਦੋਂ ਮੱਸ-ਫੁੱਟ ਗੱਭਰੂ ਸੀ, ਉਹ ਗੰਡਾਸੀ ਵਾਲੀ ਡਾਂਗ ਫੜੀ ਛਾਲ ਮਾਰ ਕੇ ਉੱਠਿਆ। ਉਸ ਨੇ ਇਕ ਦੋਹਾਂ ਨੂੰ ਢਾਹ ਲੈਣਾ ਸੀ, ਪਰ ਨੰਗੇ ਪੈਰੀਂ ਦੌੜਿਆ ਸੀ। ਪੈਰ ਵਿਚ ਕਿੱਕਰ ਦੀ ਲੰਮੀ ਸੂਲ ਚੁੱਭ ਗਈ ਤੇ ਉਸ ਦੀ ਦੌੜ ਮੱਠੀ ਪੈ ਗਈ। ਇਕ ਚੋਰ ਦੀ ਪੱਗ ਟਾਹਲੀ ਨਾਲ ਅੜ ਕੇ ਡਿੱਗ ਪਈ, ਉਹ ਉਥੇ ਹੀ ਛੱਡ ਕੇ ਭੱਜ ਗਿਆ, ਦੂਜੇ ਦਾ ਪੈਰ ਚਿੱਕੜ ਵਿਚ ਖੁੱਭ ਗਿਆ, ਉਹ ਜੁੱਤੀ ਦਾ ਇਕ ਛਿੱਤਰ ਖੁੱਭਿਆ ਹੀ ਛੱਡ ਗਿਆ। ਸਵੇਰੇ ਉੱਠ ਕੇ ਸਾਡੇ ਨੌਕਰ ਨੇ ਛਿੱਤਰ ਟੋਕੇ ਨਾਲ ਵੱਢ ਕੇ ਦੋ ਟੋਟੇ ਕਰ ਦਿੱਤਾ, ਫੇਰ ਪੱਗ ਦੇ ਦੋ ਟੋਟੇ ਕਰਕੇ ਛਿੱਤਰ ਦੇ ਦੋਵੇਂ ਟੋਟੇ ਉਹਨਾਂ ਨਾਲ ਬੰਨ੍ਹ ਕੇ ਟਾਹਲੀ ਦੀ ਟਾਹਣੀ ਨਾਲ ਲਮਕਾ ਦਿੱਤੇ।

www.sikhbookclub.com



ਸਫ਼ਰ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਤੇ ਔਕੜਾਂ ਦੀਆਂ ਕਹਾਣੀਆਂ ਕਈ ਸਾਲ ਪਿੱਛੋਂ ਤਕ ਅਸੀਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਰਹੇ। ਹਰ ਟੱਬਰ ਦੀਆਂ ਆਪੋ-ਆਪਣੀਆਂ ਕਹਾਣੀਆਂ ਸਨ, ਪਰ ਕਦੇ ਕਿਸੇ ਨੇ ਖਿਝ ਕੇ ਜਾਂ ਝੂਰ ਕੇ ਨਹੀਂ ਕਿਹਾ ਕਿ ਅਸੀਂ ਰਾਹ ਵਿਚ ਇੰਨੇ ਔਖੇ ਹੋਏ। ਸਭ ਕੁਝ ਹਾਸੇ ਮਖੌਲ ਵਿਚ ਹੀ ਬਿਆਨ ਕੀਤਾ ਜਾਂਦਾ ਰਿਹਾ। ਜੇ ਉਹ ਲੋਕ ਏਨੇ ਹਿੰਮਤੀ ਤੇ ਏਨੇ ਵੱਡੇ ਜੇਰੇ ਵਾਲੇ ਨਾ ਹੁੰਦੇ ਤਾਂ ਬਾਰਾਂ ਨਾ ਆਬਾਦ ਕਰ ਸਕਦੇ। ਸਾਡੇ ਵਡੇਰਿਓ, ਸਾਨੂੰ ਤੁਹਾਡੇ ਕਾਰਨਾਮਿਆਂ ਤੇ ਸਦਾ ਮਾਣ ਰਹੇਗਾ—ਆਫ਼ਰੀਨ, ਸਦ ਆਫ਼ਰੀਨ, ਪਰ ਅਫ਼ਸੋਸ ਤੁਸਾਂ ਸਾਨੂੰ ਕੋਈ ਅਜਿਹੀ ਗੁੜ੍ਹਤੀ ਨਾ ਦਿੱਤੀ, ਜਿਸ ਨਾਲ ਅਸੀਂ ਵੀ ਕੁਝ ਤੁਹਾਡੇ ਵਰਗਾ ਕਰ ਵਿਖਾਉਂਦੇ।

www.sikhbookclub.com

# 5
# ਗੰਜੀ ਬਾਰ ਵਿਚ ਪਹਿਲਾ ਦਿਨ

ਸਫ਼ਰ ਦੇ ਅਖ਼ੀਰਲੇ ਦਿਨ ਜ਼ਰਾ ਲੰਮੀ ਮੰਜ਼ਲ ਮਾਰ ਕੇ ਆਪਣੇ ਪਿੰਡ ਜਾ ਪੁੱਜੇ— ਜਿਹੜਾ ਪਿੰਡ ਅਜੇ ਬੱਝਾ ਨਹੀਂ ਸੀ, ਜਿਸ ਪਿੰਡ ਦੀ ਅਜੇ ਮੋਹੜੀ ਹੀ ਨਹੀਂ ਸੀ ਗੱਡੀ ਗਈ, ਜਿਥੇ ਨਾ ਕੋਈ ਪਿੰਡ ਸੀ, ਨਾ ਕੋਈ ਪਿੰਡ ਦਾ ਵਸਨੀਕ। ਸਾਡਾ ਟੱਬਰ ਇਸ ਪਿੰਡ ਵਿਚ ਪੁੱਜਣ ਵਾਲਾ ਪਹਿਲਾ ਪਰਵਾਰ ਸੀ, ਅਤੇ ਇੰਞ ਸਾਡੇ ਬਜ਼ੁਰਗਾਂ ਨੇ ਹੀ ਚੱਕ ਨੰਬਰ 79/15 ਐਲ ਦੀ ਮੋੜ੍ਹੀ ਗੱਡੀ। ਇਸ ਦਿਨ ਕੀ ਵਾਰ ਸੀ ਤੇ ਕਿਹੜੀ ਤਾਰੀਖ ਸੀ, ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ। (ਮਗਰੋਂ ਇਸ ਪਿੰਡ ਦਾ ਨਾਮ, ਬੱਚੇ ਦਾ ਨਾਮ ਰੱਖਣ ਵਾਂਗ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ, 'ਬਸੰਤ ਪੁਰਾ' ਰੱਖਿਆ ਗਿਆ।)

ਤਾਇਆ ਸ਼ੇਰ ਸਿੰਘ ਪਹਿਲਾਂ ਆਪਣੇ ਮੁਰੱਬੇ ਦੀ ਨਿਸ਼ਾਨਦੇਹੀ ਲੈ ਗਿਆ ਸੀ; ਮੁਰੱਬਾ ਪਿੰਡ ਦੇ ਨਾਲ ਲੱਗਦਾ ਸੀ; ਮੁਰੱਬੇ ਦੇ ਅਤੇ ਪਿੰਡ ਦੀ ਵਸੋਂ ਵਾਲੀ ਥਾਂ ਦੇ ਵਿਚਾਲੇ ਚਰਾਗਾ ਸੀ। 'ਚਰਾਗਾ' ਪਿੰਡ ਦੇ ਚੁਫੇਰੇ ਵਿਹਲੀ ਛੱਡੀ ਸਾਂਝੀ ਜ਼ਮੀਨ ਨੂੰ ਕਿਹਾ ਜਾਂਦਾ ਸੀ। ਇਹ ਫ਼ਾਰਸੀ ਸ਼ਬਦ 'ਚਰਾਗਾਹ' ਦਾ ਪੰਜਾਬੀ ਵਿਚ ਅਪਣਾਇਆ ਗਿਆ ਰੂਪ ਸੀ, ਜੋ ਪੁਲਿੰਗ ਵਜੋਂ ਵਰਤਿਆ ਜਾਂਦਾ ਸੀ। ਇਸੇ ਚਰਾਗੇ ਵਿਚ ਆਪਣੇ ਮੁਰੱਬੇ ਦੇ ਨੇੜੇ ਜਿਹੇ ਰੁੱਖਾਂ ਦੀ ਇਕ ਝੰਗੀ ਵਿਚ ਆ ਡੇਰਾ ਲਾਇਆ। ਇਥੇ ਦੋ ਵਣ ਤੇ ਤਿੰਨ, ਚਾਰ ਜੰਡ ਸਨ। ਕੁਦਰਤੀ ਇਸ ਸਾਲ ਮੁਲਤਾਨ ਵਿਚ ਵੀ ਮੀਂਹ ਚੰਗੇ ਪਏ ਸਨ; ਚਰਾਗੇ ਵਿਚ ਘਾਹ ਸੋਹਣਾ ਖੜਾ ਸੀ। ਡੰਗਰ ਚਰਨ ਲਈ ਖੁੱਲ੍ਹੇ ਛੱਡ ਦਿੱਤੇ। ਮਾਂ ਜੀ ਨੇ ਬਿਨਾ ਕਿਸੇ ਰਸਮੋ-ਰਿਵਾਜ ਦੇ ਪਿੰਡ ਪਹਿਲੇ ਚੁੱਲ੍ਹੇ ਵਿਚ ਅੱਗ ਬਾਲੀ ਅਤੇ ਦਾਲ ਰਿੱਝਣੀ ਧਰ ਦਿੱਤੀ।

ਕੁਝ ਹਟਵੀਂ ਖੜੀ ਇਕ ਟਿੱਬੀ ਤੇ ਚੜ੍ਹ ਕੇ ਦੋਹਾਂ ਬਾਬਿਆਂ ਨੇ ਚੁਫੇਰੇ ਨਿਗਾਹ ਮਾਰੀ। ਨਾ ਇਥੇ ਕੋਈ ਬੰਦਾ ਸੀ, ਨਾਂ ਬੰਦੇ ਦੀ ਜ਼ਾਤ; ਭਾਂ-ਭਾਂ ਕਰਦਾ ਬੀਆਬਾਨ। ਜ਼ਮੀਨ ਜ਼ਰੂਰ ਪਹਿਲਾਂ ਆਬਾਦ ਹੋ ਚੁੱਕੀ ਸੀ; ਸਾਡੇ ਮੁਰੱਬੇ ਦੀਆਂ ਦੋਹ ਪੈਲੀਆਂ ਵਿਚ ਨਰਮੇ ਦੀਆਂ ਛਿਟੀਆਂ ਵੀ ਖੜ੍ਹੀਆਂ ਸਨ, ਪਰ ਸਾਨੂੰ ਮੁਰੱਬਿਆਂ ਦੇ ਦਖ਼ਲ ਮਿਲਦਿਆਂ ਹੀ ਪਹਿਲੇ ਆਬਾਦਕਾਰ ਇਥੋਂ ਜਾ ਚੁੱਕੇ ਸਨ।

ਬਾਬੇ ਨੇ ਦੂਰ ਤਕ ਨਿਗਾਹ ਮਾਰ ਕੇ ਵੇਖਿਆ ਕਿਤੇ ਪਾਣੀ ਨਜ਼ਰ ਨਾ ਆਇਆ। ਤਾਏ ਨੂੰ ਆਵਾਜ਼ ਮਾਰ ਕੇ ਆਖਿਆ, "ਸ਼ੇਰ ਸਿੰਹਾ ਇਥੇ [ਕਿਤੇ ਪਾਣੀ ਵੀ ਹੈ ਕਿ ਡੰਗਰ ਤਿਹਾਏ ਹੀ ਰਹਿਣਗੇ?" ਤਾਏ ਨੇ ਕਿਹਾ, "ਭਾਈਆ, ਪਾਣੀ ਹੋਵੇਗਾ, ਆਖ਼ਰ ਪਾਣੀ ਨਾਲ ਹੀ ਤਾਂ ਭੋਂ ਅਬਾਦ ਹੋਈ ਏ।" ਇਹ ਕਹਿ ਕੇ ਤਾਏ ਨੇ ਘੋੜੀ ਫੜੀ, ਪਲਾਕੀ ਮਾਰ ਕੇ ਉਸ ਦੇ ਉੱਤੇ ਬਹਿ ਗਿਆ ਤੇ ਉਸ ਪਾਸੇ ਗਿਆ, ਜਿਧਰੋਂ ਦੀ ਪਾਣੀ ਦਾ ਖਾਲ ਲੰਘਦਾ

www.sikhbookclub.com



ਸੀ। ਇਹ ਸਾਡੇ ਟੱਬਰ ਦੀ ਬੜੀ ਖ਼ੁਸ਼ ਕਿਸਮਤੀ ਸੀ ਕਿ ਉਹ ਖਾਲ ਉਸ ਦਿਨ ਵਗਦਾ ਸੀ—ਖਾਲ ਦੇ ਇਸ ਹਿੱਸੇ ਤਕ ਪਾਣੀ ਹਫ਼ਤੇ ਵਿਚ ਸਿਰਫ਼ ਦੋ ਦਿਨ ਪਹੁੰਚਦਾ ਸੀ। ਮਾਲ-ਡੰਗਰ ਖਾਲ ਵੱਲ ਨੂੰ ਹਿੱਕ ਲਿਆ। ਡੰਗਰਾਂ ਨੇ ਰੱਜ ਕੇ ਪਾਣੀ ਪੀਤਾ। ਪਿੱਛੋਂ ਸਾਰੇ ਟੱਬਰ ਨੇ ਇਸੇ ਖਾਲ ਵਿਚ ਇਸ਼ਨਾਨ ਕੀਤਾ। ਪੰਜੀ ਦਿਨਾਂ ਤਕ ਬੇਗਾਨੀਆਂ ਜੂਹਾਂ ਵਿਚ ਨਹਾਉਣ ਪਿੱਛੋਂ ਤੇ ਓਪਰਿਆਂ ਖਾਲਾਂ, ਰਜਵਾਹਿਆਂ ਦਾ ਪਾਣੀ ਪੀਣ ਪਿੱਛੋਂ ਕਿੰਨਾ ਪਿਆਰਾ, ਕਿੰਨਾ ਦਿਲਕਸ਼ ਲੱਗਾ ਹੋਊ ਆਪਣੇ ਪਿੰਡ ਦੇ ਖਾਲ ਦਾ ਪਾਣੀ। ਇਸ ਬਾਰੇ ਸਾਡੇ ਬਜ਼ੁਰਗਾਂ ਨੇ ਕਦੇ ਕੋਈ ਗੱਲ ਨਹੀਂ ਸੀ ਕੀਤੀ; ਬੱਸ ਇੰਨਾ ਕਹਿ ਛੱਡਦੇ ਸਨ, "ਸ਼ੁਕਰ ਕੀਤਾ ਕਿ ਟੱਬਰ ਦੇ ਸ਼ਾਰੇ ਜੀਅ, ਅਤੇ ਮਾਲ-ਡੰਗਰ ਸੁੱਖੀਂ-ਸਾਂਦੀ ਟਿਕਾਣੇ ਤੇ ਪੁੱਜ ਗਏ!"

ਅਗਲੇ ਦਿਨ ਸਾਡੇ ਪਰਵਾਰ ਨੂੰ ਆਪਣੇ ਨਵੇਂ ਪਿੰਡ ਵਿਚ ਪਹਿਲਾ ਸੂਰਜ ਚੜ੍ਹਿਆ, ਤੇ ਚੜ੍ਹਿਆ ਵੀ ਆਪਣੇ ਮੁਰੱਬੇ ਵੱਲੋਂ ਦੀ। ਤਾਏ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਦੋਹਾਂ ਬਾਬਿਆਂ ਨੂੰ ਆਪਣੀ ਜ਼ਮੀਨ ਵਿਖਾਈ। ਭੋਂ ਕੋਈ ਤੀਜਾ ਹਿੱਸਾ ਹੀ ਸਵਾਹਰੀ ਕੀਤੀ ਹੋਈ ਸੀ। ਸਾਡਾ ਮੁਰੱਬਾ ਦੋ ਮੁਰੱਬਿਆਂ ਦਾ ਅੱਧ-ਅੱਧ ਮਿਲਾਕੇ ਬਣਾਇਆ ਸੀ, ਇਸ ਲਈ ਲਮਾਈ ਦੋ ਮੁਰੱਬਿਆਂ ਦੀ ਸੀ ਤੇ ਚੌੜਾਈ ਅੱਧੇ ਮੁਰੱਬੇ ਜਿੰਨੀ। ਵਿਚ ਖਾਲ ਵੀ ਅਜੇ ਪੂਰਾ ਨਹੀਂ ਸੀ ਕੱਢਿਆ ਹੋਇਆ। ਖੈਰ, ਤਿੰਨ ਕਿੱਲੇ ਭੋਂ ਪੈਰ ਤੇ ਹੀ ਬੀਜਣ ਜੋਗੀ ਸੀ। ਵਾਪਸ ਡੇਰੇ ਤੇ ਪੁੱਜੇ ਤਾਂ ਮਾਂ ਜੀ ਨੇ ਪਰੌਂਠੇ ਤਿਆਰ ਕੀਤੇ ਹੋਏ ਸਨ। ਰੋਟੀ ਖਾਣ ਲੱਗੇ ਤਾਂ ਵੱਡਾ ਬਾਬਾ ਬੋਲਿਆ, "ਓਏ ਆਪ ਤਾਂ ਪਰੌਂਠੇ ਖਾਣ ਲੱਗ ਪਏ ਜੇ ਇਹਨਾਂ ਬੇਜ਼ਬਾਨਿਆਂ ਦਾ ਵੀ ਕੋਈ ਫ਼ਿਕਰ ਹੈ ਕਿ ਨਹੀਂ?" ਤਾਏ ਨੇ ਦਿਲਾਸਾ ਦਿਵਾਇਆ, "ਭਾਈਆ, ਮੈਂ ਹੁਣੇ ਜਾਨਾ ਪੱਠੇ ਲੱਭਣ।" ਤਾਇਆ ਅਜੇ ਘੋੜੀ ਤੇ ਕਾਠੀ ਪਾ ਹੀ ਰਿਹਾ ਸੀ ਕਿ ਦੂਰੋਂ ਇਕ ਮੁਸਲਮਾਨ ਆਉਂਦਾ ਦਿੱਸਿਆ। ਇਸੇ ਪਾਸੇ ਰਾਤ ਬਜ਼ੁਰਗਾਂ ਨੇ ਚੁੱਲ੍ਹੇ ਜਾਂ ਧੂੰਏਂ ਵਿਚ ਅੱਗ ਬਲਦੀ ਵੇਖੀ ਸੀ ਤੇ ਬਾਬੇ ਰੂੜ ਸਿੰਘ ਨੇ ਕਿਹਾ ਸੀ, "ਜੇ ਇਹ ਕੋਈ ਭੂਤ-ਪ੍ਰੇਤ ਨਹੀਂ ਤਾਂ ਫਿਰ ਇਸ ਬੀਆਬਾਨ ਵਿਚ ਵੀ ਆਦਮ ਜਾਤ ਵੱਸਦੀ ਏ।" ਉਹ ਮੁਸਲਮਾਨ ਬੜੇ ਤਪਾਕ ਨਾਲ ਮਿਲਿਆ, ਜੀਅ-ਆਇਆਂ ਆਖਿਆ ਤੇ ਇਸ ਸਾਰੇ ਇਲਾਕੇ ਬਾਰੇ ਚੋਖੀ ਜਾਣਕਾਰੀ ਦਿੱਤੀ। ਬਾਬੇ ਨੇ ਉਸ ਨੂੰ ਵੀ ਪੱਠਿਆਂ ਬਾਰੇ ਹੀ ਪੁੱਛਿਆ। ਉਸ ਨੇ ਦੱਸਿਆ, "ਕਿ ਪੱਠਿਆਂ ਦੀ ਤਾਂ ਜ਼ਰੂਰ ਤੰਗੀ ਰਹੇਗੀ, ਤੁਸੀਂ ਆਪਣੇ ਪੱਠੇ ਛੇਤੀ ਬੀਜ ਲਓ।" ਨਾਲ ਹੀ ਉਸ ਨੇ ਢਾਈ ਤਿੰਨ ਮੀਲ ਦੂਰ ਪੱਠਿਆਂ ਦੀ ਦੱਸ ਪਾਈ।

ਇਸੇ ਮੁਸਲਮਾਨ ਤੋਂ ਪਤਾ ਲੱਗਾ ਕਿ ਸਾਡੇ ਪਿੰਡ ਦੀ ਜ਼ਮੀਨ ਵਿਚ ਹੀ ਜਾਂਗਲੀਆਂ ਦੀਆਂ ਦੋ ਭੈਣੀਆਂ ਹਨ। ਭੈਣੀ ਉਸ ਇਲਾਕੇ ਵਿਚ ਕਿਸੇ ਇਕ ਟੱਬਰ, ਜਾਂ ਦੋ ਤਿੰਨਾਂ ਟੱਬਰਾਂ ਦੀਆਂ ਵੱਖਰੀਆਂ ਪਾਈਆਂ ਝੁੱਗੀਆਂ ਨੂੰ ਕਹਿੰਦੇ ਸਨ। ਉਹਨਾਂ ਵਿਚੋਂ ਇਕ ਭੈਣੀ ਇਸ ਜਾਂਗਲੀ ਦੀ ਸੀ। ਜੇ ਮੇਰੀ ਯਾਦਦਾਸ਼ਤ ਠੀਕ ਹੈ ਤਾਂ ਇਸ ਦਾ ਨਾਮ ਸੀ ਮੁਰਾਦ। ਇਹ ਸਾਡੇ ਬਾਰ ਛੱਡਣ ਤਕ ਸਾਡੇ ਪਿੰਡ ਦੀ ਜ਼ਮੀਨ ਹੀ ਹਿੱਸੇ, ਠੇਕੇ ਤੇ ਲੈ ਕੇ ਵਾਹੁੰਦਾ ਰਿਹਾ। ਇਸੇ ਨੇ ਦੱਸਿਆ ਕਿ ਲਾਗਦੇ ਪਿੰਡ ਵਿਚ ਦੋ ਟੱਬਰ ਸਿੱਖ ਅਬਾਦਕਾਰਾਂ ਦੇ ਵੀ ਰਹਿੰਦੇ ਹਨ। ਇਸ ਜਾਂਗਲੀ ਨੂੰ ਮਿਲ ਕੇ ਸਾਡੇ ਟੱਬਰ ਨੂੰ ਕਾਫ਼ੀ ਧਰਵਾਸ ਹੋਈ।

www.sikhbookclub.com



ਤਾਇਆ ਪੱਠਿਆਂ ਦੀ ਭਾਲ ਵਿਚ ਫੇਰ ਤੁਰਨ ਹੀ ਵਾਲਾ ਸੀ ਕਿ ਉਹਨਾਂ ਸਿੱਖ ਪਰਵਾਰਾਂ ਦੇ ਦੋ ਬੰਦੇ ਵੀ ਊਠ ਤੇ ਚੜ੍ਹ ਕੇ ਆ ਗਏ। ਉਹਨਾਂ ਨੂੰ ਰਾਤੋ-ਰਾਤ ਹੀ ਕਿਸੇ ਤਰ੍ਹਾਂ ਖ਼ਬਰ ਮਿਲ ਗਈ ਸੀ ਕਿ ਇਕ ਨਵਾਂ ਸਿੱਖ ਟੱਬਰ ਆ ਗਿਆ ਹੈ। ਐਡੀ ਵੱਡੀ ਖ਼ਬਰ ਸੁਣਕੇ ਉਹ ਘਰ ਕਿਵੇਂ ਬਹਿ ਸਕਦੇ ਸਨ। ਤਾਇਆ ਜੀ ਦੱਸਦੇ ਹੁੰਦੇ ਸਨ ਕਿ ਅਸੀਂ ਇਕ ਦੂਜੇ ਨੂੰ ਇਵ ਜੱਫੀਆਂ ਪਾ ਕੇ ਮਿਲੇ ਜਿਵੇਂ ਮੇਲੇ ਵਿਚੋਂ ਗੁਆਚਾ ਬੱਚਾ ਲੱਭਣ ਪਿੱਛੋਂ ਮਾਂ ਦੇ ਗਲ ਨੂੰ ਚੰਬੜਦਾ ਹੈ। ਕਿੰਨੇ ਕਰਮਾਂ ਵਾਲੇ ਸਾਂ ਅਸੀਂ, ਕਿ ਇਸ ਵੈਰਾਨ ਜੰਗਲ ਵਿਚ ਵੀ ਸਾਨੂੰ ਬੰਦੇ ਮਿਲ ਗਏ, ਤੇ ਬੰਦੇ ਵੀ ਆਪਣੀ ਜਾਤ ਦੇ। ਪਹਿਲੀ ਵਾਰ ਵੱਡੇ ਬਾਬੇ ਦੇ ਚਿਹਰੇ ਤੇ ਭੀ ਕੁਝ ਖੇੜਾ ਆਇਆ। ਉਹਨਾਂ ਸਿੱਖਾਂ ਨੇ ਕਿਹਾ, "ਦੋ ਦੋ ਦਿਨਾਂ ਦੇ ਪੱਠੇ ਤਾਂ ਤੁਸੀਂ ਸਾਡੇ ਦੋ ਟੱਬਰਾਂ ਕੋਲੋਂ ਲੈ ਆਓ ਤੇ ਉਦੋਂ ਤਕ ਕੋਈ ਬੰਦੋਬਸਤ ਕਰ ਦਿਆਂਗੇ।" ਉਹਨਾਂ ਨੇ ਬੰਦੋਬਸਤ ਕਰ ਵੀ ਦਿੱਤਾ। ਪੱਠੇ ਭਾਵੇਂ ਢਾਈ, ਤਿੰਨ ਮੀਲ ਤੋਂ ਹੀ ਲਿਆਉਣੇ ਪੈਂਦੇ ਰਹੇ, ਪਰ ਮਾੜੇ-ਚੰਗੇ ਮਿਲ ਗਏ। ਤੂੜੀ ਦਾ ਕੁੱਪ ਵੀ ਜਾਂਗਲੀਆਂ ਕੋਲੋਂ ਮਿਲ ਗਿਆ। ਓਧਰ ਦੇ ਜਾਂਗਲੀ ਮੂਸਲ ਬੰਨ੍ਹਣਾ ਨਹੀਂ ਸਨ ਜਾਣਦੇ, ਤੂੜੀ ਦੇ ਕੁੱਪ ਹੀ ਬੰਨ੍ਹਦੇ ਸਨ।

ਉਹਨਾਂ ਸਿੱਖਾਂ ਨੇ ਹੀ ਦੱਸਿਆ ਕਿ ਇਥੇ ਨਾ ਕੋਈ ਹੱਟੀ ਹੈ ਨਾ ਦੁਕਾਨ, ਨਾ ਲੁਹਾਰ ਨਾ ਤਰਖਾਣ, ਨਾ ਤੇਲੀ ਨਾ ਮੋਚੀ, ਕੰਮਿਹਾਰ, ਚੁਮਿਆਰ, ਨਾ ਹੀ ਡਾਕਟਰ-ਹਕੀਮ-ਕੋਈ ਨੀਮ ਹਕੀਮ ਵੀ ਨਹੀਂ। ਬੱਸ ਇਕ ਗੁਰੂ ਦੀ ਓਟ ਹੈ। ਜਾਣ ਲੱਗਿਆਂ ਉਹਨਾਂ ਕਿਹਾ, "ਇਹ ਦੋ ਨਿੱਕੀਆਂ-ਨਿੱਕੀਆਂ ਚੀਜ਼ਾਂ ਨੇ, ਤੁਹਾਨੂੰ ਇਹਨਾਂ ਦੀ ਲੋੜ ਹੋਵੇਗੀ।" ਇਹ ਆਖ ਕੇ ਉਹਨਾਂ ਨੇ ਦੋ ਬੋਤਲਾਂ ਕੱਢੀਆਂ ਸੱਜਰੀ ਘਰ ਦੀ ਕੱਢੀ ਸ਼ਰਾਬ ਦੀਆਂ। ਤਾਇਆ ਸ਼ਰਾਬ ਨਹੀਂ ਸੀ ਪੀਂਦਾ। ਉਹ ਕੁਝ ਨਾਂਹ-ਨੁੱਕਰ ਕਰਨ ਲੱਗਾ, ਪਰ ਬਾਕੀ ਸਾਰੇ ਪੀਣ ਵਾਲੇ ਸਨ ਤੇ ਵੱਡਾ ਬਾਬਾ ਤਕੜਾ ਪਿਆਕ ਸੀ; ਉਸ ਨੇ ਅਗਾਂਹ ਹੋ ਕੇ ਬੋਤਲਾਂ ਆਪ ਫੜ ਲਈਆਂ ਤੇ ਤਾਏ ਵੱਲ ਨੂੰ ਹੱਥ ਕਰਕੇ ਆਖਣ ਲੱਗਾ, "ਇਹ ਤਾਂ ਜੱਟ ਦੇ ਘਰ ਐਵੇਂ ਜੰਮ ਪਿਆ, ਇਹਨੂੰ ਕਿਸੇ ਬਾਹਮਣ ਦੇ ਘਰ ਜੰਮਣਾ ਚਾਹੀਦਾ ਸੀ।" ਦੂਜੀ ਸੁਗਾਤ ਉਹਨਾਂ ਨੇ ਦਿੱਤੀ ਫਟਕੜੀ। ਪਿੱਛੋਂ ਛੇਤੀ ਹੀ ਸਾਨੂੰ ਪਤਾ ਲੱਗ ਗਿਆਂ ਕਿ ਫਟਕੜੀ ਇਥੇ ਕਿੰਨੀ ਜ਼ਰੂਰੀ ਚੀਜ਼ ਸੀ। ਪਾਣੀ ਖਾਲਾਂ ਦਾ ਪੀਣਾ ਪੈਣਾ ਸੀ, ਤੇ ਗੰਜੀ ਬਾਰ ਦੀ ਨਹਿਰ ਦਾ ਪਾਣੀ ਬੜਾ ਗੰਘਲਿਆ ਹੋਇਆ ਸੀ—ਨਿਰੀ ਗਾਰ। ਘੜੇ ਵਿਚ ਪਾਣੀ ਪਾਕੇ ਵਿਚ ਫਟਕੜੀ ਘੋਲ ਦਿੱਤੀ ਜਾਂਦੀ। ਦੋ ਘੜੀਆਂ ਪਿੱਛੋਂ ਗਾਰ ਹੇਠਾਂ ਬਹਿ ਜਾਂਦੀ ਤੇ ਨਿਤਰਿਆ ਹੋਇਆ ਪਾਣੀ ਉੱਤੇ ਰਹਿ ਜਾਂਦਾ। ਕੋਈ ਚਾਰ, ਪੰਜ ਸਾਲ ਸਾਰੇ ਬਾਰ ਵਾਲੇ ਇਹੋ ਫਕਟੜੀ ਵਾਲਾ ਪਾਣੀ ਪੀਂਦੇ ਰਹੇ। ਪਿੱਛੋਂ ਪਿੰਡਾਂ ਵਿਚ ਖੂਹ ਲੱਗ ਗਏ ਤੇ ਘਰਾਂ ਵਿਚ ਵਰਤਣ ਲਈ ਖੂਹਾਂ ਦਾ ਪਾਣੀ ਝਿਊਰ ਦੇ ਜਾਂਦੇ। ਪਰ ਬਾਹਰ ਜਾਂਦਿਆਂ ਫੇਰ ਖਾਲਾਂ, ਰਜਵਾਹਿਆਂ ਦਾ ਪਾਣੀ ਹੀ ਪੀਣਾ ਪੈਂਦਾ ਸੀ। ਦਸ ਬੁੱਕ ਪਾਣੀ ਨਾਲ ਕਿੰਨੇ ਤੋਲੇ ਗਾਰ ਅੰਦਰ ਜਾਂਦੀ ਸੀ, ਇਸ ਦਾ ਕਿਸੇ ਨੇ ਅਨੁਮਾਨ ਲਾਉਣ ਦੀ ਲੋੜ ਨਹੀਂ ਸੀ ਸਮਝੀ, ਪਰ ਕਦੇ ਕਿਸੇ ਨੂੰ ਪੇਚਸ ਨਹੀਂ ਸਨ ਲੱਗੇ, ਕਿਸੇ ਨੂੰ ਹੈਜ਼ਾ ਨਹੀਂ ਸੀ ਹੋਇਆ, ਕੋਈ ਹੋਰ ਰੋਗ ਨਹੀਂ ਸੀ ਲੱਗਾ। ਗੰਜੀ ਬਾਰ ਦੇ ਵਸਨੀਕਾਂ ਦੀਆਂ ਦੋ ਪੀੜ੍ਹੀਆਂ ਇਹੋ ਗਾਰ ਵਾਲਾ ਪਾਣੀ ਪੀ ਕੇ ਪਲੀਆਂ, ਕਿਸੇ ਬੁੱਢੇ ਨੂੰ

www.sikhbookclub.com



ਵੀ ਕੋਈ ਅਜਿਹਾ ਰੋਗ ਨਹੀਂ ਸੀ ਲੱਗਾ ਜਿਹੜੇ ਅੱਜ ਉਬਾਲਿਆ ਹੋਇਆ ਪਾਣੀ ਪੀ-ਪੀ ਕੇ ਪਲੇ ਨੌਜਵਾਨਾਂ ਨੂੰ ਲੱਗਦੇ ਹਨ।

ਖੈਰ, ਸਾਡੇ ਬਜ਼ੁਰਗਾਂ ਨੇ ਪਹਿਲੇ ਦਿਨ ਵਿਚ ਹੀ ਘਰ ਦਾ ਬੜਾ ਕੁਝ ਬਣਾ ਲਿਆ। ਮਾਂ ਜੀ ਨੇ ਦੋ ਚੁਲ੍ਹੇ ਬਣਾ ਲਏ, ਚੌਂਕਾ ਲਿੰਬ-ਪੋਚ ਲਿਆ, ਦੁੱਧ ਕਾੜ੍ਹਨ ਲਈ ਭੜੋਲੀ ਵੀ ਤਿਆਰ ਕਰ ਲਈ। ਵੱਡੇ ਬਾਬੇ ਨੇ ਨੌਕਰ ਨੂੰ ਨਾਲ ਲੈ ਕੇ ਖੁਰਲੀ ਬਣਾ ਲਈ, ਕਿੱਲੇ ਵੀ ਠੋਕ ਲਏ ਤੇ ਮੁੱਢੀਆਂ ਗੱਡ ਕੇ, ਲਿੰਬ-ਪੋਚ ਕੇ ਕਵਾਣਾ ਵੀ ਤਿਆਰ ਕਰ ਲਿਆ। ਮੰਜੀਆਂ ਦੋ ਹੀ ਸਨ ਤੇ ਸੌਣ ਵਾਲੇ ਛੇ ਜਣੇ। ਭੁੰਜੇ ਸੌਣਾ ਖ਼ਤਰਨਾਕ ਸੀ। ਪਹਿਲੀ ਰਾਤ ਹੀ ਇਕ ਵੱਡਾ ਸੱਪ ਸ਼ਾਇਦ ਇਹ ਦੱਸਣ ਆ ਗਿਆ ਸੀ ਕਿ ਤੁਸੀਂ ਮੇਰੀ ਜਗੀਰ ਵਿਚ ਕਿਉਂ ਡੇਰਾ ਲਾ ਲਿਆ ਹੈ। ਬਾਬੇ ਰੂੜ ਸਿੰਘ ਨੇ ਨਿਸ਼ਚਾ ਕਰ ਲਿਆ ਸੀ ਕਿ ਅਗਲੀ ਰਾਤ ਕਿਸੇ ਨੂੰ ਭੁੰਜੇ ਨਹੀਂ ਸੌਣ ਦੇਣਾ। ਉਸ ਨੇ ਪਾਵਿਆਂ ਦੀ ਥਾਂ ਦੁਸਾਂਗ ਲੱਕੜਾਂ ਭੋਂ ਵਿਚ ਗੱਡ ਕੇ, ਲੱਕੜਾਂ ਦੇ ਢਾਂਚੇ ਉੱਤੇ ਸਰਕੜਾ, ਘਾਹ-ਫੂਸ ਵਿਛਾਕੇ ਮਣ੍ਹ ਬਣਾ ਦਿੱਤੇ। ਪਿੱਛੋਂ ਦੋ, ਢਾਈ ਮਹੀਨੇ ਇਹੋ ਮਣ੍ਹੇ ਮੰਜਿਆਂ ਦਾ ਕੰਮ ਦਿੰਦੇ ਰਹੇ।

ਚਾਚੇ ਦਲੀਪ ਸਿੰਘ ਨੂੰ ਸਵੇਰੇ ਹੀ ਖੇਤਾਂ ਨੂੰ ਪਾਣੀ ਲਾਉਣ ਭੇਜ ਦਿੱਤਾ ਸੀ। ਮੁਰਾਦ ਜਾਂਗਲੀ ਦੱਸ ਗਿਆ ਸੀ ਕਿ ਪਾਣੀ ਦੀ ਅਜੇ ਨਾ ਕੋਈ ਵਾਰੀ ਹੈ, ਨਾ ਪਾਬੰਦੀ। ਲੋਕ ਅਜੇ ਆਏ ਹੀ ਨਹੀਂ ਸਨ।

ਚਾਚੇ ਨੇ 'ਵਾਗਰੂ' ਆਖ ਕੇ ਨੱਕੇ ਨੂੰ ਟੱਕ ਲਾਇਆ। ਤਿੰਨ ਟੱਕ ਮਾਰਿਆਂ ਪਾਣੀ ਛੱਲਾਂ ਮਾਰਦਾ ਸਾਡੇ ਮੁਰੱਬੇ ਦੇ ਖਾਲ ਵਿਚ ਉੱਤਰਿਆ। ਖੂਹਾਂ ਦੀਆਂ ਆਡਾਂ ਮੋੜਨ ਵਾਲੇ ਚਾਚੇ ਨੂੰ ਕੀ ਪਤਾ ਸੀ ਪਾਣੀ ਏਨੇ ਜ਼ੋਰ ਨਾਲ ਆਉਣਾ ਹੈ। ਕਾਹਲੀ ਨਾਲ ਖਾਲ ਵਿਚੋਂ ਨਿਕਲਦਿਆਂ ਉਹਦੀ ਜੁੱਤੀ ਦਾ ਇਕ ਛਿੱਤਰ ਵੀ ਵਿਚੇ ਰਹਿ ਗਿਆ, ਜਿਹੜਾ ਅਗੇ ਪੈਲੀ ਦੇ ਨੱਕੇ ਤੋਂ ਲੱਭਾ। ਚਾਚੇ ਨੇ ਤਿਕਾਲਾਂ ਤੱਕ ਸਾਰੇ ਕਿਲੇ ਭਰ ਲਏ।

ਸੌਣ ਲੱਗਿਆਂ ਦਿਨ ਦਾ ਲੇਖਾ-ਜੋਖਾ ਲਿਆ ਤਾਂ ਇੰਞ ਜਾਪਿਆ ਕਿ ਅਸਾਂ ਇਕ ਦਿਨ ਵਿਚ ਬੜਾ ਕੁਝ ਕਰ ਲਿਆ ਹੈ—ਖੇਤੀ ਵੀ ਸ਼ੁਰੂ ਹੋ ਗਈ, ਘਰ ਵੀ ਵੱਸ ਪਿਆ, ਮਾਲ-ਡੰਗਰ ਦਾ ਪ੍ਰਬੰਧ ਵੀ ਹੋ ਗਿਆ। ਸਾਰੇ ਖ਼ੁਸ਼ ਸਨ। ਤਾਇਆ ਦੂਰ ਰੜੇ ਵਿਚ ਬੈਠਾ ਰਹਿਰਾਸ ਦਾ ਪਾਠ ਕਰ ਰਿਹਾ ਸੀ। ਜਦੋਂ ਉਸ ਨੇ ਪਾਠ ਮੁਕਾ ਲਿਆ ਤਾਂ ਬਾਬੇ ਨੇ ਬੋਤਲ ਖੋਲ੍ਹੀ। ਦੋ-ਦੋ ਹਾੜੇ ਦੋਂਹ ਭਰਾਵਾਂ ਨੇ ਆਪ ਲਏ, ਇਕ-ਇਕ ਹਾੜਾ ਚਾਚੇ ਨੂੰ ਤੇ ਨੌਕਰ ਨੂੰ ਦਿੱਤਾ, ਤੇ ਪਰਸ਼ਾਦੇ ਛਕ ਸਾਰਾ ਟੱਬਰ ਨਿਸ਼ਚਿੰਤ ਹੋ ਕੇ ਸੁੱਤਾ।

ਸੋ ਸੱਜਣੋਂ, ਇੰਞ ਗੱਡੀ ਗਈ ਮੋੜ੍ਹੀ ਗੰਜੀ ਬਾਰ ਵਿਚ ਸਾਡੇ ਪਿੰਡ ਦੀ, ਤੇ ਇੰਞ ਬੀਤਿਆ ਸਾਡੇ ਟੱਬਰ ਦਾ ਪਹਿਲਾ ਦਿਨ ਗੰਜੀ ਬਾਰ ਵਿਚ।

www.sikhbookclub.com

## 6

# ਬਾਰ ਵਿਚ ਪਹਿਲੇ ਕੁਝ ਦਿਨ

ਬਾਰ ਵਿਚ ਪੁੱਜਦਿਆਂ ਹੀ ਪਹਿਲਾ ਕੰਮ ਪੱਠੇ ਬੀਜਣ ਦਾ ਸੀ। ਇਕ ਵਿਘਾ (ਅੱਧਾ ਕਿੱਲਾ) ਪੱਠੇ ਤਾਂ ਆਉਂਦਿਆਂ ਹੀ ਬੀਜ ਲਏ ਸਨ, ਇਕ ਵਿਘਾ ਹੋਰ ਛੇਤੀ ਹੀ ਬੀਜ ਲਏ। ਦੋਹਰ ਪਾ ਕੇ ਇਕ ਕਿਲਾ ਛੋਲੇ ਵੀ ਬੀਜ ਲਏ। ਹੁਣ ਬਾਬਾ ਕਹਿੰਦਾ ਸੀ ਕਿ ਕਣਕ ਘੱਟੋ-ਘੱਟ ਚੋਹਰ ਪਾ ਕੇ ਬੀਜਣੀ ਹੈ। ਖ਼ੈਰ, ਬਾਬੇ ਨੂੰ ਮਨਾ ਲਿਆ ਕਿ ਨਵੀਂ ਭੋਂ ਵਿਚ ਤਿਹਰ ਹੀ ਕਾਫ਼ੀ ਰਹੇਗੀ। ਬਾਬੇ ਨੇ ਓਸੇ ਵੇਲੇ ਨੌਕਰ ਨੂੰ ਹੁਕਮ ਦਿੱਤਾ, "ਸੰਤਿਆ, ਸਵੇਰੇ ਕੁੱਕੜ ਦੀ ਬਾਂਗੇ ਉੱਠ ਕੇ ਹਲ ਜੋਣੇ ਆਂ।" ਇਥੇ ਮੈਂ ਇਕ ਗੱਲ ਦੱਸਣੀ ਜ਼ਰੂਰੀ ਸਮਝਦਾ ਹਾਂ। ਵੱਡੇ ਬਾਬੇ ਦਾ ਨਾਮ 'ਬੂੜ ਸਿੰਘ' ਕੋਈ ਵਿਰਲਾ ਹੀ ਜਾਣਦਾ ਸੀ। 'ਘਣੀਏਕਿਆਂ' ਵਿਚ ਹੀ ਉਸ ਨੂੰ ਲੋਕੀ 'ਬਾਬਾ ਝਨਾਂ' ਕਹਿੰਦੇ ਸਨ ਤੇ ਇਹ ਨਾਮ ਬਾਰ ਵਿਚ ਵੀ ਉਸ ਦੇ ਨਾਲ ਹੀ ਆਇਆ। ਜਿਸ ਦਿਨ ਬਾਬਾ ਤਿੰਨ, ਚਾਰ ਹਾੜੇ ਇਕੱਠੇ ਪੀ ਲਵੇ, ਉਸ ਦਿਨ ਉਹ ਦਰਿਆ ਝਨਾਂ ਵਾਂਗ ਗੱਜਦਾ ਸੀ। ਇਹ ਘਣੀਏ ਕਿਆਂ ਵਾਲਿਆਂ ਦਾ ਵਿਚਾਰ ਸੀ, ਇਸੇ ਲਈ ਉਹਨਾਂ ਨੇ ਬਾਬੇ ਦਾ ਨਾਮ 'ਬਾਬਾ ਝਨਾਂ' ਪਾ ਦਿੱਤਾ ਸੀ। ਸੰਤਾ ਹੱਸ ਕੇ ਬੋਲਿਆ, "ਭਾਈਆ, ਕੁੱਕੜ ਕਿਥੋਂ ਲਿਆਵਾਂਗੇ ਬਾਂਗ ਦੇਣ ਨੂੰ?" ਬਾਬੇ ਨੇ ਉਸ ਨੂੰ ਦੋ-ਚਾਰ ਗਰਮ-ਗਰਮ ਗਾਲ੍ਹਾਂ ਕੱਢੀਆਂ। ਬਾਬੇ ਦੀਆਂ ਗਾਲ੍ਹਾਂ ਸੁਣ ਕੇ ਸੰਤੇ ਨੂੰ ਨੀਂਦ ਵਾਹਵਾ ਚੰਗੀ ਆਉਂਦੀ ਸੀ। ਅਗਲੇ ਦਿਨ ਚੰਗੇ ਤੜਕੇ ਉੱਠ ਕੇ ਮੂਹਰਲੇ ਹਲ ਦੀ ਜੰਘੀ ਬਾਬੇ ਨੇ ਫੜੀ, ਦੂਜਾ ਹਾਲੀ ਸੰਤਾ ਸੀ। ਦੋਹਾਂ ਦੇ ਪਰਛਾਵੇਂ ਢਲਣ ਤੋਂ ਪਹਿਲਾਂ ਹੀ ਇਕ ਕਿਲੇ ਨੂੰ ਤਿਹਰ ਪਾ ਕੇ ਸੁਹਾਗਾ ਮਾਰ ਦਿੱਤਾ। ਘਰ ਆ ਕੇ ਬਾਬਾ ਕੜਕ ਕੇ ਬੋਲਿਆ, "ਛੇਰ ਸਿਹਾਂ, ਅਸਾਂ ਸਵੇਰੇ ਇਕ ਪੈਲੀ ਬੀਜਣੀ ਏ, ਬੀ ਕੱਢ ਕੇ ਰੱਖੀਂ।" ਚਾਚਾ ਤੇ ਤਾਇਆ ਝੁੱਗੀ ਬਣਾਉਣ ਲਈ ਲੱਕੜਾਂ ਵੱਢ ਕੇ ਲਿਆਏ ਸਨ, ਤਾਇਆ ਹੁਣ ਲੱਕੜਾਂ ਛਾਂਗ ਬਣਾ ਰਿਹਾ ਸੀ। ਬਾਬੇ ਦੀ ਗੱਲ ਸੁਣ ਕੇ ਉਹਦੇ ਹੱਥੋਂ ਕੁਹਾੜੀ ਡਿੱਗ ਪਈ। ਕਿਸੇ ਨੂੰ ਚੇਤਾ ਹੀ ਨਹੀਂ ਸੀ ਕਿ ਕਣਕ ਬੀਜਣ ਲਈ ਘਰ ਬੀ ਦਾ ਇਕ ਦਾਨਾ ਵੀ ਨਹੀਂ ਸੀ। ਬੀ ਖਾਨੇਵਾਲ ਤੋਂ ਨੇੜੇ ਕਿਤੇ ਮਿਲਣਾ ਵੀ ਨਹੀਂ ਸੀ। ਤਾਇਆ ਓਸੇ ਵੇਲੇ ਘੋੜੀ ਤੇ ਚੜ੍ਹ ਕੇ ਮੁਰਾਦ ਜਾਂਗਲੀ ਦੀ ਭੈਣੀ ਤੇ ਪੁੱਜਾ, ਖਾਨੇਵਾਲ ਦਾ ਰਾਹ ਪੁੱਛਣ ਲਈ। ਮੁਰਦ ਨੇ ਸਮਝਾਇਆ ਕਿ ਇੰਝ ਜਾਣ ਦੀ ਗ਼ਲਤੀ ਨਾ ਕਰਨੀ। "ਜੇ ਕੱਪਰ ਵਿਚ ਕਦਾਈਂ ਭੁੱਲੀ ਪੈ ਗਏ ਤਾਂ ਤ੍ਰਿੱਸੇ ਮਰ ਵੈਸੋ।" ਉਸ ਨੇ ਕਿਹਾ, "ਹਿੱਕ ਦਿਹਾੜਾ ਹੋਰ ਰੁੱਕ ਵੰਞੋ, ਡੱਖਣੇ ਵੈਸਣ ਲੱਦੇ (ਲਾਦੂ ਉੱਠ) ਲੈ ਕੇ ਖਾਨੇਵਾਲ ਕੂੰ, ਉਹ ਤੁਸਾਨੂੰ ਨਾਲ ਘਿਨ ਵੈਸਣ।" ਨਾਲ ਹੀ ਮੁਰਾਦ ਨੇ ਪੱਕੀ ਕੀਤੀ ਕਿ ਰਾਹ ਦੇ ਨਿਸ਼ਾਨ ਚੰਗੀ ਤਰ੍ਹਾਂ ਯਾਦ ਕਰ ਲੈਣੇ ਤਾਂ ਜੋ ਫੇਰ ਕਦੇ ਜਾਣਾ ਪਵੇ ਤਾਂ ਰਾਹ ਯਾਦ

www.sikhbookclub.com



ਹੋਵੇ। ਤੀਜੇ ਦਿਨ ਤਾਇਆ ਊਠਾਂ ਵਾਲਿਆਂ ਦੇ ਨਾਲ ਗਿਆ। ਬਾਰ ਵਿਚ ਪੁੱਜਦਿਆਂ ਹੀ ਇਕ ਹੋਰ ਮਸਲਾ ਵੀ ਪੇਸ਼ ਆਇਆ ਸੀ। ਪਲਟਣ ਵਿਚ ਹੌਲਦਾਰ ਨੂੰ ਚਿੱਠੀ ਲਿਖਣੀ ਸੀ ਕਿ ਅਸੀਂ ਬਾਰ ਵਿਚ ਪਹੁੰਚ ਗਏ ਹਾਂ। ਘਣੀਏਕੇ ਵਾਲਿਆਂ ਨੂੰ ਵੀ ਦੱਸਣਾ ਸੀ ਕਿ ਅਸੀਂ ਸੁਖੀ-ਸਾਂਦੀ ਪੁੱਜ ਗਏ ਹਾਂ, ਪਰ ਇਸ ਉਜਾੜ ਵਿਚ ਕਾਟ, ਲਿਫਾਫਾ, ਕਲਮ, ਦਵਾਤ ਕਿਥੇ ਅਤੇ ਚਿੱਠੀ ਲਿਖ ਕੇ ਪਾਉਣੀ ਕਿਹੜੇ ਡਾਕਖਾਨੇ ਵਿਚ ਸੀ? ਖ਼ੈਰ, ਤੀਜੇ ਦਿਨ ਤਾਇਆ ਗਿਆ ਤੇ ਸਾਰੇ ਕੰਮ ਕਰ ਆਇਆ। ਚਿੱਠੀ ਲਿਖ ਕੇ ਪਾ ਆਇਆ ਤੇ ਮੁਰਾਦ ਦੇ ਦੱਸੇ ਮੁਤਾਬਕ ਮੰਡੀ ਦੇ ਇਕ ਆੜ੍ਹਤੀ ਦਾ ਪਤਾ ਦੇ ਆਇਆ, ਜੀਹਦੇ ਕੋਲ ਚਿੱਠੀਆਂ ਦੇ ਜਵਾਬ ਪਹੁੰਚਣੇ ਸਨ। ਵਾਪਸ ਆਉਂਦਾ ਤਾਇਆ ਦੋ ਬੋਰੀਆਂ ਬੀ, ਇਕ ਬੋਰੀ ਆਟਾ, ਕੁਝ ਗੁੜ, ਹੋਰ ਲੋੜ ਵਾਲੀਆਂ ਵਸਤਾਂ ਲੈ ਆਇਆ ਤੇ ਨਾਲ ਹੀ ਕੁਝ ਜ਼ਰੂਰੀ ਸੰਦ ਵੀ ਲਿਆਇਆ—ਤੇਸਾ, ਆਰੀ, ਸੱਥਰੀ, ਰੇਤੀ ਆਦਿ। ਘਰ ਪੁੱਜਾ ਤਾਂ ਇਥੇ ਸਾਰਾ ਟੱਬਰ ਬੜਾ ਖ਼ੁਸ਼-ਖ਼ੁਸ਼ ਦਿਸਿਆ, ਕਿਉਂਕਿ ਇਕ ਹੋਰ ਸਿੱਖ ਪਰਿਵਾਰ ਪਹੁੰਚ ਗਿਆ ਸੀ। ਕਿੰਨਾ ਚੰਗਾ ਦਿਨ ਚੜ੍ਹਿਆ ਸੀ ਅੱਜ, ਗੁਰੂ ਦੀ ਕਿੱਡੀ ਵੱਡੀ ਬਖਸ਼ਿਸ਼ ਸੀ। ਬਾਬਾ ਰੂੜ ਸਿੰਘ ਬੜਾ ਘੱਟ ਬੋਲਦਾ ਸੀ ਤੇ ਜਦੋਂ ਬੋਲੇ ਗੱਲ ਪਤੇ ਦੀ ਕਰਦਾ ਸੀ। ਬਾਪੂ ਕਹਿਣ ਲੱਗਾ, "ਭਰਾਓ ਤੁਸੀਂ ਆ ਗਏ ਓ, ਹੁਣ ਸਾਡੇ ਦਿਨ ਫਿਰ ਆਏ ਨੇ, ਹੁਣ ਅਸੀਂ ਵੱਸ ਪਏ ਆਂ।" ਇਹ ਟੱਬਰ ਉਸੇ ਦਿਨ ਰਾਤ ਨੂੰ ਕੁਝ ਹਨੇਰੇ ਹੋਏ ਪੁੱਜਾ ਸੀ, ਜਿਸ ਦਿਨ ਤਾਇਆ ਖਾਨੇਵਾਲ ਗਿਆ ਸੀ। ਇਹਨਾਂ ਨੇ ਸਾਡੇ ਟਿਕਾਣੇ ਤੋਂ ਕੋਈ ਅੱਧ ਮੀਲ ਦੂਰ ਡੇਰਾ ਲਾਇਆ ਸੀ, ਪਰ ਰਾਤੀ ਇਹਨਾਂ ਸਾਡੇ ਚੁੱਲ੍ਹੇ ਵਿਚ ਬੱਲਦੀ ਅੱਗ ਵੇਖ ਲਈ ਸੀ। ਉਹਨਾਂ ਵਿਚੋਂ ਇਕ ਜਣਾ ਸਵੇਰੇ ਹੀ ਸਾਡੇ ਵੱਲ ਆਇਆ। ਉਸ ਵੇਲੇ ਸਿਰਫ਼ ਬਾਪੂ ਤੇ ਮਾਂ ਹੀ ਘਰ ਸਨ। ਆਉਣ ਵਾਲਾ ਨੌਜਵਾਨ ਸਿੱਖ ਨੂੰ ਵੇਖ ਕੇ ਦੂਰੋਂ ਹੀ ਬੋਲਿਆ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਨੇੜੇ ਪੁੱਜ ਕੇ ਬਾਪੂ ਦੇ ਪੈਰੀਂ ਹੱਥ ਲਾਇਆ ਤੇ ਫੇਰ ਉਸ ਦੇ ਗੱਲ ਨੂੰ ਲੱਗ ਕੇ ਇੰਝ ਮਿਲਿਆ, ਜਿਵੇਂ ਚਿਰਾਂ ਦੇ ਵਿਛੜੇ ਪਿਉ-ਪੁੱਤ ਮਿਲਦੇ ਹਨ। ਮਾਂ ਤੇ ਬਾਪੂ ਦੋਹਾਂ ਨੇ ਉਸ ਨੂੰ ਦਿਲਾਸਾ ਦਿੱਤਾ। ਮਾਂ ਜੀ ਦੁੱਧ ਦਾ ਛੰਨਾ ਲੈ ਆਏ। ਉਹ ਨੌਜਵਾਨ ਬੋਲਿਆ, "ਮਾਂ ਜੀ ਲੱਸੀ ਹੈ ਤਾਂ ਪਿਆਓ, ਅੱਜ ਚੌਵੀ ਦਿਨ ਹੋ ਗਏ ਲੱਸੀ ਪੀਤਿਆਂ।" ਉਹ ਗਟਾ-ਗਟ ਤਿੰਨ ਛੰਨੇ ਲੱਸੀ ਦੇ ਪੀ ਗਿਆ। ਮਾਂ ਨੇ ਉਸ ਨੂੰ ਕਿਹਾ, "ਜਾਹ, ਘਰ ਵਾਲਿਆਂ ਨੂੰ ਦੱਸ ਦੇ, ਅੱਜ ਸਾਰਿਆਂ ਦੀ ਰੋਟੀ ਮੈਂ ਪਕਾਵਾਂਗੀ।" ਜਦੋਂ ਉਹ ਰੋਟੀ ਖਾਣ ਆਏ, ਉਹਨਾਂ ਦੇ ਨਾਲ ਇਕ ਦੱਸ-ਬਾਰਾਂ ਸਾਲ ਦੀ ਲੜਕੀ ਸੀ। ਉਹ ਮਾਂ ਦੇ ਗਲ ਲੱਗ ਕੇ ਡਾਡਾਂ ਮਾਰ ਕੇ ਰੋਈ। ਬੜੀ ਮੁਸ਼ਕਿਲ ਨਾਲ ਚੁੱਪ ਕਰਾਈ। ਇਹ ਵਿਚਾਰੀ ਕਦੇ ਮਾਂ ਤੇ ਭੈਣਾਂ ਭਰਾਵਾਂ ਤੋਂ ਦੂਰ ਨਹੀਂ ਸੀ ਹੋਈ, ਹੁਣ ਇਸ ਨੂੰ ਟੱਬਰ ਵਾਲੇ ਇਕੱਲੀ ਨੂੰ ਰੋਟੀਆਂ ਪਕਾਉਣ ਲਈ ਲੈ ਆਏ ਸਨ। ਦੋਹਾਂ ਟੱਬਰਾਂ ਨੂੰ ਜਿਵੇਂ ਸਵਰਗਾਂ ਦੀ ਛਾਂ ਮਿਲ ਗਈ ਹੋਵੇ। ਬਾਪੂ ਨੇ ਆਖਿਆ, "ਸਿੰਘੋ ਫਿਕਰ ਨਾ ਕਰੋ, ਹੁਣ ਅਸੀਂ ਦੋ ਨਹੀਂ, ਦੋ ਲੱਖ ਟੱਬਰ ਆਂ।"

ਬਿਆਈ ਹੁਣ ਜ਼ੋਰਾਂ ਤੇ ਸੀ। ਕਿਸੇ ਨੂੰ ਵੀ ਪਲ ਭਰ ਦਾ ਵਿਹਲ ਨਹੀਂ ਸੀ। ਪਿਛਲੇ ਦੋ ਦਿਨਾਂ ਤੋਂ ਇਕ ਹੋਰ ਮੁਸੀਬਤ ਖੜੀ ਹੋ ਗਈ ਸੀ। ਪਾਣੀ ਦੀ ਵਾਰੀ ਹੁਣ ਮੁੱਢ ਵਾਲਿਆਂ

www.sikhbookclub.com



ਮੁਰੱਬਿਆਂ ਦੀ ਸੀ। ਇਥੇ ਖਾਲ ਸੁੱਕ ਗਿਆ ਸੀ। ਹੁਣ ਦੋ ਵੇਲੇ ਡੰਗਰਾਂ ਨੂੰ ਪਾਣੀ ਡਾਹੁਣ ਕੋਈ ਡੇਢ੍ਹ, ਦੋ ਮੀਲ ਦੂਰ ਰਜਵਾਹੇ ਤੇ ਲੈ ਜਾਣਾ ਪੈਂਦਾ ਸੀ। ਉਥੇ ਹੀ ਸਾਰਿਆਂ ਨੂੰ ਨ੍ਹਾਉਣ ਜਾਣਾ ਪੈਂਦਾ ਸੀ ਤੇ ਉਥੋਂ ਹੀ ਪੀਣ ਵਾਲੇ ਪਾਣੀ ਦਾ ਇਕ ਘੜਾ ਸਵੇਰੇ; ਇਕ ਸ਼ਾਮ ਨੂੰ ਲਿਆਉਣਾ ਪੈਂਦਾ ਸੀ। ਪੱਠੇ ਵੀ ਢਾਈ, ਤਿੰਨ ਮੀਲ ਤੋਂ ਲਿਆਉਣੇ ਹੁੰਦੇ ਸਨ। ਸਾਰਿਆਂ ਦੀਆਂ ਡਿਊਟੀਆਂ ਵੰਡੀਆਂ ਹੋਈਆਂ ਸਨ। ਬਾਬੇ ਝਨਾਂ ਦੀ ਉਮਰ ਸੱਤਰ ਤੋਂ ਕੁਝ ਉੱਤੇ ਸੀ। ਉਹ ਹਲ ਦਾ ਪੂਰਾ ਜੋਤਰਾ ਲਾ ਕੇ ਤਿਕਾਲਾਂ ਨੂੰ ਪੱਠੇ ਵੀ ਕੁਤਰਦਾ ਸੀ।

ਇਹਨਾਂ ਦਿਨਾਂ ਦਾ ਇਕ ਕਿੱਸਾ ਤਾਇਆ ਬੜੇ ਚਸਕੇ ਲਾ ਕੇ ਸੁਣਾਉਂਦਾ ਹੁੰਦਾ ਸੀ। ਲੌਢੇ ਵੇਲੇ ਘੜੇ ਵਿਚੋਂ ਪਾਣੀ ਮੁੱਕ ਗਿਆ। ਬਾਪੂ ਨੇ ਚਾਚੇ ਨੂੰ ਆਖਿਆ, "ਦੀਪੂ, ਭੱਜ ਕੇ ਜਾ ਪਾਣੀ ਦਾ ਘੜਾ ਲਿਆ।" ਚਾਚੇ ਨੇ ਘੜਾ ਫੜਿਆ ਤੇ ਘੋੜੀ ਨੂੰ ਝੱਬੂ ਦੇ ਕੇ ਪਲਾਕੀ ਮਾਰ ਕੇ ਉੱਤੇ ਚੜ੍ਹ ਗਿਆ। ਸਾਰੇ ਆਖਣ, "ਤੂੰ ਘੋੜੀ ਤੇ ਘੜਾ ਕਿੰਞ ਲਿਆਵੇਂਗਾ? ਭਰਿਆ ਘੜਾ ਘੋੜੀ ਉੱਤੇ ਤੈਨੂੰ ਫੜਾਊ ਕੌਣ?" ਪਰ ਚਾਚਾ ਆਖੀ ਜਾਵੇ, "ਮੈਂ ਲੈ ਆਵਾਂਗਾ।" ਕੁਝ ਚਿਰ ਪਿੱਛੋਂ ਚਾਚਾ ਘੋੜੀ ਤੇ ਚੜ੍ਹਿਆ ਸਿਰ ਤੇ ਘੜਾ ਰੱਖੀ, ਹੱਥ ਛੋੜੀ, ਘੋੜੀ ਨੂੰ ਰਵ੍ਹਾਲ ਚਾਲ ਪਾਈ ਆਵੇ। ਘਰ ਵਾਲੇ ਪੁੱਛਣ, "ਤੂੰ ਘੜਾ ਕਿੰਞ, ਘੋੜੀ ਤੇ ਰੱਖਿਆ?" ਚਾਚਾ ਕਹੀ ਜਾਵੇ, "ਮੈਂ ਘੜਾ ਸਿਰ ਤੇ ਰੱਖ ਕੇ ਘੋੜੀ ਤੇ ਚੜ੍ਹ ਗਿਆ ਸਾਂ।" ਉਹ ਅਗਲੇ ਦਿਨ ਵੀ ਇਵੇਂ ਹੀ ਘੋੜੀ ਤੇ ਘੜਾ ਲਿਆਇਆ। ਪਿੱਛੋਂ ਪਤਾ ਤਾਂ ਲੱਗ ਗਿਆ ਕਿ ਚਾਚਾ ਕੀ ਖੇਡ ਖੇਡਦਾ ਸੀ, ਪਰ ਉਹ ਅਖੀਰ ਤਕ ਇਹੋ ਕਹਿੰਦਾ ਰਿਹਾ, "ਮੈਂ ਘੜਾ ਸਿਰ ਤੇ ਰੱਖ ਕੇ ਘੋੜੀ ਤੇ ਚੜ੍ਹ ਜਾਂਦਾ ਆਂ।"

ਇਕ ਦਿਨ ਮੁਰਾਦ ਨੇ ਬਾਪੂ ਨੂੰ ਰਜਵਾਹੇ ਵੱਲ ਡੰਗਰ ਲਈ ਜਾਂਦੇ ਵੇਖ ਲਿਆ। ਉਹ ਤਿਕਾਲਾਂ ਨੂੰ ਘਰ ਆਇਆ। ਜਦੋਂ ਤਾਏ ਨੇ ਦੱਸਿਆ ਕਿ ਡੰਗਰਾਂ ਨੂੰ ਰਜਵਾਹੇ ਤੋਂ ਪਾਣੀ ਡਾਹ ਕੇ ਲਿਆਉਂਦੇ ਹਾਂ, ਤਾਂ ਉਹ ਹੱਸ ਕੇ ਬੋਲਿਆ, "ਵਾਹ ਓ ਸਰਦਾਰੋ, ਤੁਸਾਡੇ ਪੈਰਾਂ ਤਲੇ ਪਗੂੰ ਪਿਆ ਵਹੇ, ਤੇ ਤੁਸਾਂ ਢੋਰਾਂ ਨੂੰ ਦੋ ਕੁਹਾਟੜੇ ਪਾਣੀ ਪਿਆਵਣ ਕਾਣ ਚਿੱਕੀ ਵਹਿੰਦੇ ਓ।" ਫਿਰ ਉਸ ਨੇ ਦੱਸਿਆ ਕਿ ਸਾਡੇ ਡੇਰੇ ਦੇ ਦੂਜੇ ਪਾਸੇ ਨੇੜੇ ਹੀ ਇਕ ਹੋਰ ਖਾਲ ਵੱਗਦਾ ਸੀ। ਸਾਡੇ ਟੱਬਰ ਨੂੰ ਇਸ ਖਾਲ ਦਾ ਪਤਾ ਹੀ ਨਹੀਂ। ਖੈਰ, ਦੋ ਮੀਲਾਂ ਤੇ ਨਹਾਉਣ ਜਾਣ ਤੇ ਡੰਗਰਾਂ ਨੂੰ ਪਾਣੀ ਡਾਹੁਣ ਵਾਲੀ ਸਮੱਸਿਆ ਦੋ, ਤਿੰਨ ਦਿਨ ਹੀ ਰਹੀ। ਇਹ ਜਾਣ ਕੇ ਸਾਰਿਆਂ ਨੂੰ ਬੜੀ ਖ਼ੁਸ਼ੀ ਹੋਈ ਕਿ ਪਾਣੀ ਸਾਨੂੰ ਨੇੜੇ ਹੀ ਮਿਲ ਜਾਇਆ ਕਰੇਗਾ।

ਜਿਹੜਾ ਨਵਾਂ ਟੱਬਰ ਆਇਆ ਉਹ ਆਪਣੇ ਨਵੇਂ ਟਿਕਾਣੇ ਬਾਰੇ ਠੀਕ ਅਨੁਮਾਨ ਨਹੀਂ ਸੀ ਲਾ ਸਕੇ। ਉਹਨਾਂ ਕੋਲ ਨਾ ਚਾਟੀ ਸੀ, ਨਾ ਕਾੜ੍ਹਨੀ, ਨਾ ਨੀਂਹ। ਉਹ ਮਧਾਣੀ ਲੈ ਆਏ ਸਨ, ਤੇ ਸੋਚ ਲਿਆ ਸੀ ਕਿ ਬਾਕੀ ਸਭ ਕੁਝ ਅੱਗੇ ਮਿਲ ਜਾਏਗਾ। ਇਹ ਜੰਗਲ ਵਿਚ ਕੀ ਲੱਭਣਾ ਸੀ। ਦੋ ਦਿਨ ਤਾਂ ਉਹ ਵਾਧੂ ਬਚਿਆ ਦੁੱਧ ਸਾਡੇ ਘਰ ਦੇ ਜਾਂਦੇ ਰਹੇ। ਤੀਜੇ ਦਿਨ ਮਾਂ ਜੀ ਗਏ ਤੇ ਉਹਨਾਂ ਦਾ ਚੁੱਲ੍ਹਾ-ਚੌਕਾ ਬਣਾ ਕੇ ਆਏ। ਨਾਲ ਆਈ ਬੱਚੀ ਵਿਚਾਰੀ ਨੂੰ ਕੀ ਪਤਾ ਸੀ। ਮਾਂ ਨੇ ਉਸ ਨੂੰ ਦੱਸਿਆ ਕਿ ਦੁੱਧ ਪਤੀਲੇ ਵਿਚ

www.sikhbookclub.com



ਤੱਤਾ ਕਰ ਕੇ, ਵਲਟੋਹੀ ਵਿਚ ਜਮਾ ਲਿਆ ਕਰ। ਵਲਟੋਹੀ ਦਾ ਮੂੰਹ ਖੁਲ੍ਹਾ ਸੀ, ਉਸ ਵਿਚ ਮਧਾਨੀ ਤੇ ਕੁੜ ਆ ਸਕਦੇ ਸਨ। ਮਾਂ ਜੀ ਆਪਣੇ ਘਰੋਂ ਇਕ ਚਾਮਟਾ ਲੈ ਗਏ ਸਨ। ਜ਼ਮੀਨ ਵਿਚ ਇਕ ਡੰਡਾ ਗੱਡ ਕੇ ਨਾਲ ਚਾਮਟਾ ਰੱਖ ਦਿੱਤਾ; ਇਹ ਹੁਣ ਕੰਮ-ਚਲਾਊ ਨੀਂਹ ਬਣ ਗਈ। ਹੋਰ ਦੋ ਚੂੱਕਰ ਮਾਰਕੇ ਮਾਂ ਜੀ ਨੇ ਇਹਨਾਂ ਨੂੰ ਹਾਰੇ, ਭੜੋਲੀ ਆਦਿ ਬਣਾ ਕੇ ਦੇ ਆਏ।

ਇਹਨੀਂ ਦਿਨੀ ਇਕ ਹੋਰ ਘਟਨਾ ਵਾਪਰੀ, ਜੋ ਵੇਖਣ ਨੂੰ ਮਾਮੂਲੀ ਗੱਲ ਸੀ, ਪਰ ਇਸ ਬੀਆਬਾਨ ਦੇ ਵਸਨੀਕਾਂ ਲਈ ਬਹੁਤ ਵੱਡੀ ਸਮੱਸਿਆ ਖੜੀ ਕਰ ਗਈ ਸੀ। ਮਾਂ ਜੀ ਦੀ ਚਾਟੀ ਭੱਜ ਗਈ, ਤੇ ਭੱਜੀ ਵੀ ਬੜੇ ਰੁਮਾਂਟਿਕ ਢੰਗ ਨਾਲ। ਇਕ ਤਿਕਾਲੀਂ ਹਨੇਰੇ ਹੋਏ ਮਾਂ ਜੀ ਚੁੱਲ੍ਹੇ ਤੇ ਦੁੱਧ ਤੱਤਾ ਕਰ ਰਹੇ ਸਨ ਕਿ ਚੌਕੇ ਵਿਚ ਇਕ ਸੱਪ ਆ ਵੜਿਆ। ਡੱਬੂ ਸੱਪ ਨੂੰ ਵੇਖ ਕੇ ਭੌਂਕਿਆ। ਮਾਂ ਜੀ ਨੇ ਚੁੱਲ੍ਹੇ ਵਿਚੋਂ ਬਲਦਾ ਬਲਦਾ 'ਚੋਂ ਚੁੱਕ ਕੇ ਇੰਨੀ ਜ਼ੋਰ ਦੀ ਸੱਪ ਦੇ ਸਿਰ ਵਿਚ ਮਾਰਿਆ ਕਿ ਸੱਪ ਉਥੋਂ ਹਿੱਲ ਹੀ ਨਾ ਸਕਿਆ। ਪਰ ਦੁਰਘਟਨਾ ਇਹ ਹੋਈ ਕਿ 'ਚੋਂ ਦਾ ਸੜਿਆ ਹੋਇਆ ਹਿੱਸਾ ਜਿਹੜਾ ਸੱਪ ਦੇ ਸਿਰ ਵਿਚ ਵੱਜਾ ਉਹ ਟੁੱਟ ਗਿਆ ਤੇ ਬਾਕੀ ਰਹਿੰਦੇ ਮਾਂ ਦੇ ਹੱਥ ਵਿਚਲਾ ਟੋਟਾ ਚਾਟੀ ਵਿਚ ਜਾ ਵੱਜਾ। ਮਾਂ ਜੀ ਨੇ ਪਤਾ ਨਹੀਂ ਕਿੰਨੇ ਜ਼ੋਰ ਨਾਲ ਵਾਰ ਕੀਤਾ ਸੀ ਕਿ ਸੱਪ ਤੇ ਮਰਨਾ ਹੀ ਸੀ ਨਾਲ ਚਾਟੀ ਦੇ ਠੀਕਰ ਵੀ ਦੂਰ ਦੂਰ ਤਕ ਖਿੱਲਰ ਗਏ। ਸਾਰੇ ਟੱਬਰ ਵਿਚ ਸੋਗ ਪੈ ਗਿਆ। ਅਗਲੇ ਦਿਨ ਨਾ ਲੱਸੀ ਮਿਲਣੀ ਸੀ, ਨਾ ਮੱਖਣ; ਤੇ ਸਭ ਤੋਂ ਵੱਧ ਫ਼ਿਕਰ ਇਹ ਸੀ ਕਿ ਇਥੇ ਚਾਟੀ ਮਿਲਣੀ ਕਿਥੋਂ ਹੈ। ਅਗਲੀ ਸਵੇਰ ਤਾਇਆ ਫਿਰ ਮੁਰਾਦ ਦੀ ਭੈਣੀ ਤੇ ਗਿਆ। ਮੁਰਾਦ ਹਰ ਵੇਲੇ ਨਵੇਂ ਆਏ ਵਸਨੀਕਾਂ ਦੀ ਮਦਦ ਲਈ ਤਿਆਰ ਰਹਿੰਦਾ ਸੀ। ਉਹ ਮਾਹਰਾ (ਚੜ੍ਹਾਊ ਊਠ) ਲੈ ਕੇ ਕਿਤੇ ਗਿਆ। (ਅੱਜ ਮੈਨੂੰ ਯਾਦ ਨਹੀਂ ਕਿਥੇ) ਤੇ ਲੌਢੇ ਵੇਲੇ ਆ ਦੱਸਿਆ ਸੁ, "ਪਰਸੂੰ ਕੁਭਾਰ ਆਸੀ ਥਾਂ ਘਿੰਨ ਕੇ।" ਜਾਂਗਲੀਆਂ ਦੀ ਬੋਲੀ ਵਿਚ 'ਥਾਂ' ਮਿੱਟੀ ਦੇ ਭਾਂਡਿਆਂ ਨੂੰ ਕਹਿੰਦੇ ਸਨ।

ਤੀਜੇ ਦਿਨ ਕੁਭਾਰ (ਕੁਮਿਹਾਰ) ਆਇਆ, ਚੋਖੇ ਸਾਰੇ ਭਾਂਡੇ ਊਠ ਤੇ ਲੱਦ ਕੇ। ਮਾਂ ਨੇ ਆਪਣੀ ਲੋੜ ਲਈ ਤੇ ਕੁਝ ਆਉਣ ਵਾਲਿਆਂ ਪਰਿਵਾਰਾਂ ਲਈ ਕਾਫ਼ੀ ਭਾਂਡੇ ਲੈ ਲਏ, ਪਰ ਦਰਿਆ ਦਿਲੀ ਵੇਖੋ ਗਰੀਬ ਜਾਂਗਲੀ ਕੁਮਿਹਾਰ ਦੀ, ਜਦੋਂ ਮਾਂ ਪੈਸੇ ਦੇਣ ਲੱਗੀ ਤਾਂ ਬੋਲਿਆ, "ਨਾ ਅੰਮਾਂ, ਤੁਸਾਂ ਅਸਾਡੇ ਮਿਹਮਾਨ ਥੀਏ, ਤੁਹਾਦਰੂੰ ਪੈਸੇ ਘਿੰਨ ਕੇ ਮੈਂ ਮੁਕਾਲਾ ਖੱਟਣਾ ਹੇ।" ਜ਼ੋਰ ਲਾਉਣ ਤੇ ਵੀ ਉਸ ਨੇ ਪੈਸੇ ਨਾ ਲਏ। ਏਨੇ ਨੂੰ ਤਾਇਆ ਆ ਗਿਆ। ਉਸ ਨੇ ਆਖਿਆ, "ਤੂੰ ਸਾਡਾ ਪੱਕਾ ਪਰਜਾਪਤ ਏਂ। ਇਥੇ ਬੜੇ ਲੋਕ ਆਉਣੇ ਹਨ। ਦੱਸੀਂ, ਪੰਦਰੀਂ ਦਿਨ ਚੱਕਰ ਮਾਰਦਾ ਰਿਹਾ ਕਰ।" ਪਿੱਛੋਂ ਇਹੋ ਕੁਮਿਹਾਰ ਕਈ ਸਾਲ ਤਕ ਸਾਡੇ ਪਿੰਡ ਦਾ ਪੱਕਾ ਪਰਜਾਪਤ ਰਿਹਾ। ਤੁਰਨ ਲੱਗੇ ਨੂੰ ਮਾਂ ਜੀ ਨੇ ਇਕ ਰੋੜੀ ਗੁੜ ਦੀ ਤੇ ਸੇਰ ਭਰ ਚੌਲ ਦਿੱਤੇ, ਜਿਹੜੇ ਪਿੰਡੋਂ ਲਿਆਂਦੇ ਸਨ। ਜਾਂਗਲੀਆਂ ਲਈ ਇਹ ਦੋਵੇਂ ਸੁਗਾਤਾਂ ਵੱਡੀ ਨਿਹਮਤ ਸਨ। ਗੁੜ ਬਾਰੇ ਜਾਂਗਲੀਆਂ ਦਾ ਆਪਣਾ ਘੜਿਆ ਹੋਇਆ ਇਕ ਚੁਟਕਲਾ ਉਹ ਸੁਣਾਉਂਦੇ ਹੁੰਦੇ ਸਨ। ਮਹਾਰਾਜੇ ਦੇ ਰਾਜ ਵਿਚ ਇਕ ਨੌਜਵਾਨ ਜਾਂਗਲੀ ਊਠਾਂ ਦੇ ਕਾਫ਼ਲੇ

www.sikhbookclub.com



ਨਾਲ ਲਾਹੌਰ ਗਿਆ.। ਉਥੇ ਖਾਲਸਾ ਦਰਬਾਰ ਦੀ ਸ਼ਾਨੋ-ਸ਼ੌਕਤ ਵੇਖ ਕੇ ਉਸ ਦੀਆਂ ਅੱਖਾਂ ਚੁੰਧਿਆ ਗਈਆਂ। ਇਕ ਦਿਨ ਦੋਸਤਾਂ ਦੀ ਮਹਿਫ਼ਲ ਵਿਚ ਬੈਠਾ ਕਹਿਣ ਲੱਗਾ, "ਰਾਜੇ ਰਣਜੀਤ ਸਿੰਘ ਦੇ ਪਲੰਘ ਦੇ ਪਾਵੇ ਸੋਨੇ ਦੇ ਹਿਨ।"ਮਹਿਫ਼ਲ ਵਿਚੋਂ ਇਕ ਸੂਝਵਾਨ ਦੋਸਤ ਬੋਲਿਆ, "ਤੋੜੇ ਬਾਦਸ਼ਾਹ ਥੀਆ, ਭਾਵੇਂ ਗੁੜ ਦੇ ਪਾਵੇ-ਚਾ ਬਣਾਵੇ।" ਇਹ ਕਹਾਣੀ ਭਾਵੇਂ ਮਨਘੜਤ ਹੋਵੇ, ਪਰ ਇਸ ਤੋਂ ਜਾਂਗਲੀ ਸਮਾਜ ਵਿਚ ਗੁੜ ਦੀ ਮਹੱਤਾ ਦਾ ਅਨੁਮਾਨ ਲਾਇਆ ਜਾਂ ਸਕਦਾ ਹੈ।

www.sikhbookclub.com

# 7
# ਗੰਜੀ ਬਾਰ ਦਾ ਤੁਹਫ਼ਾ

ਕਿਸੇ ਗੁਮਨਾਮ ਸ਼ਾਇਰ ਦਾ ਇਕ ਬੜਾ ਮਸ਼ਹੂਰ ਫ਼ਾਰਸੀ ਸ਼ਿਅਰ ਹੈ ਮੁਲਤਾਨ ਦੇ ਇਲਾਕੇ ਬਾਰੇ :

ਚਹਾਰ ਚੀਜ਼ ਅਸਤ ਤੁਹਫ਼ਾ-ਏ-ਮੁਲਤਾਨ,
ਗਰਦੋ ਗਰਮਾ-ਓ-ਗਦਾ-ਓ-ਗੋਰਸਤਾਨ ।

(ਮੁਲਤਾਨ ਦੇ ਚਾਰ ਮਸ਼ਹੂਰ ਤੁਹਫ਼ੇ ਹਨ—ਘੱਟਾ-ਮਿੱਟੀ, ਗਰਮੀ, ਮੰਗਤੇ ਤੇ ਕਬਰਾਂ ।)

ਸ਼ਾਇਰ ਨੇ ਇਥੇ ਘੱਟਾ-ਮਿੱਟੀ (ਗਰਦ) ਦਾ ਨਾਮ ਤਾਂ ਲਿਆ ਹੈ, ਪਰ ਹਨੇਰੀ ਇਹਨਾਂ ਤੁਹਫਿਆਂ ਵਿਚ ਨਹੀਂ ਗਿਣਾਈ । ਹਨੇਰੀਆਂ ਦਾ ਜ਼ਿਕਰ ਕੀਤਿਆਂ ਬਿਨਾਂ ਗੰਜੀ ਬਾਰ ਦੇ ਜੀਵਨ ਦਾ ਇਕ ਬੜਾ ਅਹਿਮ ਅੰਗ ਅਣਪਛਾਤਾ ਰਹਿ ਜਾਂਦਾ ਹੈ । ਹਨੇਰੀਆਂ ਸ਼ੁਰੂ ਤੋਂ ਲੈ ਕੇ ਸਾਡੇ ਬਾਰ ਛੱਡਣ ਤੱਕ ਸਾਨੂੰ ਬੁਰੀ ਤਰ੍ਹਾਂ ਝੰਜੋੜਦੀਆਂ ਰਹੀਆਂ । ਇਹਨਾਂ ਹਨੇਰੀਆਂ ਨੇ ਸਾਡਾ ਕਦੇ ਕੁਝ ਸਵਾਰਿਆ ਨਹੀਂ ਸੀ, ਵਿਗਾੜਦੀਆਂ ਬਹੁਤ ਕੁਝ ਰਹੀਆਂ—ਬਣੇ ਬਣਾਏ ਬੋਹਲ ਉੱਡ ਜਾਂਦੇ ਸਨ, ਤੂੜੀ ਦੀਆਂ ਧੜਾਂ ਤੇ ਛੋਲਿਆਂ ਦੇ ਕੰਨੂ ਉੱਡ ਜਾਂਦੇ ਸਨ, ਇਥੋਂ ਤੱਕ ਕਿ ਖਲਵਾੜਿਆਂ ਵਿਚ ਲੱਗੀਆਂ ਕਣਕ ਦੀਆਂ ਭਰੀਆਂ ਵੀ ਉੱਡ ਜਾਂਦੀਆਂ ਸਨ, ਢਾਰਿਆਂ ਦੀਆਂ ਛੰਨਾਂ ਵੀ ਹਨੇਰੀ ਉੱਡਾ ਲੈ ਜਾਂਦੀ ਸੀ । ਹਨੇਰੀਆਂ ਵਿਚ ਕਈ ਵਾਰੀ ਬੜੇ ਦਿਲਚਸਪ ਤੇ ਕਦੇ-ਕਦੇ ਭਿਆਨਕ ਸਾਕੇ ਵਾਪਰਦੇ ਸਨ । ਇਕ ਹਨੇਰੀ ਵਿਚ ਸਿੱਖਾਂ ਦੇ ਚੱਕ 82 ਦਾ ਸਾਨ੍ਹ ਨਾਲ ਲੱਗਦੇ ਮੁਸਲਮਾਨ ਜਾਂਗਲੀਆਂ ਦੇ ਪਿੰਡ ਦੇ ਖੂਹ ਵਿਚ ਡਿਗ ਪਿਆ ਤੇ ਰਾਤ ਭਰ ਖੂਹ ਵਿਚ ਹੀ ਰਿਹਾ । ਦਿਨੇ ਪਤਾ ਲੱਗਣ ਤੇ 82 ਵਾਲੇ ਬੇਲਾਂ ਤੇ ਲੱਜਾਂ ਲੈ ਕੇ ਖੂਹ ਵਿਚੋਂ ਸਾਨ੍ਹ ਕੱਢਣ ਗਏ । ਅੱਗੋਂ ਇਕ-ਦੋਹ ਮੁਸਲਮਾਨਾਂ ਨੇ ਇਤਰਾਜ਼ ਕੀਤਾ ਕਿ ਸਿੱਖ ਸਾਡੇ ਖੂਹ ਵਿਚ ਨਹੀਂ ਵੜ ਸਕਦੇ । ਸਿੱਖਾਂ ਨੇ ਆਖਿਆ, "ਚਲੋ ਫਿਰ ਤੁਸੀਂ ਸਾਡਾ ਸਾਨ੍ਹ ਕੱਢ ਦਿਓ ।" ਇਹ ਕੋਈ ਸੌਖਾ ਕੰਮ ਨਹੀਂ ਸੀ । ਆਖਰ ਪਿੰਡ ਦੇ ਮੌਲਵੀ ਨੇ ਸਮਝਾਇਆ ਕਿ ਜੇ ਸਾਨ੍ਹ ਖੂਹ ਵਿਚ ਮਰ ਜਾਵੇ ਤਾਂ ਫੇਰ ਕੀ ਕਰੋਗੇ । ਸਾਨ੍ਹ ਦੀ ਬੇਲ ਲੰਮੀ ਸੀ, ਸੌੜੇ ਵਿੱਢ ਵਾਲੇ ਖੂਹ ਵਿਚ ਉਹ ਪੂਰਾ ਨਹੀਂ ਸੀ ਆਉਂਦਾ । ਉਹ ਖੂਹ ਵਿਚ ਕਿੰਝ ਜਿਊਂਦਾ ਰਿਹਾ ਤੇ ਉਸ ਨੂੰ ਕਿਸ ਤਰ੍ਹਾਂ ਬਾਹਰ ਕੱਢਿਆ, ਇਹ ਇਕ ਵੱਖਰੀ ਕਹਾਣੀ ਹੈ । ਇਕ ਹੋਰ ਹਨੇਰੀ ਵਿਚ ਇਕ ਅੱਠਾਂ, ਨੌਂਆਂ ਮਹੀਨਿਆਂ ਦਾ ਇੰਞਾਣਾਂ ਉੱਡਦਾ-ਉੱਡਦਾ ਮਸਾਂ ਬਚਾਇਆ । ਵਾਢੀਆਂ ਦੇ ਦਿਨ ਸਨ । ਲੌਢੇ ਵੇਲੇ ਲਾਵੇ ਬੱਧੀਆਂ ਹੋਈਆਂ ਭਰੀਆਂ ਚੁੱਕ-ਚੁੱਕ ਕੇ ਖਲਵਾੜੇ ਤੇ ਲਾ ਰਹੇ ਸਨ । ਪਿੱਛੇ-ਪਿੱਛੇ ਸਿਲਾ ਚੁਣਨ ਵਾਲੀਆਂ ਸਿੱਟੇ ਚੁਣ ਰਹੀਆਂ ਸਨ । ਇਕ ਜਣੀ ਨੇ ਆਪਣਾ ਅੱਠ, ਨੌਂ ਮਹੀਨਿਆਂ ਦਾ ਬੱਚਾ

www.sikhbookclub.com



ਰੁੱਖ ਦੀ ਛਾਵੇਂ ਸੁਆਇਆ ਹੋਇਆ ਸੀ। ਅਚਾਨਕ ਬੜੀ ਜ਼ਬਰਦਸਤ ਹਨੇਰੀ ਆ ਗਈ। ਬੱਚੇ ਦੀ ਮਾਂ ਕਾਫ਼ੀ ਦੂਰ ਸਿੱਟੇ ਚੁਣ ਰਹੀ ਸੀ। ਉਹ ਦੌੜੀ, ਪਰ ਹਨੇਰੀ ਦੇ ਪਹਿਲੇ ਹੀ ਬੁੱਲੇ ਨਾਲ ਬੱਚਾ ਰਿੜ੍ਹ ਪਿਆ। ਰਿੜ੍ਹਦਾ ਵੀ ਜਾਵੇ ਤੇ ਰੋਂਦਾ ਜਾਵੇ। ਮਾਂ ਨੇ ਹਾਲ-ਦੁਹਾਈ ਪਾਈ। ਕੋਈ ਤੀਹ-ਬੱਤੀ ਗੱਜ਼ ਦੂਰ ਬੱਚਾ ਜਾ ਫੜਿਆ। ਕਣਕ ਦਾ ਵੱਢ ਸੀ, ਬੱਚੇ ਦਾ ਸਾਰਾ ਸਰੀਰ ਵਲੂੰਧਰਿਆ ਗਿਆ।

ਇਕ ਹੋਰ ਹਨੇਰੀ ਵਿਕ ਇਕ ਰੋਮਾਂਟਿਕ ਕਿੱਸਾ ਵਾਪਰਿਆ। ਮਾਝੇ ਵਿਚੋਂ ਇਕ ਨੂੰਹ ਮੁਕਲਾਵੇ ਆਈ ਸੀ। ਬਾਰ ਪੁੱਜੀ ਨੂੰ ਅਜੇ ਚਾਰ-ਪੰਜ ਦਿਨ ਹੀ ਹੋਏ ਸਨ। ਕਪੜੇ ਧੋ ਕੇ ਸੁੱਕਣੇ ਪਾਏ ਹੋਏ ਸਨ ਕਿ ਹਨੇਰੀ ਆ ਗਈ। ਸੱਸ ਨੇ ਆਖਿਆ, "ਭੱਜ ਨੀ ਬੀਬੀ, ਲੀੜੇ ਸਾਂਭ, ਨ੍ਹੇਰੀ ਆ ਗਈ ਊ।" ਨੂੰਹ ਦੌੜੀ, ਲੀੜੇ ਤਾਂ ਉਸ ਨੇ ਲਾਹ ਕੇ ਚੁੱਕ ਲਏ, ਪਰ ਏਨੇ ਨੂੰ ਹਨੇਰੀ ਨੇ ਆ ਘੇਰਿਆ। ਮੁਲਤਾਨ ਦੀਆਂ ਹਨੇਰੀਆਂ ਵਿਚ ਸੱਚ-ਮੁੱਚ ਹੀ ਆਪਣਾ ਹੱਥ ਅੱਖਾਂ ਤੋਂ ਕੋਈ ਦੋ ਫੁੱਟ ਦੂਰ ਨਜ਼ਰ ਨਹੀਂ ਸੀ ਆਉਂਦਾ, ਨੂੰਹ ਹਨੇਰੇ ਵਿਚ ਰਾਹ ਭੁੱਲ ਕੇ ਚੌਂਕੇ ਵੱਲ ਜਾਣ ਦੀ ਬਜਾਏ ਬਾਹਰ ਦੇ ਵੱਡੇ ਦਰਵਾਜ਼ੇ ਵੱਲ ਨੂੰ ਤੁਰ ਪਈ। ਉਧਰੋਂ ਸਹੁਰਾ ਵੀ ਹਨੇਰੇ ਵਿਚ ਟੋਂਹਦਾ ਆ ਰਿਹਾ ਸੀ। ਨੂੰਹ ਸਿੱਧੀ ਸਹੁਰੇ ਦੇ ਵਿਚ ਵੱਜੀ। "ਓਇ ਤੂੰ ਕਿਹੜਾ ਏਂ ?" ਸਹੁਰੇ ਨੇ ਘਬਰਾਹਟ ਵਿਚ ਪੁੱਛਿਆ। ਨੂੰਹ ਵਿਚਾਰੀ ਕੀ ਜਵਾਬ ਦਿੰਦੀ। ਅੱਤੜਵਾਹੇ ਦੂਜੇ ਬੰਨੇ ਨੂੰ ਦੌੜੀ। ਉਧਰੋਂ ਸੱਸ ਨੇ ਵਾਜ ਮਾਰ ਕੇ ਆਖਿਆ, "ਐਧਰ ਨੂੰ ਆ।" ਨੂੰਹ ਚੌਂਕੇ ਕੋਲ ਤਾਂ ਪਹੁੰਚ ਗਈ, ਪਰ ਰਾਹ ਵਿਚ ਉੱਡ ਕੇ ਆਈ ਇਕ ਪੀੜ੍ਹੀ ਨਾਲ ਅੜ ਕੇ ਡਿੱਗੀ ਤੇ ਡਿੱਗੀ ਵੀ ਘੜਿਆਂ ਵਾਲੀ ਘੜਵੰਜੀ ਉੱਤੇ। ਨੂੰਹ ਦਾ ਮੱਥਾ ਤਾਂ ਭੱਜਣਾ ਹੀ ਸੀ, ਨਾਲ ਦੋਵੇਂ ਘੜੇ ਵੀ ਭੱਜ ਗਏ।

ਸੋ, ਇਹੋ ਜਿਹੀਆਂ ਸਨ ਗੰਜੀ ਬਾਰ ਦੀਆਂ ਹਨੇਰੀਆਂ। ਅੱਜ ਇਹ ਹਨੇਰੀਆਂ ਵੀ ਸਾਨੂੰ ਇੰਝ ਯਾਦ ਆਉਂਦੀਆਂ ਹਨ, ਜਿਵੇਂ ਆਪਣੀ ਜਵਾਨੀ ਯਾਦ ਆਉਂਦੀ ਹੈ, ਪਰ ਮੈਂ ਗੱਲ ਕਰਨੀ ਹੈ ਸਾਡੇ ਬਜ਼ੁਰਗਾਂ ਦੇ ਸਿਰ ਬੀਤੀਆਂ ਪਹਿਲੀਆਂ ਦੋ ਹਨੇਰੀਆਂ ਦੀ। ਤਾਇਆ ਸ਼ੇਰ ਸਿੰਘ ਇਹਨਾਂ ਦੀ ਕਹਾਣੀ ਵਾਹਵਾ ਲੂਣ-ਮਿਰਚ ਲਾ ਕੇ ਸੁਣਾਉਂਦਾ ਹੁੰਦਾ ਸੀ। ਬਾਰ ਵਿਚ ਵੱਸਿਆਂ ਸਾਡਿਆਂ ਬਜ਼ੁਰਗਾਂ ਨੂੰ ਕੋਈ ਚਾਰ-ਪੰਜ ਦਿਨ ਹੋਏ ਸਨ। ਟੱਬਰ ਨੂੰ ਜਾਪਦਾ ਸੀ ਕਿ ਹੁਣ ਸਾਡਾ ਘਰ ਵੱਸ ਪਿਆ ਏ। ਇਕ ਦਿਨ ਲੌਢੇ ਵੇਲੇ ਬਾਪੂ ਰੂੜ ਸਿੰਘ ਤੇ ਨੌਕਰ, ਵੱਤਰ ਦੱਬਣ ਨੂੰ ਸੁਹਾਗਾ ਮਾਰਨ ਗਏ ਸਨ। (ਬਾਬੇ ਰੂੜ ਸਿੰਘ ਨੂੰ ਅਸੀਂ 'ਬਾਪੂ' ਆਖਦੇ ਹੁੰਦੇ ਸਾਂ)। ਚਾਚਾ ਦਲੀਪ ਸਿੰਘ ਦੂਰ ਖਾਲ ਤੇ ਨ੍ਹਾ ਕੇ ਮਾਲਸ਼ ਕਰ ਰਿਹਾ ਸੀ। ਤਾਇਆ ਤਾਂ ਕਹਿੰਦਾ ਹੁੰਦਾ ਸੀ, "ਦੀਪੂ ਮਾਲਸ਼ ਕਰਕੇ ਡੰਡ ਬੈਠਕਾਂ ਕੱਢ ਰਿਹਾ ਸੀ।" (ਚਾਚਾ ਅਜੇ ਅਣਦਾੜ੍ਹੀਆ ਸੀ ਤੇ ਸਾਰੇ ਉਸ ਨੂੰ 'ਦੀਪੂ' ਹੀ ਆਖਦੇ ਸਨ।) ਬਾਬਾ ਝਨਾਂ ਵੀ ਕਿਤੇ ਬਾਹਰ ਸੀ। ਘਰ ਸਨ ਤਾਇਆ ਤੇ ਮਾਂ ਜੀ। ਮਾਂ ਰੋਟੀ ਪਕਾ ਰਹੀ ਸੀ। ਰੋਟੀਆਂ ਚਾਨਣੇ-ਚਾਨਣੇ ਹੀ ਪਕਾਉਣੀਆਂ ਪੈਂਦੀਆਂ ਸਨ, ਕਿਉਂਕਿ ਸਰ੍ਹੋਂ ਦੇ ਤੇਲ ਦਾ ਦੀਵਾ ਮਾਮੂਲੀ ਜਿਹੀ ਹਵਾ ਨਾਲ ਹੀ ਬੁੱਝ ਜਾਂਦਾ ਸੀ। ਇੰਨੇ ਨੂੰ ਤਾਏ ਨੇ ਵਾਜ ਮਾਰੀ, "ਚਾਚੀ ਆਪਣਾ ਆਟਾ ਦਾਣਾ ਸਾਂਭ, ਨ੍ਹੇਰੀ ਆ ਗਈ ਊ।" ਮਾਂ ਨੇ ਪਿਛਾਂਹ ਮੂੰਹ ਕਰਕੇ ਵੇਖਿਆ, ਕਾਲੀ-ਬੋਲੀ ਹਨੇਰੀ ਮੌਢਿਆਂ ਤੇ ਆ ਚੜ੍ਹੀ ਸੀ। ਮਾਂ ਨੇ ਛੇਤੀ-ਛੇਤੀ ਇਕ ਥਾਲੀ ਆਟੇ ਉੱਤੇ ਮੂਧੀ ਮਾਰੀ ਤੇ

www.sikhbookclub.com



ਉੱਤੇ ਕੂੰਡੀ ਮੂਧੀ ਮਾਰ ਦਿੱਤੀ। ਦੂਜੀ ਥਾਲੀ ਰੋਟੀਆਂ ਉੱਤੇ ਮੂਧੀ ਮਾਰੀ, ਉੱਤੇ ਰੱਖਣ ਲਈ ਕੋਈ ਭਾਰ ਲੱਭਣ ਲੱਗੀ ਕਿ ਹਨੇਰੀ ਆ ਪਹੁੰਚੀ ਤੇ ਉੱਡਾ ਕੇ ਲੈ ਗਈ ਮਾਂ ਜੀ ਦੀ ਚੰਗੇਰ, ਸਣੇ ਰੋਟੀਆਂ ਤੇ ਸਣੇ ਥਾਲੀ। ਉਥੇ ਨਾ ਕੋਈ ਕੰਧ ਨਾ ਕੌਲਾ, ਨਾ ਵਾੜ ਨਾ ਓਹਲਾ ਰੜੇ ਮੈਦਾਨ ਵਿਚ ਸਭ ਕੁਝ ਬਿਨਾਂ ਕਿਸੇ ਰੁਕਾਵਟ ਤੋਂ ਉੱਡਿਆ ਜਾ ਰਿਹਾ ਸੀ। ਮਾਂ ਜੀ ਦੇ ਚੁੱਲ੍ਹੇ ਵਿਚੋਂ ਉੱਡੀਆਂ ਬਲਦੀਆਂ ਛਾਪੀਆਂ ਤੇ ਉਹਨਾਂ ਵਿਚੋਂ ਨਿਕਲਦੇ ਚੰਗਿਆੜੇ ਦੂਰ ਤਕ ਉੱਡਦੇ ਦਿਸਦੇ ਸਨ, ਹੋਰ ਕੁਝ ਨਜ਼ਰ ਨਹੀਂ ਸੀ ਆ ਰਿਹਾ। ਹਾਂ, ਮਾਂ ਜੀ ਦੀ ਥਾਲੀ ਉੱਡਦੀ ਜਾਂਦੀ ਖੜਕਦੀ ਸੀ। ਮਾਂ ਉਸ ਦੇ ਮਗਰ ਦੌੜੀ। ਡਿੱਗਦੀ, ਢਹਿੰਦੀ ਨੇ ਥਾਲੀ ਤਾਂ ਜਾ ਫੜੀ, ਪਰ ਫਿਰ ਇਹ ਪਤਾ ਨਾ ਲੱਗੇ ਕਿ ਘਰ ਕਿਹੜੇ ਪਾਸੇ ਹੈ। ਇੰਨੇ ਨੂੰ ਇਕ ਵੱਛੇ ਦਾ ਡਰ ਨਾਲ ਅਰਾਟ ਨਿਕਲ ਗਿਆ ਤੇ ਓਧਰ ਹੇਜ ਨਾਲ ਗਾਂ ਵੀ ਅੜਿੰਗੀ। ਮਾਂ ਜੀ ਨੂੰ ਆਪਣੇ ਘਰ ਦੀ ਸੇਧ ਮਿਲ ਗਈ। ਕੋਈ ਅੱਧਾ ਘੰਟਾ ਹਨੇਰੀ ਦਾ ਜ਼ੋਰ ਰਿਹਾ। ਹੋਰ ਦਸਾਂ, ਪੰਦਰਾਂ ਮਿੰਟਾਂ ਪਿੱਛੋਂ ਜਦੋਂ ਕੁਝ ਦਿਸਣ ਲੱਗਾ ਤਾਂ ਮਾਂ ਦੀ ਚੰਗੇਰ ਦੀ ਭਾਲ ਸ਼ੁਰੂ ਹੋਈ। ਡੱਬੂ (ਕੁੱਤਾ) ਇਸ ਮੁਹਿੰਮ ਵਿਚ ਬੜਾ ਕਾਮਯਾਬ ਸਿੱਧ ਹੋਇਆ। ਡੱਬੂ ਸਾਧਾਰਨ ਪੇਂਡੂ ਕੁੱਤਾ ਸੀ, ਪਰ ਬੜਾ ਸੂਝਵਾਨ, ਵਫ਼ਾਦਾਰ ਤੇ ਸਬਰ ਸੰਤੋਖ ਵਾਲਾ ਸੀ। ਮਾਂ ਜੀ ਉਸ ਨੂੰ ਰੋਟੀਆਂ ਤੇ ਦੁੱਧ ਦੀ ਰਾਖੀ ਲਈ ਵੀ ਬੈਠਾ ਜਾਂਦੇ ਸਨ। ਡੱਬੂ ਸੁੰਘਦਾ-ਸੁੰਘਦਾ ਅੱਗੇ ਲੱਗਾ। ਕੁਝ ਚਿਰ ਪਿੱਛੋਂ ਉਹ ਦੋ ਰੋਟੀਆਂ ਲੈ ਆਇਆ ਤੇ ਮਾਂ ਜੀ ਦੇ ਪੈਰਾਂ ਕੋਲ ਰੱਖ ਦਿੱਤੀਆਂ। ਮਾਂ ਨੇ ਰੋਟੀਆਂ ਮੱਝਾਂ ਨੂੰ ਪਾਉਣ ਲਈ ਚੁੱਕ ਲਈਆਂ ਤੇ ਡੱਬੂ ਨੂੰ ਕਿਹਾ, "ਜਾਹ, ਚੰਗੇਰ ਲੱਭ ਕੇ ਲਿਆ।" ਡੱਬੂ ਫਿਰ ਇਕ ਰੋਟੀ ਚੁੱਕ ਲਿਆਇਆ। ਤੀਜੀ ਵਾਰ ਡੱਬੂ ਚੰਗੇਰ ਵੀ ਕਿਸੇ ਝਾੜੀ ਵਿਚ ਅੜੀ ਚੁੱਕ ਲਿਆਇਆ। ਘਰ ਮੁੜ ਕੇ ਮਾਲ-ਡੰਗਰ ਗਿਣਿਆ, ਸਭ ਠੀਕ ਸੀ। ਕਵਾਣੇ ਵਿਚ ਪੂਰੀ ਸਫਾਈ ਹੋ ਚੁੱਕੀ—ਉਥੇ ਪਏ ਕੁਤਰੇ ਹੋਏ ਪੱਠੇ ਤੇ ਤੂੜੀ ਦੀਆਂ ਦੋ ਪੰਡਾਂ ਹੂੰਝੀਆਂ ਗਈਆਂ ਸਨ। ਸੌਣ ਵਾਲੇ ਮਣ੍ਹਿਆਂ ਦੀਆਂ ਸਿਰਫ਼ ਭੋਂ ਵਿਚ ਗੱਡੀਆਂ ਲੱਕੜਾਂ ਹੀ ਰਹਿ ਗਈਆਂ ਸਨ, ਬਾਕੀ ਸਭ ਕੁਝ ਉੱਡ ਗਿਆ ਸੀ। ਸ਼ੁਕਰ ਹੈ, ਤਾਏ ਨੇ ਲੀੜੇ-ਕਪੜੇ ਤੇ ਬਿਸਤਰੇ ਇਕੱਠੇ ਕਰਕੇ ਇਕ ਮੰਜੀ ਤੇ ਰੱਖ ਕੇ ਉੱਤੇ ਦੂਜੀ ਮੰਜੀ ਮੂਧੀ ਮਾਰ ਦਿੱਤੀ ਸੀ ਅਤੇ ਉੱਤੇ ਆਪ ਬੈਠ ਗਿਆ ਸੀ।

ਹੁਣ ਤਕ ਹਨੇਰੀ ਦਾ ਵੇਗ ਮੱਠਾ ਪਏ ਨੂੰ ਕੋਈ ਦੋ ਘੜੀਆਂ ਹੋ ਗਈਆਂ ਸਨ, ਪਰ ਟੱਬਰ ਦੇ ਜੀਆਂ ਵਿਚੋਂ ਇਕੱਲਾ ਬਾਬਾ ਝਨਾਂ ਹੀ ਘਰ ਪਰਤਿਆ ਸੀ। ਤਾਇਆ ਘੋੜੀ ਲੈ ਕੇ ਚਾਚੇ ਨੂੰ ਲੱਭਣ ਗਿਆ। ਉਸਦੇ ਨਹਾਉਣ ਵਾਲੇ ਟਿਕਾਣੇ ਕੋਲ ਪੁੱਜ ਕੇ ਵਾਜ ਮਾਰੀ ਤਾਂ ਪਤਾ ਲੱਗਾ ਕਿ ਚਾਚੇ ਦਾ ਨਵਾਂ ਝੱਗਾ ਉੱਡ ਗਿਆ ਸੀ, ਚਾਚਾ ਉਸੇ ਦੀ ਭਾਲ ਵਿਚ ਟੱਕਰਾਂ ਮਾਰ ਰਿਹਾ ਸੀ। ਤਾਇਆ ਉਸ ਨੂੰ ਦਿਲਾਸਾ ਦੇ ਕੇ ਨਾਲ ਲੈ ਆਇਆ ਕਿ ਝੱਗਾ ਸਵੇਰੇ ਲੱਭ ਲਾਂਗੇ, ਇਥੇ ਕਿਹੜਾ ਕਿਸੇ ਨੇ ਚੁੱਕਣਾ ਏ। ਫਿਰ ਤਾਇਆ ਘੋੜੀ ਤੇ ਡੱਬੂ ਨੂੰ ਲੈ ਕੇ ਸੁਹਾਗੇ ਵਾਲਿਆਂ ਨੂੰ ਲੱਭਣ ਗਿਆ। ਉਹ ਸੁਹਾਗਾ ਛੱਡ ਕੇ ਮੁੜ ਰਹੇ ਸਨ ਕਿ ਹਨੇਰੀ ਵਿਚ ਫੱਸ ਗਏ। ਉੱਡਦੀਆਂ ਛਾਪੀਆਂ ਤੋਂ ਬੱਚਣ ਲਈ ਇਕ ਟਿੱਬੀ ਦੀ ਆੜ ਲਈ। ਹਨੇਰੀ ਪਿੱਛੋਂ ਮੁੜਨ ਲੱਗੇ ਘਰ ਦੀ ਸੇਧ ਗਵਾ ਕੇ ਸੱਜੇ ਹੱਥ ਵੱਲ ਤੁਰ ਪਏ। ਤਾਏ ਨੇ ਦੌੜ-ਭੱਜ ਕਰਕੇ, ਵਾਜਾਂ ਮਾਰ ਕੇ, ਮਸਾਂ ਉਹਨਾਂ ਨੂੰ ਲੱਭਿਆ। ਘੋੜੀ ਤੇ ਕੁੱਤੇ ਦੋਹਾਂ ਨੂੰ ਇਕ ਵਾਰ ਵੇਖੇ ਰਾਹ

www.sikhbookclub.com



ਦੀ ਬੜੀ ਪਛਾਣ ਹੁੰਦੀ ਹੈ। ਡੱਬੂ ਤੇ ਘੋੜੀ ਇਸ ਲਾਣੇ ਨੂੰ ਸਿੱਧਾ ਘਰ ਲੈ ਆਏ।

ਉਸ ਰਾਤ ਰੋਟੀ ਪੱਕੀ ਜਾਂ ਨਾ, ਪੱਕੀ ਕਿਸੇ ਨੇ ਕੁਝ ਖਾਧਾ ਜਾਂ ਭੁੱਖੇ ਹੀ ਸੁੱਤੇ, ਇਸ ਬਾਰੇ ਮੈਨੂੰ ਹੁਣ ਕੁਝ ਯਾਦ ਨਹੀਂ। ਤਾਏ ਸ਼ੇਰ ਸਿੰਘ ਤੋਂ ਸੁਣੇ ਅਨੁਸਾਰ ਇਹ ਸੀ ਸਾਡੇ ਟੱਬਰ ਦਾ ਗੰਜੀ ਬਾਰ ਦੀ ਹਨੇਰੀ ਬਾਰੇ ਪਹਿਲਾ ਤਜਰਬਾ।

ਦੂਜੀ ਹਨੇਰੀ ਤਿੰਨ-ਚਾਰ ਦਿਨ ਬਾਅਦ ਹੀ ਆਈ; ਉਦੋਂ ਟੱਬਰ ਦੇ ਜੀਅ ਕਾਫ਼ੀ ਸਾਵਧਾਨ ਹੋ ਗਏ ਸਨ। ਐਤਕਾਂ ਹਨੇਰੀ ਸੁੱਤਿਆਂ ਪਿਆਂ ਆਈ। ਪੱਠੇ ਫਿਰ ਉੱਡ ਗਏ, ਇਕ ਗਾਂ ਕਿੱਲਾ ਪੁਟਾ ਕੇ ਕਿਧਰੇ ਨਿਕਲ ਗਈ, ਕਾਫ਼ੀ ਦੌੜ-ਭੱਜ ਕਰਕੇ ਲੱਭੀ। ਮਾਂ ਦੀ ਚਾਟੀ ਹਨੇਰੀ ਰੇੜ੍ਹ ਕੇ ਲੈ ਗਈ। ਉਹ ਅਗਲੇ ਸਵੇਰੇ ਮਾਂ ਨੇ ਆਪੇ ਹੀ ਡੱਬੂ ਨੂੰ ਨਾਲ ਲੈ ਕੇ ਲੱਭ ਲਈ; ਤੇ ਲੱਭੀ ਵੀ ਸਬੂਤੀ। ਸਭ ਤੋਂ ਦਿਲਚਸਪ ਸਾਕਾ ਇਹ ਵਰਤਿਆ ਕਿ ਬਾਪੂ ਤੇ ਤਾਏ ਦੋਹਾਂ ਦੀਆਂ ਪੱਗਾਂ ਉੱਡ ਗਈਆਂ। ਹਨੇਰੀ ਪਿੱਛੋਂ ਦੋਵੇਂ ਜਣੇ ਪੱਗਾਂ ਦੀ ਭਾਲ ਵਿਚ ਤੁਰੇ। ਹਨੇਰਾ ਅਜੇ ਵੀ ਬੜਾ ਸੀ। ਕੁਝ ਦੂਰ ਜਾ ਕੇ ਬਾਪੂ ਖ਼ੁਸ਼ੀ ਨਾਲ ਬੋਲਿਆ, "ਲੈ ਭਈ ਮੇਰੀ ਤਾਂ ਲੱਭ ਪਈ ਊ"। ਬਾਪੂ ਦੀ ਪੱਗ ਇਕ ਝਾੜੀ ਵਿਚ ਉਲਝੀ ਹੋਈ ਸੀ। ਪਲ ਭਰ ਪਿੱਛੋਂ ਤਾਇਆ ਵੀ ਬੋਲ ਉੱਠਿਆ, "ਮੇਰੀ ਵੀ ਲੱਭ ਪਈ ਏ।" ਦੋਵੇਂ ਜਣੇ ਹਨੇਰੇ ਵਿਚ ਆਪਣੀਆਂ ਪੱਗਾਂ ਕੰਡਿਆਂ ਵਿਚ ਉਲਝੀਆਂ ਕੱਢਣ ਲੱਗੇ। ਜਦੋਂ ਕਾਫ਼ੀ ਮਿਹਨਤ ਪਿੱਛੋਂ ਪੱਗਾਂ ਕੱਢ ਲਈਆਂ ਤਾਂ ਪਤਾ ਲੱਗਾ ਕਿ ਦੋਹਾਂ ਨੇ ਇਕੋ ਪੱਗ ਦਾ ਵੱਖ-ਵੱਖ ਲੜ ਫੜਿਆ ਹੋਇਆ ਸੀ। ਇਹ ਪੱਗ ਤਾਏ ਦੀ ਸੀ; ਬਾਪੂ ਦੀ ਪੱਗ ਅਗਲੀ ਸਵੇਰ ਡੱਬੂ ਨੇ ਲੱਭੀ।

ਅਸਾਂ ਬਾਰ ਵਸਾ ਲਈ; ਜੰਗਲ ਵੱਢ ਕੇ ਸਾਫ਼ ਕਰ ਦਿੱਤੇ, ਟਿੱਬੇ ਕਰਾਹ ਕੇ ਪੱਧਰੇ ਕਰ ਲਏ; ਕੱਲਰ, ਕੱਪਰ ਵੀ ਜ਼ਰਖੇਜ਼ ਭੋਂ ਵਿਚ ਬਦਲ ਦਿੱਤੇ, ਪਰ ਹਨੇਰੀਆਂ ਨੂੰ ਕਾਬੂ ਨਾ ਕਰ ਸਕੇ, ਇਹਨਾਂ ਦਾ ਵੇਗ ਸਾਡੇ ਬਾਰ ਛੱਡਣ ਤਕ ਓਵੇਂ ਹੀ ਰਿਹਾ ਤੇ ਅੱਜ ਵੀ ਓਵੇਂ ਹੀ ਹੋਵੇਗਾ। ਹੁਣ ਮੈਂ ਹਨੇਰੀ ਨਾਲ ਸੰਬੰਧਿਤ ਇਕ ਹੱਡ-ਬੀਤੀ ਸੁਣਾਉਣਾ ਚਾਹੁੰਦਾ ਹਾਂ। ਇਹ ਗੰਜੀ ਬਾਰ ਛੱਡਣ ਤੋਂ ਸਿਰਫ਼ ਪੰਜ ਸਾਲ ਪਹਿਲਾਂ ਦਾ ਕਿੱਸਾ ਹੈ। ਮੈਂ ਉਹਨੀਂ ਦਿਨੀਂ ਬੀ. ਏ. ਪਾਸ ਕਰਕੇ ਕੁਝ ਨਿੱਜੀ ਹਾਲਾਤ ਕਾਰਨ ਖਾਨੇਵਾਲ ਰਹਿ ਰਿਹਾ ਸਾਂ ਤੇ ਦਸੀਂ, ਪੰਦਰੀਂ ਦਿਨੀਂ ਪਿੰਡ ਆਉਂਦਾ ਸਾਂ। ਉਦੋਂ ਤਕ ਸ਼ਹਿਰ ਖਾਨੇਵਾਲ ਤੋਂ ਇਕ ਲਾਰੀ ਸਾਡੇ ਪਿੰਡਾਂ ਨੂੰ ਚੱਲਣ ਲੱਗ ਪਈ ਸੀ, ਜਿਹੜੀ ਸ਼ਾਮੀ 4 ਵਜੇ ਸ਼ਹਿਰੋਂ ਪਿੰਡਾਂ ਨੂੰ ਜਾਂਦੀ ਸੀ, ਅਤੇ ਸਵੇਰੇ ਓਥੋਂ ਸ਼ਹਿਰ ਨੂੰ ਆਉਂਦੀ ਸੀ। 'ਬਸ' ਨੂੰ ਉਸ ਜ਼ਮਾਨੇ ਵਿਚ ਸਾਰੇ ਪੰਜਾਬੀ 'ਲਾਰੀ' ਆਖਦੇ ਸਨ। ਮੈਂ ਆਮ ਤੌਰ ਤੇ ਸਾਈਕਲ ਤੇ ਜਾਂਦਾ ਸਾਂ। ਇਕ ਸ਼ਨਿਚਰਵਾਰ ਜਦੋਂ ਮੈਂ ਪਿੰਡ ਨੂੰ ਜਾਣ ਲੱਗਾ ਤਾਂ ਸਾਡੇ ਗੁਆਂਢੀ ਪਿੰਡ ਚੱਕ 78 ਦੇ ਦੋ ਸਾਥੀ ਮਿਲ ਪਏ। ਉਹ ਆਖਣ ਲੱਗੇ, "ਅੱਧਾ ਘੰਟਾ ਠਹਿਰ ਜਾ ਇਕੱਠੇ ਚਲਦੇ ਆਂ।" ਜਦੋਂ ਅਸੀਂ ਪਿੰਡ ਨੂੰ ਤੁਰੇ ਦਿਨ ਅਜੇ ਚੰਗਾ ਖੜਾ ਸੀ ਤੇ ਅਸੀਂ ਸੌਖੇ ਹੀ ਲੋਏ-ਲੋਏ ਪਿੰਡ ਪਹੁੰਚ ਸਕਦੇ ਸਾਂ। ਪਰ ਮਸਾਂ ਕੋਈ ਤਿੰਨ ਮੀਲ ਗਏ ਹੋਵਾਂਗੇ ਕਿ ਮੇਰਾ ਸਾਈਕਲ ਪੰਚਰ ਹੋ ਗਿਆ। ਓਧਰ ਸਾਈਕਲਾਂ ਵਾਲੇ ਪੰਚਰ ਦਾ ਸਮਾਨ ਤੇ ਪੰਪ ਨਾਲ ਲੈ ਕੇ ਤੁਰਦੇ ਸਨ। ਪੰਚਰ ਲਾਇਆ, ਕੋਈ ਪੰਦਰਾਂ ਮਿੰਟ ਲੱਗੇ। ਫਿਰ ਤੁਰੇ ਤੇ ਕੋਟੀ ਢਾਈ, ਤਿੰਨ ਮੀਲ

www.sikhbookclub.com



ਚੱਲਣ ਪਿੱਛੋਂ ਦੂਜੇ ਮੁੰਡੇ ਦਾ ਸਾਈਕਲ ਪੰਚਰ ਹੋ ਗਿਆ। ਫਿਰ ਪੰਚਰ ਲਾ ਕੇ ਤੁਰੇ ਤੇ ਕੋਈ ਹੋਰ ਤਿੰਨ ਮੀਲ ਪਿੱਛੋਂ ਤਿੰਨਾਂ ਵਿਚੋਂ ਦੋ ਸਾਈਕਲ ਇਕੱਠੇ ਹੀ ਪੰਚਰ ਹੋ ਗਏ। ਹੁਣ ਅਸਾਂ ਸੋਚਿਆ ਕਿ ਜੇ ਪੰਚਰ ਲਾਉਣ ਲੱਗ ਪਏ ਤਾਂ ਸਾਨੂੰ ਇਥੇ ਹੀ ਹਨੇਰਾ ਹੋ ਜਾਣਾ ਹੈ ਤੇ ਅੱਗੇ ਅਸਾਂ ਤਕਰੀਬਨ ਅੱਠ ਮੀਲ ਗੈਰ-ਆਬਾਦ ਇਲਾਕੇ ਵਿਚੋਂ ਦੀ ਲੰਘਣਾ ਹੈ—ਕੋਈ ਛੇ ਮੀਲ ਕੱਪਰ ਤੇ ਤਕਰੀਬਨ ਦੋ ਮੀਲ ਜੰਗਲ। ਸੋ ਅਸੀਂ ਫ਼ੈਸਲਾ ਕਰਕੇ ਪੈਦਲ ਤੁਰ ਪਏ। ਅੱਗੇ ਰਜਵਾਹਾ ਆਇਆ ਉਸ ਤੋਂ ਪਾਣੀ ਪੀ ਕੇ ਅਸੀਂ ਕੱਪਰ ਵਿਚ ਵੜ ਗਏ। ਅਜੇ ਸੂਰਜ ਖੜਾ ਸੀ, ਅਸੀਂ ਅੱਧਾ ਪੈਂਡਾ ਚਾਨਣੇ-ਚਾਨਣੇ ਕਰ ਸਕਦੇ ਸਾਂ। ਕੱਪਰ ਵਿਚ ਕੋਈ ਡੇੜ੍ਹ, ਦੋ ਮੀਲ ਗਏ ਹੋਵਾਂਗੇ ਕਿ ਖੱਬੇ ਪਾਸਿਓਂ ਭਿਆਨਕ ਹਨੇਰੀ ਉੱਠੀ। ਅਸੀਂ ਬਿਲਕੁਲ ਰੜੇ ਵਿਚ ਸਾਂ। ਹਨੇਰੀ ਵਿਚ ਉੱਡ ਕੇ ਆਏ ਛਾਪਿਆਂ ਤੋਂ ਬਚਾ ਲਈ ਅਸੀਂ ਇਕ ਟਿੱਬੀ ਦੀ ਆੜ ਲੈਣ ਲਈ ਦੌੜੇ। ਇਹ ਟਿੱਬੀ ਕੋਈ ਦੋ, ਢਾਈ ਸੌ ਗਜ ਦੂਰ ਸੀ। ਸਾਡੇ ਓਥੇ ਪਹੁੰਚਦਿਆਂ ਤਕ ਹਨੇਰੀ ਆ ਗਈ। ਕਾਫ਼ੀ ਲੰਮੇ ਸਮੇਂ ਤਕ ਹਨੇਰੀ ਚੱਲੀ। ਘੁੱਪ ਹਨੇਰਾ ਸੀ। ਟਿੱਬੀ ਦੀ ਓਟ ਦੇ ਬਾਵਜੂਦ ਬੁੱਕਾਂ-ਦੇ-ਬੁੱਕ ਮਿੱਟੀ-ਘੱਟਾ, ਕੰਕਰ ਛੋਟੀਆਂ-ਮੋਟੀਆਂ ਛਾਪੀਆਂ ਸਾਡੇ ਵਿਚ ਵੱਜ ਰਹੀਆਂ ਸਨ। ਕੋਈ ਡੇੜ੍ਹ ਘੰਟੇ ਪਿੱਛੋਂ ਹਨੇਰੀ ਬੰਦ ਹੋਈ ਪਰ ਹਨੇਰਾ ਅਜੇ ਕਾਫ਼ੀ ਸੀ। ਸਾਨੂੰ ਇਕ ਇਕ-ਦੂਜੇ ਦੇ ਬੁੱਤ ਹੀ ਨਜ਼ਰ ਆਉਂਦੇ ਸਨ। ਹੁਣ ਇਕ ਹੋਰ ਸਮੱਸਿਆ ਖੜੀ ਹੋ ਗਈ। ਹਨੇਰੀ ਰੁੱਖ ਬਦਲਦੀ ਰਹੀ ਸੀ ਤੇ ਅਸੀਂ ਟਿੱਬੀ ਦੇ ਚੁਫੇਰੇ ਘੁੰਮਦੇ ਰਹੇ ਸਾਂ। ਹੁਣ ਸਾਨੂੰ ਇਹ ਪਤਾ ਨਾ ਲੱਗੇ ਕਿ ਖਾਨੇਵਾਲ ਕਿਹੜੇ ਪਾਸੇ ਹੈ ਤੇ ਸਾਡੇ ਪਿੰਡ ਕਿਹੜੇ ਬੰਨੇ। ਮੇਰੇ ਦੋਵੇਂ ਸਾਥੀ ਖਾਨੇਵਾਲ ਵੱਲ ਨੂੰ ਹੱਥ ਖੜਾ ਕਰਕੇ ਕਹਿਣ ਕਿ ਪਿੰਡ ਇਧਰ ਹਨ। ਮੈਂ ਠੀਕ ਆਪਣੇ ਪਿੰਡਾਂ ਵੱਲ ਇਸ਼ਾਰਾ ਕਰਾਂ। ਆਖਰ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਮੇਰੀ ਗੱਲ ਮੰਨੋ, ਜਿਧਰ ਮੈਂ ਕਹਿੰਦਾ ਹਾਂ, ਓਧਰ ਚੱਲੋ। ਜੇ ਇਹ ਰਾਹ ਠੀਕ ਹੋਇਆ ਤਾਂ ਅਸੀਂ ਪਿੰਡ ਪਹੁੰਚ ਜਾਵਾਂਗੇ, ਤੇ ਜੇ ਤੁਹਾਡੇ ਖਿਆਲ ਅਨੁਸਾਰ ਅਸੀਂ ਉਲਟੇ ਪਾਸੇ ਚੱਲ ਰਹੇ ਹੋਏ ਤਾਂ ਰਾਹ ਵਿਚ ਰਜਵਾਹਾ ਜ਼ਰੂਰ ਆਉਣਾ ਹੈ। ਪਾਣੀ ਪੀ ਕੇ ਓਥੇ ਸੌਂ ਰਹਾਂਗੇ, ਸਵੇਰੇ ਉੱਠ ਕੇ ਤੁਰ ਪਵਾਂਗੇ। ਉਹਨਾਂ ਮੇਰੀ ਰਾਏ ਮੰਨ ਲਈ। ਹੁਣ ਮੇਰੇ ਲਾਏ ਅਨੁਮਾਨ ਅਨੁਸਾਰ ਅਸੀਂ ਰਾਹ ਲੱਭਣ ਲੱਗੇ, ਜਿਹੜਾ ਛੱਡ ਕੇ ਅਸਾਂ ਟਿੱਬੀ ਦੀ ਓਟ ਲਈ ਸੀ। ਕੋਈ ਪੰਦਰਾਂ ਮਿੰਟ ਟੱਕਰਾਂ ਮਾਰਦੇ ਰਹੇ। ਪੈਰਾਂ ਨਾਲ ਟੋਹ-ਟੋਹ ਕੇ ਰਾਹ ਲੱਭਦੇ ਸਾਂ, ਦਿਸਦਾ ਤਾਂ ਅਜੇ ਬਹੁਤ ਘੱਟ ਸੀ। ਕੁਝ ਚਿਰ ਹੋਰ ਅੱਗੇ, ਪਿਛੇ, ਸੱਜੇ-ਖੱਬੇ ਭਾਲ ਕੀਤੀ। ਰਾਹ ਕਿਤੇ ਨਾ ਲੱਭਾ। ਹੁਣ ਪੋਜ਼ੀਸ਼ਨ ਇਹ ਸੀ ਕਿ ਸਾਨੂੰ ਇਹ ਵੀ ਨਹੀਂ ਸੀ ਸੁਝਦਾ ਕਿ ਪਿੰਡ ਸਾਹਮਣੇ ਹੈ ਜਾਂ ਪਿਛੇ, ਸੱਜੇ ਜਾਂ ਖੱਬੇ। ਇੰਵ ਜਾਪਣ ਲੱਗਾ ਕਿ ਅਸੀਂ ਇਸ ਬੀਆਬਾਨ ਵਿਚ ਤਿਹਾਏ ਮਰ ਜਾਵਾਂਗੇ।

ਇਸ ਬੇਬਸੀ ਦੀ ਹਾਲਤ ਵਿਚ ਇਕੋ ਚਾਰਾ ਬਾਕੀ ਸੀ—ਅਰਦਾਸ। ਅਸਾਂ ਇਕ ਮਨ, ਇਕ ਚਿਤ ਹੋ ਕੇ ਬਾਬੇ ਨਾਨਕ ਨੂੰ ਯਾਦ ਕੀਤਾ ਤੇ ਬੇਨਤੀ ਕੀਤੀ, "ਬਾਬਾ, ਸਾਡੀ ਸਹਾਇਤਾ ਕਰੋ।" ਬਾਬਾ ਬਹੁੜਿਆ, ਛੇਤੀ ਹੀ ਸਾਨੂੰ ਰਾਹ ਲੱਭ ਪਿਆ ਤੇ ਅਸੀਂ ਉਸ ਪਾਸੇ ਨੂੰ ਤੁਰ ਪਏ ਜਿਧਰ ਮੇਰੇ ਅੰਦਾਜ਼ੇ ਅਨੁਸਾਰ ਸਾਡੇ ਪਿੰਡ ਸਨ। ਕੋਈ ਅੱਧਾ

www.sikhbookclub.com



ਘੰਟਾ ਤੁਰਨ ਪਿਛੋਂ ਸਾਨੂੰ ਪਤਾ ਲੱਗ ਗਿਆ ਕਿ ਇਹ ਸਾਡੇ ਪਿੰਡ ਦਾ ਰਾਹ ਨਹੀਂ, ਕਿਉਂਕਿ ਉਸ ਰਸਤੇ ਵਿਚ ਜਿਹੜੇ ਰੁੱਖ, ਦਰਖਤ, ਟਿੱਬੇ ਆਉਣੇ ਸਨ, ਉਹ ਇਧਰ ਨਾ ਆਏ। ਫਿਰ ਵੀ ਸਾਨੂੰ ਹੌਸਲਾ ਸੀ ਕਿ ਆਖਰ ਇਹ ਰਾਹ ਕਿਸੇ ਪਿੰਡ ਹੀ ਜਾਏਗਾ। ਜਿੰਨਾ ਪੈਂਡਾ ਕਰਕੇ ਅਸਾਂ ਦੋ-ਢਾਈ ਘੰਟੇ ਵਿਚ ਪਿੰਡ ਪੁੱਜ ਜਾਣਾ ਸੀ, ਹੁਣ ਤਿੰਨ, ਸਵਾ ਤਿੰਨ ਘੰਟੇ ਤੁਰ ਕੇ ਵ਼ੀ ਨਾ ਕੋਈ ਝੁੱਗੀ ਆਈ ਨਾ ਖੇਤ, ਨਾ ਕੋਈ ਕੁੱਤਾ ਹੀ ਭੌਂਕੇ! ਸਾਨੂੰ ਪਾਣੀ ਪੀਤਿਆਂ ਕੋਈ ਪੰਜ ਘੰਟੇ ਹੋ ਗਏ ਸਨ। ਸਖ਼ਤ ਤੇਹ ਲੱਗੀ ਹੋਈ ਸੀ ਤੇ ਕਿਤੇ ਆਬਾਦੀ ਦਾ ਕੋਈ ਚਿੰਨ੍ਹ ਨਹੀਂ ਸੀ ਦਿਸ ਰਿਹਾ। ਫਿਰ ਮਾਯੂਸ ਹੋਏ; ਪਰ ਇੰਨੇ ਨੂੰ ਅਚਾਨਕ ਅਸੀਂ ਇਕ ਪਿੰਡ ਵਿਚ ਜਾ ਵੜੇ। ਸਾਡਾ ਵੇਖਿਆ, ਭਾਲਿਆ ਪਿੰਡ, ਪਰ ਅੱਜ ਪਤਾ ਨਾ ਲੱਗੇ ਕਿ ਇਹ ਕਿਹੜਾ ਪਿੰਡ ਹੈ। ਖ਼ੁਸ਼ ਕਿਸਮਤੀ ਨੂੰ ਇਕ ਜਾਂਗਲੀ ਕਹੀ ਲੈ ਕੇ ਨਿਕਲਿਆ, ਪਾਣੀ ਲਾਉਣ। ਉਸ ਤੋਂ ਪੁੱਛਿਆ, "ਕਿਹੜਾ ਚੱਕ ਹੈ?" ਓਨ ਦੱਸਿਆ, "ਕਸਰਾਵਾਂ ਵਾਲਾ"। ਸਾਡਾ ਰੋਜ਼ ਦਾ ਵੇਖਿਆ ਪਿੰਡ, ਪਰ ਅੱਜ ਅਸੀਂ ਅਜਿਹੇ ਬੌਂਦਲੇ ਹੋਏ ਸਾਂ ਕਿ ਪਿੰਡ ਵੀ ਨਾ ਪਛਾਣ ਸਕੇ। ਇਸ ਪਿੰਡ ਵਿਚ ਸਾਡੇ ਕਈ ਵਾਕਫ਼ ਸਨ। ਹਾਜੀ ਮੁਹੰਮਦ ਕਸਰਾ ਮੇਰਾ ਗੂੜ੍ਹਾ ਯਾਰ ਸੀ। ਅਸੀਂ ਪਹਿਲਾਂ ਆਪਣੇ ਪਿੰਡ ਇਕੱਠੇ ਪੜ੍ਹੇ, ਫਿਰ ਤਲੁੰਭੇ ਵਿਚ ਸੱਤਵੀਂ, ਅੱਠਵੀਂ ਇਕੱਠਿਆਂ ਪਾਸ ਕੀਤੀ, ਪਿੱਛੋਂ ਮੈਂ ਹਾਜੀ ਨੂੰ ਖਾਲਸਾ ਹਾਈ ਸਕੂਲ, ਖਾਨੇਵਾਲ ਲੈ ਗਿਆ। ਓਥੇ ਵੀ ਇਕ ਸਾਲ ਇਕੱਠੇ ਰਹੇ। ਓਸੇ ਜਾਂਗਲੀ ਨੇ ਹਾਜੀ ਨੂੰ ਸੁੱਤਿਆਂ ਪਿਆਂ ਉਠਾਇਆ। ਉਹਨੀਂ ਦਿਨੀਂ ਹਿੰਦੂ-ਸਿੱਖ ਮੁਸਲਮਾਨਾਂ ਦੇ ਹੱਥ ਦਾ ਪਾਣੀ ਨਹੀਂ ਸੀ ਪੀਂਦੇ। ਹਾਜੀ ਨੇ ਇਕ ਹਿੰਦੂ ਦੁਕਾਨਦਾਰ ਨੂੰ ਉਠਾਇਆ ਤੇ ਸਾਨੂੰ ਮਿਸਰੀ ਦਾ ਸਰਬੱਤ ਕਰਕੇ ਪਿਆਇਆ; ਤੇ ਹਾਜੀ ਕੋਈ ਅੱਧੇ ਮੀਲ ਤਕ ਪਿੰਡੋਂ ਬਾਹਰ ਆਕੇ ਸਾਨੂੰ ਰਾਹੇ ਪਾ ਕੇ ਗਿਆ। ਹਾਜੀ ਨੂੰ ਮੁੜਿਆਂ ਕੋਈ ਦਸ, ਬਾਰਾਂ ਮਿੰਟ ਹੀ ਹੋਏ ਹੋਣਗੇ, ਅਸੀਂ ਫਿਰ ਰਾਹ ਭੁੱਲ ਗਏ। ਅੱਜ ਦਿਨ ਹੀ ਕੋਈ ਅਜਿਹਾ ਚੰਦਰਾ ਚੜ੍ਹਿਆ ਸੀ। ਅਸਲ ਵਿਚ ਇਹ ਪੈਦਲ ਚੱਲਣ ਵਾਲਿਆਂ ਦੀ ਡੰਡੀ ਸੀ, ਤੇ ਸਾਡੇ ਹੱਥਾਂ ਵਿਚ ਸਾਈਕਲ ਸਨ। ਇਕ ਥਾਂ ਕਿਤੇ ਰਾਹੋਂ ਲਾਂਭੇ ਹੋਏ ਤੇ ਕਿਤੇ-ਦੇ-ਕਿਤੇ ਚਲ੍ਹੇ ਗਏ। ਹੁਣ ਅਸੀਂ ਨਰਮੇ ਦੇ ਖੇਤਾਂ ਵਿਚ ਜਾ ਵੜੇ, ਜਿੱਥੇ ਸਾਈਕਲ ਧੂਹਣਾ ਵੀ ਨਾਮੁਮਕਿਨ ਸੀ। ਖੈਰ ਰੁਲ-ਖੁਲ ਕੇ ਅਸਾਂ ਇਕ ਸੁੱਕਾ ਖਾਲ ਲੱਭ ਲਿਆ। ਉਸ ਵਿਚ ਪੈ ਕੇ ਅਸੀਂ ਇਕ ਕੱਚੀ ਸੜਕ ਤੇ ਜਾ ਚੜ੍ਹੇ, ਜਿੱਥੇ ਲਾਰੀ ਦੀਆਂ ਲੀਹਾਂ ਸਨ। ਹੁਣ ਸਾਨੂੰ ਪਤਾ ਲੱਗਾ ਕਿ ਅਸੀਂ ਕਿੱਧਰ ਧੱਕੇ ਖਾਂਦੇ ਫਿਰਦੇ ਹਾਂ। ਸਿੱਧੇ ਰਾਹੇ ਗਿਆਂ ਪਹਿਲਾਂ ਮੇਰਾ ਪਿੰਡ ਆਉਣਾ ਸੀ, ਫਿਰ ਮੇਰੇ ਸਾਥੀਆਂ ਨੇ ਅੱਗੇ ਆਪਣੇ ਪਿੰਡ ਜਾਣਾ ਸੀ। ਹੁਣ ਪਹਿਲਾਂ ਉਹਨਾਂ ਦਾ ਪਿੰਡ ਆਇਆ, ਤੇ ਮੈਂ ਅੱਗੇ ਆਪਣੇ ਪਿੰਡ ਗਿਆ। ਘਰ ਦਾ ਗੇਟ ਅੰਦਰੋਂ ਬੰਦ ਸੀ। ਕੰਧ ਟੱਪ ਕੇ ਗੇਟ ਖੋਲ੍ਹਿਆ, ਕੰਧ ਨਾਲ ਸਾਈਕਲ ਖੜ੍ਹਾ ਕਰਕੇ ਘੜੇ 'ਚੋਂ ਪਾਣੀ ਪੀਤਾ; ਇਕ ਮੰਜੀ ਲੈ ਕੇ ਚੁਪ ਕਰਕੇ ਸੌਂ ਗਿਆ; ਕਿਸੇ ਨੂੰ ਨਾ ਜਗਾਇਆ। ਸਮਾਂ ਅੱਧੀ ਰਾਤ ਤੋਂ ਉੱਤੇ ਸੀ।

ਇਹ ਹਾਲ ਕਰਦੀਆਂ ਸਨ ਸਾਡਾ ਹਨੇਰੀਆਂ। ਫਿਰ ਵੀ ਯਾਦ ਆਉਂਦੀਆਂ ਹਨ; ਮੁੜ-ਮੁੜ ਯਾਦ ਆਉਂਦੀਆਂ। ਕਿਉਂ? ਇਹ ਗੰਜੀ ਬਾਰ ਦੀਆਂ ਹਨੇਰੀਆਂ ਸਨ ਤੇ ਗੰਜੀ ਬਾਰ ਸਾਡਾ ਸਵਰਗ ਸੀ।

www.sikhbookclub.com



'ਟ੍ਰਿਬਿਊਨ' ਵਿਚੋਂ ਗੰਜੀ ਬਾਰ ਬਾਰੇ ਮੇਰੇ ਲਿਖੇ ਲੇਖ ਪੜ੍ਹ ਕੇ ਸਾਡੇ ਪਿੰਡ, ਚੱਕ 79 ਵਿਚੋਂ ਉੱਜੜ ਕੇ ਆਏ ਜਿਹੜੇ ਮਿੱਤਰਾਂ ਦੀਆਂ ਮੈਨੂੰ ਚਿੱਠੀਆਂ ਮਿਲੀਆਂ ਉਹਨਾਂ ਵਿਚੋਂ ਸਭ ਤੋਂ ਪਹਿਲੀ ਸੀ ਸਰਦਾਰ ਗੁਰਬਚਨ ਸਿੰਘ ਪਿੰਡ ਕਾਲਖ, ਜ਼ਿਲ੍ਹਾ ਲੁਧਿਆਣਾ ਦੀ। ਅਸੀਂ ਇੱਕੋ ਪਿੰਡ ਦੇ ਵਸਨੀਕ ਹੀ ਨਹੀਂ ਸਾਂ, ਜਮਾਤੀ ਵੀ ਸਾਂ। ਸਾਡੇ ਪਿੰਡ ਦੇ ਨਵੇਂ ਬਣੇ ਸਕੂਲ ਵਿਚੋਂ ਜਿਹੜੀ ਜਮਾਤ ਸਭ ਤੋਂ ਪਹਿਲਾਂ ਛੇਵੀਂ ਪਾਸ ਕਰਕੇ ਨਿਕਲੀ, ਅਸੀਂ ਦੋਵੇਂ ਉਸ ਵਿਚ ਸਾਂ। ਇਹ 1930 ਦੀ ਗੱਲ ਹੈ। ਇਸ ਤੋਂ ਪਹਿਲਾਂ 1928 ਵਿਚ ਹੈਡਮਾਸਟਰ ਉਤਮ ਸਿੰਘ ਆਪਣੇ ਸਕੂਲ ਦੀ ਚੌਥੀ ਜਮਾਤ ਦੇ ਚਾਰ ਮੁੰਡੇ ਵਜ਼ੀਫੇ ਦੇ ਇਮਤਿਹਾਨ ਲਈ ਲੈ ਗਿਆ ਸੀ। ਸਾਰੀ ਤਸੀਲ ਦਾ ਇਕੱਠਾ ਇਮਤਿਹਾਨ ਹੋਣਾ ਸੀ ਤੇ ਤਸੀਲ ਦੇ 6 ਵਜ਼ੀਫ਼ੇ ਸਨ, ਇਹਨਾਂ ਵਿਚੋਂ ਤਿੰਨ ਸਾਡੇ ਸਕੂਲ ਨੇ ਮਾਰ ਲਏ। ਗੁਰਬਚਨ ਤਸੀਲ ਵਿਚੋਂ ਫ਼ਸਟ ਸੀ, ਮੈਂ ਸੈਕੰਡ। ਤੀਜਾ ਮੁੰਡਾ ਹਸਨਦੀਨ ਸੀ, ਜਿਸ ਨੂੰ ਪਿੱਛੋਂ ਕਿਸੇ ਕਾਰਨ ਵਜੀਫ਼ਾ ਨਾ ਮਿਲਿਆ। ਛੇਵੀਂ ਪਾਸ ਕਰਕੇ ਗੁਰਬਚਨ ਆਪਣੇ ਪਿੰਡ ਕਾਲਖ ਆ ਗਿਆ ਤੇ ਪੜ੍ਹਾਈ ਜਾਰੀ ਰੱਖੀ। ਮੈਨੂੰ ਸਤਵੀਂ ਜਮਾਤ ਵਿਚ ਦਾਖ਼ਲ ਹੋਣ ਤਲੁੰਭੇ ਜਾਣਾ ਪੈਂਦਾ ਸੀ ਜੋ ਸਾਡੇ ਪਿੰਡ ਤੋਂ ਕੋਈ 24 ਮੀਲ ਦੂਰ ਸੀ। ਮੈਨੂੰ ਕੋਈ ਸਾਥੀ ਨਾ ਮਿਲਿਆ, ਮੈਂ ਦੋ ਸਾਲ ਘਰ ਬੈਠਾ ਰਿਹਾ, ਪਿੱਛੋਂ 1932 ਵਿਚ ਹੋਰ ਸਾਥੀ ਮਿਲਣ ਤੇ ਤਲੁੰਭੇ ਦਾਖ਼ਲ ਹੋਇਆ।

ਹੁਣ ਜਦੋਂ ਸਰਦਾਰ ਗੁਰਬਚਨ ਸਿੰਘ ਦੀ ਚਿੱਠੀ ਮਿਲੀ ਤਾਂ ਮੈਂ ਜਵਾਬ ਲਿਖਕੇ ਬੇਨਤੀ ਕੀਤੀ, "ਮਰਨ ਤੋਂ ਪਹਿਲਾਂ ਇਕ ਵਾਰੀ ਮਿਲ ਲਈਏ, ਕਿਸੇ ਨਾ ਕਿਸੇ ਤਰ੍ਹਾਂ ਪਟਿਆਲੇ ਪਹੁੰਚੋ।" ਸਰਦਾਰ ਗੁਰਬਚਨ ਸਿੰਘ ਮੇਰੀ ਬੇਨਤੀ ਮੰਨ ਕੇ ਪਟਿਆਲੇ ਆਏ, ਤੇ ਪੜ੍ਹਨ ਸੁਣਨ ਵਾਲਿਆਂ ਨੂੰ ਯਕੀਨ ਨਹੀਂ ਆਵੇਗਾ ਕਿ ਅਸੀਂ 62 ਸਾਲਾਂ ਪਿੱਛੋਂ ਮਿਲੇ ਅਤੇ ਸਹਿਜ-ਸੁਭਾ ਹੀ ਮੇਰੇ ਮੂੰਹੋਂ ਚਿਰਾਂ ਦਾ ਭੁੱਲਿਆ ਜ਼ੌਕ ਦਾ ਸ਼ਿਅਰ ਨਿਕਲਿਆ :

ਐ ਜ਼ੌਕ ਕਿਸੀ ਹਮਦਮੇ ਦੇਰੀਨਾ ਕਾ ਮਿਲਨਾ,
ਬਿਹਤਰ ਹੈ ਮੁਲਾਕਾਤੇ ਮਸੀਹਾ-ਓ-ਖਿਜ਼ਰ ਸੇ।

ਅਸਾਂ ਰਾਤ-ਭਰ ਰੱਜ ਕੇ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕੀਤੀਆਂ; ਪਰ ਮੈਂ ਹਨੇਰੀਆਂ ਨਾਲ ਸੰਬੰਧਿਤ ਸ. ਗੁਰਬਚਨ ਸਿੰਘ ਦੀ ਹੱਡ ਬੀਤੀ ਸੁਣਾਉਣੀ ਹੈ। ਇਹ ਗੱਲ 1925-26 ਦੀ ਹੈ, ਗੁਰਬਚਨ ਆਥਣ ਨੂੰ ਡੰਗਰਾਂ ਨੂੰ ਪਾਣੀ ਡਾਹੁਣ ਲਈ ਡਿੱਘੀ ਤੇ ਲਿਆਇਆ, ਤੇ ਹਨੇਰੀ ਵਿਚ ਘਿਰ ਗਿਆ—ਹਨੇਰਾ ਘੁੱਪ ਹੋ ਗਿਆ। ਡੰਗਰਾਂ ਨੂੰ ਤਾਂ ਹਨੇਰੇ ਵਿਚ ਵੀ ਕੁਝ ਦਿਖਾਈ ਦਿੰਦਾ ਹੈ, ਉਹ ਘਰ ਪਹੁੰਚ ਗਏ, ਪਰ ਗੁਰਬਚਨ ਬਿਲਕੁਲ ਉਲਟੇ ਪਾਸੇ ਨੂੰ ਤੁਰ ਪਿਆ ਤੇ ਸੋਟੀ ਨਾਲ ਟੋਂਹਦਾ ਦੂਰ ਝਾੜੀਆਂ ਦੀ ਝੰਗੀ ਵਿਚ ਜਾ ਵੜਿਆ ਅਤੇ ਉਥੇ ਹੀ ਬੈਠ ਗਿਆ।

ਓਧਰ ਜਦੋਂ ਡੰਗਰਾਂ ਨਾਲ ਗੁਰਬਚਨ ਘਰ ਨਾ ਪੁਜਾ ਤਾਂ ਕੁਝ ਚਿਰ ਉਡੀਕ ਕੇ ਘਰ ਵਾਲੇ ਲਾਲਟੈਣਾਂ ਲੈ ਕੇ ਉਸ ਨੂੰ ਲੱਭਣ ਨਿਕਲੇ। ਜਦੋਂ ਉਹ ਡਿੱਘੀ ਕੋਲ ਪਹੁੰਚੇ ਤਾਂ ਉੱਚੀ-ਉੱਚੀ ਵਾਜਾਂ ਮਾਰੀਆਂ। ਓਧਰੋਂ ਗੁਰਬਚਨ ਨੇ ਆਵਾਜ਼ ਦਿੱਤੀ। ਹੁਣ ਤੱਕ ਹਨੇਰੀ ਦਾ ਜ਼ੋਰ ਵੀ ਕੁਝ ਮੱਠਾ ਪੈ ਗਿਆ ਸੀ। ਜਦੋਂ ਲਾਲਟੈਣਾਂ ਵਾਲੇ ਗੁਰਬਚਨ ਦੇ ਕੋਲ ਪੁਜੇ

www.sikhbookclub.com



ਤਾਂ ਸਾਰਿਆਂ ਨੇ ਵੇਖਿਆ ਕਿ ਗੁਰਬਚਨ ਤਾਇਆ ਸ਼ੇਰ ਸਿੰਘ ਦੀ ਮੜ੍ਹੀ ਦੁਆਲੇ ਉੱਗੀਆਂ ਝਾੜੀਆਂ ਵਿਚ ਬੈਠਾ ਸੀ। ਇਸ ਮਿਲਨੀ ਦੌਰਾਨ ਸਰਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਪਹਿਲਾਂ ਤਾਂ ਮੈਨੂੰ ਕੋਈ ਡਰ-ਭਉ ਨਹੀਂ ਸੀ ਆਇਆ, ਪਰ ਜਦ ਮੈਂ ਦੇਖਿਆ ਕਿ ਮੈਂ ਤਾਏ ਦੀ ਮੜ੍ਹੀ ਤੇ ਬੈਠਾ ਹਾਂ ਤਾਂ ਮੇਰਾ ਸਰੀਰ ਭੈ ਨਾਲ ਕੰਬਣ ਲੱਗ ਪਿਆ। ਇਹ ਸੀ ਹਨੇਰੀਆਂ ਨਾਲ ਸੰਬੰਧਿਤ ਇਕ ਹੋਰ ਕਹਾਣੀ।

ਵਿਸਤਾਰਾਂ ਤੋਂ ਬਚਣ ਲਈ ਮੈਂ ਬਹੁਤ ਕੁਝ ਅਜਿਹਾ ਲਿਖਣੋਂ ਛੱਡ ਗਿਆ ਹਾਂ ਜੋ ਲਿਖਣਾ ਚਾਹੀਦਾ ਸੀ। ਸਾਡੇ ਪਿੰਡ ਦੇ ਜਿਹੜੇ ਵਿਅਕਤੀਆਂ ਨੇ ਸਭ ਤੋਂ ਪਹਿਲਾ ਵਫ਼ਾਤ ਪਾਈ, ਉਹ ਦੋਵੇਂ ਪਿੰਡ ਦੇ ਹੀਰੇ ਸਨ। ਪਹਿਲਾ ਮਰਨ ਵਾਲਾ ਸੀ ਸੂਬੇਦਾਰ ਮੇਜਰ ਮੱਸਾ ਸਿੰਘ ਦਾ ਸਾਰਿਆਂ ਤੋਂ ਛੋਟਾ ਭਰਾ ਟੇਕ ਸਿੰਘ ਜੋ ਚੜ੍ਹਦੀ ਜਵਾਨੀ ਵਿਚ ਹੀ ਮੁਕਲਾਵਾ ਲਿਆ ਕੇ ਅੱਲ੍ਹੜ ਕੁੜੀ ਨੂੰ ਰੰਡੀ ਕਰ ਗਿਆ। ਟੇਕ ਸਿੰਘ ਬੜੇ ਮਿੱਠੇ ਸੁਭਾ ਵਾਲਾ, ਤੇ ਹਰ ਕੰਮ ਵਿਚ ਅੱਗੇ ਲੱਗ ਕੇ ਤੁਰਨ ਵਾਲਾ ਨੌਜਵਾਨ ਸੀ। ਥੋੜ੍ਹਾ ਚਿਰ ਪਿੱਛੋਂ ਹੀ ਤਾਇਆ ਸ਼ੇਰ ਸਿੰਘ ਚਲਾਣਾ ਕਰ ਗਿਆ। ਤਾਇਆ ਸਿੱਖਾਂ ਵਿਚ ਹੀ ਨਹੀਂ ਜਾਂਗਲਿਆਂ ਵਿਚ ਵੀ ਬੜਾ ਹਰਦਿਲ ਅਜ਼ੀਜ਼ ਸੀ। ਉਸ ਦੇ ਟੁਰ ਜਾਣ ਪਿੱਛੋਂ ਸਾਡੇ ਘਰ ਅਫ਼ਸੋਸ ਕਰਨ ਲਈ ਜਿੰਨੇ ਜਾਂਗਲੀ ਪੁੱਜੇ ਓਨੇ ਪਿੱਛੋਂ ਕਿਸੇ ਸਿੱਖ ਦੀ ਮੌਤ ਪਿੱਛੋਂ ਨਹੀਂ ਪਹੁੰਚੇ। ਸਾਡੇ ਘਰ ਦਾ ਤਾਂ ਤਾਏ ਦੀ ਮੌਤ ਪਿੱਛੋਂ ਸਤਾਰਾ ਹੀ ਡੁੱਬਣਾ ਸ਼ੁਰੂ ਹੋ ਗਿਆ।

www.sikhbookclub.com

8

# ਔਕੜਾਂ ਤੇ ਸਮੱਸਿਆਵਾਂ

ਸਾਡੇ ਟੱਬਰ ਨੂੰ ਚੱਕ 79 ਵਿਚ ਪੁੱਜਿਆਂ ਕੋਈ ਚੌਦਾਂ ਦਿਨ ਹੋ ਗਏ ਸਨ। ਮੁਰੱਬੇ ਵਿਚ ਪਾਣੀ ਦੀ ਦੂਜੀ ਵਾਰੀ ਲੱਗ ਚੁੱਕੀ ਸੀ। ਬਿਆਈ ਅਜੇ ਚੌਥਾ ਹਿੱਸਾ ਹੀ ਹੋਈ ਸੀ। ਹੁਣ ਤੱਕ ਟੱਬਰ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਜਿਹੜੇ ਖੇਤੀ ਦੇ ਸੰਦ ਉਹ ਘਣੀਏਕਿਆਂ ਤੋਂ ਲਿਆਏ ਸਨ, ਉਹਨਾਂ ਵਿਚੋਂ ਕਈ ਇਥੇ ਕੰਮ ਨਹੀਂ ਸਣ ਦੇ ਸਕਦੇ। ਸਭ ਤੋਂ ਜ਼ਰੂਰੀ ਔਜ਼ਾਰ ਸੀ ਹੱਲ। ਜਿਹੜੀਆਂ ਹੱਲਾਂ ਸਾਡੇ ਟੱਬਰ ਕੋਲ ਸਨ, ਉਹ ਮਾਝੇ ਦੀ ਕਰੜੀ ਭੋਂ ਲਈ ਬਹੁਤ ਚੰਗੀਆਂ ਸਨ, ਪਰ ਏਥੇ ਉਹ ਕਾਮਯਾਬ ਨਹੀਂ ਸਨ। ਇਹਨਾਂ ਹੱਲਾਂ ਦਾ ਕੁੜ (ਜਿਸ ਵਿਚ ਫਾਲਾ ਜੜਿਆ ਹੁੰਦਾ ਹੈ), ਭੋਂ ਦੇ ਸਮਾਨੰਤਰ ਹੁੰਦਾ ਹੈ। ਕੁੜ ਵਿਚ ਬੇਲ. ਠੋਕੀ ਹੋਈ ਹੁੰਦੀ ਹੈ ਤੇ ਬੇਲ ਦੇ ਪਿਛਲੇ ਪਾਸੇ ਜੰਘੀ ਹੁੰਦੀ ਹੈ ਇਸ ਹੱਲ ਦਾ ਸਿਆੜ ਨਾ ਬਹੁਤਾ ਡੂੰਘਾ ਹੁੰਦਾ ਹੈ, ਨਾ ਵਧੇਰੇ ਚੌੜਾ। ਗੰਜੀ ਬਾਰ ਦੀ ਰੇਤਲੀ ਭੋਂ ਵਿਚ ਜਿੰਨਾ ਸਿਆੜ ਇਹ ਹੱਲ ਪੁੱਟਦੀ ਸੀ, ਉਹ ਤਕਰੀਬਨ ਨਾਲੋਂ-ਨਾਲ ਪੁੱਟੀ ਹੋਈ ਰੇਤ ਗਿੜਣ ਨਾਲ ਪੂਰਿਆ ਜਾਂਦਾ ਸੀ। ਬਾਰ ਦਾ ਹੱਲ, ਜਿਸ ਨੂੰ ਮਾਝੇ ਵਾਲੇ 'ਹੱਲੜ' ਆਖਦੇ ਸਨ, ਤੇ ਮਲਵਈ 'ਮੁੰਨਾ' ਕਹਿੰਦੇ ਸਨ, ਬਿਲਕੁਲ ਵੱਖਰੀ ਪ੍ਰਕਾਰ ਦਾ ਸੀ। ਹੱਲੜ ਦੇ ਹੇਠਲੇ ਪਾਸੇ ਚਉ ਲਾਉਣ ਵਾਲਾ ਛੇਕ ਹੁੰਦਾ ਹੈ। ਚਉ ਸਿਰਫ਼ ਵਾਹੁਣ ਵੇਲੇ ਹੀ ਲਾਇਆ ਜਾਂਦਾ ਹੈ। ਚਉ ਵਾਲੇ ਸੁਰਾਖ ਤੋਂ ਕੁੜ ਉੱਤੇ ਹੱਲੜ ਵਿਚ ਬੇਲ ਠੋਕੀ ਹੋਈ ਹੁੰਦੀ ਹੈ, ਅਤੇ ਸਭ ਤੋਂ ਉੱਤੇ ਹੱਥ ਵਿਚ ਫੜਨ ਵਾਲੀ ਜੰਘੀ ਜਾਂ ਮੁੱਠ (ਮੁੱਠਾ)। ਇਸ ਦਾ ਸਿਆੜ ਵਧੇਰੇ ਡੂੰਘਾ ਤੇ ਚੌੜਾ ਹੁੰਦਾ ਹੈ। ਜਾਂਗਲੀਆਂ ਨੇ ਸਾਨੂੰ ਆਉਂਦਿਆਂ ਹੀ ਦੱਸ ਦਿੱਤਾ ਸੀ ਕਿ ਤੁਹਾਡੀਆਂ ਹੱਲਾਂ ਇਥੇ ਕੰਮ ਨਹੀਂ ਦੇ ਸਕਦੀਆਂ, ਪਰ ਇਥੇ 'ਹੱਲੜ' ਮਿਲੇ ਕਿਥੋਂ। ਇਥ ਨਾ ਕੋਈ ਮਿਸਤਰੀ, ਨਾ ਕਾਰੀਗਰ ਤੇ ਨਾ ਸੀ ਸੰਦ ਵੇਚਣ ਵਾਲੀ ਕੋਈ ਦੁਕਾਨ। ਹੱਲਾਂ ਨਾਲ ਹੀ ਸਿਰ ਖਪਾਈ ਕਰਦੇ ਰਹੇ।

ਸਾਡੀਆਂ ਕਹੀਆਂ ਵੀ ਇਥੇ ਕਾਮਯਾਬ ਨਹੀਂ ਸਨ। ਮਾਝੇ ਦੀ ਚੀਕਨੀ ਮਿੱਟੀ ਪੁੱਟਣ ਲਈ ਕਹੀ ਮੋਟੀ ਚਾਦਰ ਦੀ ਬਣਾਈ ਜਾਂਦੀ ਹੈ, ਪਰ ਇਸ ਦਾ ਫਲ ਆਕਾਰ ਵਿਚ ਛੋਟਾ ਹੁੰਦਾ ਹੈ। ਚੀਕਨੀ ਮਿੱਟੀ ਦੀ ਗਾਚੀ ਪੁੱਟਣ ਲਈ ਤਾਂ ਇਹ ਬਹੁਤ ਚੰਗਾ ਸੰਦ ਹੈ, ਪਰ ਬਾਰ ਦੀ ਰੇਤਲੀ ਮਿੱਟੀ ਦੇ ਇਸ ਕਹੀ ਉੱਤੇ ਬੱਸ ਚਾਰ-ਪੰਜ ਬੁੱਕ ਹੀ ਆਉਂਦੇ ਸਨ। ਨੀਵਾਣ ਵੱਲ ਨੂੰ ਜਾਂਦੇ ਪਾਣੀ ਦਾ ਨੱਕਾ ਬੰਨ੍ਹਣ ਲਈ ਤਾਂ ਇਹ ਕਹੀ ਬਿਲਕੁਲ ਨਿਕੰਮੀ ਸੀ; ਜਿੰਨੀ ਮਿੱਟੀ ਇਸ ਨਾਲ ਪੁੱਟੋ, ਨਾਲੇ-ਨਾਲ ਰੁੜਦੀ ਜਾਂਦੀ ਸੀ। ਬਾਰ ਦੀਆਂ ਕਹੀਆਂ ਪਤਲੀ ਚਾਦਰ ਦੀਆਂ ਪਰ ਖੁੱਲ੍ਹੇ ਫਲ ਵਾਲੀਆਂ ਸਨ। ਸਾਡੇ ਰੰਬੇ ਵੀ ਇਥੇ ਠੀਕ ਕੰਮ ਨਹੀਂ ਸਨ ਦਿੰਦੇ।

www.sikhbookclub.com



ਪਰ ਸਵਾਲ ਫਿਰ ਓਹੋ-ਕਹੀਆਂ, ਰੰਬੇ ਪ੍ਰਾਪਤ ਕਿੱਥੋਂ ਕੀਤੇ ਜਾਣ ? ਬਾਬਾ ਝਨਾਂ ਤਾਂ ਕਹਿੰਦਾ ਸੀ ਕਿ ਜੋ ਕੁਝ ਹੈ, ਇਸੇ ਨਾਲ ਗੁਜ਼ਾਰਾ ਕਰੀ ਚਲਾਂਗੇ, ਪਰ ਤਾਇਆ ਇਕ ਦਿਨ ਊਠਾਂ ਵਾਲਿਆਂ ਨਾਲ ਜਾ ਕੇ ਦੋ ਹੱਲੜ ਤੇ ਇਕ ਕਹੀ ਖਾਨੇ ਵਾਲੋਂ ਲੈ ਆਇਆ। ਪਰ ਹੁਣ ਇਕ ਨਵੀਂ ਸਮੱਸਿਆ ਖੜੀ ਹੋਈ। ਨਵੀਂ ਪ੍ਰਕਾਰ ਦੇ ਹੱਲ ਨੂੰ ਵਾਹੁਣ ਦਾ ਅਭਿਆਸ ਨਹੀਂ ਸੀ ਹੋਇਆ। ਪਹਿਲੇ ਹੀ ਦਿਨ ਸੰਤੇ ਨੇ ਢੱਗਾ ਫਾਲ ਦਿੱਤਾ, ਪਰ ਜ਼ਖ਼ਮ ਮਮੂਲੀ ਹੋਇਆ। ਦੂਜੇ, ਤੀਜੇ ਦਿਨ ਇਕ ਰੁੱਖ ਦੀ ਜੜ੍ਹ ਵਿਚ ਫਸ ਕੇ ਚਉ ਟੁੱਟ ਗਿਆ, ਤੇ ਟੁੱਟਾ ਵੀ ਬਾਕੇ ਕੋਲੋਂ ਜਿਸ ਨੂੰ ਹੱਲ ਵਾਹੁੰਦਿਆਂ ਸੱਠ ਸਾਲ ਹੋ ਗਏ ਸਨ। ਇਕ ਨਵੀਂ ਮੁਸੀਬਤ—ਹੁਣ ਚਉ ਬਣਵਾਇਆ ਕਿੱਥੋਂ ਜਾਵੇ ? ਤਾਇਆ ਫੇਰ ਮੁਰਾਦ ਕੋਲ ਗਿਆ। ਮੁਰਾਦ ਨੇ ਮੋਹਲਵਾਲੀ ਜਾਣ ਦੀ ਰਾਏ ਦਿੱਤੀ। ਮੋਹਲ ਵਾਲੀ (ਜਿਸ ਨੂੰ ਜਾਂਗਲੀ 'ਮੋਹਿਲ ਵਾਲੀ' ਆਖਦੇ ਸਨ) ਸਾਡੇ ਟਿਕਾਣੇ ਤੋਂ ਕੋਈ ਸੱਤ, ਅੱਠ ਮੀਲ ਦੂਰ ਮੁਸਲਮਾਨਾਂ ਦੀ ਇਕ ਪੁਰਾਣੀ ਵੱਸੋਂ ਸੀ, ਕੋਈ ਅੱਠ, ਦਸ ਘਰ ਹੋਣਗੇ; ਸ਼ਾਇਦ ਇਸ ਤੋਂ ਵੀ ਘੱਟ। ਪਰ ਇਥੇ ਇਕ ਵਗਣ ਵਾਲਾ ਖੂਹ ਸੀ। ਇਸੇ ਤਰ੍ਹਾਂ ਦੀ ਇਕ ਹੋਰ ਪੁਰਾਣੀ ਵੱਸੋਂ ਸੀ 'ਸ਼ੇਖ ਲੱਧਾ'। ਬਾਰ ਆਬਾਦ ਹੋਣ ਤੋਂ ਪਹਿਲਾਂ ਪੰਜ-ਪੰਜ, ਸੱਤ-ਸੱਤ ਟੱਬਰ ਇਸ ਉਜਾੜ ਵਿਚ ਕੀ ਕਰਦੇ ਸਨ ? ਕਿਵੇਂ ਜਿਊਂਦੇ ਸਨ। ਇਸ ਬਾਰੇ ਅਸਾਂ ਕਦੇ ਕੁਝ ਜਾਨਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ। ਇਸ ਤੋਂ ਵੀ ਹੋਰ ਅੱਠ, ਦੱਸ ਮੀਲ ਪੂਰਬ ਵੱਲ ਮੈਂ ਇਕ ਹੋਰ ਹਲਟ ਵਾਲਾ ਖੂਹ ਵੇਖਿਆ, ਜੋ ਸਾਡੇ ਵਾਪਸ ਆਉਣ ਤੱਕ ਵੀ ਜੰਗਲ ਵਿਚ ਹੀ ਸੀ। ਇਥੇ ਸਿਰਫ਼ ਛੇ, ਸੱਤ ਝੁੱਗੀਆਂ ਸਨ। ਖੂਹ ਨਾਲ, ਦੋ, ਢਾਈ ਕਿੱਲੇ ਫਸਲ ਬੀਜ ਲੈਂਦੇ ਸਨ। ਜਾਪਦਾ ਹੈ ਕਿ ਜਿੱਥੇ ਅਜਿਹੇ ਖੂਹ ਲੱਗੇ ਹੋਏ ਸਨ, ਓਥੇ ਕਿਸੇ ਸਮੇਂ ਚੰਗੀ ਆਬਾਦੀ ਸੀ। ਹੌਲੀ-ਹੌਲੀ ਲੋਕ ਓਥੋਂ ਉਠਦੇ ਗਏ। ਜਿਹੜੇ ਚਾਰ ਟੱਬਰ ਸਿਰੜ ਕਰਕੇ ਬੈਠੇ ਰਹੇ, ਉਹ ਅੱਜ ਵੀ ਬੈਠੇ ਸਨ ? ਇਹੋ ਜਿਹੀਆਂ ਖੂਹਾਂ ਵਾਲੀਆਂ ਭੈਣੀਆਂ ਜੰਗਲਾਂ ਵਿਚ ਹੋਰ ਵੀ ਕਈਂ ਥਾਈਂ ਮਿਲਦੀਆਂ ਸਨ। ਸਾਡੇ ਆਪਣੇ ਪਿੰਡ ਦੇ ਇਕ ਮੁਰੱਬੇ ਵਿਚ ਖੂਹ ਦੇ ਚੰਨਿਆਂ ਦੇ ਤੇ ਪਰਾਣੇ ਦੇ ਨਿੰਮ੍ਹੇ ਜਿਹੇ ਨਿਸ਼ਾਨ ਸ਼ੁਰੂ-ਸ਼ੁਰੂ ਵਿਚ ਦਿਸਦੇ ਸਨ। ਬਜ਼ੁਰਗ ਜਾਂਗਲੀ ਦੱਸਦੇ ਹੁੰਦੇ ਸਨ ਕਿ ਸਿੱਖਾਂ ਦੇ ਰਾਜ ਵਿਚ ਇਥੇ ਵੀ ਖੂਹ ਸੀ ਤੇ ਅੱਠ, ਦੱਸ ਘਰ ਵੱਸਦੇ ਸਨ।

ਤਾਏ ਨੂੰ ਮੁਰਾਦ ਨੇ ਮੋਹਲਵਾਲੀ ਦਾ ਰਾਹ ਵੀ ਸਮਝਾ ਦਿੱਤਾ। ਅਗਲੇ ਦਿਨ ਤਾਇਆ ਘੋੜੀ ਤੇ ਹੱਲੜ ਰੱਖ ਕੇ ਮੋਹਲਵਾਲੀ ਗਿਆ ਇਕ ਹੱਲੜ ਦਾ ਚਾਉ ਦੂਜੇ ਵਿਚ ਫਿਟ ਨਹੀਂ ਸੀ ਆਉਂਦਾ। ਖੁਸ਼ਕਿਸਮਤੀ ਨੂੰ ਓਥੇ ਇਕ ਕਾਰੀਗਰ ਮਿਲ ਗਿਆ, ਜਿਹੜਾ ਲੁਹਾਰਾ, ਤਰਖਾਣਾ ਦੋਵੇਂ ਕੰਮ ਕਰਦਾ ਸੀ। ਉਸ ਨੇ ਚਉ ਚਾੜ੍ਹ ਦਿੱਤਾ। ਤਾਇਆ ਹਨੇਰੇ ਹੋਏ ਘਰ ਪਰਤਿਆ। ਪਰ ਇਹ ਖੁਸ਼ੀ ਸੀ ਕਿ ਹੁਣ ਸਾਨੂੰ ਇਕ ਮਿਸਤਰੀ ਮਿਲ ਗਿਆ ਹੈ। ਤਕਰੀਬਨ ਸਾਲ ਭਰ ਨਵੇਂ ਆਏ ਸਿੱਖਾਂ ਦਾ ਲੁਹਾਰਾ ਤਰਖਾਣਾ ਕੰਮ ਇਹੋ ਮਿਸਤਰੀ ਕਰਦਾ ਰਿਹਾ। ਅੰਦਾਜ਼ਾ ਲਾਇਆ ਜਾਵੇ; ਕਹੀ ਦਾ ਦਸਤਾ ਟੁੱਟ ਜਾਵੇ, ਦਾਤਰੀ ਦੇ ਦੰਦੇ ਕਢਵਾਣੇ ਹੋਣ ਤਾਂ ਸੱਤ, ਅੱਠ ਮੀਲ ਪੈਂਡਾ ਕਰਕੇ ਜਾਣਾ ਪੈਂਦਾ ਸੀ। ਫੇਰ ਵੀ ਨਵੇਂ ਆਏ ਪਰਵਾਰ ਬੜਾ ਸ਼ੁਕਰ ਕਰਦੇ ਸਨ ਕਿ ਨੇੜੇ ਕੋਈ ਮਿਸਤਰੀ ਮਿਲ ਗਿਆ ਹੈ, ਖਾਨੇਵਾਲ ਨਹੀਂ ਜਾਣਾ ਪੈਂਦਾ।

www.sikhbookclub.com



ਇਥੇ ਜੇ ਕੋਈ ਬਿਮਾਰ ਹੋ ਜਾਏ ਤਾਂ ਉਸ ਦਾ ਬੱਸ ਰੱਬ ਹੀ ਰਾਖਾ ਸੀ। ਰੋਗ ਆਪੇ ਹੀ ਦੋ, ਚਾਰ ਦਿਨ ਝੱਖ ਮਾਰ ਚਲਾ ਜਾਂਦਾ ਸੀ, ਦਵਾ-ਦਾਰੂ ਤਾਂ ਇਥੇ ਕਿੱਤੇ ਕੋਈ ਲਭਦਾ ਨਹੀਂ ਸੀ। ਇਕ ਵਾਰੀ ਚਾਚੇ ਨੂੰ ਤਾਪ ਚੜ੍ਹ ਗਿਆ ਤੇ ਚਾਰ ਦਿਨ ਰਿਹਾ। ਮੱਥਾ ਬੜਾ ਭੱਖਦਾ ਸੀ। ਇਕ ਰਾਤ ਤਾਂ ਉਹ ਬਗੜਵਾਹ ਹੀ ਕਰਦਾ ਰਿਹਾ। ਮਾਂ ਜੀ ਆਪਣਾ ਓਹੜ-ਪੋਹੜ ਕਰਦੇ ਰਹੇ। ਉਹ ਬੜੇ ਮਾਣ ਨਾਲ ਦੱਸਦੇ ਹੁੰਦੇ ਸਨ, "ਮੈਂ ਸੁੰਢ, ਜਵੈਣ, ਕਲਾ ਲੂਣ ਤੇ ਹਰੜਾਂ ਨਾਲ ਲੈ ਕੇ ਤੁਰੀ ਸਾਂ।" ਬਸ ਇਹੋ ਸੀ ਦਵਾਖਾਨਾ ਸਾਡੇ ਪਿੰਡ ਦਾ। ਇਹਨਾਂ ਵਿਚੋਂ ਕਿਹੜੀ-ਕਿਹੜੀ ਦਵਾਈ ਮਾਂ ਜੀ ਨੇ ਚਾਚੇ ਨੂੰ ਦਿੱਤੀ, ਇਸ ਬਾਰੇ ਤਾਂ ਮੈਨੂੰ ਪੂਰੀ ਵਾਕਫ਼ੀਅਤ ਨਹੀਂ, ਪਰ ਮਾਂ ਜੀ ਦੇ ਇਲਾਜ ਦਾ ਚਾਚੇ ਨੂੰ ਕੋਈ ਫਾਇਦਾ ਨਾ ਹੋਇਆ। ਜਦੋਂ ਚੌਥੇ ਦਿਨ ਵੀ ਤਾਪ ਨਾ ਲੱਥਾ, ਸਗੋਂ ਵੱਧਦਾ ਗਿਆ ਤਾਂ ਟੱਬਰ ਨੂੰ ਕੁਝ ਫਿਕਰ ਹੋਇਆ। ਅਗਲੇ ਦਿਨ ਤਾਇਆ ਕਿਸੇ ਸਿਆਣੇ ਦੀ ਭਾਲ ਕਰਨ ਜਾਣ ਦੀ ਤਿਆਰੀ ਕਰ ਰਿਹਾ ਸੀ (ਵੈਦ, ਹਕੀਮ ਨੂੰ ਆਮ ਬੋਲੀ ਵਿਚ 'ਸਿਆਣਾ' ਹੀ ਕਹਿੰਦੇ ਸਨ)। ਇੰਨੇ ਨੂੰ ਚਾਚਾ ਆਪਣੇ ਮੰਜੇ ਤੇ ਉੱਠ ਕੇ ਬਹਿ ਗਿਆ ਤੇ ਕਹਿਣ ਲੱਗਾ, "ਮੈਂ ਹੁਣ ਰਾਜੀ ਆਂ।" ਤਾਏ ਨੇ ਮੱਥਾ ਟੋਹਿਆ, ਨਬਜ਼ ਵੇਖੀ। ਉਹਨਾਂ ਦਿਨਾਂ ਦੇ ਸਿਆਣੇ ਨਬਜ਼ ਹਰ ਮਰੀਜ਼ ਦੀ ਵੇਖਦੇ ਸਨ, ਭਾਵੇਂ ਉਸ ਨੂੰ ਸਿਰ ਪੀੜ, ਢਿੱਡ ਪੀੜ ਹੋਵੇ, ਬੁਖ਼ਾਰ ਹੋਵੇ ਜਾਂ ਦਸਤ ਲੱਗੇ ਹੋਣ। ਸਿਆਣੇ ਦੀ ਨਿਸ਼ਾਨੀ ਹੀ ਇਹ ਸੀ ਕਿ ਨਬਜ਼ ਵੇਖ ਕੇ ਰੋਗ ਦੀ ਪਛਾਣ ਕਰਦਾ ਸੀ। ਤਾਇਆ ਭਾਵੇਂ ਸਿਆਣਿਆਂ ਵਿਚ ਪੈਰ ਨਹੀਂ ਸੀ ਰੱਖਦਾ, ਪਰ ਇੰਨਾ ਉਹ ਨੂੰ ਪਤਾ ਸੀ ਕਿ ਬੁਖ਼ਾਰ ਲਈ ਨਬਜ਼ ਜ਼ਰੂਰ ਵੇਖੀਦੀ ਹੈ। ਚਾਚੇ ਨੂੰ ਬੁਖ਼ਾਰ ਤਾਂ ਅਜੇ ਸੀ, ਪਰ ਪਹਿਲਾਂ ਨਾਲੋਂ ਕਾਫ਼ੀ ਘੱਟ। ਤਿਕਾਲਾਂ ਤਕ ਤਾਪ ਲਹਿ ਗਿਆ।

ਚਾਚਾ ਰਾਜ਼ੀ ਹੋ ਗਿਆ ਤਾਂ ਮਾਂ ਜੀ ਦੀ ਵਾਰੀ ਆ ਗਈ। ਮਾਂ ਜੀ ਨੂੰ ਪਾਥੀਆਂ ਵਿਚੋਂ ਠੂੰਹਾਂ ਲੜ ਗਿਆ—ਬੜਾ ਮੋਟਾ ਕਾਲਾ ਠੂੰਹਾਂ ਸੀ। ਬੜੀ ਸਖ਼ਤ ਦਰਦ ਹੋਈ। ਮਾਂ ਜੀ ਬੜੇ ਜੇਰੇ ਵਾਲੇ ਸਨ, ਕਸੀਸ ਵੱਟ ਕੇ ਪੀੜ ਤਾਂ ਜਰ ਗਏ, ਪਰ ਤਾਪ ਚੜ੍ਹ ਗਿਆ ਤੇ ਸੋਲਾਂ ਪਹਿਰ ਨਾ ਉਤਰਿਆ। ਮਾਂ ਜੀ ਦੱਸਦੇ ਹੁੰਦੇ ਸਨ, "ਨਖਸਮਾਂ ਠੂੰਹਾਂ ਲੜਿਆ ਤੇ ਮੈਨੂੰ ਸੋਲਾਂ ਪਹਿਰ ਤਾਪ ਚੜ੍ਹਿਆ ਰਿਹਾ।" ਦੋ ਡੰਗ ਤਾਂ ਰੋਟੀ ਵੀ ਟੱਬਰ ਨੂੰ ਆਪ ਹੀ ਪਕਾਉਣੀ ਪਈ। ਬਾਪੂ ਚਾਰ, ਪੰਜ ਸਾਲ ਸ਼ੰਘਾਈ (ਚੀਨ) ਵਿਚ ਰਹਿ ਆਇਆ ਸੀ, ਉਹ ਰੋਟੀ ਪਕਾਉਣੀ ਜਾਣਦਾ ਸੀ। ਤਾਏ ਨੂੰ ਵੀ ਸਬਜ਼ੀ, ਭਾਜੀ ਬਣਾਉਣ ਦਾ ਵੱਲ ਆਉਂਦਾ ਸੀ। ਅਗਲੇ ਦਿਨ ਮਾਂ ਜੀ ਨੇ ਤਾਪ ਵਿਚ ਹੀ ਉੱਠ ਕੇ ਰੋਟੀ ਪਕਾਈ। ਇਸੇ ਦਿਨ ਸ਼ਾਮ ਨੂੰ ਮੁਰਾਦ ਆ ਗਿਆ ਤਾਂ ਤਾਏ ਨੇ ਪੁੱਛਿਆ, "ਮੀਆਂ ਜੀ, ਇਹ ਤਾਂ ਠੂੰਹਾਂ ਸੀ, ਪਰ ਇਥੇ ਸੱਪ ਬੜੇ ਨੇ, ਜੇ ਕਿਸੇ ਨੂੰ ਸੱਪ ਡੰਗ ਮਾਰ ਜਾਏ ਤਾਂ ਫਿਰ ਕੀ ਕਰਨਾ ਹੋਇਆ?" ਮੁਰਾਦ ਬੋਲਿਆ, "ਸਰਦਾਰ, ਨਾਂਗਾਂ ਦਾ ਮਾਂਦਰੀ ਇਥਾਂ ਬਹੂੰ ਚੰਗਾ ਹੇ।" ('ਨਾਂਗ' ਮੁਲਤਾਨੀ ਵਿਚ ਸੱਪ ਨੂੰ ਕਹਿੰਦੇ ਹਨ।) ਸੱਪ ਡੰਗੇ ਦਾ ਇਲਾਜ ਉਦੋਂ ਤਕ ਅਜੇ ਪੁਰਾਣੇ ਵੱਸਦੇ ਪਿੰਡਾਂ ਵਿਚ ਵੀ ਮਾਂਦਰੀ ਹੀ ਕਰਦੇ ਸਨ। ਕੀ ਸੱਚ-ਮੁੱਚ ਹੀ ਮੰਤਰ ਨਾਲ ਸੱਪ ਦਾ ਜ਼ਹਿਰ ਉਤਰ ਜਾਂਦਾ ਸੀ? ਇਸ ਬਾਰੇ ਮੈਂ ਕੋਈ ਰਾਏ ਨਹੀਂ ਦੇ ਸਕਦਾ।

ਇਹਨਾਂ ਦਿਨਾਂ ਵਿਚ ਹੀ ਨਵੇਂ ਆਏ ਪਰਿਵਾਰ ਦੇ ਨੌਜਵਾਨ ਮੁੰਡੇ ਨੂੰ ਸੂਲ ਪੈ ਗਈ।

www.sikhbookclub.com



ਮੁੰਡਾ ਪੀੜ ਨਾਲ ਲੋਟਣੀਆਂ ਲਵੇ। ਉਹਨਾਂ ਦਾ ਇਕ ਆਦਮੀ ਸਾਡੇ ਵੱਲ ਭੱਜਾ ਆਇਆ। ਮਾਂ ਜੀ ਨੇ ਜਵੈਣ, ਹਰੜਾ ਤੇ ਕਾਲਾ ਲੂਣ ਦਿੱਤਾ। ਤਾਇਆ ਆਪ ਉਹਨਾਂ ਦੇ ਡੇਰੇ ਗਿਆ। ਮੁੰਡੇ ਦੀ ਹਾਲਤ ਵਿਗੜਦੀ ਹੀ ਗਈ। ਮੁਰਾਦ ਨੇ ਦੱਸਿਆ ਕਿ ਮੋਹਲਵਾਲੀ ਇਕ ਸਿਆਣਾ ਹੈ। ਤਾਇਆ ਘੋੜੀ ਭਜਾ ਕੇ ਓਥੇ ਗਿਆ, ਤਾਏ ਨੂੰ ਆਉਣ ਜਾਣ ਵਿਚ ਕਾਫ਼ੀ ਵਕਤ ਲੱਗਣਾ ਸੀ। ਮੁਰਾਦ ਦੇ ਕਹਿਣ ਤੇ ਘਰ ਵਾਲਿਆਂ ਨੇ ਮੁੰਡੇ ਨੂੰ ਗਰਮ ਦੁੱਧ ਵਿਚ ਘਿਉ ਪਾ ਕੇ ਪਿਆ ਦਿੱਤਾ। ਮੁੰਡੇ ਨੂੰ ਕੈ ਆ ਗਈ, ਪਰ ਪੀੜ ਵਿਚ ਕੋਈ ਫ਼ਰਕ ਨਾ ਪਿਆ। ਘੰਟੇ ਭਰ ਪਿੱਛੋਂ ਮੁੰਡੇ ਨੂੰ ਖੁੱਲ੍ਹ ਕੇ ਜੁਲਾਬ ਆ ਗਿਆ। ਪੀੜ ਦਾ ਕੁਝ ਫ਼ਰਕ ਪਿਆ। ਉੱਧਰ ਤਾਇਆ ਮੋਹਲਵਾਲੀ ਪੁੱਜਾ ਤਾਂ ਪਤਾ ਲੱਗਾ ਕਿ ਉਹ ਸਿਆਣਾ ਅਸਲ ਵਿਚ ਪਸ਼ੂਆਂ ਦਾ ਇਲਾਜ ਕਰਦਾ ਸੀ, ਪਰ ਬੰਦਿਆਂ ਲਈ ਕੁਝ ਨੁਸਖੇ ਵੀ ਉਸ ਨੇ ਰੱਖੇ ਹੋਏ ਸਨ। ਤਾਇਆ ਦਵਾਈ ਲੈ ਕੇ ਮੁੜਿਆ। ਉਦੋਂ ਤਕ ਮੁੰਡੇ ਨੂੰ ਇਕ ਹੋਰ ਜੁਲਾਬ ਆ ਗਿਆ ਸੀ। ਇਹ ਦਵਾਈ ਵੀ ਦਿੱਤੀ। ਤਿਕਾਲਾਂ ਤਕ ਕਾਫ਼ੀ ਫ਼ਰਕ ਪੈ ਗਿਆ ਤੇ ਕਿਤੇ ਅੱਧੀ ਰਾਤ ਨੂੰ ਜਾ ਕੇ ਮੁੰਡਾ ਸੁੱਤਾ। ਕਿਹੜੀ ਦਵਾਈ ਦਾ ਅਸਰ ਹੋਇਆ ? ਇਸ ਬਾਰੇ ਕਿਸੇ ਨੂੰ ਕੋਈ ਸਮਝ ਨਹੀਂ ਸੀ ਆਉਂਦੀ। ਦੋਵੇਂ ਟੱਬਰ ਇਹੋ ਕਹਿੰਦੇ ਸਨ, "ਮੁੰਡੇ ਨੂੰ ਗੁਰੂ ਨੇ ਹੀ ਬਚਾਇਆ"। ਇਕ ਦਿਹਾੜੀ ਦੀ ਪੀੜ ਨਾਲ ਮੁੰਡੇ ਦਾ ਰੰਗ ਪੀਲਾ ਪੈ ਗਿਆ। ਜਦੋਂ ਤਾਏ ਨੇ ਬਾਬੇ ਨੂੰ ਸਾਰਾ ਹਾਲ ਸੁਣਾਇਆ ਤਾਂ ਉਸ ਨੇ ਇਸ ਨੂੰ ਸਾਧਾਰਨ ਜਿਹੀ ਗੱਲ ਹੀ ਗੌਲਿਆ। ਕਹਿਣ ਲੱਗਾ, "ਇਹੋ ਜਿਹੀ ਹਰਜ ਮਰਜ ਹੁੰਦੀ ਈ ਰਹਿੰਦੀ ਏ, ਜੱਟ ਦਾ ਪੁੱਤ ਅਜਿਹੀ ਢਿੱਡ ਪੀੜ, ਸਿਰ ਪੀੜ ਨਾਲ ਨਹੀਂ ਮਰਦਾ।"

ਇਹ ਸੀ ਜੀਵਣ ਬਾਰ ਵਸਾਉਣ ਵਾਲੇ ਪਹਿਲੇ ਆਬਾਦਕਾਰਾਂ ਦਾ। ਉਹਨਾਂ ਨੂੰ ਸਿਰਫ਼ ਗੁਰੂ ਦੀ ਓਟ ਸੀ ਜਾਂ ਆਪਣੇ ਸਿਰੜ ਤੇ ਆਪਣੀ ਮਿਹਨਤ ਤੇ ਵਿਸ਼ਵਾਸ ਸੀ। ਹੋਰ ਇਥੇ ਕਿਸੇ ਦਾ ਸਹਾਰਾ ਨਹੀਂ ਸੀ। ਵਾਧਾ ਇਹ ਕਿ ਇਹਨਾਂ ਲੋਕਾਂ ਨੇ ਅਜਿਹੀਆਂ ਕਠਿਨਾਈਆਂ ਤੇ ਮੁਸੀਬਤਾਂ ਦਾ ਪਿੱਛੋਂ ਕਦੇ ਗਿਲਾ ਨਹੀਂ ਸੀ ਕੀਤਾ। ਤਿੰਨ, ਚਾਰ ਸਾਲ ਪਿੱਛੋਂ ਤਾਂ ਉਹ ਇਹਨਾਂ ਦਾ ਜ਼ਿਕਰ ਕਰਨੋਂ ਵੀ ਹਟ ਗਏ ਸਨ।

www.sikhbookclub.com

9

# ਬਾਰ ਵਸਾਉਣੀ ਕੋਈ ਖੇਡ ਨਹੀਂ ਸੀ

ਪਹਿਲੀਆਂ ਦੋ ਹਨੇਰੀਆਂ ਦੀ ਮਾਰ ਝੱਲ ਕੇ ਸਾਡੇ ਟੱਬਰ ਨੂੰ ਇੰਨੀ ਸੋਝੀ ਹੋ ਗਈ ਸੀ ਕਿ ਸਿਰ ਲੁਕਾਉਣ ਲਈ ਝੁੱਗੀ ਬਣਾਉਣੀ ਹੋਵੇਗੀ। ਇਹ ਕੰਮ ਤਾਏ ਤੇ ਚਾਚੇ ਦੇ ਜ਼ੁੰਮੇ ਲਾਇਆ ਗਿਆ, ਕਿਉਂਕਿ ਬਾਪੂ ਮਾਲ-ਡੰਗਰ ਸਾਂਭਦਾ ਸੀ, ਬਾਬਾ ਤੇ ਸੰਤਾ ਹਲ ਵਾਹੁੰਦੇ ਹਨ। ਤਾਏ ਨੂੰ ਤਾਂ ਓਸੇ ਦਿਨ ਕਿਤੇ ਬਾਹਰ ਜਾਣਾ ਪੈ ਗਿਆ, ਉਹ ਚਾਚੇ ਨੂੰ ਆਖ ਗਿਆ, "ਦੀਪੂ, ਤੂੰ ਅੱਜ ਖਾਲ ਤੋਂ ਸਰਕੜਾ ਵੱਢ ਲਿਆਵੀਂ।" ਚਾਚਾ ਸ਼ਾਮ ਤਕ ਸਰਕੜਾ ਤਾਂ ਇਕ ਦੀ ਥਾਂ ਦੋ ਝੁੱਗੀਆਂ ਦਾ ਵੱਢ ਲਿਆਇਆ, ਪਰ ਸਾਰਾ ਸਰੀਰ ਪੱਛ ਲਿਆਇਆ। ਮਝੈਲਾਂ ਨੂੰ ਸਰਕੜਾ ਵੱਢਣ ਦਾ ਵੀ ਢੰਗ ਨਹੀਂ ਸੀ ਆਉਂਦਾ, ਚਾਚਾ ਝੱਗਾ ਲਾਹ ਕੇ ਸਰਕੜਾ ਵੱਢਦਾ ਰਿਹਾ ਸੀ। ਸਰਕੜੇ ਦੀਆਂ ਪੰਡਾਂ ਸੁੱਟ ਕੇ ਜਦੋਂ ਖਾਲ ਤੋਂ ਨ੍ਹਾ ਕੇ ਮੁੜਿਆ ਤਾਂ ਮਾਂ ਨੇ ਉਸ ਦੇ ਸਰੀਰ ਤੇ ਲੱਗੇ ਪੱਛ ਵੇਖੇ। ਮਾਂ ਨੇ ਕਾੜ੍ਹਨੀ ਤੋਂ ਅੱਧੀ ਮਲਾਈ ਲਾਹ ਕੇ ਚਾਚੇ ਨੂੰ ਫੜਾਈ ਤੇ ਕਿਹਾ, "ਆਹ ਲੈ, ਇਹਨਾਂ ਪੱਛਾਂ ਤੇ ਮਲ ਲਈਂ।" ਮਾਂ ਨੇ ਮੂੰਹ ਪਰ੍ਹਾਂ ਨੂੰ ਕੀਤਾ ਤੇ ਚਾਚਾ ਸਾਰੀ ਮਲਾਈ ਖਾ ਗਿਆ। ਮਾਂ ਅਬਾ-ਤਬਾ ਕਰਨ ਲੱਗੀ, ਇੰਨੇ ਨੂੰ ਬਾਬਾ ਆ ਗਿਆ। ਸਾਰੀ ਗੱਲ ਸੁਣ ਕੇ ਬਾਬੇ ਨੇ ਉਲਟਾ ਮਾਂ ਨੂੰ ਡਾਂਟਿਆਂ, "ਪੱਛ ਵਜ ਗਏ ਨੇ ਕਿ ਤਲਵਾਰ ਦਾ ਫੱਟ ਵੱਜਾ ਏ। ਅੱਜ ਪੱਛਾਂ ਤੇ ਮਲਾਈ ਮਲ਼ੇਗਾ, ਭਲਕੇ ਕਿਤੇ ਝਰੀਟ ਵੱਜ ਗਈ ਤਾਂ ਮੱਖਣ ਮਲਨਾ ਪਊ। ਤੂੰ ਮੁੰਡੇ ਨੂੰ ਕੁਛ ਖਾਣ-ਪੀਣ ਨੂੰ ਦਿਆ ਕਰ, ਜਵਾਨ ਹੋਵੇ।" ਚਾਚਾ ਭਾਵੇਂ ਅਣਦਾੜ੍ਹੀਆ ਹੋਣ ਕਰਕੇ ਅਜੇ ਮੁੰਡਾ-ਖੁੰਡਾ ਹੀ ਸਮਝਿਆ ਜਾਂਦਾ ਸੀ, ਪਰ ਸੀ ਚੰਗੇ-ਤਕੜੇ ਸਰੀਰ ਵਾਲਾ। ਕਹੀ, ਕੁਹਾੜੀ ਵਾਹੁਣ ਵਿਚ ਸਭ ਤੋਂ ਅੱਗੇ। ਭਾਰੀ ਤੋਂ ਭਾਰੀ ਪੰਡ ਚੁੱਕਣੀ ਪਏ, ਹਲ ਦਾ ਲੰਮਾ ਜੋਤਰਾ ਲਾਉਣਾ ਪਏ, ਚਾਚਾ ਕਦੇ ਥੱਕਦਾ, ਹੁੱਸਦਾ ਹੀ ਨਹੀਂ ਸੀ। ਇਸ ਲਈ ਬਾਬਾ ਉਸ ਉੱਤੇ ਖ਼ੁਸ਼ ਸੀ, ਪਰ ਬਾਪੂ ਭਲੇਮਾਨਸ, ਅਫੀਮਚੀ ਚੀਨਿਆਂ ਵਿਚ ਰਹਿ ਕੇ ਆਇਆ ਸੀ। ਉਹ ਕਹਿੰਦਾ ਹੁੰਦਾ ਸੀ, "ਦੀਪੂ ਹਰ ਤੀਜੇ ਦਿਨ ਕੋਈ ਔਂਤਰਾ ਕੰਮ ਕਰ ਆਉਂਦਾ ਏ।" ਬਾਪੂ ਦੀ ਗੱਲ ਵੀ ਠੀਕ ਸੀ, ਚਾਚਾ ਜੀ ਕੋਈ ਨਾ ਕੋਈ ਕਾਰਨਾਮਾ ਕਰਦੇ ਹੀ ਰਹਿੰਦੇ ਸਨ। ਦੋ ਦਿਨ ਪਹਿਲਾਂ ਚਾਚਾ ਘੜੀ ਨੂੰ ਪਾਣੀ ਪਿਆਉਣ ਗਿਆ ਖਾਲ ਵਿਚ ਡਿੱਗ ਪਿਆ ਸੀ ਤੇ ਡਿੱਗਾ ਵੀ ਸੀ ਸੱਜਰੇ ਬੱਧੇ ਨੱਕੇ ਵਿਚ, ਸਾਰਾ ਮੂੰਹ ਸਿਰ ਗਾਰੇ ਨਾਲ ਭਰ ਗਿਆ। ਚਾਚੇ ਨੇ ਤਾਂ ਨਾ ਦੱਸਿਆ, ਪਰ ਨਾਲ ਦੇ ਮੁਰੱਬੇ ਵਾਲੇ ਨੇ ਪਿੱਛੋਂ ਦੱਸਿਆ ਕਿ ਚਾਚਾ ਘੋੜੀ ਨੂੰ ਛਾਲ ਮਾਰ ਕੇ ਖਾਲ ਟੱਪਣ ਦਾ ਅਭਿਆਸ ਕਰਵਾ ਰਿਹਾ ਸੀ, ਜਦੋਂ ਡਿੱਗਾ। ਤਾਪ ਚੜ੍ਹਨ ਤੋਂ ਪਹਿਲੇ ਦਿਨ ਚਾਚਾ ਘਰ ਆਇਆ ਤਾਂ ਉਸ ਦਾ ਸਾਰਾ ਮੂੰਹ ਸੁੱਜਾ ਹੋਇਆ ਸੀ। ਕਹੇ, "ਭੂੰਡਾਂ ਦੀ ਖੱਖਰ ਉੱਡ ਪਈ

www.sikhbookclub.com



ਸੀ, ਇਹ ਭੂੰਡ ਲੜੇ ਨੇ।'' ਕਈ ਦਿਨ ਪਿੱਛੋਂ ਪਤਾ ਲੱਗਾ ਕਿ ਚਾਚਾ ਜੀ ਇਕ ਵਣ ਤੇ ਚੜ੍ਹ ਕੇ ਮਖੀਰ ਲਾਹੁਣ ਲੱਗੇ ਸਨ ਕਿ ਮੱਖੀਆਂ ਲੜ ਗਈਆਂ। ਵਣ ਤੋਂ ਛਾਲ ਮਾਰ ਦਿੱਤੀ, ਪੈਰ ਨੂੰ ਵੀ ਮਮੂਲੀ ਮੋਚ ਆ ਗਈ ਤੇ ਮੂੰਹ ਵੀ ਸੁੱਜ ਗਿਆ। ਫੇਰ ਵੀ ਚਾਚਾ ਘਰ ਦਾ ਬੜਾ ਜ਼ਰੂਰੀ ਮੈਂਬਰ ਸੀ; ਹਰ ਔਖਾ ਕੰਮ ਚਾਚੇ ਨੂੰ ਹੀ ਕਰਨਾ ਪੈਂਦਾ ਸੀ।

ਚਾਚੇ ਨੇ ਸਰਕੜਾ ਵੱਢ ਲਿਆ। ਅਗਲੇ ਦਿਨ ਤਾਇਆ ਤੇ ਚਾਚਾ ਝੁੱਗੀ ਲਈ ਲੱਕੜਾਂ ਵੱਢਣ ਲੱਗੇ। ਇਕ ਵੱਡਾ ਕੁਹਾੜਾ ਤੇ ਇਕ ਕੁਹਾੜੀ ਪਿੰਡੋਂ ਹੀ ਲੈ ਆਏ ਸਨ। ਚਾਚੇ ਦੇ ਡੌਲਿਆਂ ਵਿਚ ਜ਼ੋਰ ਸੀ। ਤਾਇਆ ਦੱਸੀ ਜਾਏ ਕਿ ਆਹ ਟਾਹਣ ਵੱਢ, ਤੇ ਚਾਚਾ ਪਲਾਂ ਵਿਚ ਮੋਟੇ-ਤੋਂ-ਮੋਟਾ ਟਾਹਣ ਲਾਹ ਮਾਰੇ। ਤਾਇਆ ਨਾਲੋ-ਨਾਲ ਲੱਕੜਾਂ ਛਾਂਗੀ ਜਾਵੇ। ਦੁਪਹਿਰ ਤੱਕ ਲੱਕੜਾਂ ਵੱਢ ਲਈਆਂ ਤੇ ਤਿਕਾਲਾਂ ਤੱਕ ਦੁਸਾਂਗ ਲੱਕੜਾਂ ਗੱਡ ਕੇ, ਉੱਤੇ ਸ਼ਤੀਰਾਂ ਵਰਗੀਆਂ ਲੰਮੀਆਂ ਲੱਕੜਾਂ ਰਖ ਕੇ, ਵਾਣ ਨਾਲ ਬੰਨ੍ਹ-ਬੰਨ੍ਹ ਕੇ ਛੱਤ ਦਾ ਪੂਰਾ ਢਾਂਚਾ ਤਿਆਰ ਕਰ ਦਿੱਤਾ।

ਅਗਲੇ ਦਿਨ ਸਵੇਰੇ ਤਾਇਆ ਤੇ ਚਾਚਾ ਛੱਤ ਦੇ ਢਾਂਚੇ ਉੱਤੇ ਸਰਕੜਾ ਖਿਲਾਰ ਰਹੇ ਸਨ ਕਿ ਕੁਦਰਤੀ ਸਰਦਾਰਾ ਜਾਂਗਲੀ ਆ ਨਿਕਲਿਆ। 'ਕੇ ਪਏ ਕਰੇਂਦੇ ਓ ਸਰਦਾਰੋ ?' ਸਰਦਾਰੇ ਨੇ ਪੁੱਛਿਆ। ਤਾਏ ਨੇ ਦੱਸਿਆ ਕਿ ਅਸੀਂ ਝੁੱਗੀ ਬਣਾ ਰਹੇ ਹਾਂ। ਸਰਦਾਰਾ ਹੱਸ ਕੇ ਬੋਲਿਆ, 'ਸਾਂਈਂ, ਈਹਾ ਜਿਹੀਆਂ ਛੱਤੀਂ ਇੱਥਾਂ ਨਾਂ ਤਗਸਨ।' ਸਰਦਾਰੇ ਨੇ ਰਾਏ ਦਿੱਤੀ ਕਿ ਛੰਨ ਬੰਨ੍ਹ ਕੇ ਉੱਤੇ ਪਾਓ। ਮਝੈਲਾਂ ਨੂੰ ਛੰਨ ਬੰਨ੍ਹਣੀ ਵੀ ਨਹੀਂ ਸੀ ਆਉਂਦੀ। ਸਰਦਾਰੇ ਨੇ ਆਖਿਆ ਮੈਂ ਪਰਸੂੰ ਦੋ ਆਦਮੀ ਲੈ ਕੇ ਆਵਾਂਗਾ ਤੇ ਛੰਨ ਬੰਨ੍ਹ ਦਿਆਂਗਾ। ਤੀਜੇ ਦਿਨ ਸਰਦਾਰਾ ਬੰਦੇ ਲੈ ਕੇ ਆਇਆ। ਉਹਨਾਂ ਨੇ ਕੋਈ ਦੋਹ ਘੰਟਿਆਂ ਵਿਚ ਛੰਨ ਬੰਨ੍ਹ ਦਿੱਤੀ, ਨਾਲੇ ਸਾਡੇ ਟੱਬਰ ਨੂੰ ਛੰਨ ਬੰਨ੍ਹਣ ਦਾ ਵੱਲ ਸਿੱਖਾ ਦਿੱਤਾ। ਦੁਪਹਿਰ ਹੋਣ ਤੋਂ ਪਹਿਲਾਂ ਛਿਆਂ, ਸੱਤ ਜਾਣਿਆਂ ਨੇ ਚੁੱਕ ਕੇ ਛੰਨ ਛੱਤ ਦੇ ਢਾਂਚੇ ਉੱਤੇ ਰੱਖ ਦਿੱਤੀ ਤੇ ਵਾਣ ਨਾਲ ਜਕੜ ਕੇ ਬੰਨ੍ਹ ਦਿੱਤੀ। ਲੌਢੇ ਵੇਲੇ, ਸਰਦਾਰੇ ਦੇ ਦੱਸੇ ਅਨੁਸਾਰ, ਪੂਰੀ ਲੰਮਾਈ ਦੇ ਚੋਖਟੇ ਬੰਨ੍ਹ-ਬੰਨ੍ਹ ਤਾਏ ਹੋਰਾਂ ਝੁੱਗੀ ਦੇ ਚਫੇਰੇ ਗੱਡ ਕੇ ਖੜੀਆਂ ਲੱਕੜਾਂ ਨਾਲ ਜੱਕੜ ਦਿੱਤੇ, ਸਿਰਫ਼ ਬੂਹੇ ਜਿੰਨਾਂ ਹੀ ਥਾਂ ਛੱਡਿਆ। ਬੂਹੇ ਲਈ ਵੱਖਰਾ ਖਿੜਕ ਬਣਾਇਆ। ਝੁੱਗੀ ਬਣ ਕੇ ਤਿਆਰ ਹੋ ਗਈ। ਅਸੀਂ ਘਰ੍ਹ ਵਾਲੇ ਬਣ ਗਏ। ਜਿੰਨੀ ਖੁਸ਼ੀ ਸਾਡੇ ਟੱਬਰ ਨੂੰ ਇਹ ਝੁੱਗੀ ਬਣਨ ਦੀ ਹੋਈ, ਓਨੀ ਸ਼ਾਇਦ ਅੱਜ-ਕੱਲ ਦੇ ਧਨਾਡਾਂ ਨੂੰ ਲੱਖਾਂ ਰੁਪੈ ਖਰਚ ਕੇ ਬਣਾਈ ਕੋਠੀ ਦੀ ਵੀ ਨਾ ਹੁੰਦੀ ਹੋਵੇ। ਅਗਲੇ ਦਿਨ ਮਾਂ ਨੇ ਅੰਦਰ ਗੋਹੇ ਮਿਟੀ ਦਾ ਪੋਚਾ ਫੇਰਿਆ। ਝੁਗੀ ਦੇ ਅੰਦਰ ਇਕ ਪਾਸੇ ਭੋਂ ਤੋਂ ਕੁਝ ਉੱਚਾ ਇਕ ਚੌਖਟਾ ਬਣਾ ਲਿਆ; ਇਸ ਉੱਤੇ ਇਕ ਪਾਸੇ ਬਿਸਤਰੇ ਰੱਖੇ, ਦੂਜੇ ਪਾਸੇ ਗੁੜ, ਸੱਕਰ, ਛੋਲੇ। ਭਾਂਡੇ-ਟੀਂਡੇ ਵੀ ਅੰਦਰ ਟਿਕਾ ਲਏ। ਮਾਂ ਜੀ ਕਹਿ ਰਹੇ ਸਨ, 'ਅੱਜ ਸਾਡਾ ਵਸੇਬਾ ਹੋਇਆ ਏ; ਭਾਵੇਂ ਝੁੱਗੀ ਹੀ ਏ, ਪਰ ਘਰ ਤਾਂ ਹੈ ਨਾਂ।' ਅੱਜ ਸਾਡੇ ਟੱਬਰ ਨੂੰ ਇਹ ਬੀਆਬਾਨ ਵੀ ਵੱਸਦਾ-ਵੱਸਦਾ ਦਿਸਦਾ ਸੀ।

ਝੁੱਗੀ ਬਣਾਉਣ ਤੋਂ ਕੁਝ ਦਿਨ ਮਗਰੋਂ ਇਕ ਹੋਰ ਖੁਸ਼ਖ਼ਬਰੀ ਮਿਲੀ—ਇਕ ਹੋਰ ਪਰਵਾਰ ਆ ਗਿਆ ਸੀ। ਉਹਨਾਂ ਨੇ ਵੀ ਆਪਣੇ ਮੁਰੱਬੇ ਵਿਚ ਹੀ ਡੇਰਾ ਲਾਇਆ ਸੀ।

www.sikhbookclub.com



ਮਾਂ ਜੀ ਨੇ ਇਸ ਟੱਬਰ ਨੂੰ ਵੀ ਦੋ ਡੰਗ ਰੋਟੀ ਖਵਾਈ, ਇਨੇ ਨੂੰ ਉਹਨਾਂ ਨੇ ਆਪਣਾ ਚੁੱਲ੍ਹਾ-ਚੌਕਾ ਤਿਆਰ ਕਰ ਲਿਆ। ਇਸ ਤੋਂ ਦੋ ਦਿਨ ਮਗਰੋਂ ਇਕ ਹੋਰ ਟੱਬਰ ਪਹੁੰਚ ਗਿਆ; ਉਹਨਾਂ ਦੀ ਮਿਹਮਾਨ-ਨਵਾਜੀ ਵੀ ਕੀਤੀ ਗਈ। ਹੁਣ ਤੱਕ ਲਾਗਦੇ ਪਿੰਡਾਂ ਚੱਕ 78 ਤੇ 80 ਵਿਚ ਵੀ ਕੁਝ ਸਿੱਖ ਪਰਵਾਰ ਪਹੁੰਚ ਗਏ ਸਨ। ਮੈਨੂੰ ਹੁਣ ਪੱਕਾ ਯਾਦ ਨਹੀਂ ਪਰ ਅਨੁਮਾਨ ਹੈ ਕਿ ਜਿਹੜੇ ਦੋ ਸਿੱਖ ਪਰਵਾਰ ਨਾਲ ਦੇ ਪਿੰਡ ਵਿਚ ਸਾਥੋਂ ਪਹਿਲਾਂ ਦੇ ਬੈਠੇ ਸਨ, ਉਹ ਵੀ ਸ਼ਾਇਦ ਚੱਕ 80 ਵਿਚ ਹੀ ਸਨ। ਚੱਕ 80 ਵਿਚ ਵਧੇਰੇ ਘਰ ਅਬਾਦਕਾਰਾਂ ਦੇ ਸਨ, ਜਿਹੜੇ ਸਾਡੇ ਆਉਣ ਤੋਂ ਪਹਿਲਾਂ ਦੇ ਬੈਠੇ ਹੋਏ ਸਨ। ਹੁਣ ਸਾਡਾ ਪਿੰਡ ਹੀ ਨਹੀਂ, ਸਾਡਾ ਇਲਾਕਾ ਅਬਾਦ ਹੋ ਗਿਆ ਸੀ।

ਮਾਂ ਜੀ ਨੇ ਤਾਏ ਨੂੰ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਆਟਾ ਮੁੱਕਣ ਵਾਲਾ ਹੈ। ਉਦੋਂ ਅਜੇ ਛਿਆਂ, ਸੱਤਾਂ ਦਿਨਾਂ ਦਾ ਆਟਾ ਮੌਜੂਦ ਸੀ। ਵਿਚੋਂ ਦੋਹ ਟੱਬਰਾਂ ਨੂੰ ਰੋਟੀ ਖੁਆਣੀ ਪਈ। ਜਦੋਂ ਸਿਰਫ਼ ਇਕ ਦਿਹਾੜੀ ਦਾ ਆਟਾ ਬੱਚਿਆ ਤਾਂ ਤਾਏ ਨੂੰ ਮੰਬੇ ਬੰਗਲੇ ਜਾਣਾ ਪੈ ਗਿਆ, ਓੱਥੇ ਕਿਸੇ ਅਫ਼ਸਰ ਨੇ ਆਉਣਾ ਸੀ। ਤਾਇਆ ਮਾਂ ਜੀ ਨੂੰ ਕਹਿ ਗਿਆ। ਦੂਜੇ ਟੱਬਰਾਂ ਵਿਚੋਂ ਕਿਸੇ ਤੋਂ ਦੋਂਹ ਡੰਗਾਂ ਦਾ ਆਟਾ ਲੈ ਆਉਣਾ ਭਲਕੇ ਸਵੇਰੇ ਮੈਂ ਖਾਨੇਵਾਲ ਜਾਵਾਂਗਾ।'' ਦੁਪਹਿਰ ਦੀ ਰੋਟੀ ਪਕਾ ਕੇ ਜਦੋਂ ਮਾਂ ਕਿਸੇ ਦੂਜੇ ਟੱਬਰ ਤੋਂ ਆਟਾ ਲੈਣ ਲਈ ਤੁਰਨ ਲੱਗੀ ਤਾਂ ਇਕ ਟੱਬਰ ਦੀ ਕੁੜੀ ਮਾਂ ਜੀ ਕੋਲੋਂ ਆਟਾ ਲੈਣ ਆ ਗਈ, "ਸਾਰਿਆਂ ਕੋਲੋਂ ਪੁੱਛ, ਪੜਤਾਲ ਕਰਨ ਤੇ ਪਤਾ ਲੱਗਾ ਕਿ ਸਿਰਫ਼ ਨਵੇਂ ਆਏ ਟੱਬਰ ਕੋਲ ਪੰਜ, ਛੇ ਸੇਰ ਆਟਾ ਸੀ, ਬਾਕੀ ਤਿੰਨਾਂ ਪਰਵਾਰਾਂ ਕੋਲ ਬਸ ਰਾਤ ਦੇ ਡੰਗ ਜੋਗਾ ਹੀ ਬੱਚਿਆ ਸੀ। ਸਾਰੇ ਇਹੋ ਸਮਝਦੇ ਰਹੇ ਕਿ ਦੂਜਿਆਂ ਕੋਲੋਂ ਫੜ ਲਵਾਂਗੇ। ਨਵੇਂ ਆਏ ਪਰਵਾਰ ਨੇ ਖੁੱਲ-ਦਿਲੀ ਨਾਲ ਆਟਾ ਵੰਡਿਆ ਤੇ ਅੰਤ ਸਾਰਿਆਂ ਕੋਲ ਅਗਲੀ ਸਵੇਰ ਤੱਕ ਦਾ ਰਾਸ਼ਨ ਬਣ ਗਿਆ। ਅਗਲੇ ਦਿਨ ਮੂੰਹ-ਹਨੇਰੇ ਹੀ ਹਰ ਟੱਬਰ ਦਾ ਬੰਦਾ ਰਲਿਆ ਤੇ ਸਾਰੇ ਖਾਨੇਵਾਲ ਨੂੰ ਤੁਰ ਪਏ। ਘੋੜੀ ਸਿਰਫ਼ ਤਾਏ ਕੋਲ ਸੀ, ਬਾਕੀ ਤਿੰਨੇ ਪੈਦਲ ਸਨ।

ਮਾਂ ਜੀ ਨੇ ਸਵੇਰੇ ਸਾਰੇ ਟੱਬਰ ਨੂੰ ਇਕ-ਇਕ ਪਰੌਂਠਾ ਤੇ ਲੱਸੀ ਦਿੱਤੀ, ਬਾਕੀ ਆਟਾ ਦੁਪਹਿਰ ਲਈ ਰੱਖ ਲਿਆ। ਦੁਪਹਿਰ ਪਿੱਛੋਂ ਸਾਰੇ ਟੱਬਰ ਲੱਗੇ ਆਟਾ ਲੈਣ ਗਈ ਟੋਲੀ ਦਾ ਰਾਹ ਤੱਕਣ। ਸਾਰਿਆਂ ਨੂੰ ਪਤਾ ਸੀ ਕਿ ਆਉਣ ਜਾਣ ਦਾ ਛੱਤੀ ਮੀਲ ਪੈਂਡਾ ਹੈ। ਵਾਪਸ ਮੁੜਦਿਆਂ ਸਾਰਿਆਂ ਦੇ ਸਿਰਾਂ ਤੇ ਮਣ-ਮਣ ਆਟਾ ਵੀ ਹੋਣਾ ਹੈ, ਇਸ ਲਈ ਉਹ ਸੂਰਜ ਡੁੱਬਣ ਤੋਂ ਪਹਿਲਾਂ ਵਾਪਸ ਨਹੀਂ ਪਹੁੰਚ ਸਕਦੇ, ਫਿਰ ਵੀ ਮੁੜ-ਮੁੜ ਵਣ ਤੇ ਚੜ੍ਹ ਕੇ ਉਹਨਾਂ ਦਾ ਰਾਹ ਵੇਖਦੇ ਸਨ। ਰਾਤ ਜੋਗਾ ਆਟਾ ਕਿਸੇ ਕੋਲ ਨਹੀਂ ਸੀ। ਮਾਂ ਜੀ ਪਿੰਡੋਂ ਚੱਕੀ ਨਾਲ ਲਿਆਏ ਸਨ; ਪਰ ਅਜੇ ਤਕ ਉਸ ਦਾ ਗੰਡ ਨਹੀਂ ਸੀ ਬਣਾਇਆ। ਮਾਂ ਨੇ ਸੋਚਿਆ, ਖੇਸ ਹੇਠਾਂ ਵਿਛਾ ਉੱਤੇ ਚੱਕੀ ਦੇ ਪੁੜ ਰੱਖ ਲੈਣੀ ਹਾਂ, ਇਕ ਡੰਗ ਦਾ ਆਟਾ ਤਾਂ ਕਣਕ ਦੇ ਬੀ ਨਾਲ ਪੀਹ ਹੀ ਲਵਾਂਗੀ। ਚੱਕੀ ਦੇ ਪੁੜ ਕੱਢੇ ਤਾਂ ਵਿਚ ਕਿੱਲੀ ਹੈ ਨਾ। ਹੁਣ ਕੀ ਕੀਤਾ ਜਾਵੇ! ਜੇ ਆਟੇ ਵਾਲੇ ਰਾਤ ਤਕ ਨਾ ਮੁੜੇ ਤਾਂ ਰਾਤ ਵੀ ਟੱਬਰ ਨੂੰ ਭੁਖਿਆ ਹੀ ਕੱਟਣੀ ਪਊ। ਮਾਂ ਕੋਲ ਥੋੜ੍ਹੇ ਜਿਹੇ ਛੋਲੇ ਬਚੇ ਹੋਏ ਸਨ। ਉਸ ਨੇ

www.sikhbookclub.com



ਸੋਚਿਆ, ਚਲੋ ਛੋਲੇ ਭੁੰਨ ਲਈਏ, ਟੱਬਰ ਨੂੰ ਕੁਝ-ਨਾ-ਕੁਝ ਤਾਂ ਖਾਣ ਨੂੰ ਮਿਲੂ। ਮਾਂ ਨੇ ਚੁੱਲ੍ਹੇ ਵਿਚ ਅੱਗ ਬਾਲ ਕੇ ਉੱਤੇ ਕੜ੍ਹਾਈ ਧਰੀ, ਵਿਚ ਸਾਫ ਕਰਕੇ ਰੇਤ ਪਾਈ ਤੇ ਬੋਰੀ ਵਿਚੋਂ ਛੋਲੇ ਕੱਢ ਕੇ ਭੁੰਨਣ ਲੱਗ ਪਈ। ਚੁੱਲ੍ਹਾ ਵੀ ਛੋਟਾ ਤੇ ਉੱਤੇ ਕੜ੍ਹਾਹੀ ਵੀ ਛੋਟੀ, ਮਸਾਂ ਦੋ-ਦੋ ਮੁੱਠਾਂ ਦਾ ਪਰਾਗਾ ਬਣਦਾ ਸੀ। ਸੂਰਜ ਡੁੱਬ ਗਿਆ ਸੀ, ਸਾਰਿਆਂ ਟੱਬਰਾਂ ਦਾ ਇਕਇਕ ਜੀਅ ਸਾਡੇ ਡੇਰੇ ਤੇ ਆਇਆ ਬੈਠਾ ਸੀ—ਖਾਨੇਵਾਲ ਵਾਲੀ ਟੋਲੀ ਦੀ ਉਡੀਕ ਵਿਚ। ਮਾਂ ਜੀ ਨੇ ਕਿਹੜੇ ਕਦੇ ਛੋਲੇ ਭੁੰਨੇ ਸਨ। ਜਿਹੋ-ਜਿਰੇ ਕੱਚੇ-ਭੁੰਨੇ ਹੋਏ ਕੜਾਹੀ ਵਿਚੋਂ ਕੱਢੀ ਗਈ। ਦੂਜਿਆਂ ਟੱਬਰਾਂ ਦੇ ਕੁਝ ਹੋਰ ਬੰਦੇ ਵੀ ਪੁੱਛ-ਗਿੱਛ ਲਈ ਆ ਗਏ। ਖਾਧਾ ਕਿਸੇ ਨੇ ਕੁਝ ਨਹੀਂ ਸੀ। ਮਾਂ ਜੀ ਸਾਰਿਆਂ ਦੀ ਮਿਹਮਾਨ-ਨਵਾਜ਼ੀ ਛੋਲਿਆਂ ਦੀ ਮੁੱਠ ਨਾਲ ਹੀ ਕਰਦੀ ਰਹੀ। ਜਦੋਂ ਸੂਰਜ ਡੁੱਬੇ ਨੂੰ ਘੰਟਾ, ਡੇਢ੍ਹ ਘੰਟਾ ਹੋ ਗਿਆ ਤਾਂ ਖਾਨੇਵਾਲ ਗਈ ਟੋਲੀ ਦੇ ਮੁੜਨ ਦੀ ਆਸ ਤਕਰੀਬਨ ਖ਼ਤਮ ਹੋ ਗਈ। ਮਾਂ ਜੀ ਨੇ ਛੋਲਿਆਂ ਦੀ ਬੋਰੀ ਉਲੱਦ ਕੇ ਸਾਰੇ ਛੋਲੇ ਕੱਢ ਲਏ ਤੇ ਚੱਕ 79 ਦੀ ਪੂਰੀ ਆਬਾਦੀ ਲਈ ਛੋਲੇ ਭੁੰਨ ਲਏ। ਕੋਈ ਪਹਿਰ ਰਾਤ ਗਈ ਨਾਲ ਸਾਰੇ ਮੁੜੇ ਆਪੋ-ਆਪਣਿਆਂ ਡੇਰਿਆਂ ਨੂੰ, ਤੇ ਅੱਜ ਸਾਡੇ ਪਿੰਡ ਦੀ ਪੂਰੀ ਵਸੋਂ ਮਾਂ ਜੀ ਦੇ ਭੁੰਨੇ ਛੋਲਿਆਂ ਦਾ ਲੰਗਰ ਛਕ ਕੇ ਸੁੱਤੀ। ਹੁਣ ਸਾਰਿਆਂ ਨੂੰ ਵੱਡਾ ਫ਼ਿਕਰ ਇਹ ਸੀ ਕਿ ਜੇ ਆਟਾ ਲਿਆਉਣ ਵਾਲੇ ਕਿਤੇ ਕੱਪਰ ਵਿਚ ਰਾਹ ਭੁੱਲ ਗਏ ਤਾਂ ਕੀ ਬਣੂ। ਪਰ ਬਾਬਾ ਕਹੇ, "ਕੁਝ ਨਹੀਂ ਹੁੰਦਾ, ਛੇਰ ਸੂੰਹ ਨਾਲ ਏ; ਉਹ ਰਾਹ ਭੁਲਾਉਣ ਵਾਲਾ ਨਹੀਂ।"

ਉਧਰ ਖਾਨੇਵਾਲ ਗਈ ਟੋਲੀ ਨਾਲ ਕੀ ਬੀਤੀ ? ਇੰਨਾ ਲੰਮਾ ਪੈਂਡਾ ਕਦੇ ਕਿਸੇ ਨੇ ਘੱਟ ਹੀ ਕੀਤਾ ਸੀ ਅਤੇ ਹੁਣ ਸਿਰਾਂ ਤੇ ਭਾਰ ਵੀ ਸੀ। ਕੋਹ, ਦੋ ਕੋਹ ਚੱਲ ਕੇ ਸਾਹ ਲੈਂਦੇ ਤੇ ਫਿਰ ਤੁਰ ਪੈਂਦੇ। ਤਾਇਆ ਜੀ ਵਾਰੀ ਵਾਰੀ ਕਿਸੇ ਨੂੰ ਘੋੜੀ ਤੇ ਚੜ੍ਹਾਉਂਦਾ ਅਤੇ ਉਸ ਦੀ ਪੰਡ ਆਪ ਚੁੱਕਦਾ। ਜਦੋਂ ਕੱਪਰ ਵਿਚ ਵੜਿਆਂ ਨੂੰ ਕੋਈ ਘੰਟਾ ਭਰ ਹੋ ਗਿਆ ਤਾਂ ਚੰਗਾ ਹਨੇਰਾ ਹੋ ਗਿਆ। ਹਨੇਰੇ ਵਿਚ ਤੁਰਦੇ ਕਿਤੇ ਰਾਹ ਤੋਂ ਸੱਜੇ ਹੋ ਗਏ, ਰਾਤ ਚਾਨਣੀ ਸੀ; ਇਕ ਹੋਰ ਰਾਹ ਲੱਭ ਪਿਆ ਤੇ ਕੋਈ ਦੋ ਘੰਟੇ ਹੋਰ ਚੱਲਣ ਪਿੱਛੋਂ ਆਬਾਦ ਹੋਏ ਇਲਾਕੇ ਵਿਚ ਤਾਂ ਪੁੱਜ ਗਏ, ਖਾਲ ਤੋਂ ਪਾਣੀ ਵੀ ਪੀ ਲਿਆ, ਪਰ ਵਸੋਂ ਕਿਤੇ ਨਜ਼ਰ ਨਾ ਆਈ। ਹੋਰ ਕੁਝ ਸਮਾਂ ਟੱਕਰਾਂ ਮਾਰਨ ਪਿੱਛੋਂ ਜਾਂਗਲੀਆਂ ਦੀ ਇਕ ਭੈਣੀ ਆਈ। ਇਕ ਬਜ਼ੁਰਗ ਜਾਂਗਲੀ ਨੇ ਦੱਸਿਆ ਸਰਦਾਰੋ ਤੁਸੀਂ ਤਾਂ ਆਪਣੇ ਚੱਕ ਤੋਂ ਤਿੰਨ ਕੋਹ ਅੱਗੇ ਨਿਕਲ ਆਏ ਹੋ। ਓਹੋ ਜਾਂਗਲੀ ਇਹਨਾਂ ਨੂੰ ਕੋਈ ਕੋਹ ਭਰ ਪਿਛੇ ਮੰਬੇ ਬੰਗਲੇ ਛੱਡ ਗਿਆ। ਮੰਬਾ ਬੰਗਲਾ ਰਜਵਾਹੇ 15 ਐਲ ਉੱਤੇ ਅਖੀਰੀ ਬੰਗਲਾ ਸੀ। ਇਹੋ ਜਿਹੇ ਨਹਿਰੀ ਬੰਗਲੇ (Canal Rest House) ਅੰਗਰੇਜ਼ਾਂ ਨੇ ਹਰ ਨਹਿਰ ਦੇ ਕੰਢੇ ਕੋਈ ਦਸ-ਦਸ ਮੀਲ ਤੇ ਬਣਾਏ ਹੋਏ ਸਨ। ਹਰ ਬੰਗਲੇ ਤੇ ਖੂਹੀ ਤੇ ਕਰਮਚਾਰੀਆਂ ਵਾਸਤੇ ਮਕਾਨ ਵੀ ਹੁੰਦੇ ਸਨ; ਟੈਲੀਫ਼ੋਨ ਵੀ ਹੁੰਦਾ ਸੀ।

ਮੰਬੇ ਬੰਗਲੇ ਇਕ ਹਿੰਦੂ ਬੇਲਦਾਰ ਤੋਂ ਪਰਾਤ, ਤਵਾ ਤੇ ਡੱਬੀ (ਮਾਚਸ) ਲਈ। ਆਟਾ ਗੁੰਨ੍ਹ ਕੇ ਜਿਹੋ ਜਿਹੇ ਕੱਚੇ-ਪੱਕੇ ਮੰਨ ਬਣੇ ਉਹ ਸ਼ਹਿਰੋਂ ਲਿਆਂਦੇ ਗੁੜ ਨਾਲ ਖਾਧੇ ਤੇ ਰਜਵਾਹੇ ਦੇ ਕੰਢੇ ਸੌਂ ਗਏ। ਸਵੇਰੇ ਤੜਕੇ ਉਠ ਕੇ ਪਿੰਡ ਨੂੰ ਤੁਰੇ ਅਤੇ ਟਿੱਕੀ ਚੜ੍ਹਦੀ

www.sikhbookclub.com



ਨਾਲ ਪਿੰਡ ਦੇ ਪਹਿਲੇ ਡੇਰੇ ਜਾ ਪੁੱਜੇ। ਸਾਡਾ ਡੇਰਾ ਇਥੋਂ ਹੋਰ ਅੱਗੇ ਸੀ। ਉਸ ਡੇਰੇ ਵਾਲਿਆਂ ਨੇ ਆਪਣੇ ਦੋ ਬੰਦੇ ਭਜਾ ਕੇ ਸਾਰਿਆਂ ਨੂੰ ਖ਼ਬਰ ਕਰ ਦਿੱਤੀ ਕਿ ਆਪਣੇ ਬੰਦੇ ਆ ਗਏ ਹਨ। ਓਥੋਂ ਲੱਸੀ ਪੀ ਕੇ ਸਾਰੇ ਆਪੋ-ਆਪਣੇ ਡੇਰਿਆਂ ਨੂੰ ਗਏ। ਸਾਰਿਆਂ ਦਾ ਤੌਖਲਾ ਦੂਰ ਹੋਇਆ। ਪਿੱਛੋਂ ਕਾਫ਼ੀ ਸਮੇਂ ਤਕ ਇਸ ਮਾਰ੍ਹਕੇ ਦੀ ਚਰਚਾ ਹੁੰਦੀ ਰਹੀ; ਪਰ ਬਾਬਾ ਕਹਿੰਦਾ ਹੁੰਦਾ ਸੀ, "ਕਿਹੜੀ ਆਖਰ ਆ ਗਈ ਜੇ ਰਾਹ ਭੁੱਲ ਗਏ। ਜੇ ਬਾਰ ਵਸਾਉਣੀ ਏ ਤੇ ਜੇਰਾ ਵੱਡਾ ਰੱਖੋ।" ਬਾਬਾ ਠੀਕ ਕਹਿੰਦਾ ਸੀ, ਬਾਰਾਂ ਵਸਾਉਣ ਵਾਲੇ ਲੋਕ ਵੱਡੇ ਜੇਰੇ ਤੇ ਕਰੜੀ ਹੱਡੀ ਵਾਲੇ ਸਨ।

www.sikhbookclub.com

## 10
# ਨਵਾਂ ਭਾਈਚਾਰਾ, ਨਵੀਂ ਬੋਲੀ

ਪਹਿਲੇ ਪੰਦਰਾਂ ਦਿਨਾਂ ਵਿਚ ਸਾਡੇ ਟੱਬਰ ਤੋਂ ਬਿਨਾ ਜਿਹੜੇ ਹੋਰ ਤਿੰਨ ਪਰਵਾਰ ਚੱਕ 79 ਵਿਚ ਪਹੁੰਚੇ, ਉਹ ਕਿਹੜੇ-ਕਿਹੜੇ ਸਨ, ਇਸ ਬਾਰੇ ਮੈਂ ਪੂਰੇ ਵਿਸ਼ਵਾਸ ਨਾਲ ਕੁਝ ਨਹੀਂ ਦਸ ਸਕਦਾ; ਪਰ ਅਨੁਮਾਨ ਹੈ ਕਿ ਉਹਨਾਂ ਵਿਚੋਂ ਇਕ ਸੀ ਸੂਬੇਦਾਰ ਬਿਸ਼ਨ ਸਿੰਘ, ਪਿੰਡ ਵੱਧਣੀ ਕਲਾਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਫਰੀਦਕੋਟ) ਦਾ ਟੱਬਰ, ਦੂਜਾ ਜਮਾਦਾਰ ਨਰੈਣ ਸਿੰਘ, ਪਿੰਡ ਭੂੰਦੇਰ, ਜ਼ਿਲ੍ਹਾਂ ਅੰਮ੍ਰਿਤਸਰ ਦਾ ਤੇ ਤੀਜਾ ਹੌਲਦਾਰ ਨਰੈਣ ਸਿੰਘ, ਪਿੰਡ ਗੋਰੇ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ਦਾ। ਅਗਲੇ ਕੁਝ ਹਫ਼ਤਿਆਂ ਵਿਚ ਹੋਰ ਚਾਰ, ਪੰਜ ਟੱਬਰ ਆ ਗਏ ਤੇ ਹੁਣ ਇਸ ਚੱਕ ਦੇ ਨਵੇਂ ਵਸਨੀਕ ਗੱਲ ਕਰਦਿਆਂ 'ਸਾਡਾ ਪਿੰਡ' ਜਾਂ 'ਆਪਣਾ ਪਿੰਡ' ਆਖਣ ਲੱਗ ਪਏ, ਪਹਿਲਾਂ ਉਹ 'ਸਾਡਾ ਡੇਰਾ' ਜਾਂ 'ਸਾਡੀ ਭੈਣੀ' ਹੀ ਕਹਿੰਦੇ ਹੁੰਦੇ ਸਨ।

ਹੁਣ ਸਭ ਤੋਂ ਪਹਿਲਾਂ ਫ਼ਿਕਰ ਇਹ ਹੋਇਆ ਕਿ ਪਿੰਡ ਦੀ ਡਿੱਗੀ ਪੁੱਟੀ ਜਾਵੇ; ਖੂਹ ਲਵਾਉਣ ਬਾਰੇ ਤਾਂ ਅਜੇ ਕੋਈ ਸੋਚ ਹੀ ਨਹੀਂ ਸੀ ਸਕਦਾ। ਡਿੱਗੀ ਉਸ ਇਲਾਕੇ ਵਿਚ ਪਾਣੀ ਇਕੱਠਾ ਕਰਨ ਲਈ ਆਪ ਪੁੱਟੇ ਹੋਏ ਟੋਭੇ ਜਾਂ ਛੱਪੜ ਨੂੰ ਕਹਿੰਦੇ ਸਨ। ਸਾਥੋਂ ਪਹਿਲੇ ਅਬਾਦਕਾਰਾਂ ਨੇ ਇਕ ਛੋਟੀ ਜਿਹੀ ਡਿੱਗੀ ਪੁੱਟੀ ਹੋਈ ਸੀ, ਉਸ ਵਿਚ ਉਹ ਨਹਿਰ ਦਾ ਪਾਣੀ ਪਾਉਂਦੇ ਰਹੇ ਸਨ, ਪਰ ਜਦੋਂ ਸਾਡਾ ਟੱਬਰ ਪਹੁੰਚਾ, ਇਸ ਡਿੱਗੀ ਵਿਚ ਬਹੁਤ ਥੋੜ੍ਹਾ ਜਿਹਾ ਪਾਣੀ ਤੇ ਕੁਝ ਚਿੱਕੜ, ਗਾਰਾ ਸੀ। ਸਾਡੇ ਟੱਬਰ ਨੇ ਖੁਰਲੀਆਂ ਚੌਕਾ-ਚੁੱਲ੍ਹਾ ਇਥੋਂ ਗਾਰਾ ਲੈ ਕੇ ਹੀ ਬਣਾਇਆ ਸੀ।

ਹੁਣ ਇਕ ਦਿਨ ਮੁਕੱਰਰ ਕਰਕੇ ਪਿੰਡ ਦੇ ਗੱਭਰੂ ਡਿੱਗੀ ਪੁੱਟਣ ਆ ਗਏ। ਨਿਗਰਾਨੀ ਤਾਇਆ ਸ਼ੇਰ ਸਿੰਘ ਕਰ ਰਿਹਾ ਸੀ। ਜਵਾਨ ਮੁੰਡੇ ਜਿਦ-ਜਿਦ ਕੇ ਕਹੀਆਂ ਦੇ ਟੱਪ ਮਾਰਦੇ ਸਨ, ਤੇ ਪੁੱਟੀ ਹੋਈ ਮਿੱਟੀ ਦੂਰ ਤੋਂ ਦੂਰ ਸੁੱਟਣ ਦੇ ਮੁਕਾਬਲੇ ਕਰਦੇ ਸਨ। ਇਹਨਾਂ ਦਾ ਰੋਟੀ ਟੁੱਕ ਇਥੇ ਮੰਗਵਾਇਆ ਗਿਆ। ਲੌਢੇ ਵੇਲੇ ਤੱਕ ਡਿੱਗੀ ਪਹਿਲਾਂ ਨਾਲੋਂ ਕਾਫ਼ੀ ਚੌੜੀ ਤੇ ਕਝ ਹੋਰ ਡੂੰਘੀ ਕਰ ਲਈ ਗਈ। ਓਸੇ ਰਾਤ ਨਹਿਰ ਦਾ ਪਾਣੀ ਵੀ ਲਾ ਦਿੱਤਾ। ਅਗਲੇ ਦਿਨ ਸਾਰੇ ਪਿੰਡ ਦੇ ਮਾਲ ਨੇ ਪਹਿਲੀ ਵਾਰ ਆਪਣੀ ਪੁੱਟੀ ਡਿੱਗੀ ਦਾ ਪਾਣੀ ਪੀਤਾ। ਉਸ ਤੋਂ ਅਗਲੇ ਦਿਨ ਸਵੇਰੇ ਜਦੋਂ ਲੋਕੀਂ ਫਿਰ ਡੰਗਰ ਲੈ ਕੇ ਆਏ ਤਾਂ ਡਿੱਗੀ ਖਾਲੀ ਸੀ, ਅੱਠਾਂ ਪਹਿਰਾਂ ਵਿਚ ਪਾਣੀ ਜਿਊਰ ਗਿਆ ਸੀ। ਪਹਿਲੇ ਹੀ ਦੋ ਮਹਿਰੂ ਡਿੱਗੀ ਵਿਚ ਵੜੇ ਤਾਂ ਪਾਣੀ ਬੁਰੀ ਤਰ੍ਹਾਂ ਗੰਧਲ ਗਿਆ। ਇਥੇ ਇਕ ਛੋਟੀ ਜਿਹੀ ਘਟਨਾ ਵਾਪਰੀ, ਜਿਸ ਬਾਰੇ ਪਿੰਡ ਦੇ ਪਹਿਲੇ ਵਸਨੀਕ ਕਾਫ਼ੀ ਪਿੱਛੋਂ ਤੱਕ ਵੀ ਗੱਲਾਂ ਕਰਦੇ ਰਹੇ। ਪਾਣੀ ਪੀਣ

www.sikhbookclub.com



ਗਈਆਂ ਦੋ ਮੱਝਾਂ ਭਿੜ ਪਈਆਂ, ਤੇ ਭਿੜਦੀਆਂ-ਭਿੜਦੀਆਂ ਡਿੱਘੀ ਦੇ ਉਸ ਹਿੱਸੇ ਵਿਚ ਚਲੀਆਂ ਗਈਆਂ, ਜਿਹੜਾ ਨਵਾਂ ਪੁਟਿਆ ਸੀ। ਓਥੇ ਦੋਵੇਂ ਖੁਭ ਗਈਆਂ। ਖੁਭੀਆਂ ਹੋਈਆਂ ਹੀ ਭਿੜੀ ਜਾਣ। ਪਿਛੋਂ ਨੇੜੇ ਹੋ ਕੇ ਵੇਖਣ ਤੇ ਪਤਾ ਲੱਗਾ ਕਿ ਦੋਹਾਂ ਦੇ ਸਿੰਗ ਵੀ ਫਸੇ ਹੋਏ ਸਨ। ਸਾਰੇ ਪਿੰਡ ਲਈ ਇਕ ਨਵੀਂ ਸਮੱਸਿਆ ਖੜੀ ਹੋ ਗਈ। ਪਸ਼ੂਆਂ ਦਾ ਖੁਭ ਜਾਣਾ, ਜਾਂ ਦੋਂਹ ਮਹਿਰੂਆਂ ਦੇ ਸਿੰਗ ਫਸ ਜਾਣੇ ਕੋਈ ਅਣਹੋਣੀ ਗੱਲ ਨਹੀਂ; ਪਿੰਡਾਂ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਪਰ ਵਸਦੇ ਪਿੰਡਾਂ ਵਿਚ ਅਜਿਹੇ ਹਾਦਸਿਆਂ ਦਾ ਟਾਕਰਾ ਕਰਨ ਲਈ ਸਾਧਨ ਹੁੰਦੇ ਹਨ, ਹਰ ਪ੍ਰਕਾਰ ਦਾ ਸਾਜ ਸਮਾਨ ਹੁੰਦਾ ਹੈ, ਸਿਆਣੇ ਤਜਰਬਾਕਾਰ ਆਦਮੀ ਹੁੰਦੇ ਹਨ। ਇਥੇ ਕੁਝ ਵੀ ਨਹੀਂ ਸੀ। ਵੱਡੇ ਬਾਬੇ ਨੂੰ ਸੱਦਿਆ ਗਿਆ। ਉਸ ਨੇ ਰਾਏ ਦਿੱਤੀ ਕਿ ਇਕ ਮੱਝ ਦੇ ਸਿੰਗ ਦਾ ਅਗਲਾ ਹਿੱਸਾ ਆਰੀ ਨਾਲ ਵੱਢ ਦਿਓ। ਸਿੰਗ ਵੱਢਣ ਲਈ ਵੀ ਤਜਰਬਾਕਾਰ ਤੇ ਤਕੜੇ ਸਰੀਰ ਵਾਲੇ ਬੰਦੇ ਦੀ ਲੋੜ ਸੀ। ਖ਼ੈਰ, ਤਿੰਨ-ਚਾਰ ਜਣੇ ਹਿੰਮਤ ਕਰਕੇ ਅੱਗੇ ਗਏ। ਜਿਹੜਾ ਮੱਝਾਂ ਕੋਲ ਜਾਏ, ਉਹ ਆਪ ਵੀ ਖੁਭਦਾ ਸੀ। ਕੋਈ ਅੱਧਾ, ਪੌਣਾ ਘੰਟਾ ਟੱਕਰਾਂ ਮਾਰਨ ਪਿੱਛੋਂ ਇਕ ਮੱਝ ਦਾ ਸਿੰਗ ਵੱਢਿਆ ਤੇ ਫਸੇ ਹੋਏ ਸਿੰਗ ਵੱਖ-ਵੱਖ ਕੀਤੇ। ਇੰਨੇ ਚਿਰ ਵਿਚ ਮੱਝਾਂ ਇੰਨੀਆਂ ਖੁਭ ਗਈਆਂ ਸਨ ਕਿ ਉਹਨਾਂ ਨੂੰ ਕੱਢਣਾ ਇਕ ਬਹੁਤ ਵੱਡੀ ਸਮੱਸਿਆ ਸੀ। ਤਾਇਆ ਅੱਜ ਪਿੰਡ ਨਹੀਂ ਸੀ; ਸਾਰੀ ਕਾਰਵਾਈ ਬਾਬੇ ਦੀ ਨਿਗਰਾਨੀ ਹੇਠ ਹੋ ਰਹੀ ਸੀ। ਬਾਬੇ ਨੇ ਦੋ, ਤਿੰਨ ਸੁਹਾਗੇ ਤੇ ਇਕ ਕਰਾਹ ਮੰਗਵਾਇਆ। ਸੁਹਾਗੇ ਪਾਣੀ ਵਿਚ ਸੁੱਟ ਕੇ ਜਵਾਨ ਮੁੰਡੇ ਸੁਹਾਗਿਆਂ ਉੱਤੇ ਖਲੋਤੇ ਤੇ ਰੱਸਿਆਂ, ਬੇਲਾਂ ਨਾਲ ਇਕ ਮੱਝ ਦੇ ਮੂਹਰਲੇ ਪੈਰ ਪੁੱਟ ਕੇ ਕਰਾਹ ਉੱਤੇ ਰੱਖੇ; ਫਿਰ ਮੱਝ ਦੇ ਪਿਛਲੇ ਪੈਰ ਪੁੱਟੇ। ਗੱਲ ਕੀ ਕੋਈ ਪਹਿਰ ਭਰ ਦੇ ਖਿਚ ਖਿਚਾ ਪਿੱਛੋਂ ਮੱਝਾਂ ਡਿੱਘੀ ਵਿਚੋਂ ਕੱਢ ਲਈਆਂ। ਸਾਰਾ ਪਿੰਡ ਡਿੱਘੀ ਦੇ ਚੁਫੇਰੇ ਖੜਾ ਸੀ। ਸਵੇਰ ਦੀਆਂ ਖੁਭੀਆਂ ਮੱਝਾਂ, ਚੰਗੇ ਪਰਛਾਵੇਂ ਢਲੇ ਨਿਕਲੀਆਂ। ਇਹ ਸਾਰੀ ਕਾਰਵਾਈ ਬਾਹਵਾਂ ਦੇ ਜ਼ੋਰ ਨਾਲ ਤੇ ਤਕਰੀਬਨ ਅਨਾੜੀਪੁਣੇ ਵਿਚ ਹੀ ਕੀਤੀ ਗਈ; ਪਰ ਅੰਤ ਸਫਲਤਾ ਮਿਲੀ। ਜ਼ਨਾਨੀਆਂ ਸਮੇਤ ਪਿੰਡ ਦੀ ਲਗਭਗ ਸਾਰੀ ਵੱਸੋਂ ਡਿੱਘੀ ਤੇ ਖੜੀ ਸੀ। ਦੋ ਟੱਬਰ ਤਾਂ ਹੱਲ ਵਾਹੁੰਦੇ ਜੋਤਰਾ ਵਿਚੇ ਛੱਡ ਕੇ ਆਏ ਸਨ। ਇਸ ਸਧਾਰਨ ਜਿਹੀ ਘਟਨਾ ਨੇ ਪਿੰਡ ਵਾਲਿਆਂ ਨੂੰ ਇਕ ਗੱਲ ਪੱਕੀ ਕਰਵਾ ਦਿੱਤੀ, ਕਿ ਅਜਿਹਾ ਮੌਕਾ ਬਣਨ ਤੇ ਸਾਰਿਆਂ ਨੇ ਇਕੱਠੇ ਹੋ ਕੇ ਹੰਭਲਾ ਮਾਰਨਾ ਹੈ, ਕੰਮ ਭਾਵੇਂ ਕਿਸੇ ਦਾ ਹੋਵੇ। ਅੱਜ ਮੈਂ ਬੜੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਪਹਿਲੇ ਤਿੰਨ ਚਾਰ ਸਾਲ ਸਾਰਾ ਪਿੰਡ ਰਲ ਕੇ ਚੱਲਣ ਤੇ ਵੰਡ ਛਕਣ ਦੇ ਸਿਧਾਂਤ ਨੂੰ ਧਾਰਮਿਕ ਮਰਯਾਦਾ ਅਨੁਸਾਰ ਨਿਭਾਉਂਦਾ ਰਿਹਾ। ਪਿੱਛੋਂ ਵੀ ਭਾਵੇਂ ਪਿੰਡ ਦੇ ਦੋ ਧੜੇ ਹੋ ਗਏ, ਪਰ ਸਾਂਝੇ ਕੰਮ ਲਈ ਸਦਾ ਇਕੱਠੇ ਹੋ ਜਾਂਦੇ ਰਹੇ। ਇਸ ਬਾਰੇ ਮੈਂ ਅੱਗੇ ਜ਼ਿਕਰ ਕਰਾਂਗਾ।

ਇਕ ਵਾਰ ਫਿਰ ਪਿੰਡ ਦੀ ਜਵਾਨੀ ਨੂੰ ਵੰਗਾਰਿਆ ਗਿਆ ਤੇ ਮੁੰਡਿਆਂ ਨੇ ਪੂਰਾ ਤਾਣ ਲਾ ਕੇ ਕਹੀ ਵਾਹੀ। ਹੁਣ ਤੱਕ ਜਵਾਨ ਮੁੰਡੇ ਇਕ ਦੂਜੇ ਦੇ ਵਾਕਿਫ਼ ਹੋ ਗਏ ਸਨ ਤੇ ਆਪਸ ਵਿਚ ਹਾਸਾ, ਮਖੌਲ ਵੀ ਸ਼ੁਰੂ ਹੋ ਗਿਆ ਸੀ। ਸਾਰਿਆਂ ਤੋਂ ਵੱਧ ਮਖੌਲ ਬੋਲੀ ਨਾਲ ਸੰਬੰਧਿਤ ਸਨ। ਮਝੈਲਾਂ ਦੇ ਸ਼ਬਦ 'ਭਾਈਆ' ਤੇ 'ਭਾਊ' ਮੌਕਾ, ਬੇਮੌਕਾ ਬੋਲ ਕੇ ਮਲਵਈ

www.sikhbookclub.com



ਮੁੰਡੇ ਮਝੈਲਾਂ ਨੂੰ ਠਿੱਠ ਕਰਦੇ ਸਨ। ਓਧਰੋਂ ਮਝੈਲ ਮਲਵਈਆਂ ਨੂੰ ਜਿੱਚ ਕਰਨ ਲਈ ਕਹਿੰਦੇ, "ਸੁਣਾਓ ਸਾਲਿਆ ਜੀ ਕੀ ਹਾਲ ਏ ਥੋਡਾ ?" ਛੇਤੀ ਹੀ ਮਝੈਲਾਂ ਨੂੰ ਮਲਵਈਆਂ ਦਾ ਇਕ ਅਜਿਹਾ ਸ਼ਬਦ ਲੱਭ ਪਿਆ ਜਿਸ ਨੇ ਮਲਵਈਆਂ ਨੂੰ ਭਾਜੜ ਪਾ ਦਿੱਤੀ। ਇਹ ਸੀ ਮਾਲਵੇ ਵਿਚ ਕਮਰ ਅਥਵਾ ਲੱਕ ਲਈ ਵਰਤਿਆ ਜਾਣ ਵਾਲਾ ਸ਼ਬਦ (ਮੈਂ ਇਥੇ ਇਹ ਸ਼ਬਦ ਲਿਖਣੋਂ ਗੁਰੇਜ਼ ਕਰਦਾ ਹਾਂ, ਭਾਵੇਂ ਸਾਰਾ ਮਾਲਵਾ ਅੱਜ ਵੀ ਇਹ ਲਫਜ਼ ਆਮ ਵਰਤਦਾ ਹੈ।) ਮਝੈਲਾਂ ਨੇ ਇਸ ਸ਼ਬਦ ਦਾ ਅਜਿਹਾ ਗੁੱਡਾ ਬੱਧਾ ਕਿ ਛੇਤੀ ਹੀ ਸਾਰੇ ਮਲਵਈ ਲੱਕ ਨੂੰ 'ਲੱਕ' ਹੀ ਕਹਿਣ ਲੱਗ ਪਏ। ਗੰਜੀ ਬਾਰ ਵਿਚ ਬੋਲੀਆਂ ਜਾਣ ਵਾਲੀਆਂ ਵੱਖ-ਵੱਖ ਭਾਸ਼ਾਵਾਂ ਨੇ ਪਹਿਲਾਂ-ਪਹਿਲ ਕਈ ਬੜੀਆਂ ਅਸਚਰਜ ਸਥਿਤੀਆਂ ਪੈਦਾ ਕੀਤੀਆਂ; ਇਹਨਾਂ ਵਿਚੋਂ ਦੋ ਕਿੱਸੇ ਮੈਂ ਏਥੇ ਸੁਣਾਉਣਾ ਚਾਹੁੰਦਾ ਹਾਂ।

ਸੂਬੇਦਾਰ ਬਿਸ਼ਨ ਸਿੰਘ ਦੇ ਵੱਡੇ ਭਰਾ ਭਾਈ ਕਿਸ਼ਨ ਸਿੰਘ ਪਿੰਡ ਵਿਚ ਤੇ ਇਲਾਕੇ ਵਿਚ ਬੜੇ ਸਤਕਾਰੇ ਜਾਂਦੇ ਸਨ। ਉਹ ਗੁਰਬਾਣੀ ਦੇ ਚੰਗੇ ਵਿਦਵਾਨ ਸਨ। ਉਹਨਾਂ ਕੋਲ ਬੜੇ ਹੱਥ-ਲਿਖਤ ਗ੍ਰੰਥ ਸਨ। ਮੈਂ ਉਹਨਾਂ ਤੋਂ 'ਸਾਰੋਕਤਾਵਲਿ' ਤੇ ਇਕ ਹੋਰ ਗ੍ਰੰਥ ਖਰੜਿਆਂ ਤੋਂ ਪੜ੍ਹਿਆ ਸੀ। ਸ਼ੁਰੂ-ਸ਼ੁਰੂ ਵਿਚ ਉਹ ਆਪਣੇ ਕੁਝ ਰਿਸ਼ਤੇਦਾਰਾਂ ਨੂੰ ਤੇ ਰੋਟੀਆਂ ਪਕਾਉਣ ਲਈ ਆਪਣੀ ਇਕ ਭਤੀਜੀ ਨੂੰ ਨਾਲ ਲੈ ਕੇ ਆਏ ਸਨ। ਸੂਬੇਦਾਰ ਸਾਹਿਬ ਅਜੇ ਫ਼ੌਜ ਵਿਚ ਸਨ। ਇਕ ਦਿਨ ਉਹ ਸਾਡੇ ਘਰ ਆਏ ਤੇ ਸਾਡੀ ਦਾਦੀ ਨੂੰ ਕਿਹਾ, "ਬੀਬੀ ਮੈਨੂੰ ਲੱਸੀ ਦਾ ਛੰਨਾ ਦੇਣਾ, ਸਾਡੀ ਕੁੜੀ ਤਾਂ ਸਹੁਰੀ ਕਿਤੇ ਉਠ ਗਈ।" ਮਾਂ ਜੀ ਨੇ ਹੈਰਾਨ ਹੋ ਕੇ ਕਿਹਾ, "ਭਾਈ ਜੀ 'ਉਠ ਗਈ', ਕੁੜੀ ਤਾਂ ਬੜੀ ਸਿਆਣੀ ਏ।" ਭਾਈ ਜੀ ਫਿਰ ਬੋਲੇ, "ਸਿਆਣੀ ਐ ਪਰ ਕਮਲੀ ਤਾਲਾ ਲਾ ਕੇ ਕਿਤੇ ਉਠ ਗਈ।" ਖੈਰ, ਭਾਈ ਜੀ ਲੱਸੀ ਪੀ ਕੇ ਚਲੇ ਗਏ, ਮਾਂ ਜੀ ਨੇ ਮੈਨੂੰ ਆਖਿਆ, "ਜਾਹ, ਦੌੜ ਕੇ ਹੌਲਦਾਰ ਨੂੰ ਸੱਦ ਕੇ ਲਿਆ।" ਸਾਡਾ ਮੁਰੱਬਾ ਪਿੰਡ ਦੇ ਨਾਲ ਹੀ ਸੀ। ਮੈਂ ਤਾਏ ਕੇਹਰ ਸਿੰਘ ਨੂੰ ਸੱਦ ਲਿਆਇਆ। ਮਾਂ ਜੀ ਨੇ ਹੌਲਦਾਰ ਨੂੰ ਦੱਸਿਆ, "ਭਾਈ ਆਇਆ ਸੀ ਤੇ ਆਂਹਦਾ ਸੀ ਸਾਡੀ ਕੁੜੀ ਉੱਠ ਗਈ ਏ।" ਹੌਲਦਾਰ ਨੇ ਮਾਂ ਜੀ ਤੋਂ ਸਾਰੇ ਵੇਰਵੇ ਸੁਣ ਕੇ ਹੱਸ ਕੇ ਆਖਿਆ, "ਚਾਚੀ ਤੂੰ ਰੋਟੀਆਂ ਪਕਾ, ਮਝੈਲਾਂ ਦੀ 'ਉਠ ਗਈ' ਤੇ ਮਲਵਈਆਂ ਦੀ 'ਉੱਠ ਗਈ' ਵਿਚ ਬੜਾ ਫ਼ਰਕ ਏ।" ਮਲਵਈਆਂ ਨੂੰ ਕਾਫ਼ੀ ਚਿਰ ਪਿੱਛੋਂ ਪਤਾ ਲੱਗਾ ਕਿ ਮਝੈਲਾਂ ਦੀ ਬੋਲੀ ਵਿਚ 'ਉਠ ਗਈ' ਦਾ ਮਤਲਬ 'ਉੱਧਲ ਗਈ' ਹੈ।

ਇਕ ਵਾਰੀ ਇਸ ਤੋਂ ਵੀ ਵਧੇਰੇ ਦਿਲਚਸਪ ਤੇ ਤਕਰੀਬਨ ਖਤਰਨਾਕ ਘਟਨਾ ਵਾਪਰੀ। ਅਸੀਂ ਕਿਸੇ ਵਿਆਹ ਦੇ ਸੰਬੰਧ ਵਿਚ ਆਪਣੇ ਪਿਛਲੇ ਪਿੰਡ ਨੂੰ ਜਾ ਰਹੇ ਸਾਂ। ਨਾਲ ਦੋ ਟੱਬਰ ਹੋਰ ਵੀ ਰਲ ਗਏ। ਜ਼ਨਾਨੀਆਂ ਤੇ ਅੰਞਾਣੇ ਗੱਡੇ ਤੇ ਬਿਠਾ ਲਏ ਤੇ ਮਰਦ ਪੈਦਲ ਤੁਰ ਪਏ। ਮੈਂ ਵੀ ਪੈਦਲ ਟੋਲੀ ਨਾਲ ਤੁਰ ਪਿਆ। ਅਸਾਂ ਰੇਲਵੇ ਸਟੇਸ਼ਨ 'ਕੱਚਾ ਖੂਹ' ਨੂੰ ਜਾਣਾ ਸੀ। ਰਾਹ ਵਿਚ 'ਵੱਟੂ ਦੇ ਚੱਕ' ਵਿਚੋਂ ਦੀ ਲੰਘਣਾ ਸੀ। ਇਸ ਬਾਰੇ ਮੈਂ ਕਿਸੇ ਹੋਰ ਥਾਂ ਜ਼ਿਕਰ ਕਰ ਚੁੱਕਾ ਹਾਂ। ਵੱਟੂ ਤਕੜਾ ਜ਼ਿਮੀਦਾਰ ਸੀ। ਇਸ ਨੇ ਪਿੰਡ ਵਿਚ ਵੱਗਣ ਵਾਲਾ ਖੂਹ ਲਾਇਆ ਹੋਇਆ ਸੀ, ਜਿਸ ਨਾਲ ਪਾਣੀ ਦੀ ਟੈਂਕੀ ਭਰ ਲਈ ਜਾਂਦੀ ਸੀ। ਟੈਂਕੀ ਵਿਚ ਟੂਟੀਆਂ ਲੱਗੀਆ ਹੋਈਆਂ ਸਨ, ਜਿਥੋਂ ਪਿੰਡ ਦੀਆਂ ਤੀਵੀਆਂ

www.sikhbookclub.com



ਤੇ ਕੁੜੀਆਂ-ਚਿੜੀਆਂ ਪਾਣੀ ਦੇ ਘੜੇ ਭਰ ਕੇ ਲੈ ਜਾਂਦੀਆਂ ਸਨ। ਅਸਾਂ ਪਾਣੀ ਪੀਣਾ ਸੀ। ਸਾਡੇ ਵਿਚੋਂ ਇਕ ਜਣੇ ਨੇ ਕਿਹਾ, "ਕੁੜੀਏ, ਸਾਨੂੰ ਪਾਣੀ ਪੀ ਲੈਣ ਦੇ, ਫੇਰ ਘੜਾ ਰੱਖੀਂ।" ਕੁੜੀ ਨੇ ਨੱਕ ਚੜ੍ਹਾ ਕੇ ਆਖਿਆ, "ਕੁੜੀਏ! ਛੋਹਿਰ ਨਹੀਂ ਆਖ ਸਗੇਂਦਾ?" ਸਾਡੇ ਸਾਥੀ ਨੇ ਹੈਰਾਨ ਹੋ ਕੇ ਆਖਿਆ, "ਕੁੜੀਏ ਜੇ ਤੂੰ ਇੰਨੀ ਨਰਾਜ਼ ਏਂ ਤਾਂ ਅਸੀਂ ਪਾਣੀ ਨਹੀਂ ਪੀਂਦੇ।" ਇਹ ਸੁਣ ਕੇ ਨਾਲ ਖੜੀਆਂ ਜ਼ਨਾਨੀਆਂ ਵੀ ਤੈਸ਼ ਵਿਚ ਆ ਗਈਆਂ। ਦੋ ਮਰਦ ਆ ਗਏ, ਉਹ ਕਹਿਣ, "ਓ ਸਿੱਖੋ ਤੁਸਾਕੂੰ ਬੋਲਣ ਦਾ ਵੀ ਸ਼ਊਰ ਨਹੀਂ ਏ?" ਅਸੀਂ ਹੈਰਾਨ ਸਾਂ ਕਿ ਕੀ ਖੁਨਾਮੀ ਹੋ ਗਈ। ਇੰਨੇ ਨੂੰ ਰੌਲਾ ਸੁਣ ਕੇ ਇਕ ਹਿੰਦੂ ਦੁਕਾਨਦਾਰ ਆ ਗਿਆ। ਸਾਰੀ ਗੱਲ ਸੁਣ ਕੇ ਉਸ ਨੇ ਜਾਂਗਲੀਆਂ ਨੂੰ ਸਮਝਾਇਆ, "ਸਿੱਖ ਕੁੜੀ ਧੀ ਕੂੰ ਆਹਦੇ ਹਿੰਨਾ", ਤੇ ਨਾਲ ਹੀ ਸਾਨੂੰ ਹੁਣ ਪਤਾ ਲੱਗਾ ਕਿ ਮੁਲਤਾਨੀ ਬੋਲੀ ਵਿਚ ਸ਼ਬਦ 'ਕੁੜੀ' ਵਹੁਟੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਮੁੰਡਿਆਂ ਨੇ ਡਿੱਘੀ ਵਾਹਵਾ ਖੁੱਲ੍ਹੀ ਕਰ ਦਿੱਤੀ ਤੇ ਤਿੰਨ, ਚਾਰ ਵਾਰੀ ਪਾਣੀ ਲਾਉਣ ਪਿੱਛੋਂ, ਪਾਣੀ ਜਿਊਰਨ ਦੀ ਗਤੀ ਵੀ ਕਾਫੀ ਮੱਠੀ ਪੈ ਗਈ। ਹੁਣ ਪਿੰਡ ਦਾ ਡੰਗਰਾਂ ਨੂੰ ਪਾਣੀ ਡਾਹੁਣ ਵਾਲਾ ਟੋਭਾ ਤਿਆਰ ਹੋ ਗਿਆ ਸੀ ਤੇ ਪਿੰਡ ਦਾ ਇਹ ਪਹਿਲਾ ਸਾਂਝਾ ਪ੍ਰਜੈਕਟ ਸੀ।

ਸਾਡੇ ਟੱਬਰ ਨੂੰ ਬਾਰ ਵਿਚ ਪਹੁੰਚਿਆਂ ਤਕਰੀਬਨ ਦੋ ਮਹੀਨੇ ਹੋ ਗਏ ਸਨ; ਬਿਆਈਆਂ ਖ਼ਤਮ ਹੋ ਗਈਆਂ; ਘਰ ਦੇ ਪੱਠੇ ਵੀ ਹੋ ਗਏ ਸਨ ਤੇ ਸਿਆਲ ਵੀ ਆ ਗਿਆ ਸੀ। ਹੁਣ ਤਕ ਪਿੰਡ ਵਿਚ ਦਸ, ਬਾਰਾਂ ਪਰਵਾਰ ਪਹੁੰਚ ਚੁੱਕੇ ਸਨ, ਸਾਰਿਆਂ ਦੇ ਡੇਰੇ ਵਣਾਂ ਥੱਲੇ ਸਨ, ਤਕਰੀਬਨ ਸਾਰਿਆਂ ਨੂੰ ਝੁੱਗੀਆਂ ਵੀ ਪਾ ਲਈਆਂ ਸਨ। ਪਹਿਲਾਂ ਆਏ ਚਹੁੰ ਟੱਬਰਾਂ ਨੇ ਤਾਂ ਪੂਰੀ ਬਿਆਈ ਕਰ ਲਈ ਸੀ; ਪਿੱਛੋਂ ਆਉਣ ਵਾਲਿਆਂ ਨੇ ਵੀ ਕਿਸੇ ਥੋੜੀ ਕਿਸੇ ਬਹੁਤੀ ਕਣਕ ਬੀਜ ਲਈ ਸੀ। ਸਿਆਲ ਵਿਚ ਡੰਗਰ ਵਣਾਂ ਹੇਠ ਹੀ ਬੰਨਣੇ ਸਨ, ਇਸ ਲਈ ਸਾਰਿਆਂ ਨੇ ਆਪੋ ਆਪਣੇ ਡੇਰਿਆਂ ਕੋਲ ਵਣਾਂ ਦੇ ਚੁਫੇਰੇ ਸਰਕੜੇ ਬੰਨ੍ਹ ਕੇ ਡੰਗਰਾਂ ਲਈ ਡੰਗ-ਟਪਾਊ ਕੁੜ੍ਹਾਂ ਬਣਾ ਲਈਆਂ ਸਨ। ਇਹਨੀਂ ਦਿਨੀਂ ਜੱਟਾਂ ਕੋਲ ਸਿਵਾਏ ਡੰਗਰਾਂ ਨੂੰ ਪੱਠੇ ਪਾਉਣ ਦੇ, ਜਾਂ ਵਾਰੀ ਆਏ ਤੇ ਪਾਣੀ ਲਾਉਣ ਦੇ ਕੋਈ ਬਹੁਤਾ ਕੰਮ ਨਹੀਂ ਸੀ; ਦੁਪਹਿਰੇ ਕਿਸੇ ਵਣ ਥੱਲੇ ਇਕੱਠੇ ਬਹਿ ਕੇ ਗੱਪ-ਸ਼ੱਪ ਮਾਰਦੇ ਸਨ। ਸਾਰੇ ਵੱਖ-ਵੱਖ ਪਿੰਡਾਂ ਤੋਂ ਆਏ ਸਨ; ਪਰ ਛੇਤੀ ਹੀ ਇਕ ਦੂਜੇ ਨਾਲ ਚੰਗੀ ਵਾਕਫ਼ੀਅਤ ਹੋ ਗਈ ਸੀ—ਇਕ ਅਪਣਤ ਵਾਲਾ ਮਾਹੌਲ ਬਣ ਗਿਆ ਸੀ; ਇਕ ਨਵਾਂ ਭਾਈਚਾਰਾ ਤਿਆਰ ਹੋ ਰਿਹਾ ਸੀ; ਇਕ ਨਵਾਂ ਸਭਿਆਚਾਰ (ਕਲਚਰ) ਪੁੰਗਰ ਰਿਹਾ ਸੀ। ਇਹ ਸੀ ਮਾਝੇ, ਮਾਲਵੇ ਤੇ ਦੁਆਬੇ ਦੇ ਜੱਟਾਂ ਦਾ ਸਾਂਝਾ ਕਲਚਰ, ਜਿਸ ਉੱਤੇ ਗੁਆਂਢ ਵੱਸਦੇ ਜਾਂਗਲੀਆਂ ਦਾ ਵੀ ਕਾਫ਼ੀ ਪ੍ਰਭਾਵ ਸੀ। ਸਾਡੇ ਆਪਣੇ ਪਿੰਡ ਵਿਚ ਦੁਆਬੇ ਦਾ ਕੋਈ ਘਰ ਨਹੀਂ ਸੀ, ਪਰ ਲਾਗਦੇ ਪਿੰਡਾਂ ਵਿਚ ਕੁਝ ਦੁਆਬੀਏ ਪਹੁੰਚ ਗਏ ਸਨ। ਸਾਡੇ ਪਿੰਡ ਵਿਚ ਅਜੇ ਵਧੇਰੇ ਘਰ ਮਾਝੇ ਦੇ ਸਨ, ਮਾਲਵੇ ਦੇ ਅਜੇ ਦੋ ਘਰ ਹੀ ਪਹੁੰਚੇ ਸਨ!

ਮਾਲਵੇ ਦੇ ਲੋਹੇ ਦੀਆਂ ਪਤਰੀਆਂ ਨਾਲ ਮੜ੍ਹੇ ਹੋਏ ਤੇ ਸ਼ਿੰਗਾਰੇ ਹੋਏ ਗੱਡੇ ਮਝੈਲਾਂ ਦੀਆਂ ਅੱਖਾਂ ਚੁੰਧਿਆਂ ਦਿੰਦੇ ਸਨ। ਇਹਨਾਂ ਦੇ ਸਾਮ੍ਹਣੇ ਮਾਝੇ ਦੇ ਗੱਡੇ ਨਿਰੇ ਛਕੜੇ ਜਿਹੇ

www.sikhbookclub.com



ਜਾਪਦੇ ਸਨ। ਮਾਲਵੇ ਦੇ ਬਲ੍ਹਦ ਵੀ ਲੰਮੀ ਬੇਲ ਵਾਲੇ ਤੇ ਚੰਗੀ ਡੀਲ-ਡੌਲ ਵਾਲੇ ਸਨ। ਮਝੈਲਾਂ ਦੇ ਬਲ੍ਹਦ ਮਧਰੇ ਕੱਦ ਵਾਲੇ ਪਰ ਗੱਠੇ ਹੋਏ ਸਰੀਰ ਵਾਲੇ ਸਨ—ਮਾਝੇ ਦੀ ਕਰੜੀ ਭੋਂ ਪੁੱਟਣ ਲਈ ਇਹੋ ਬਲ੍ਹਦ ਕੰਮ ਦੇ ਸਕਦੇ ਸਨ। ਮਾਲਵੇ ਦੇ ਬੰਦੇ ਵੀ ਮਝੈਲਾਂ ਨਾਲੋਂ ਕੁਝ ਵਧੇਰੇ ਲੰਮੇ ਸਨ; ਪਰ ਮਝੈਲਾਂ ਦੀ ਛਾਤੀ ਚੌੜੀ ਤੇ ਸਰੀਰ ਕੁਝ ਭਾਰਾ ਸੀ। ਲਬਾਸ ਵਿਚ ਵੀ ਕੁਝ ਫ਼ਰਕ ਸੀ। ਮਾਲਵੇ ਦੀਆਂ ਤੀਵੀਆਂ ਸਿਰ ਵਾਲਾ ਕਪੜਾ ਛਾਤੀ ਉੱਤੇ ਨਹੀਂ ਸਨ ਰਖਦੀਆਂ; ਘੁੰਡ ਕਢਦਿਆਂ ਵੀ ਸਿਰ ਉਤਲਾ ਪੱਲਾ ਹੀ ਹੇਠਾਂ ਖਿੱਚ ਲੈਂਦੀਆਂ ਸਨ, ਸੀਨੇ ਉੱਤੇ ਚੁੰਨੀ ਸੁੱਟਣ ਦਾ ਰਵਾਜ ਨਹੀਂ ਸੀ! ਇਸ ਦੇ ਮੁਕਾਬਲੇ ਮਝੈਲਣਾਂ ਦੀ ਬੁਕਾਲ ਬੁੱਕਲ ਨਾਲ ਛਾਤੀ ਉੱਤੇ ਚੁੰਨੀ ਰੱਖਣੀ ਲਾਜ਼ਮੀ ਸੀ। ਏਵੇਂ ਹੀ ਮਲਵਈ ਮਰਦ ਤੇੜ ਬੰਨ੍ਹਣ ਵਾਲਾ ਚਾਦਰਾ ਗਿੱਟਿਆਂ ਤੋਂ ਕਾਫ਼ੀ ਉੱਚਾ ਬੰਨ੍ਹਦੇ ਸਨ, ਜਿੱਥੇ ਮਝੈਲਾਂ ਦੀ ਚਾਦਰ ਗਿੱਟਿਆਂ ਤੋਂ ਵੀ ਹੇਠਾਂ ਤੱਕ ਹੁੰਦੀ ਸੀ। ਪੱਗ ਦੇ ਸਟਾਈਲ ਦਾ ਵੀ ਕੁਝ ਫ਼ਰਕ ਸੀ। ਪਰ ਦੋਹ ਤਿੰਨ ਸਾਲਾਂ ਵਿਚ ਹੀ ਲਬਾਸ ਦਾ ਇਹ ਫ਼ਰਕ ਬਿਲਕੁਲ ਮਿਟ ਗਿਆ। ਮਲਵੈਣਾਂ ਵੀ ਬੁਕਾਲ ਬੁੱਕਲ ਮਾਰਨ ਲੱਗ ਪਈਆਂ। ਮਝੈਲ ਧੂਹਵੀਆਂ ਚਾਦਰਾਂ ਦਾ ਰਵਾਜ ਛੱਡ ਗਏ, ਤੇ ਮਲਵਈ ਆਪਣੇ ਚਾਦਰੇ ਕੁਝ ਨੀਂਵੇ ਕਰਕੇ ਬੰਨ੍ਹਣ ਲੱਗ ਪਏ। ਖਾਣ-ਪੀਣ ਵਿਚ ਪਹਿਲਾਂ ਹੀ ਕੋਈ ਖਾਸ ਫ਼ਰਕ ਨਹੀਂ ਸੀ।

ਮਾਝੇ ਵਿਚ ਅਜੇ ਉਦੋਂ ਤੱਕ ਦਾੜ੍ਹੀ ਕੱਟਣ ਦਾ ਰਵਾਜ ਨਹੀਂ ਸੀ, ਪਰ ਜਿਹੜੇ ਮਲਵਈ ਪਹਿਲਾਂ-ਪਹਿਲ ਇਥੇ ਪੁੱਜੇ ਉਹਨਾਂ ਵਿਚੋਂ ਕਈ ਦਾੜ੍ਹੀ-ਕਟੇ ਸਨ। ਕੋਈ ਦੋ ਮਲਵਈ ਚਿਲਮ ਪੀਣ ਵਾਲੇ ਵੀ ਸਨ। ਮਝੈਲਾਂ ਲਈ ਇਹ ਬੜੀ ਅਸਚਰਜ ਗੱਲ ਸੀ—ਦਾੜ੍ਹੀ-ਕੇਸਾਂ ਵਾਲਾ ਸਿੱਖ ਹੁੱਕੀ ਪੀਵੇ। ਜਿਸ ਸਮੇਂ ਦੀ ਮੈਨੂੰ ਸੰਭਾਲ ਹੈ ਉਦੋਂ ਸਾਡੇ ਪਿੰਡ ਵਿਚ ਕੋਈ ਸਿੱਖ ਚਿਲਮ ਪੀਣ ਵਾਲਾ ਨਹੀਂ ਸੀ। ਜਾਂ ਤਾਂ ਹੁੱਕੀ ਪੀਣ ਵਾਲੇ ਹੁੱਕੀ ਛੱਡ ਗਏ, ਜਾਂ ਲੁਕ-ਛਿਪ ਕੇ ਪੀਂਦੇ ਹੋਣਗੇ। ਇਸ ਦੇ ਉਲਟ ਕੁਝ ਸਾਲਾਂ ਪਿੱਛੋਂ ਹੀ ਮਝੈਲਾਂ ਦੇ ਮੁੰਡੇ ਵੀ ਦਾੜ੍ਹੀਆਂ ਕੱਟਣ ਲੱਗ ਪਏ। ਗੁਣਾਂ, ਔਗੁਣਾਂ ਦਾ ਵਟਾਂਦਰਾ ਹੋ ਰਿਹਾ ਸੀ—ਨਵਾਂ ਕਲਚਰ।

www.sikhbookclub.com

## 11
# ਚੱਕ 79 ਵੱਸ ਪਿਆ

ਸਾਡੇ ਟੱਬਰ ਨੂੰ ਚੱਕ 79 ਵਿਚ ਪਹੁੰਚਿਆਂ ਦੋ ਮਹੀਨੇ ਹੋਣ ਵਾਲੇ ਸਨ। ਹੁਣ ਤੱਕ ਪਿੰਡ ਦੇ ਕੋਈ ਪੰਦਰਾਂ ਟੱਬਰ ਪਹੁੰਚ ਚੁਕੇ ਸਨ। ਡੇਰੇ ਸਾਰਿਆਂ ਦੇ ਵਣਾਂ ਥੱਲੇ ਹੀ ਸਨ। ਅਜੇ ਤੱਕ ਪਿੰਡ ਵਿਚ ਕੋਈ ਲੁਹਾਰ, ਤਰਖਾਣ, ਤੇਲੀ, ਧੋਬੀ ਨਹੀਂ ਸੀ ਪੁੱਜਾ। ਦੁਕਾਨ ਵੀ ਅਜੇ ਕੋਈ ਨਹੀਂ ਸੀ ਖੁੱਲ੍ਹੀ। ਪਿੰਡ ਦਾ ਕੋਈ ਮੂੰਹ-ਮੱਥਾ ਬਣੇ ਤਾਂ ਹੀ ਕੋਈ ਦੁਕਾਨਦਾਰ ਆਵੇ। ਪਿੰਡ ਵਾਲਿਆਂ ਨੇ, ਹਾਲਾਤ ਮੁਤਾਬਕ, ਆਪਣੇ-ਆਪ ਨੂੰ ਢਾਲ ਲਿਆ ਸੀ। ਅੱਠੀਂ, ਦਸੀਂ ਦਿਨੀ ਕੋਈ ਦੋ, ਤਿੰਨ ਜਣੇ ਖਾਨੇਵਾਲ ਜਾਂਦੇ ਅਤੇ ਆਪਣੇ ਲਈ ਤੇ ਹੋਰਨਾਂ ਆਂਢੀਆਂ-ਗੁਆਂਢੀਆਂ ਲਈ ਲੁੜੀਂਦਾ ਸੌਦਾ-ਸੂਤ ਲੈ ਆਉਂਦੇ। ਹਰ ਛੋਟੀ-ਮੋਟੀ ਚੀਜ਼ ਲਈ ਆਉਣ-ਜਾਣ ਦਾ ਛੱਤੀ ਮੀਲ ਪੈਂਡਾ ਕਰਨਾ ਪੈਂਦਾ ਸੀ। ਕਦੇ-ਕਦਾਈਂ ਊਠਾਂ ਵਾਲੇ ਮਿਲ ਜਾਂਦੇ ਸਨ, ਪਰ ਆਮ ਤੌਰ ਤੇ ਸਮਾਨ ਸਿਰ ਤੇ ਚੁੱਕ ਕੇ ਹੀ ਲਿਆਉਣਾ ਪੈਂਦਾ ਸੀ। ਮਾਝੇ ਤੋਂ ਆਏ ਸਾਰੇ ਟੱਬਰ ਹੱਲੜ ਤੇ ਕਹੀਆਂ ਖਾਨੇਵਾਲੋਂ ਜਾ ਕੇ ਲਿਆਏ। ਕਰਾਹ ਦੀ ਇਥੇ ਹਰ ਘਰ ਨੂੰ ਲੋੜ ਸੀ, ਪਰ ਇਹ ਜ਼ਰੂਰੀ ਸੰਦ ਕਿੱਸੇ ਟੱਬਰ ਕੋਲ ਵੀ ਮੌਜੂਦ ਨਹੀਂ ਸੀ। ਦੋ ਤਿੰਨ ਵਾਰੀ ਜਾਂਗਲੀਆਂ ਦੀਆਂ ਭੈਣੀਆਂ ਤੋਂ ਕਰਾਹ ਲਿਆਂਦਾ, ਪਰ ਰੋਜ਼-ਰੋਜ਼ ਮੰਗ ਕੇ ਕਿਝ ਕੰਮ ਚੱਲ ਸਕਦਾ ਸੀ। ਹਰ ਮੁਰੱਬੇ ਵਿਚ ਵੱਡੇ-ਵੱਡੇ ਟਿੱਬੇ ਖੜੇ ਸਨ, ਕਰਾਹੁਣ ਵਾਲੇ। ਸਾਡੇ ਟੱਬਰ ਨੇ ਤੇ ਦੋਹਾਂ ਹੋਰਨਾਂ ਟੱਬਰਾਂ ਨੇ ਖਾਨੇਵਾਲੋਂ ਹੀ ਕਰਾਹ ਬਣਵਾਏ, ਤੇ ਵੱਟਾਂ ਪਾਉਣ ਵਾਲੇ ਜਿੰਦਰੇ ਵੀ ਓਥੋਂ ਹੀ ਲਿਆਂਦੇ। ਅਸਲ ਵਿਚ ਹਰ ਤੀਜੇ ਚੌਥੇ ਦਿਨ ਪਿੰਡ ਦੇ ਦੋ-ਤਿੰਨ ਬੰਦੇ ਖਾਨੇਵਾਲ ਜਾਂਦੇ ਹੀ ਰਹਿੰਦੇ ਸਨ। ਪੈਂਡਾ ਹੁਣ ਉਹਨਾਂ ਦੇ ਪੈਰੀਂ ਚੜ੍ਹ ਗਿਆ ਸੀ। ਰਾਹ ਦੀ ਵੀ ਚੰਗੀ ਪਛਾਣ ਹੋ ਗਈ ਸੀ; ਫੇਰ ਵੀ ਕਦੇ ਕਦੇ ਪਾਂਧੀ ਰਾਹ ਭੁੱਲ ਹੀ ਜਾਂਦੇ ਸਨ।

ਲਾਗ-ਚਾਗ ਦੇ ਪਿੰਡਾਂ ਵਿਚ ਵੀ ਕਾਫ਼ੀ ਟੱਬਰ ਪੁੱਜ ਗਏ ਸਨ, ਪਰ ਰਹਿੰਦੇ ਅਜੇ ਸਾਰੇ ਝੁੱਗੀਆਂ ਵਿਚ ਹੀ ਸਨ। ਕਿਸੇ ਵੀ ਪਿੰਡ ਵਿਚ ਕੋਈ ਕਾਰੀਗਰ ਜਾਂ ਕੋਈ ਕੰਮੀ ਨਹੀਂ ਸੀ ਆਇਆ ਤੇ ਨਾ ਹੀ ਕਿੱਤੇ ਕੋਈ ਹੱਟੀ ਖੁੱਲ੍ਹੀ ਸੀ। ਸਾਰਿਆਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਖਾਨੇਵਾਲ ਨੂੰ ਹੀ ਦੌੜਨਾ ਪੈਂਦਾ ਸੀ।

ਬਿਆਈਆਂ ਖ਼ਤਮ ਹੋ ਚੁਕੀਆਂ ਸਨ ਤੇ ਹੁਣ ਸਾਰਿਆਂ ਵਸਨੀਕਾਂ ਨੂੰ ਸਭ ਤੋਂ ਵੱਡਾ ਫ਼ਿਕਰ ਸੀ ਕੋਠੇ ਉਸਾਰਨ ਦਾ। ਆਖਰ ਝੁੱਗੀਆਂ ਵਿਚ ਕਿੰਨਾ ਚਿਰ ਟਿਕਿਆ ਜਾ ਸਕਦਾ ਸੀ। ਪਰ ਕੋਠਾ ਉਸਾਰਨ ਲਈ ਇੱਟਾਂ ਪੱਥਣ ਵਾਲਾ ਕੋਈ ਨਹੀਂ ਸੀ, ਅਤੇ ਨਾ ਕੋਈ ਕੰਧਾਂ ਦੀ ਉਸਾਰੀ ਕਰਨ ਵਾਲਾ ਰਾਜ ਸੀ। ਲੋੜ ਪੈਣ ਤੇ ਮਨੁੱਖ ਨਵੀਆਂ ਤੋਂ ਨਵੀਆਂ

www.sikhbookclub.com



ਕਾਢਾਂ ਕੱਢ ਸਕਦਾ ਹੈ। ਗੰਜੀ ਬਾਰ ਦੇ ਵਸਨੀਕਾਂ ਨੇ ਕੱਚੀਆਂ ਇੱਟਾਂ ਬਣਾਉਣ ਦੀ ਵੀ ਬੜੀ ਚੰਗੀ ਕਾਢ ਕੱਢ ਲਈ। ਇੱਟਾਂ ਸੱਚੇ ਵਿਚ ਨਹੀਂ ਸਨ ਥੱਪੀਆਂ ਜਾਂਦੀਆਂ, ਸਗੋਂ ਮੁਨਾਸਬ ਢੰਗ ਨਾਲ ਮਿੱਟੀ ਗੋ ਕੇ ਕਿਸੇ ਪੱਧਰੇ, ਕਰੜੇ ਥਾਂ ਤੇ ਇਸ ਮਿੱਟੀ ਦੀ ਇਕ ਤਹਿ ਵਿਛਾ ਦਿੱਤੀ ਜਾਂਦੀ ਸੀ—ਕੋਈ ਚਾਰ, ਪੰਜ ਫ਼ੁਟ ਚੌੜੀ, ਅੱਠ, ਦੱਸ ਫ਼ੁਟ ਲੰਮੀ ਤੇ ਤਕਰੀਬਨ ਸੱਤ, ਅੱਠ ਇੰਚ ਮੋਟੀ। ਇਸ ਮਿੱਟੀ ਦੀ ਤਹਿ ਦਾ ਕੋਈ ਨਾਮ ਵੀ ਸੀ, ਜੋ ਅੱਜ ਮੈਨੂੰ ਯਾਦ ਨਹੀਂ ਆ ਰਿਹਾ। ਜਦੋਂ ਮਿੱਟੀ ਜ਼ਰਾ ਆਠਰ ਜਾਂਦੀ ਤਾਂ ਇਕ ਕਰੜੀ ਲੱਕੜ, ਜਾਂ ਲੋਹੇ ਦੀ ਪੱਤੀ ਨਾਲ ਇਸ ਵਿਚ ਅਜਿਹੀਆਂ ਕਾਟਾਂ ਪਾ ਦਿੱਤੀਆਂ ਜਾਂਦੀਆਂ, ਜਿਨ੍ਹਾਂ ਨਾਲ ਕੋਈ ਫ਼ੁਟ ਭਰ ਚੌੜੀਆਂ ਤੇ ਡੇਢ੍ਹ, ਦੋ ਫ਼ੁਟ ਲੰਮੀਆਂ ਇੱਟਾਂ ਕੱਟੀਆਂ ਜਾਂਦੀਆਂ। ਇਹਨਾਂ ਨੂੰ ਇਵੇਂ ਹੀ ਸੁੱਕਣ ਦਿੱਤਾ ਜਾਂਦਾ। ਜਦੋਂ ਇਕ ਪਾਸਾ ਸੁੱਕ ਜਾਂਦਾ ਤਾਂ ਇੱਟਾਂ ਉੱਥਲ ਦਿੱਤੀਆਂ ਜਾਂਦੀਆਂ। ਕੋਈ ਪੰਦਰ੍ਹਾਂ ਦਿਨਾਂ ਵਿਚ ਇੱਟਾਂ ਪੂਰੀ ਤਰ੍ਹਾਂ ਸੁੱਕ ਜਾਂਦੀਆਂ। ਸਾਡੇ ਪਿੰਡ ਦੇ ਪਹਿਲੇ ਕੋਠੇ ਇਹਨਾਂ ਇੱਟਾਂ ਨਾਲ ਹੀ ਬਣੇ ਸਨ। ਇਹ ਮੈਨੂੰ ਯਾਦ ਨਹੀਂ ਕਿ ਉਸਾਰੀ ਲੋਕਾਂ ਨੇ ਆਪ ਹੀ ਕੀਤੀ ਜਾਂ ਕੋਈ ਰਾਜ ਮਿਲ ਗਿਆ ਸੀ। ਮੇਰਾ ਅਨੁਮਾਨ ਹੈ ਕਿ ਲੋਕਾਂ ਨੇ ਆਪ ਹੀ ਟੱਕਰਾਂ ਮਾਰ ਕੇ ਕੰਧਾਂ ਉਸਾਰੀਆਂ। ਪਹਿਲੀ ਕੰਧ ਜ਼ਰਾ ਵਿੰਗੀ, ਟੇਢੀ ਬਣੀ ਹੋਵੇਗੀ। ਦੂਜੀ ਵਾਰ ਕੁਝ ਸੁਧਾਰ ਹੋ ਗਿਆ, ਤੇ ਕੁਝ ਹੋਰ ਤਜਰਬਾ ਹੋਣ ਪਿੱਛੋਂ ਲੋਕਾਂ ਨੂੰ ਚੰਗੀ ਜਾਚ ਆ ਗਈ। ਸਾਰਿਆਂ ਪਿੰਡਾਂ ਦੇ ਲੋਕ ਮੇਰੇ ਬਾਰ ਵਿਚ ਪਹੁੰਚਣ ਤੋਂ ਕੋਈ ਦੱਸ ਬਾਰਾਂ ਸਾਲ ਮਗਰੋਂ ਤਕ ਵੀ ਇਹੋ ਜਿਹੀਆਂ ਇੱਟਾਂ ਬਣਾਉਂਦੇ ਰਹੇ ਤੇ ਆਪਣੀ ਹੱਥੀਂ ਉਸਾਰੀ ਕਰਦੇ ਰਹੇ। ਇਹ ਸਭ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੈ। ਇਹਨਾਂ ਪਹਿਲਾਂ ਬਣੇ ਕੋਠਿਆਂ ਵਿਚ ਖਿੜਕੀਆਂ ਬਾਰੀਆਂ ਬਿਲਕੁਲ ਨਹੀਂ ਸੀ ਰੱਖੀਆਂ ਗਈਆਂ। ਉਸ ਵੇਲੇ ਲੋੜ ਸੀ ਸਿਰ ਲੁਕਾਉਣ ਲਈ ਛੱਤ ਦੀ ਤੇ ਚੁਫੇਰੇ ਕੰਧਾਂ ਦੀ। ਬੱਸ ਇਹੋ ਕੁਝ ਕੀਤਾ ਜਾਂਦਾ ਸੀ। ਬੂਹੇ, ਚੁਗਾਠਾਂ ਜੜੇ-ਜੜਾਏ ਖਾਨੇਵਾਲੋਂ ਲੈ ਆਉਂਦੇ ਸਨ। ਇਸ ਸੰਬੰਧ ਵਿਚ ਤਾਇਆ ਜੀ ਇਕ ਕਿੱਸਾ ਸੁਣਾਇਆ ਕਰਦੇ ਸਨ। ਤਾਇਆ ਜੀ ਆਪਣੇ ਕੋਠੇ ਲਈ ਬੂਹਾ ਲੈਣ ਖਾਨੇਵਾਲ ਗਏ। ਖ਼ਿਆਲ ਸੀ ਕਿ ਮੁੜਦਿਆਂ ਊਠਾਂ ਵਾਲੇ ਮਿਲ ਜਾਣਗੇ; ਪਰ ਉਸ ਦਿਨ ਸਾਡੇ ਪਿੰਡਾਂ ਵੱਲ ਆਉਣ ਵਾਲਾ ਕੋਈ ਊਠ ਨਾ ਮਿਲਿਆ। ਤਾਇਆ ਜੀ ਆਪ ਘੋੜੀ ਤੇ ਚੜ੍ਹੇ ਤੇ ਦਰਵਾਜ਼ਾ ਸਿਰ ਤੇ ਰੱਖ ਲਿਆ। ਰਾਹ ਵਿਚ ਜਿਹੜਾ ਵੇਖੇ, ਹੱਸ ਪਵੇ। ਪਰ ਤਾਏ ਦੀ ਮਜਬੂਰੀ ਸੀ। ਦੋਹੀਂ, ਤਿੰਨੀਂ ਥਾਈਂ ਜਾਂਗਲੀਆਂ ਨੇ ਟਿਚਕਰ ਕੀਤੀ, "ਓ ਸਰਦਾਰ, ਇਹ ਕਿਹਾ ਸਾਂਗ ਬਣਾਈ ਵੈਨਾ ਏਂ ?" ਤਾਇਆ ਹੱਸ ਕੇ ਕਹਿ ਛੱਡਦਾ, "ਬੇਲੀਓ ਮੈਂ ਬੂਹਾ ਸਿਰ ਤੇ ਚਾਇਆ ਹੈ ਪਈ ਘੋੜੀ ਨੂੰ ਭਾਰ ਨ ਲੱਗੇ।" ਜਾਂਗਲੀ ਸਮਝਦੇ, ਇਹ ਕੋਈ ਮੂਰਖ ਸਿੱਖ ਹੈ। ਇੰਨੀ ਸਮਝ ਨਹੀਂ ਸੀ ਕਿ ਉਹ ਆਪ ਮੂਰਖ ਹਨ, ਕਿਉਂਕਿ ਹੋਰ ਕਿਸੇ ਤਰੀਕੇ ਨਾਲ ਦਰਵਾਜ਼ਾ ਘੋੜੀ ਤੇ ਲੱਦਿਆ ਹੀ ਨਹੀਂ ਸੀ ਜਾ ਸਕਦਾ।

ਬੜੇ ਸਿਰੜੀ ਤੇ ਕਰੜੀ ਹੱਡੀ ਵਾਲੇ ਸਨ ਉਹ ਲੋਕ। ਬੂਹਾ ਟਾਹਲੀ ਜਾਂ ਕਿੱਕਰ ਦਾ ਬਣਿਆ ਹੋਇਆ ਸੀ; ਚੀੜ੍ਹ, ਬਿਆਰ ਅਜੇ ਉਦੋਂ ਤਕ ਖਾਨੇਵਾਲ ਮਿਲਦਾ ਹੀ ਨਹੀਂ ਸੀ। ਕੋਈ ਮਣ ਭਰ ਭਾਰ ਚੁਗਾਠ ਤੇ ਦਰਵਾਜ਼ੇ ਦਾ ਜ਼ਰੂਰ ਹੋਵੇਗਾ ਅਤੇ ਤਾਏ ਨੇ ਅਠਾਰਾਂ

www.sikhbookclub.com



ਮੀਲ ਦੇ ਪੈਂਡੇ ਵਿਚ ਸਿਰਫ ਤਿੰਨ ਵਾਰ ਦਰਵਾਜ਼ਾ ਸਿਰ ਤੋਂ ਲਾਹਿਆ। ਇਕ ਵਾਰੀ ਕਿਸੇ ਹੋਰ ਬੰਦੇ ਦੀ ਮਦਦ ਨਾਲ ਤੇ ਦੋ ਵਾਰੀ ਘੋੜੀ ਕਿਸੇ ਵਣ ਕੋਲ ਖੜ੍ਹੀ ਕਰ ਕੇ, ਵਣ ਦੀ ਟੇਕ ਨਾਲ ਬੂਹਾ ਹੇਠਾਂ ਰੱਖ ਲੈਂਦਾ ਰਿਹਾ, ਤੇ ਫਿਰ ਓਸੇ ਤਰ੍ਹਾਂ ਘੋੜੀ ਤੇ ਚੜ੍ਹ ਕੇ ਬੂਹਾ ਸਿਰ ਤੇ ਰੱਖ ਲੈਂਦਾ ਰਿਹਾ। ਤਾਇਆ ਸਰੀਰ ਦਾ ਤਕੜਾ ਸੀ ਤੇ ਭਾਰ ਚੁੱਕਣ ਵਿਚ ਖ਼ਾਸ ਕਰ ਬੜਾ ਹਿੰਮਤੀ ਸੀ। ਉਂਞ ਸਾਡੇ ਟੱਬਰ ਵਿਚੋਂ ਤਾਇਆ ਸ਼ੇਰ ਸਿੰਘ ਸਭ ਤੋਂ ਮਧਰਾ ਸੀ। ਉਸ ਦਾ ਕੱਦ ਸਿਰਫ ਪੰਜ ਫ਼ੁੱਟ ਨੌਂ ਇੰਚ ਜਾਂ ਸਾਢੇ ਅੱਠ ਇੰਚ ਹੋਵੇਗਾ; ਬਾਕੀ ਕੋਈ ਵੀ ਪੰਜ ਫ਼ੁੱਟ ਦਸ ਇੰਚ ਤੋਂ ਘਟ ਨਹੀਂ ਸੀ। ਸਾਡੇ ਪਿਤਾ ਜੀ ਤੇ ਦਾਦਾ ਜੀ ਛੇ ਫ਼ੁੱਟ ਤੋਂ ਉੱਤੇ ਸਨ। ਅਸਲ ਵਿਚ ਘਣੀਏਕਿਆਂ ਦੇ ਪਿਛਲੀ ਪੀੜ੍ਹੀ ਤਕ ਦੇ ਲੋਕ ਹੁੰਦੇ ਹੀ ਬੜੇ ਲੰਮੇ ਸਨ। ਬਾਬਾ ਜੀ ਕਹਿੰਦੇ ਹੁੰਦੇ ਸਨ, "ਘਣੀਏ ਕਿਆਂ ਦੀ ਕਣਕ ਤੇ ਸਰ੍ਹੋਂ ਦਾ ਸਾਗ ਖਾ ਕੇ ਤੇ, ਘਣੀਏ ਕਿਆਂ ਦੇ ਕਮਾਦ ਦੀ ਰਹੁ ਪੀਕੇ, ਜੱਟਾਂ ਦੇ ਮੁੰਡੇ ਇਕੋ ਵਰ੍ਹੇ ਵਿਚ ਚੱਪ-ਚੱਪਾ ਉਸਰ ਜਾਂਦੇ ਨੇ।" ਤਾਰਾ ਸਿੰਘ, ਜੋ ਕੁਝ ਦੂਰ ਦੇ ਰਿਸ਼ਤੇ ਤੋਂ ਮੇਰਾ ਚਾਚਾ ਲੱਗਦਾ ਸੀ, ਕੋਈ ਚਾਰ, ਪੰਜ ਸਾਲ ਬਾਰ ਵਿਚ ਸਾਡੇ ਕੋਲ ਰਿਹਾ। ਇਸ ਦਾ ਕੱਦ, ਮੇਰੇ ਵਾਂਗ, ਮਸਾਂ ਪੰਜ ਫ਼ੁੱਟ ਛੇ ਇੰਚ ਦੇ ਕਰੀਬ ਸੀ। ਬਾਬਾ ਮਖੌਲ ਨਾਲ ਆਖਦਾ ਹੁੰਦਾ ਸੀ, "ਇਹ ਨਾਨਕੀਂ ਜੰਮਿਆ ਸੀ, ਇਸੇ ਲਈ ਭੇਡੂ ਜਿਹਾ ਰਹਿ ਗਿਆ ਏ। ਘਣੀਏ ਕਿਆਂ ਵਿਚ ਤਾਂ ਅਸੀਂ ਇਹੋ ਜਿਹੇ ਗਿਠ-ਮੁਠੀਏ ਜੰਮਣ ਹੀ ਨਹੀਂ ਸਾਂ ਦਿੰਦੇ।"

ਘਣੀਏ ਕਿਆਂ ਵਿਚ ਜ਼ਮੀਨ ਦੀ ਤੰਗੀ ਸੀ। ਜਦੋਂ ਅਸੀਂ ਬਾਰ ਵਿਚ ਗਏ ਤਾਂ ਪਿੱਛੋਂ ਘਣੀਏ ਕਿਆਂ ਦੇ ਦੋ, ਤਿੰਨ ਟੱਬਰ ਹੋਰ ਵੀ ਆ ਗਏ—ਹਿੱਸੇ, ਠੇਕੇ ਤੇ ਜ਼ਮੀਨ ਵਾਹੁਣ ਨੂੰ। ਇਹ ਸਾਰੇ ਹੀ ਬੜੇ ਲੰਮੇ-ਲੰਮੇ ਸਨ। ਚੱਕ 79 ਵਾਲੇ ਮਖੌਲ ਨਾਲ ਕਹਿੰਦੇ ਹੁੰਦੇ ਸਨ, "ਘਣੀਏਂ ਵਾਲੇ ਧੌਲੂ ਦਾ ਬੀ ਨੇ।" ਧੌਲੂ ਕਮਾਦ ਦੀ ਇਕ ਪੁਰਾਣੀ ਕਿਸਮ ਸੀ, ਜਿਸ ਦਾ ਗੰਨਾ ਬੜਾ ਲੰਮਾ ਹੁੰਦਾ ਸੀ। ਖੈਰ, ਹੁਣ ਨਾ ਰਹੀ ਪੁਰਾਣੀ ਕਣਕ, ਨਾ ਉਹ ਸਰ੍ਹੋਂ, ਨਾ ਹੀ ਪੁਰਾਣਾ ਕਾਠਾ ਕਮਾਦ; ਸ਼ਾਇਦ ਇਸੇ ਲਈ ਹੀ ਹੁਣ ਘਣੀਏਂ ਕਿਆਂ ਵਿਚ ਵੀ 'ਗਿਠ-ਮੁਠੀਏ' ਜੰਮ ਰਹੇ ਹਨ।

ਕੋਠਿਆਂ ਦੀਆਂ ਕੰਧਾਂ ਤਾਂ ਕਚੀਆਂ ਲੋਕਾਂ ਨੇ ਕੱਢ ਲਈਆਂ, ਪਰ ਛੱਤ ਪਾਉਣ ਲਈ ਕਿਸੇ ਤਰਖਾਣ ਦੀ ਲੋੜ ਸੀ। ਮੁਰੱਬਿਆਂ ਵਿਚ ਵਣ ਬੜੇ ਖੜੇ ਸਨ। ਲੋਕਾਂ ਨੇ ਵਣਾਂ ਦੇ ਵੱਡੇ-ਵੱਡੇ ਟਾਹਣ ਵੱਢ ਲਏ, ਤੋੜੇ (ਛਤੀਰ) ਬਣਾਉਣ ਲਈ, ਤੇ ਪਤਲੀਆਂ ਟਾਹਣੀਆਂ ਦੀਆਂ ਕੜੀਆਂ ਘੜ ਲਈਆਂ। ਵਣ ਦੀ ਲੱਕੜੀ ਸਿੱਧੀ ਨਹੀਂ ਹੁੰਦੀ। ਛਤੀਰਾਂ ਤੇ ਕੜੀਆਂ ਵਿਚ ਵਰਗੇ ਲਾ ਕੇ ਵਰਗੇ ਦਾ ਦੂਜਾ ਸਿਰਾਂ ਨਾਲ ਦੀ ਕੜੀ ਉੱਤੇ ਟਿਕਾਉਣਾ ਪੈਂਦਾ ਹੈ। ਜੇ ਛਤੀਰ ਵਿਚ ਵਿੰਗ ਹੋਵੇ ਤਾਂ ਉਸ ਵਿਚ ਵੀ ਵਰਗਾ ਲਾਉਣਾ ਪੈਂਦਾ ਹੈ। ਇਹ ਕੰਮ ਕੋਈ ਕਾਰੀਗਰ ਹੀ ਕਰ ਸਕਦਾ ਹੈ।

ਪਿੰਡ ਦਾ ਸਭ ਤੋਂ ਪਹਿਲਾ ਕੋਠਾ ਸਾਡੇ ਟੱਬਰ ਨੇ ਛੱਤਿਆ। ਇਸ ਦੀਆਂ ਕੰਧਾਂ ਕਿੰਞ ਉਸਰੀਆਂ ਤੇ ਛੱਤ ਕਿਵੇਂ ਪਈ, ਇਸ ਬਾਰੇ ਮੈਨੂੰ ਅੱਜ ਕੁਝ ਯਾਦ ਨਹੀਂ, ਹਾਂ ਇੰਨਾ ਪਤਾ ਹੈ ਕਿ ਸਾਡਾ ਟੱਬਰ ਕੋਈ ਛੇ ਮਹੀਨੇ ਬਾਹਰ ਵਾਲੀ ਝੁੱਗੀ ਵਿਚ ਹੀ ਰਿਹਾ ਸੀ। ਇਹ ਕੋਠਾ ਚੌੜਾ ਤਾਂ ਬਹੁਤਾ ਨਹੀਂ ਸੀ, ਪਰ ਲੰਮਾ ਬਹੁਤ ਸੀ। ਖਿੜਕੀ, ਬਾਰੀ ਕੋਈ

www.sikhbookclub.com



ਨਹੀਂ ਸੀ, ਬੱਸ ਇਕੋ ਬੂਹਾ ਸੀ। ਅੰਦਰ ਦਿਨੇ ਵੀ ਹਨੇਰਾ ਰਹਿੰਦਾ ਸੀ। ਪਿਛਲੀ ਕੰਧ ਵਿਚ ਉਤਲੇ ਪਾਸੇ ਤਿੰਨ ਮੋਰੀਆਂ ਸਨ, ਰੋਸ਼ਨਦਾਨਾਂ ਦੀ ਥਾਂ। ਇਹਨਾਂ ਮੋਰੀਆਂ ਵਿਚ ਸੀਖਾਂ ਦੀ ਥਾਂ ਪਤਲੀਆਂ ਲਕੜੀਆਂ ਗੱਡੀਆਂ ਹੋਈਆਂ ਸਨ ਤਾਂ ਜੋ ਕਬੂਤਰ, ਚਿੜੀਆਂ ਅੰਦਰ ਨਾ ਆ ਸਕਣ। ਅਸਾਂ ਮਗਰੋਂ ਰਹਾਇਸ਼ ਵਾਸਤੇ ਹੋਰ ਕਮਰੇ ਬਣਾ ਲਏ ਤੇ ਇਹ ਕੋਠਾ ਸਿਆਲ ਵਿਚ ਡੰਗਰ ਬੰਨ੍ਹਣ ਲਈ ਰੱਖ ਲਿਆ। ਅਸੀਂ, 1947 ਵਿਚ, ਇਹ ਕੋਠਾ ਓਵੇਂ, ਠੀਕ ਹਾਲਤ ਵਿਚ ਖੜਾ ਛੱਡ ਕੇ ਆਏ ਸਾਂ। ਹੁਣ ਤਕ ਢਹਿ ਗਿਆ ਹੋਵੇਗਾ, ਜਾਂ ਢਾਹ ਦਿੱਤਾ ਗਿਆ ਹੋਵੇਗਾ। ਨਵੇਂ ਵਸਨੀਕਾਂ ਨੂੰ ਇਹ ਪਤਾ ਵੀ ਨਹੀਂ ਹੋਣਾ ਕਿ ਇਹ ਕੋਠਾ ਇਸ ਪਿੰਡ ਦਾ ਸਭ ਤੋਂ ਪਹਿਲਾਂ ਬਣਿਆ ਮਕਾਨ ਸੀ।

ਇਹਨੀਂ ਦਿਨੀਂ ਹੀ ਇਕ ਹੋਰ ਘਟਨਾ ਵਾਪਰੀ, ਜਿਸ ਨੂੰ ਮੈਂ ਇਕ ਅਹਿਮ ਘਟਨਾ ਕਹਾਂਗਾ, ਕਿਉਂਕਿ ਇਸ ਨਾਲ ਪਿੰਡ ਦਾ ਮੂੰਹ-ਮੱਥਾ ਨਿੱਖਰ ਆਇਆ। ਰਾਜ਼ੇ (ਪਠਾਣ) ਆ ਗਏ ਮੋਢਿਆਂ ਤੇ ਖੇਲਚੇ ਰੱਖੀ। ਇਹ ਲੋਕੀ ਕੱਚੀਆਂ ਕੰਧਾਂ ਉਸਾਰਨ ਦਾ ਕੰਮ ਕਰਦੇ ਸਨ। ਪਿੱਛੋਂ ਇਹ ਇੱਟਾਂ ਥੱਪਣ ਦਾ ਕੰਮ ਵੀ ਕਰਨ ਲੱਗ ਪਏ; ਕੁਝ ਹੋਰ ਮਗਰੋਂ ਛੋਟੀਆਂ ਭੱਠੀਆਂ ਵਿਚ ਇੱਟਾਂ ਪਕਾਉਣ ਵੀ ਲੱਗ ਪਏ। ਜਦੋਂ ਇਹ ਸਾਡਿਆਂ ਪਿੰਡਾਂ ਵਿਚ ਪਹੁੰਚੇ, ਉਦੋਂ ਇਹ ਸਿਰਫ ਗਾਰੇ ਦੀਆਂ ਕੰਧਾਂ ਉਸਾਰਨ ਦਾ ਕੰਮ ਹੀ ਕਰਦੇ ਸਨ। ਪਿੰਡ ਵਿਚ ਜਿੰਨੇ ਟੱਬਰ ਪਹੁੰਚੇ ਸਨ, ਉਹਨਾਂ ਸਾਰਿਆਂ ਨੇ ਰਾਜ਼ਿਆਂ ਨੂੰ ਆਪਣਿਆਂ ਹਾਤਿਆਂ ਦੀ ਚਾਰ-ਦਿਵਾਰੀ ਉਸਾਰਨ ਦਾ ਠੇਕਾ ਦੇ ਦਿੱਤਾ। ਕੋਈ ਮਹੀਨੇ ਭਰ ਵਿਚ ਪੰਦਰਾਂ, ਸੋਲਾਂ ਹਾਤੇ ਬਣ ਗਏ, ਤੇ ਚੱਕ ਨੰਬਰ 79 ਦਾ ਹੁਣ ਪਿੰਡ ਵਾਲਾ ਰੂਪ ਨਿੱਖਰ ਆਇਆ। ਇਸ ਸਮੇਂ ਤਕ ਬਹੁਤਿਆਂ ਟੱਬਰਾਂ ਨੇ ਆਪਣੇ ਕੋਠੇ ਵੀ ਬਣਾ ਲਏ ਸਨ। ਲੋਕੀਂ ਝੁੱਗੀਆਂ ਛੱਡ ਕੇ ਆਪਣੇ ਘਰਾਂ ਵਿਚ ਆ ਗਏ। ਸਾਡਾ ਟੱਬਰ ਪੰਜ, ਛੇ ਮਹੀਨੇ ਬਾਹਰ ਝੁੱਗੀ ਵਿਚ ਰਿਹਾ। ਹੁਣ ਘਰ ਪੁੱਜ ਕੇ ਚੁੱਲ੍ਹਾ, ਚੌਕਾ, ਖੁਰਲੀਆਂ, ਕਵਾਨੇ ਫੇਰ ਬਣਾਏ ਤੇ ਡੰਗਰਾਂ ਲਈ ਢਾਰੇ, ਛੰਨਾ ਵੀ ਬਣਾਈਆਂ। ਪਿੰਡ ਹੁਣ ਸਹੀ ਅਰਥਾਂ ਵਿਚ ਵੱਸ ਪਿਆ, ਪਰ ਘਰ ਹੀ ਵੱਸੇ ਸਨ, ਹੋਰ ਅਜੇ ਕੁਝ ਨਹੀਂ ਸੀ ਬਣਿਆ। ਕੋਈ ਕੰਮੀ, ਕਾਰੀਗਰ, ਦੁਕਾਨਦਾਰ ਨਹੀਂ ਸੀ ਪੁੱਜਾ। ਗੁਰਦਵਾਰਾ ਬਣਾਉਣ ਲਈ ਸਾਰੇ ਉਤਾਵਲੇ ਸਨ। ਖੂਹ ਤਾਂ ਅਜੇ ਕਾਫ਼ੀ ਚਿਰ ਨੂੰ ਲੱਗਣਾ ਸੀ। ਫਿਰ ਵੀ, ਪਿੰਡ ਵਾਲੇ ਖ਼ੁਸ਼ ਸਨ, ਹੁਣ ਉਹ ਘਰਾਂ ਵਾਲੇ ਬਣ ਗਏ ਸਨ ਤੇ ਇਕ ਥਾਂ ਇਕੱਠੇ ਹੋ ਗਏ ਸਨ। ਭਾਵੇਂ ਗੁਰਦਵਾਰਾ ਨਹੀਂ ਸੀ ਬਣਿਆ ਪਰ ਤਾਏ ਨੇ ਲੋਕਾਂ ਨੂੰ ਪ੍ਰੇਰ ਕੇ ਇਕ ਥਾਂ ਇਕੱਠੇ ਹੋਣ ਦਾ ਵਸੀਲਾ ਬਣਾ ਦਿੱਤਾ। ਸ਼ਾਮ ਨੂੰ ਤਾਇਆ ਰਹਿਰਾਸ ਸਾਹਿਬ ਦਾ ਪਾਠ ਕਰਦਾ ਤੇ ਪਿੱਛੋਂ ਜੋਟੀਆਂ ਦੇ ਸ਼ਬਦ ਪੜ੍ਹੇ ਜਾਂਦੇ।

www.sikhbookclub.com

12

# ਬਾਰ ਦਾ ਜੀਵਣ ਰਿੜ੍ਹਨ ਲੱਗ ਪਿਆ

ਜਿਨ੍ਹੀਂ ਦਿਨੀਂ ਰਾਜ਼ੇ ਹਾਤਿਆਂ ਦੀਆਂ ਕੰਧਾਂ ਕੱਢ ਰਹੇ ਸਨ, ਅਤੇ ਘਰਾਂ ਵਾਲੇ ਕੋਠੇ ਉਸਾਰਨ ਦਾ ਉਪਰਾਲਾ ਕਰ ਰਹੇ ਸਨ, ਉਦੋਂ ਨਾਲ-ਨਾਲ ਕਪਾਹ ਬੀਜਣ ਲਈ ਜ਼ਮੀਨ ਤਿਆਰ ਕਰਨ ਲਈ ਵੀ ਹੱਡ-ਭੰਨਵੀਂ ਮਿਹਨਤ ਕਰਨੀ ਪੈ ਰਹੀ ਸੀ। ਪਹਿਲੇ ਅਬਾਦਕਾਰਾਂ ਨੇ ਰੁੱਖ-ਝਾੜੀਆਂ ਵੱਢ ਕੇ ਤੇ ਉੱਚੇ ਨੀਵੇਂ ਥਾਂ ਪੱਧਰੇ ਕਰਕੇ ਜਿੰਨੀ ਭੋਂ ਸਾਫ਼ ਕੀਤੀ ਸੀ, ਉਸ ਵਿਚ ਤਾਂ ਕਣਕ, ਛੋਲੇ, ਪੱਠੇ ਬੀਜ ਲਏ ਗਏ ਸਨ; ਸਾਉਣੀ ਦੀ ਫਸਲ ਲਈ ਭੋਂ ਤਿਆਰ ਕਰਨੀ। ਬੜੇ ਵੱਡੇ-ਵੱਡੇ ਵਣ ਤੇ ਜੰਡ ਖੜੇ ਸਨ, ਸਾਰਿਆਂ ਮੁਰੱਬਿਆਂ ਵਿਚ। ਲਗਭਗ ਹਰ ਮੁਰੱਬੇ ਵਿਚ ਛੋਟੇ, ਵੱਡੇ ਟਿੱਬੇ ਵੀ ਖੜੇ ਸਨ। ਇਹਨਾਂ ਵਿਚ ਕਈ ਟਿੱਬੇ ਤਾਂ ਅਸੀਂ ਬਾਰ ਛੱਡ ਕੇ ਆਉਣ ਤੱਕ ਵੀ ਨਾ ਕਰਾਹ ਸਕੇ। ਸਾਡੇ ਆਪਣੇ 38 ਨੰਬਰ ਮੁਰੱਬੇ ਵਿਚ ਇਕ ਟਿੱਬਾ ਅਖੀਰ ਤੱਕ ਬਚਿਆ ਰਿਹਾ, ਇਸ ਨੇ ਅੱਧਾ ਕਿੱਲਾ ਜ਼ਮੀਨ ਰੋਕੀ ਹੋਈ ਸੀ। ਪਹਿਲਾਂ ਇਹ ਟਿੱਬਾ ਕੋਈ ਦੋ'ਹ ਕਿੱਲਿਆਂ ਵਿਚ ਪਸਰਿਆ ਹੋਇਆ ਸੀ। ਅਸਾਂ ਕੋਸ਼ਿਸ਼ ਕਰਕੇ ਡੇਢ੍ਹ ਕਿੱਲਾ ਭੋਂ ਤਾਂ ਬੀਜਣ ਯੋਗ ਬਣਾ ਲਈ, ਪਰ ਟਿੱਬੇ ਦਾ ਸਭ ਤੋਂ ਉੱਚਾ ਹਿੱਸਾ ਅੰਤ ਤੱਕ ਖੜਾ ਰਿਹਾ।

ਨਵੀਂ ਭੋਂ ਅਬਾਦ ਕਰਨਾ ਕੋਈ ਸੌਖਾ ਕੰਮ ਨਹੀਂ ਸੀ; ਇਸ ਲਈ ਆਪਣੇ ਮਨ ਤੇ ਤਨ ਦੀ ਪੂਰੀ ਸ਼ਕਤੀ ਲਾਉਣੀ ਪੈਂਦੀ ਸੀ। ਵੱਡੇ ਰੁੱਖ ਪੁੱਟਦਿਆਂ, ਉਹਨਾਂ ਦੇ ਮੋਛੇ ਪਾਉਂਦਿਆਂ ਤੇ ਡੂੰਘੇ ਟੋਏ ਪੁੱਟ ਕੇ ਜੜ੍ਹਾਂ ਕੱਢਦਿਆਂ, ਜਵਾਨ ਮੁੰਡਿਆਂ ਦੇ ਡੌਲੇ ਹਾਰ ਜਾਂਦੇ ਸਨ। ਟਿੱਬੇ ਕਰਾਹੁਣੇ ਹੋਰ ਵੀ ਔਖਾ ਕੰਮ ਸੀ। ਪਹਿਲਾਂ ਟਿੱਬਿਆਂ ਉਤੋਂ ਰੁੱਖ, ਝਾੜੀਆਂ, ਮਲ੍ਹੇ ਪੁੱਟਣੇ ਹੁੰਦੇ ਸਨ; ਫਿਰ ਮਿੱਟੀ ਪੁੱਟ ਕੇ ਕਹੀਆਂ ਨਾਲ ਦੂਰ ਸੁੱਟਣੀ ਪੈਂਦੀ ਸੀ, ਜਿੱਥੇਂ ਕਰਾਹ ਨਾਲ ਧੂਹੀ ਜਾ ਸਕੇ। ਇਕ ਹੋਰ ਮੁਸੀਬਤ—ਟਿੱਬਿਆਂ ਵਿਚੋਂ ਸੱਪ ਬੜੇ ਨਿਕਲਦੇ ਸਨ। ਮੈਂ ਖੁਦ ਵੇਖਿਆ ਕਿ ਸਾਡੇ ਚਰਾਗੇ ਨਾਲ ਦੇ ਮੁਰੱਬੇ ਵਿਚੋਂ ਇਕ ਟਿੱਬਾ ਪੁਟਦਿਆਂ ਕੋਈ ਘੰਟੇ, ਡੇਢ੍ਹ ਘੰਟੇ ਦੇ ਸਮੇਂ ਵਿਚ ਤਿੰਨ ਸੱਪ ਮਾਰੇ। ਇਹਨਾਂ ਵਿਚੋਂ ਇਕ ਸੱਪ ਕਾਫ਼ੀ ਵੱਡਾ ਸੀ ਤੇ ਇਕ ਸੱਪ ਬੜੀ ਅਜੀਬ ਕਿਸਮ ਦਾ ਸੀ। ਇਸ ਦੇ ਪਿੰਡੇ ਉੱਤੇ ਘਸਮੇਲੇ, ਚਿੱਟੇ ਰੰਗ ਦੀ ਛੋਟੀ-ਛੋਟੀ ਜੱਤ ਸੀ। ਇਹ ਸੱਪ ਜੀ, ਜਾਂ ਸੱਪ ਵਰਗਾ ਕੋਈ ਹੋਰ ਕੀੜਾ, ਇਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਤਾਏ ਨੇ ਇਹ ਸੱਪ ਕਈਆਂ ਲੋਕਾਂ ਨੂੰ ਵਖਾਇਆ। ਸਾਰੇ ਕਹਿਣ, "ਅਸਾਂ ਇਹੋ ਜਿਹਾ ਸੱਪ ਕਦੇ ਨਹੀਂ ਵੇਖਿਆ।" ਸੱਪ ਹਰ ਟਿੱਬੇ ਵਿਚੋਂ ਨਿਕਲਦੇ ਸਨ; ਇਸ ਲਈ ਟਿੱਬੇ ਕਰਾਹੁਣ ਵਾਲੇ ਡਾਂਗ ਕੋਲ ਰੱਖਦੇ ਸਨ, ਕਿਉਂਕਿ ਕਈ ਵਾਰੀ ਏਡਾ ਵੱਡਾ ਸੱਪ ਨਿਕਲ ਆਉਂਦਾ ਸੀ, ਜਿਸ ਨੂੰ ਕਹੀ ਨਾਲ ਮਾਰਨਾ

www.sikhbookclub.com



ਸੰਭਵ ਨਹੀਂ ਸੀ ਹੁੰਦਾ। ਗੰਜੀ ਬਾਰ ਵਿਚ ਸੱਪ ਬਹੁਤ ਸਨ। ਪਾਣੀ ਲਾਉਣ ਵਾਲਿਆਂ ਨੂੰ, ਜੰਗਲ ਵਿਚੋਂ ਦੀ ਸਫ਼ਰ ਕਰਨ ਵਾਲਿਆਂ ਨੂੰ, ਸੋਟਾ ਹੱਥ ਵਿਚ ਰੱਖਣਾ ਪੈਂਦਾ ਸੀ। ਪਰ ਗੰਜੀ ਬਾਰ ਦੇ ਸੱਪ ਭਲੇਮਾਣਸ ਸਨ। ਛੱਬੀਆਂ ਸਾਲਾਂ ਦੀ ਬਾਰ ਵਿਚ ਰਹਾਇਸ਼ ਦੌਰਾਨ ਸਾਡੇ ਪਿੰਡ ਦਾ ਕੋਈ ਬੰਦਾ ਸੱਪ ਲੜ ਕੇ ਨਹੀਂ ਮਰਿਆ। ਮੈਨੂੰ ਸੱਪ ਡੰਗੇ ਦਾ ਕੋਈ ਕੇਸ ਹੀ ਯਾਦ ਨਹੀਂ। ਸੱਪਾਂ ਦਾ ਨਾਂ ਲਿਆਂ ਮੈਨੂੰ ਫਿਰ ਉਸ ਸੱਪ ਦਾ ਕਿੱਸਾ ਯਾਦ ਆ ਗਿਆ, ਜਿਹੜਾ ਪਹਿਲੇ ਦਿਨ ਸਾਡੇ ਡੇਰੇ ਵਿਚ ਆ ਵੜਿਆ ਸੀ। ਉਸ ਤੋਂ ਪਿੱਛੋਂ ਤਿੰਨ ਵਾਰੀ ਉਹ ਫਿਰ ਡੇਰੇ ਵਿਚ ਆਇਆ। ਇਕ ਵਾਰੀ ਤਾਂ ਦਿਨੇ ਸੰਤੇ ਨੇ ਉਸ ਨੂੰ ਡੰਗਰਾਂ ਵਿਚੋਂ ਦੀ ਲੰਘਦੇ ਵੇਖਿਆ ਤੇ ਦੋ ਵਾਰੀ ਰਾਤ ਨੂੰ ਉਹ ਸੌਣ ਵਾਲੇ ਮੰਜਿਆਂ ਹੇਠ ਦੀ ਲੰਘਿਆ; ਦਿਨੇ ਉਸ ਦੀ ਲਕੀਰ ਵੇਖੀ ਗਈ। ਆਖਰੀ ਵਾਰ ਇਹ ਸੱਪ ਉਸ ਦਿਨ ਆਇਆ ਜਿਸ ਦਿਨ ਸਾਡੇ ਟੱਬਰ ਨੇ ਝੁੱਗੀ ਬਣਾਈ ਸੀ। ਦਿਨ ਡੁੱਬਣ ਵਾਲਾ ਸੀ। ਚਾਚਾ ਝੁਗੀ ਦੇ ਚੁਫੇਰਿਓਂ ਕੱਖ-ਕਾਨ ਹੂੰਝ ਰਿਹਾ ਸੀ ਜਦੋਂ ਉਸ ਨੇ ਵੇਖਿਆ ਕਿ ਸੱਪ ਸਿੱਧਾ ਸਾਡੇ ਡੇਰੇ ਵੱਲ ਆ ਰਿਹਾ ਹੈ। ਉਸ ਨੇ ਇਕ ਮੋਟੀ ਲੱਕੜ ਫੜ ਲਈ ਤੇ ਸੱਪ ਵੱਲ ਵਧਿਆ। ਸੱਪ ਪਿਛਾਂਹ ਮੁੜਨ ਲੱਗਾ ਤਾਂ ਚਾਚੇ ਨੇ ਦੌੜ ਕੇ ਉਸ ਦਾ ਰਸਤਾ ਰੋਕ ਲਿਆ, ਜਿੱਧਰੋਂ ਓਹ ਝਾੜੀਆਂ ਵਿਚੋਂ ਨਿਕਲ ਕੇ ਆਉਂਦਾ ਸੀ। ਸੱਪ ਦੂਜੇ ਪਾਸੇ ਨੂੰ ਦੌੜਿਆ। ਚਾਚਾ ਉਸ ਦੇ ਮਗਰ ਨੱਠਾ, ਉਹ ਸੱਪ ਨੂੰ ਮਾਰ ਸਕਦਾ ਸੀ, ਪਰ ਤਾਏ ਨੇ ਰੋਕ ਦਿੱਤਾ। ਤਾਇਆ ਆਖਣ ਲੱਗਾ, "ਸਾਨੂੰ ਇਥੇ ਆਇਆਂ ਮਹੀਨਾ ਭਰ ਹੋ ਗਿਆ ਏ; ਇਨ ਸਾਨੂੰ ਕੁਝ ਨਹੀਂ ਆਖਿਆ, ਤੂੰ ਵੀ ਇਹਨੂੰ ਕੁਝ ਨਾ ਆਖ।" ਚਾਚੇ ਨੇ ਸੱਪ ਨੂੰ ਤਾਂ ਨਾ ਮਾਰਿਆ, ਪਰ ਕੱਖ-ਕਾਨ ਸੁੱਟ ਕੇ ਉਸ ਦੇ ਝਾੜੀਆਂ ਵਾਲੇ ਟਿਕਾਣੇ ਨੂੰ ਅੱਗ ਲਾ ਦਿੱਤੀ। ਸੱਪ ਨੇ ਵੀ ਸਮਝ ਲਿਆ ਕਿ ਇਹਨਾਂ ਸਿਰ ਫਿਰਿਆਂ ਨੇ ਹੁਣ ਮੈਨੂੰ ਏਥੇ ਨਹੀਂ ਵੱਸਣ ਦੇਣਾ; ਉਸ ਨੇ ਦੂਰ ਇਕ ਟਿੱਬੀ ਤੇ ਜਾ ਟਿਕਾਣਾ ਬਣਾਇਆ। ਇਥੇ ਉਸ ਨੂੰ ਕਈ ਵਾਰ ਵੇਖਿਆ ਗਿਆ। ਕੋਈ ਦੋ ਸਾਲ ਪਿੱਛੋਂ ਇਹ ਆਤੂ ਹਸਾਈ ਦੇ ਹੱਥੋਂ ਮਾਰਿਆ ਗਿਆ। ਬੜਾ ਵੱਡਾ ਸੱਪ ਸੀ। ਆਤੂ ਤੋਂ ਬਿਨ੍ਹਾਂ ਸ਼ਾਇਦ ਕੋਈ ਹੋਰ ਇਕੱਲਾ ਆਦਮੀ ਇਸ ਨੂੰ ਮਾਰਨ ਦਾ ਜੇਰਾ ਨਾ ਕਰਦਾ। ਆਤੂ ਸੱਪਾਂ ਦਾ ਵੈਰੀ ਸੀ। ਜੇ ਉਸ ਨੂੰ ਕਿਤੇ ਸੱਪ ਦਿਸ ਪਵੇ ਤਾਂ ਜਦੋਂ ਤੱਕ ਉਸ ਨੂੰ ਮਾਰ ਨਾ ਲਵੇ, ਆਤੂ ਦਾ ਰੋਟੀ ਖਾਣ ਨੂੰ ਦਿਲ ਨਹੀਂ ਸੀ ਕਰਦਾ।

ਇਸ ਤੋਂ ਇਲਾਵਾ ਨਵੀਂ ਜ਼ਮੀਨ ਵਿਚ ਖਾਲ ਕੱਢਣੇ, ਵੱਟਾਂ ਪਾਉਣੀਆਂ, ਸਾਂਵਾਂ-ਪੱਧਰਾ ਪਾਣੀ ਲਾਉਣ ਲਈ ਭੋਂ ਦੀ ਢਲਾਨ ਠੀਕ ਕਰਨੀ, ਹਰ ਕੰਮ ਲਈ ਸਖ਼ਤ ਮਿਹਨਤ ਦੀ ਲੋੜ ਸੀ। ਪੈਲੀਆਂ ਵਿਚੋਂ ਪੁੱਟੇ ਹੋਏ ਰੁੱਖਾਂ ਦੀਆਂ ਲੱਕੜਾਂ ਮੁਰੱਬੇ ਤੋਂ ਬਾਹਰ ਸੁੱਟਣਾ ਵੀ ਬੜੀ ਵੱਡੀ ਸਮੱਸਿਆ ਸੀ। ਦੋ, ਢਾਈ-ਮਣ ਤੱਕ ਦੀਆਂ ਲੱਕੜਾਂ ਤਾਂ ਗੱਭਰੂ ਮੁੰਡੇ ਸਿਰਾਂ, ਮੋਢਿਆਂ ਤੇ ਚੁੱਕ ਕੇ ਹੀ ਲੈ ਜਾਂਦੇ ਸਨ, ਜ਼ਿਆਦਾ ਭਾਰੇ ਮੋਛੇ ਢੱਗਿਆਂ ਦੀ ਜੋਗ ਨਾਲ ਧੂਹੇ ਜਾਂਦੇ ਸਨ। ਇਹਨਾਂ ਸਾਰੀਆਂ ਔਕੜਾਂ ਤੇ ਥਕੇਵਿਆਂ ਦੇ ਬਾਵਜੂਦ ਲੋਕ ਖ਼ੁਸ਼ ਸਨ। ਨਵੀਂ ਜ਼ਮੀਨ ਅਬਾਦ ਕਰਨ ਦਾ ਬੜਾ ਚਾਅ ਸੀ। ਨਾਲ ਦੀਆਂ ਪੈਲੀਆਂ ਵਿਚ ਬੀਜੀ ਹੋਈ ਕਣਕ ਵੀ ਹੁਣ ਲਹਿ-ਲਹਿ ਕਰਦੀ ਸੀ। ਨਿਸਰਨ ਤੋਂ ਪਹਿਲਾਂ ਹੀ ਕਣਕ ਦੇ ਬੂਟੇ ਲੱਕ-ਲੱਕ ਉੱਚੇ ਹੋ ਗਏ ਸਨ। ਭਾਵੇਂ ਕਿਸੇ ਖੇਤ ਵਿਚ ਵੀ ਰੂੜੀ ਨਹੀਂ ਸੀ ਪਾਈ ਗਈ, ਪਰ

www.sikhbookclub.com



ਨਵੀਂ ਭੋਂ ਤੇ ਮਾਝੇ-ਮਾਲਵੇ ਦੇ ਜੱਟਾਂ ਦੀ ਵਾਹੀ ਹੋਈ, ਤੇ ਖੇਤਾਂ ਨੂੰ ਪਵੇ ਰਾਵੀ ਦਾ ਭਲ ਵਾਲਾ ਪਾਣੀ, ਫਿਰ ਫਸਲ ਕਿਉਂ ਨਾ ਹੋਵੇ। ਜਿਮੀਂਦਾਰਾਂ ਦੀ ਆਪਣੀ ਬੋਲੀ ਅਨੁਸਾਰ ਕਣਕਾਂ ਨੂੰ ਲੋਹੜਾ ਆ ਗਿਆ ਸੀ। ਜੱਟਾਂ ਦੇ ਹੌਂਸਲੇ ਰੱਬ ਜਿੱਡੇ ਹੋ ਰਹੇ ਸਨ। ਉਹ ਸਾਉਣੀ ਦੀ ਫਸਲ ਦੀ ਰੌਂ ਕਣਕ ਨਾਲੋਂ ਵੀ ਦੂਣੀ, ਤੀਣੀ ਵੇਖਣ ਦੀਆਂ ਆਸਾਂ ਲਾਈ ਬੈਠੇ ਸਨ, ਇਸੇ ਲਈ ਭੋਂ ਨੂੰ ਸਵਾਰਨ ਲਈ ਪੂਰਾ ਤਾਣ ਲਾ ਰਹੇ ਸਨ। ਸਿਆਲ ਦੇ ਦਿਨ ਸਨ, ਲੋਕ ਟਿੱਕੀ ਚੜ੍ਹਦੀ ਨਾਲ ਮੁਰੱਬਿਆਂ ਵਿਚ ਜਾ ਵੜਦੇ ਤੇ ਸੂਰਜ ਡੁਬਦੇ ਪਿੱਛੋਂ ਪੈਲੀਆਂ ਵਿਚੋਂ ਨਿਕਲਦੇ। ਨਵੀਂ ਅਬਾਦ ਕਰਨ ਵਾਲੀ ਜ਼ਮੀਨ ਵਿਚ ਬੜੀ ਮਿਹਨਤ ਕਰਨ ਦੀ ਲੋੜ ਸੀ। ਪਰ ਕਿਸੇ ਨੇ ਕਦੇ ਥਕੇਵਾਂ ਮਹਿਸੂਸ ਨਹੀਂ ਸੀ ਕੀਤਾ। ਤਿਕਾਲਾਂ ਨੂੰ ਖਾਲ ਦੇ ਠੰਢੇ ਪਾਣੀ ਵਿਚ ਨ੍ਹਾ ਕੇ ਘਰ ਆਉਂਦੇ। ਰੋਟੀ-ਟੁੱਕ ਖਾ ਕੇ ਦੁੱਧ ਦਾ ਛੰਨਾ ਪੀ ਕੇ ਜਾਂਦੇ ਤਾਏ ਸ਼ੇਰ ਸਿੰਘ ਦੇ ਮਿਥੇ ਟਿਕਾਣੇ ਤੇ। ਇਥੇ ਪਹਿਰ ਰਾਤ ਗਈ ਤੱਕ ਦਿਵਾਨ ਲੱਗਦਾ। ਜੋਟੀਆਂ ਦੇ ਸਬਦ ਪੜ੍ਹੇ ਜਾਂਦੇ (ਉਹਨੀ ਦਿਨੀਂ 'ਸਬਦ' ਹੀ ਕਿਹਾ ਜਾਂਦਾ ਸੀ, 'ਸ਼ਬਦ' ਹੁਣ ਹਿੰਦੀ ਦੇ ਪ੍ਰਭਾਵ ਅਧੀਨ ਬੋਲਿਆ ਜਾਣ ਲੱਗਾ ਹੈ)। ਪਹਿਲਾਂ ਤਾਂ ਤਾਇਆ ਜੀ ਹੀ ਅੱਗੇ ਲੱਗਦੇ ਰਹੇ, ਫਿਰ ਹੌਲੀ-ਹੌਲੀ ਹੋਰ ਕਈ ਨੌਜਵਾਨ ਵੀ ਸਬਦ ਯਾਦ ਕਰਕੇ ਆਉਣ ਲੱਗ ਪਏ। ਤਾਇਆ ਜੀ ਦੱਸਦੇ ਹੁੰਦੇ ਸਨ, "ਸਾਡੇ ਕੋਲ ਕੋਈ ਸਾਜ ਨਹੀਂ ਸੀ—ਨਾ ਢੋਲਕੀ, ਨਾ ਛੈਣੇ, ਨਾਂ ਚਿਮਟਾ; ਫਿਰ ਵੀ ਚੰਗਾ ਰੰਗ ਬੱਝਦਾ ਸੀ।" ਥੋੜਿਆਂ ਹੀ ਦਿਨਾਂ ਵਿਚ ਕਈਆਂ ਮੁੰਡਿਆਂ ਨੇ ਇਕ ਦੂਜੇ ਤੋਂ ਪੁੱਛ-ਪੁਛਾ ਕੇ ਕਈ-ਕਈ ਸਬਦ ਯਾਦ ਕਰ ਲਏ। ਦਿਵਾਨ ਵਿਚ ਸ਼ਬਦ ਪੜ੍ਹਨ ਵਾਲਿਆਂ ਦੀ ਵਾਰੀ ਲੱਗ ਜਾਂਦੀ। ਰੋਜ ਸ਼ਾਮ ਨੂੰ ਗੁਰਦਵਾਰੇ ਜਾ ਕੇ ਸਬਦ ਪੜ੍ਹਨਾ ਵੀ ਗੰਜੀ ਬਾਰ ਦੇ ਸਭਿਆਚਾਰ ਦਾ ਇਕ ਅੰਗ ਸੀ। ਸਿੱਖਾਂ ਦੇ ਹਰ ਪਿੰਡ ਵਿਚ ਸ਼ਾਮ ਨੂੰ ਢੋਲਕੀ ਵੱਜਦੀ ਸੀ। ਸਬਦ-ਚੌਕੀ ਦੀ ਇਹ ਰੀਤ ਸਾਡੇ ਬਾਰ ਛੱਡਣ ਤੱਕ ਲਗਾਤਾਰ ਜਾਰੀ ਰਹੀ।

ਇਸ ਦੌਰਾਨ ਪਿੱਛੋਂ ਕਈ ਲੋਕ ਆਉਂਦੇ ਰਹੇ—ਆਪਣੇ ਮੁਰੱਬੇ ਹਿੱਸੇ, ਠੇਕੇ ਤੇ ਦੇਣ, ਜਾਂ ਸਿਰਫ਼ ਆਪਣੀ ਜ਼ਮੀਨ ਵੇਖਣ। ਮਾਝੇ ਵਿਚੋਂ ਆਉਣ ਵਾਲੇ ਲੋਕ ਆਮ ਤੌਰ ਤੇ ਸਾਡੇ ਘਰ ਠਹਿਰਦੇ ਤੇ ਮਾਲਵੇ ਵਾਲੇ ਸੂਬੇਦਾਰ ਬਿਸ਼ਨ ਸਿੰਘ ਦੇ ਘਰ ਜਾਂਦੇ। ਇੰਞ ਚੱਕ ਨੰ. 79 ਦੀ ਤਕਰੀਬਨ ਅੱਧੀ ਵੱਸੋਂ ਨੇ ਸਾਡੀ ਦਾਦੀ ਮਾਈ ਇੰਦੋ ਦੇ ਹੱਥ ਦੀਆਂ ਪੱਕੀਆਂ ਖਾਧੀਆਂ ਹੋਈਆਂ ਸਨ। ਮੈਨੂੰ ਯਾਦ ਹੈ ਪਿੰਡ ਦੇ ਤਿੰਨ, ਚਾਰ ਆਦਮੀ ਜਿਨ੍ਹਾਂ ਦੇ ਟੱਬਰ-ਟੌਹਰ ਨਹੀਂ ਸਨ, ਉਹ ਕਰੀਬ ਦੋ-ਦੋ, ਸਾਲ ਸਾਡੇ ਘਰੋਂ ਹੀ ਰੋਟੀ ਖਾਂਦੇ ਰਹੇ। ਗੰਜੀ ਬਾਰ ਵਿਚ ਰੋਟੀ-ਟੁੱਕ ਤੋਂ ਕੋਈ ਨਹੀਂ ਸੀ ਭੱਜਦਾ। ਅਨਾਜ ਦੀ ਕਮੀ ਨਹੀਂ ਸੀ, ਦੁੱਧ ਘਿਓ ਖੁੱਲ੍ਹਾ ਸੀ। ਦਿੱਕਤ ਸਿਰਫ਼ ਪਕਾਉਣ ਵਾਲੀ ਨੂੰ ਸੀ, ਤੇ ਸਾਡੀ ਦਾਦੀ ਨੇ ਕਦੇ ਅਜਿਹੀ ਦਿੱਕਤ ਮਹਿਸੂਸ ਨਹੀਂ ਸੀ ਕੀਤੀ।

ਕਣਕਾਂ ਪੱਕਣ ਤੋਂ ਪਹਿਲਾਂ ਲਾਗ ਦਿਆਂ ਪਿੰਡਾਂ ਵਿਚ ਵੀ ਕਾਫ਼ੀ ਲੋਕ ਆ ਗਏ ਸਨ। ਰਾਜ਼ਿਆਂ ਨੇ ਹਰ ਪਿੰਡ ਵਿਚ ਹਾਤਿਆਂ ਦੀਆਂ ਕੰਧਾਂ ਕੱਢ ਦਿੱਤੀਆਂ ਸਨ। ਲੋਕਾਂ ਨੇ ਸਾਡੇ ਵਰਗੇ ਕੋਠੇ ਵੀ ਛੱਤ ਲਏ ਸਨ। ਹਾਲ ਹਰ ਥਾਂ ਸਾਡੇ ਪਿੰਡ ਵਾਲਾ ਹੀ ਸੀ—ਕਿਤੇ ਕੋਈ ਕਾਰੀਗਰ ਨਹੀਂ ਸੀ, ਕੋਈ ਦੁਕਾਨ ਨਹੀਂ ਸੀ, ਕੋਈ ਵੈਦ-ਹਕੀਮ ਨਹੀਂ ਸੀ, ਅਤੇ

www.sikhbookclub.com



ਕਿਤੇ ਗੁਰਦਵਾਰਾ ਨਹੀਂ ਸੀ। ਹੁਣ ਸਾਰਿਆਂ ਨੂੰ ਵੱਡਾ ਫ਼ਿਕਰ ਇਹ ਸੀ ਕਿ ਵਾਢੀਆਂ ਵਿਚ ਦਾਤਰੀਆਂ ਦੇ ਦੰਦੇ ਕੱਢਣ ਦਾ ਕੋਈ ਪ੍ਰਬੰਧ ਨਹੀਂ ਸੀ। ਹੁਣ ਤੱਕ ਮੋਹਲਵਾਲੀ ਵਾਲੇ ਮਿਸਤਰੀ ਕੋਲ ਵੀ ਇੰਨਾ ਕੰਮ ਹੋ ਗਿਆ ਸੀ ਕਿ ਟੁੱਟਾ ਹੋਇਆ ਚਉ ਚੜ੍ਹਾਉਣ ਲਈ ਵੀ ਤਿੰਨ-ਤਿੰਨ ਦਿਨ ਚੱਕਰ ਮਾਰਨੇ ਪੈਂਦੇ ਸਨ। ਪਿੰਡ ਵਿਚ ਕੋਈ ਹੱਟੀ ਨਾ ਹੋਣ ਕਰਕੇ ਮੌਕਾ ਬੇਮੌਕਾ ਖਾਨੇਵਾਲ ਨੂੰ ਭੱਜਣਾ ਪੈਂਦਾ ਸੀ। ਪਿੰਡ ਦੇ ਸਿਆਣੇ ਆਦਮੀ ਸਲਾਹਾਂ ਕਰਦੇ ਸਨ ਕਿ ਆਪਣੇ ਪਿਛਲੇ ਇਲਾਕਿਆਂ ਵਿਚੋਂ ਕਾਰੀਗਰ ਤੇ ਦੁਕਾਨਦਾਰ ਲਿਆਂਦੇ ਜਾਣ। ਤੌਖਲਾ ਇਹ ਸੀ ਕਿ ਅਬਾਦੀ ਅਜੇ ਬਹੁਤ ਘੱਟ ਹੈ। ਕਾਰੀਗਰ ਜਾਂ ਦੁਕਾਨਦਾਰ ਇਥੇ ਤਾਂ ਹੀ ਟਿਕੇਗਾ ਜੇ ਉਸ ਨੂੰ ਮੁਨਾਸਬ ਆਮਦਨੀ ਹੋਵੇ। ਜਿੰਨੇ ਟੱਬਰ ਪਹਿਲੇ ਸਾਲ ਦੇ ਅੰਤ ਤੱਕ ਸਾਡੇ ਪਿੰਡ ਪਹੁੰਚੇ ਓਨਿਆਂ ਦੇ ਸਿਰ ਤੇ ਨਾ ਕੋਈ ਹੱਟੀ ਚੱਲ ਸਕਦੀ ਸੀ, ਨਾ ਹੀ ਕੋਈ ਲੁਹਾਰ ਤਰਖਾਣ ਟਿਕ ਸਕਦਾ ਸੀ।

ਹੁਣ ਤੱਕ ਕੁਝ ਕੰਮ ਜ਼ਰੂਰ ਚੰਗੇ ਹੋ ਗਏ ਸਨ। ਲੋਕਾਂ ਨੇ ਕੋਠੇ ਉਸਾਰਨ ਲਈ ਇੱਟਾਂ ਡਿੱਘੀ ਵਿਚੋਂ ਮਿੱਟੀ ਕੱਢ ਕੇ ਬਾਣਈਆਂ ਸਨ, ਤੇ ਇਥੋਂ ਗਾਰਾ ਲੈ ਕੇ ਉਸਾਰੀ ਕੀਤੀ ਸੀ; ਇਸ ਲਈ ਡਿੱਘੀ ਹੁਣ ਕਾਫ਼ੀ ਵੱਡੀ ਹੋ ਗਈ ਸੀ। ਜਿਹੜਾ ਹਿੱਸਾ ਪਹਿਲਾਂ ਪੁੱਟਿਆ ਸੀ ਉਹ ਹੁਣ ਆਪਣੇ ਪੀਣ ਵਾਲੇ ਪਾਣੀ ਲਈ ਰੱਖ ਲਿਆ ਗਿਆ ਤੇ ਨਵੀਂ ਬਣੀ ਡਿੱਘੀ ਡੰਗਰਾਂ ਵਾਸਤੇ ਤਿਆਰ ਕਰ ਲਈ ਗਈ। ਉਂਞ ਆਪਣੇ ਪੀਣ ਵਾਲਾ ਪਾਣੀ ਵੀ ਡੰਗਰਾਂ ਵਾਲੀ ਡਿੱਘੀ ਵਿਚੋਂ ਦੀ ਲੰਘ ਕੇ ਜਾਂਦਾ ਸੀ, ਪਰ ਉਸ ਡਿੱਘੀ ਵਿਚ ਡੰਗਰ ਨਹੀਂ ਸਨ ਵੜਨ ਦਿੱਤੇ ਜਾਂਦੇ, ਇਸ ਲਈ ਡਿੱਘੀ ਦਾ ਪਾਣੀ ਸਾਫ਼ ਸੀ; ਜਾਂ ਇੰਞ ਸਮਝ ਲਿਆ ਜਾਂਦਾ ਸੀ ਕਿ ਪੀਣ ਵਾਲੇ ਪਾਣੀ ਦੀ ਡਿੱਘੀ ਦਾ ਪਾਣੀ ਸਾਫ਼-ਸੁਥਰਾ ਹੈ; ਸਾਊ ਲੋਕਾਂ ਦੇ ਪੀਣ ਵਾਲਾ। ਇਹ ਠੀਕ ਹੈ ਕਿ ਡਿੱਘੀ ਦਾ ਪਾਣੀ ਖਾਲ ਦੇ ਪਾਣੀ ਨਾਲੋਂ ਸਾਫ਼ ਹੁੰਦਾ ਸੀ। ਖੜਾ ਰਹਿਣ ਕਰਕੇ ਇਹ ਪਾਣੀ ਨਿੱਤਰ ਜਾਂਦਾ ਸੀ, ਇਸ ਵਿਚ ਜ਼ਿਆਦਾ ਫਟਕੜੀ ਨਹੀਂ ਸੀ ਘੋਲਣੀ ਪੈਂਦੀ। ਖਾਲ ਦੇ ਪਾਣੀ ਵਿਚ ਗਾਰ ਬੜੀ ਹੁੰਦੀ ਸੀ; ਫਿਰ ਵੀ ਮੁਰੱਬਿਆਂ ਵਿਚ ਕੰਮ ਕਰਦੇ ਲੋਕ ਖਾਲਾਂ ਦਾ ਪਾਣੀ ਹੀ ਪੀਂਦੇ ਸਨ।

ਲੋਕਾਂ ਨੇ ਇਸ ਉਜਾੜ ਵਿਚ ਰਹਿਣ ਦਾ ਢੰਗ ਸਿੱਖ ਲਿਆ ਸੀ। ਉਹ ਕਹੀਆਂ ਰੰਬੇ ਚੰਡਣ ਜਾਂ ਤਿੱਖੇ ਕਰਨ ਵਾਲੇ ਸੰਦ ਲੈ ਆਏ ਸਨ। ਕਹੀ, ਕੁਹਾੜੀ ਦਾ ਦਸਤਾ ਟੁੱਟ ਜਾਏ ਤਾਂ ਆਪੇ ਹੀ ਪਾ ਲੈਂਦੇ ਸਨ। ਰਾਸ਼ਨ-ਪਾਣੀ ਮਹੀਨੇ ਭਰ ਦਾ ਇਕੱਠਾ ਲਿਆ ਕੇ ਰੱਖ ਲੈਂਦੇ ਸਨ। ਘਰ ਦੇ ਜਰੂਰੀ ਭਾਂਡੇ (ਚਾਟੀਆਂ, ਕਾੜ੍ਹਨੀਆਂ, ਤੌੜੀਆਂ, ਘੜੇ) ਲੋੜ ਤੋਂ ਜ਼ਿਆਦਾ ਖ਼ਰੀਦ ਕੇ ਰੱਖਦੇ ਸਨ। ਕੋਈ ਭਾਂਡਾ ਭੱਜ ਜਾਏ ਤਾਂ ਨਿਹੱਥੇ ਨਾ ਹੋ ਜਾਈਏ। ਜ਼ਿੰਦਗੀ ਰਿੜ੍ਹਦੀ ਜਾ ਰਹੀ ਸੀ, ਭਾਵੇਂ ਕਿਤੇ-ਕਿਤੇ ਧੱਕੇ-ਹੁਝਕੇ ਵੱਜਦੇ ਰਹਿੰਦੇ ਸਨ।

www.sikhbookclub.com

## 13

# ਗੰਜੀ ਬਾਰ ਵਿਚ ਭੱਠੀਆਂ ਚੜ੍ਹੀਆਂ

ਜਿਨ੍ਹੀ ਦਿਨੀਂ ਸਾਡੀ ਝੁੱਗੀ ਤਿਆਰ ਹੋ ਰਹੀ ਸੀ, ਬਾਬੇ ਹੁਨਾਂ ਨੂੰ ਇਕ ਹੋਰ ਸਮੱਸਿਆ ਪੇਸ਼ ਆ ਗਈ। ਗੰਜੀ ਬਾਰ ਦੇ ਜੰਗਲ ਵਿਚ ਇਹ ਇਕ ਵੱਡੀ ਸਮੱਸਿਆ ਸੀ। ਮੈਂ ਪਿੱਛੇ ਦੱਸ ਆਇਆ ਹਾਂ ਕਿ ਬਾਬਾ ਭਾਵੇਂ ਰੋਜ਼ ਪੀਣ ਵਾਲਿਆਂ ਵਿਚੋਂ ਨਹੀਂ ਸੀ, ਪਰ ਬਹੱਤਰ, ਚੁਹੱਤਰ ਸਾਲ ਦੀ ਉਮਰ ਵਿਚ ਪੂਰਾ ਜੋਤਰਾ ਲਾਉਣਾ ਤੇ ਫੇਰ ਪੱਠੇ ਕੁਤਰਨੇ; ਇਸ ਲਈ ਅੱਜ-ਕੱਲ੍ਹ ਬਾਬੇ ਨੂੰ ਰੋਜ਼ ਨਹੀਂ ਤਾਂ ਤੀਜੇ, ਚੌਥੇ ਦਿਨ ਜ਼ਰੂਰ ਪੀਣੀ ਪੈਂਦੀ ਸੀ। ਜਿਹੜੀਆਂ ਦੋ ਬੋਤਲਾਂ ਸੁਗਾਤ ਵਜੋਂ ਮਿਲੀਆਂ ਸਨ, ਉਹ ਹੁਣ ਮੁੱਕਣ ਵਾਲੀਆਂ ਸਨ। ਇਕ ਦਿਨ ਬਾਬੇ ਨੇ ਚਾਚੇ ਨੂੰ ਆਖਿਆ, "ਓਏ ਦੀਪੂ, ਬੋਤਲਾਂ ਤਾਂ ਮੁੱਕ ਚੱਲੀਆਂ ਨੇ, ਤੂੰ ਵੀ ਕੋਈ ਬੰਦੋਬਸਤ ਕੀਤਾ ਏ ਕਿ ਨਹੀਂ ?" ਚਾਚੇ ਨੇ ਉੱਤਰ ਦਿੱਤਾ, "ਭਾਈਆ, ਕਿੱਕਰਾਂ ਤੇ ਖਾਲ ਤੇ ਖਲੋਤੀਆਂ ਨੇ, ਸੱਕ ਵੀ ਚੰਗੇ ਪੱਕੇ ਹੋਏ ਨੇ; ਪਰ ਗੁੜ ਕਿੱਥੋਂ ਲਈਏ ?" "ਅਜੇ ਪਰਸੋਂ ਤਾਂ ਛੇਰ ਸੂੰਹ ਲਿਆਇਆ ਏ ਗੁੜ ਛਹਿਰੋਂ। ਓਥੋਂ ਕੱਢ ਲੈ ਦੋ, ਤਿੰਨ ਰੋੜੀਆਂ।" ਚਾਚੇ ਨੂੰ ਤਾਂ ਬੱਸ ਇਸ਼ਾਰਾ ਹੀ ਚਾਹੀਦਾ ਸੀ। ਮਾਂ ਦਿਆਂ ਨਵਿਆਂ ਖਰੀਦਿਆਂ ਘੜਿਆਂ ਵਿਚੋਂ ਇਕ ਘੜਾ ਖਿਸਕਾ ਲਿਆ ਤੇ ਓਸੇ ਰਾਤ ਮੱਟ ਰੂੜੀ ਵਿਚ ਦੱਬ ਦਿੱਤਾ। ਰੂੜੀ ਹੁਣ ਮੱਟ ਦੱਬਣ ਜੋਗੀ ਹੋ ਗਈ ਸੀ। ਜਦੋਂ ਮੱਟ ਤਿਆਰ ਹੋ ਗਿਆ ਤਾਂ ਬੱਠਲ ਦੀ ਲੋੜ ਪਈ। ਪਿੰਡ ਵਿਚ ਬੱਠਲ ਕਿਸੇ ਕੋਲ ਨਹੀਂ ਸੀ। ਇਥੇ ਵੀ ਬਾਬੇ ਨੇ ਹੀ ਚਾਚੇ ਨੂੰ ਰਾਹ ਦੱਸਿਆ; ਕਹਿਣ ਲੱਗਾ, 'ਉਹਨਾਂ ਸਿੰਘਾਂ ਕੋਲੋਂ ਲੈ ਆ ਨਾ, ਜਿਹੜੇ ਸਾਨੂੰ ਬੋਤਲਾਂ ਦੇ ਗਏ ਸਨ।' ਚਾਚਾ ਤਾਏ ਤੋਂ ਚੋਰੀ ਘੋੜੀ ਲੈ ਕੇ ਗਿਆ। ਗੰਜੀ ਬਾਰ ਦੇ ਵਸਨੀਕ ਇਕ ਦੂਜੇ ਦਾ ਹੱਥ ਵਟਾਉਣ ਲਈ ਸਦਾ ਤਿਆਰ ਰਹਿੰਦੇ ਸਨ। ਤਿਕਾਲਾਂ ਨੂੰ ਚਾਚਾ ਬੱਠਲ ਲੈ ਆਇਆ। ਅਗਲੇ ਦਿਨ ਤਾਏ ਨੇ ਖਾਨੇਵਾਲ ਜਾਣਾ ਸੀ। ਚਾਚੇ ਨੇ ਝੁੱਗੀ ਤੋਂ ਕੁਝ ਦੂਰ ਦੋਂਹ ਝਾੜੀਆਂ ਦਾ ਓਹਲਾ ਲੈ ਕੇ ਭੱਠੀ ਲਾ ਦਿੱਤੀ। ਤਿਕਾਲਾਂ ਨੂੰ ਤਾਜ਼ਾ ਕੱਢੀ ਬਾਬੇ ਨੂੰ ਚੱਖਣ ਲਈ ਪੇਸ਼ ਕੀਤੀ ਤਾਂ ਬਾਬਾ ਨੱਕ ਚੜ੍ਹਾ ਕੇ ਬੋਲਿਆ, 'ਓਏ ਤੇਰੇ ਮੂੰਹ ਤੇ ਦਾਹੜੀ ਆਉਣ ਲੱਗੀ ਏ, ਤੂੰ ਅਜੇ ਇਹ ਕੰਮ ਵੀ ਨਹੀਂ ਸਿੱਖਿਆ। ਜਦੋਂ ਫੇਰ ਮੱਟ ਪਾਏਂਗਾ ਮੈਨੂੰ ਦੱਸ ਕੇ ਪਾਈਂ।' ਦੂਜੀ ਵਾਰ ਬਾਬੇ ਨੇ ਆਪ ਮੱਟ ਪਾਇਆ, ਪਰ ਇਥੇ ਪੂਰੇ ਮਸਾਲੇ ਨਹੀਂ ਸਨ ਮਿਲਦੇ। ਬਾਬੇ ਦੀ ਪੂਰੀ ਤਸੱਲੀ ਨਾ ਹੋਈ।

ਚਾਚੇ ਨੂੰ ਵੇਖ ਕੇ ਪਿੰਡ ਦੇ ਕਈ ਹੋਰ ਨੌਜਵਾਨ ਵੀ ਭੱਠੀਆਂ ਚਾੜ੍ਹਨ ਲੱਗ ਪਏ। ਦਿੱਕਤਾਂ ਬੜੀਆਂ ਸਨ ਗੁੜ ਬੜਾ ਔਖਾ ਮਿਲਦਾ ਸੀ; ਹੋਰ ਮਸਾਲੇ ਤੇ ਮਿਲਦੇ ਹੀ ਨਹੀਂ ਸਨ; ਚੰਗੇ ਮੱਟ ਵੀ ਨਹੀਂ ਸਨ ਲੱਭਦੇ; ਬੱਠਲ ਵੀ ਸਾਰੇ ਪਿੰਡ ਵਿਚ ਇੱਕੋਂ ਸੀ। ਹੁਣ ਤਾਂ

www.sikhbookclub.com



ਉਹਨਾਂ ਨੂੰ ਸੱਕ ਵੀ ਦੋ, ਢਾਈ ਮੀਲ ਦੂਰ ਜਾ ਕੇ ਨਹਿਰ ਦੇ ਕੰਢੇ ਬੀਜੀਆਂ ਕਿੱਕਰਾਂ ਤੋਂ ਲਿਆਉਣੇ ਪੈਂਦੇ ਸਨ। ਪਰ ਬਾਰਾਂ ਵਸਾਉਣ ਵਾਲੇ ਲੋਕ ਬੜੇ ਹਿੰਮਤੀ ਸਨ; ਉਹ ਅਜਿਹੀਆਂ ਔਕੜਾਂ ਦੀ ਪਰਵਾਹ ਨਹੀਂ ਸਨ ਕਰਦੇ। ਕੋਈ-ਨਾ-ਕੋਈ ਰਾਹ ਲੱਭ ਲੈਂਦੇ ਸਨ। ਭੱਠੀਆਂ ਆਮ ਚੜ੍ਹਦੀਆਂ ਸਨ। ਇਥੇ ਕਿਹੜਾ ਕਿਸੇ ਪੁਲਿਸ ਵਾਲੇ ਨੇ ਆਉਣਾ ਸੀ। ਹਾਂ, ਇਕ ਦਿਨ ਪੁਆੜਾ ਪੈ ਗਿਆ। ਇਕ ਸੂਮ ਪਿਆਕਲ ਦਾ ਤਿਆਰ ਹੋਇਆ ਮੱਟ ਮੁੰਡੇ ਚੋਰੀ ਰੂੜੀ ਵਿਚੋਂ ਕੱਢ ਕੇ ਲੈ ਗਏ। ਉਹ ਬੜਾ ਸੀਖ-ਪੌ ਹੋਇਆ। ਘਰ ਘਰ ਦੱਸਦਾ ਫਿਰੇ, 'ਮੇਰਾ ਮੱਟ ਮੁੰਡੇ ਚੁਰਾ ਕੇ ਲੈ ਗਏ ਨੇ।' ਆਖਰ ਡਾਂਗ ਸੋਟੇ ਤੱਕ ਨੌਬਤ ਆਈ ਤਾਂ ਪੰਚਾਇਤ ਇਕੱਠੀ ਹੋਈ। ਮੁੰਡੇ ਮੰਨ ਗਏ ਕਿ ਅਸਾਂ ਮੱਟ ਚੁਰਾਇਆ ਏ, ਪਰ ਨਾਲ ਉਹਨਾਂ ਦੋਸ਼ ਲਾਇਆ, 'ਜਦੋਂ ਅਸੀਂ ਕੱਢਦੇ ਆਂ, ਇਹ ਕੋਲ ਆ ਕੇ ਬਹਿ ਜਾਂਦਾ ਏ, ਤੇ ਅੱਧੀ-ਅੱਧੀ ਬੋਤਲ ਪੀ ਜਾਂਦਾ ਏ। ਜਦੋਂ ਇਹ ਆਪ ਕੱਢਦਾ ਏ, ਸਾਨੂੰ ਚਖਾਉਂਦਾ ਵੀ ਨਹੀਂ।' ਪੰਚਾਇਤ ਵਿਚ ਸਿਆਣੇ ਆਦਮੀ ਬੈਠੇ ਸਨ, ਉਹਨਾਂ ਨੇ ਮੱਟ ਤਾਂ ਮੁੜਵਾ ਦਿੱਤਾ, ਪਰ ਨਾਲ ਹੀ ਉਸ ਸੂਮ ਨੂੰ ਸਜ਼ਾ ਦਿੱਤੀ ਕੀ ਉਹ ਇਕ ਬੋਤਲ ਕੱਢ ਕੇ ਮੁੰਡਿਆਂ ਨੂੰ ਦੇਵੇਗਾ।

ਇਹ ਗੱਲ ਚਾਚਾ ਸੁਣਾਉਂਦਾ ਹੁੰਦਾ ਸੀ। ਤਾਏ ਨੂੰ ਸਭ ਪਤਾ ਸੀ, ਪਰ ਉਸ ਨੇ ਇਸ ਬਾਰੇ ਕਦੇ ਜ਼ਿਕਰ ਨਹੀਂ ਸੀ ਕੀਤਾ, ਨਾ ਹੀ ਇਹ ਕੋਈ ਐਡੀ ਵੱਡੀ ਗੱਲ ਹੈ ਜਿਹੜੀ ਜ਼ਰੂਰ ਸੁਣਾਈ ਜਾਵੇ। ਮੈਂ ਕਿੱਸਾ ਇਹ ਦੱਸਣ ਲਈ ਲਿਖਿਆ ਹੈ ਕਿ ਬਾਰਾਂ ਵਸਾਉਣ ਵਾਲਿਆਂ ਨੂੰ ਪੇਸ਼ ਆਉਣ ਵਾਲੀਆਂ ਔਕੜਾਂ ਵਿਚੋਂ ਇਹ ਵੀ ਇਕ ਵੱਡੀ ਔਕੜ ਸੀ। ਪੀਣ ਵਾਲਿਆਂ ਨੇ ਪੀਣੀ ਸੀ, ਠੇਕਾ ਇਥੇ ਕੋਈ ਹੈ ਨਹੀਂ ਸੀ। ਆਪ ਹੀ ਕੱਢਣੀ ਪੈਂਦੀ ਸੀ। ਭਾਵੇਂ ਪੂਰੇ ਮਸਾਲੇ ਨਹੀਂ ਸਨ ਮਿਲਦੇ, ਸਾਜ-ਸਮਾਨ ਦੀ ਵੀ ਘਾਟ ਸੀ, ਪਰ ਜਦੋਂ ਹਿੰਮਤ ਹੋਵੇ, ਜੇਰਾ ਹੋਵੇ, ਤਾਂ ਬੰਦਾ ਸਭ ਕੁਝ ਕਰ ਲੈਂਦਾ ਹੈ। ਸਾਡੇ ਬਾਰ ਛੱਡਣ ਤੱਕ ਮੱਟ ਦੱਬੀਦੇ ਰਹੇ, ਭੱਠੀਆਂ ਚੜ੍ਹਦੀਆਂ ਰਹੀਆਂ, ਮਹਿਫ਼ਲਾਂ ਲੱਗਦੀਆਂ ਰਹੀਆਂ। ਇਹ ਵੀ ਗੰਜੀ ਬਾਰ ਦੇ ਕਲਚਰ ਦਾ ਇਕ ਜ਼ਰੂਰੀ ਅੰਗ ਸੀ।

ਕਾਫ਼ੀ ਚਿਰ ਪਿੱਛੋਂ ਸਰਕਾਰ ਨੇ ਇਹਨਾਂ ਪਿੰਡਾਂ ਵਿਚ ਸ਼ਰਾਬ ਦਾ ਠੇਕਾ ਖੋਲ੍ਹਣਾ ਚਾਹਿਆ ਤਾਂ ਕੋਈ ਵੀ ਪਿੰਡ ਇਹ ਠੇਕਾ ਲੈਣ ਨੂੰ ਤਿਆਰ ਨਹੀਂ ਸੀ, ਕਿਉਂਕਿ ਸੂਝਵਾਨ ਫ਼ੌਜੀ ਸ਼ਰਾਬ ਦੇ ਠੇਕੇ ਨੂੰ ਇਕ ਲਾਹਨਤ ਸਮਝਦੇ ਸਨ। ਅੰਤ ਵਿਚ ਇਹ ਠੇਕਾ ਇਸ ਇਲਾਕੇ ਦੇ ਸਭ ਤੋਂ ਛੋਟੇ ਤੇ ਕਿਸੇ ਹੱਦ ਤੱਕ ਸਭ ਤੋਂ ਪਛੜੇ ਹੋਏ ਪਿੰਡ ਚੱਕ ਨੰਬਰ 81 ਵਿਚ ਖੋਲ੍ਹਿਆ ਗਿਆ। ਭੱਠੀਆਂ ਦੇ ਨਾਲ-ਨਾਲ ਠੇਕੇ ਵਾਲਿਆਂ ਦਾ ਕਾਰੋਬਾਰ ਵੀ ਚੰਗਾ ਚਲਦਾ ਰਿਹਾ। ਪਰ ਮੈਂ ਬੜੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਸਾਡੇ ਇਲਾਕੇ ਦੇ ਕਿਸੇ ਵੀ ਪਿੰਡ ਦੇ ਕਿਸੇ ਵਸਨੀਕ ਨੇ ਸ਼ਰਾਬ ਪੀ ਕੇ ਜਾਇਦਾਦ ਨਹੀਂ ਸੀ ਉਜਾੜੀ। ਸ਼ਰਾਬੀਆਂ ਦੇ ਦੰਗੇ ਵੀ ਬਹੁਤ ਘੱਟ ਹੋਏ। ਆਪਣੇ ਪਿੰਡ ਦੀ ਮੈਨੂੰ ਸਿਰਫ਼ ਇਕ ਕਹਾਣੀ ਯਾਦ ਹੈ ਅਤੇ ਇਸ ਦਾ ਸੰਬੰਧ ਪਿੰਡ ਦੇ ਸਭ ਤੋਂ ਸਰੀਫ਼ ਮੰਨੇ ਜਾਂਦੇ ਫ਼ੌਜੀ ਹੌਲਦਾਰ ਕੇਸਰ ਸਿੰਘ ਨਾਲ ਹੈ।

ਜਮਾਂਦਾਰ ਨਰੈਣ ਸਿੰਘ ਦੇ ਲੜਕੇ ਬਚਨ ਸਿੰਘ ਦਾ ਛੁਹਾਰਾ ਪਿਆ। ਭਾਵੇਂ ਜਮਾਂਦਾਰ ਸ਼ਾਹਿਬ ਦੇ ਸਾਰੇ ਟੱਬਰ ਵਿਚੋਂ ਕੋਈ ਵੀ ਬਹੁਤਾ ਪੀਣ ਵਾਲਾ ਨਹੀਂ ਸੀ ਪਰ ਉਹਨਾਂ ਦੇ

www.sikhbookclub.com



ਸੁਜਣਾਂ-ਮਿੱਤਰਾਂ ਨੇ ਸ਼ਰਾਬ ਦਾ ਚੰਗਾ ਦੌਰ ਚਲਾਇਆ। ਹੌਲਦਾਰ ਕੇਸਰ ਸਿੰਘ ਕੁਝ ਜ਼ਿਆਦਾ ਪੀ ਗਿਆ ਤੇ ਘਰੋਂ ਬਾਹਰ ਨਿੱਕਲ ਕੇ ਕਿਸੇ ਮਾਮੂਲੀ ਜਿਹੀ ਗੱਲ ਪਿੱਛੇ ਉਸ ਨੇ ਪਿੰਡ ਦੇ ਦੁਕਾਨਦਾਰ ਸਾਧੂ ਰਾਮ ਨੂੰ ਡਾਂਗ ਮਾਰ ਦਿੱਤੀ। ਸੱਟ ਸਿਰ ਵਿਚ ਲੱਗੀ ਸੀ ਪਰ ਹਸਪਤਾਲ ਦੇ ਡਾਕਟਰਾਂ ਨੇ ਮੌਕੇ ਸਿਰ ਸੰਭਾਲ ਲਿਆ ਤੇ ਦਸ ਦਿੱਤਾ ਕਿ ਸਾਧੂ ਰਾਮ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪਿੰਡ ਵਾਲਿਆਂ ਨੇ ਜ਼ੋਰ ਪਾ ਕੇ ਦੋਹਾਂ ਧਿਰਾਂ ਦੀ ਸੁਲ੍ਹਾ-ਸਫ਼ਾਈ ਕਰਵਾ ਦਿੱਤੀ। ਪਰ ਹੌਲਦਾਰ ਕੇਸਰ ਸਿੰਘ ਨੂੰ 600/-ਰੁਪਏ ਜੁਰਮਾਨੇ ਵਜੋਂ ਸਾਧੂ ਰਾਮ ਦੇ ਇਲਾਜ ਕਰਵਾਉਣ ਲਈ ਦੇਣੇ ਪਏ। 600/- ਰੁਪਏ ਉਹਨੀਂ ਦਿਨੀਂ ਇਕ ਵੱਡੀ ਰਕਮ ਸੀ ਤੇ ਹੌਲਦਾਰ ਨੇ ਇਹ ਰਕਮ ਕਰਜ਼ਾ ਚੁੱਕ ਕੇ ਦਿੱਤੀ ਸੀ। ਉਹ ਕਈ ਸਾਲ ਪਿਛੋਂ ਤੱਕ ਇਸ ਕਰਜ਼ੇ ਦੇ ਭਾਰ ਥਲੇ ਦੱਬਿਆ ਰਿਹਾ।

ਭੱਠੀਆਂ ਨਾਲ ਸੰਬੰਧਿਤ ਮੀਆਂ ਚੰਨੂ ਦੇ ਨੇੜੇ ਦੇ ਇਕ ਪਿੰਡ ਦੀ ਘਟਨਾ ਬੜੀ ਦਿਲਚਸਪ ਹੈ। ਇਕ ਬਜ਼ੁਰਗ ਦਾ ਮੁਰਬਾ ਮੀਆਂ ਚਨੂੰ ਨੂੰ ਜਾਣ ਵਾਲੀ ਸੜਕ ਦੇ ਨਾਲ ਲੱਗਦਾ ਸੀ। ਸੜਕ ਦੇ ਕੰਢੇ ਤੇ ਉਸ ਨੇ ਆਪਣਾ ਡੇਰਾ ਬਣਾਇਆ ਹੋਇਆ ਸੀ। ਬਾਬਾ ਦੁਪਹਿਰੇ ਹੀ ਖੁਲ੍ਹੇ ਮੈਦਾਨ ਭੱਠੀ ਚੜ੍ਹਾਈ ਬੈਠਾ ਸੀ। ਬਦਕਿਸਮਤੀ ਨੂੰ ਪੁਲਿਸ ਦੀ ਇਕ ਟੋਲੀ ਕਿਸੇ ਕਤਲ ਦੀ ਤਫ਼ਤੀਸ਼ ਲਈ ਅੱਗੇ ਗਈ ਹੋਈ ਸੀ ਜੋ ਉਸ ਸਮੇਂ ਵਾਪਸ ਪਰਤੀ ਤਾਂ ਬਾਬੇ ਦੀ ਭੱਠੀ ਵੇਖ ਕੇ ਠਾਣੇਦਾਰ ਬਾਬੇ ਕੋਲ ਗਿਆ ਤੇ ਜਾ ਕੇ ਪੁਛਣ ਲੱਗਾ, "ਬਾਬਾ ਜੀ ਕੀ ਕਰ ਰਹੇ ਹੋ?" ਬਾਬੇ ਨੇ ਸਹਿਜ ਸੁਭਾ ਉੱਤਰ ਦਿੱਤਾ, "ਸ਼ਰਾਬ ਕੱਢ ਰਿਹਾਂ ਜੀ। ਬੜੇ ਮਸਾਲੇ ਪਾ ਕੇ ਮੱਟ ਤਿਆਰ ਕੀਤਾ ਸੀ ਦੋ ਬੋਤਲਾਂ ਕੱਢ ਲਈਆਂ ਨੇ, ਆਓ ਬੈਠੋ! ਜ਼ਰ੍ਹਾ ਚੱਖ ਕੇ ਵੇਖੋ।" ਇਹ ਕਹਿ ਕੇ ਬਾਬੇ ਨੇ ਮੰਜੀਆਂ ਡਾਹ ਦਿੱਤੀਆਂ। ਠਾਣੇਦਾਰ ਤੈਸ਼ ਵਿਚ ਆ ਕੇ ਬੋਲਿਆ, "ਬਾਬਾ ਤੂੰ ਸ਼ਰੇ-ਆਮ ਜੁਰਮ ਕਰ ਰਿਹਾ ਹੈਂ ਤੇ ਸਾਨੂੰ ਵੀ ਨਾਲ ਮੁਜਰਮ ਬਣਾਉਂਦਾ ਹੈ। ਬਾਬੇ ਨੂੰ ਇਸ ਗੱਲਾਂ ਦੀ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਜੁਰਮ ਕਰ ਰਿਹਾ ਹੈ। ਪਰ ਇੰਨੇ ਨੂੰ ਦੂਰ ਹਲ ਵਾਹੁੰਦੇ ਬਾਬੇ ਦੇ ਮੁੰਡੇ ਕੋਲ ਆ ਗਏ। ਨਾਲ ਦੇ ਮੁਰੱਬੇ ਵਾਲੇ ਕੁਝ ਹੋਰ ਲੋਕ ਵੀ ਆ ਗਏ। ਉਹਨਾਂ ਆ ਕੇ ਠਾਣੇਦਾਰ ਨੂੰ ਬੇਨਤੀ ਕੀਤੀ ਕਿ ਇਸ ਸਾਦਾ-ਸੁਭਾਅ ਬਜ਼ੁਰਗ ਨੂੰ ਇੰਨਾ ਪਤਾ ਹੀ ਨਹੀਂ ਕਿ ਸ਼ਰਾਬ ਕੱਢਣਾ ਜੁਰਮ ਹੈ। ਪਰ ਨਾਲ ਹੀ ਉਹਨਾਂ ਦੱਸਿਆ ਕਿ ਬਾਬੇ ਦੀ ਕੱਢੀ ਸ਼ਰਾਬ ਵਿਸ਼ਕੀ ਨੂੰ ਮਾਤ ਕਰਦੀ ਹੈ। ਤੁਸੀਂ ਜ਼ਰ੍ਹਾ ਚੱਖ ਕੇ ਵੇਖੋ। ਰੋਟੀ ਟੁੱਕ ਦਾ ਪ੍ਰਬੰਧ ਅਸੀਂ ਕਰਦੇ ਹਾਂ। ਠਾਣੇਦਾਰ ਦਾ ਦਿਲ ਲਲਚਾ ਆਇਆ, ਉਹ ਬਹਿ ਗਿਆ। ਨਾਲ ਦੇ ਤਿੰਨ ਮੁਸਲਮਾਨ ਕਾਂਸਟੇਬਲ ਸ਼ਰਾਬ ਨਹੀਂ ਸੀ ਪੀਂਦੇ, ਉਹਨਾਂ ਲਈ ਮੁਸਲਮਾਨ ਤੇਲੀ ਨੂੰ ਸੱਦ ਕੇ ਮੁਰਗੇ ਤੇ ਰੋਟੀਆਂ ਤਿਆਰ ਕਰਵਾ ਦਿੱਤੀਆਂ। ਠਾਣੇਦਾਰ ਤੇ ਹੋਰ ਦੋ ਹਿੰਦੂ ਤੇ ਇਕ ਸਿੱਖ ਕਾਂਸਟੇਬਲ ਲਈ ਬਕਰਾ ਝਟਕਾ ਲਿਆ। ਦੋਹਾਂ ਹਿੰਦੂ ਕਾਂਸਟੇਬਲਾਂ ਨੇ ਪਹਿਲਾਂ ਕਦੇ ਨਹੀਂ ਸੀ ਪੀਤੀ। ਅੱਜ ਮੁਫ਼ਤ ਦੀ ਮਿਲੀ ਉਹ ਵੀ ਵਿਤੋਂ ਬਾਹਰੀ ਪੀ ਗਏ ਤੇ ਪਿੱਛੋਂ ਕੈਆਂ ਕਰਨ ਲੱਗ ਪਏ। ਉਹਨਾਂ ਦੀ ਹਾਲਤ ਵਿਗੜਦੀ ਵੇਖ ਕੇ ਠਾਣੇਦਾਰ ਨੂੰ ਤੇ ਪਿੰਡ ਵਾਲਿਆਂ ਨੂੰ ਵੀ ਫ਼ਿਕਰ ਪੈ ਗਿਆ। ਆਖ਼ਰ ਉਹਨਾਂ ਨੂੰ ਗੱਡੇ ਤੇ ਪਾ ਕੇ ਮੀਆਂ ਚੰਨੂੰ ਹਸਪਤਾਲ ਪੁਚਾਇਆ ਗਿਆ ਤੇ ਦੱਸਿਆ ਇਹ ਗਿਆ ਕਿ ਇਹਨਾਂ ਨੇ ਅੱਧ-ਪੱਕੇ ਚਿੱਭੜ ਖਾ ਲਏ ਹਨ ਜਿਸ ਕਾਰਨ ਇਹਨਾਂ

www.sikhbookclub.com



ਨੂੰ ਹੈਜ਼ਾ ਹੋ ਗਿਆ ਹੈ। ਖ਼ੈਰ ਦੋਵੇਂ ਕਾਂਸਟੇਬਲ ਬਚਾਅ ਲਏ ਗਏ ਅਤੇ ਪਿੰਡ ਵਾਲਿਆਂ ਨੇ ਬਾਬੇ ਦੇ ਮੁੰਡਿਆਂ ਨੂੰ ਸਮਝਾਇਆ ਕਿ ਉਹ ਬਾਬੇ ਦੀ ਭੱਠੀ ਕਿਸੇ ਲੁਕਵੇਂ ਥਾਵੇਂ ਬਣਾ ਦੇਣ।

ਸ਼ਰਾਬ ਗੰਜੀ ਬਾਰ ਦੇ ਸਭਿਆਚਾਰ ਦਾ ਇਕ ਅੰਗ ਸੀ। ਭਾਵੇਂ ਹਰ ਪਿੰਡ ਵਿਚ ਚੋਖੀ ਗਿਣਤੀ ਅਜਿਹੇ ਲੋਕਾਂ ਦੀ ਸੀ ਜਿਹੜੇ ਸ਼ਰਾਬ ਦੀ ਬੋਤਲ ਨੂੰ ਹੱਥ ਵੀ ਨਹੀਂ ਸਨ ਲਾਉਂਦੇ। ਫਿਰ ਵੀ ਪੰਜਾਬ ਦੇ ਪੇਂਡੂ ਸਮਾਜ ਵਿਚ ਜਿੰਨੀ ਸ਼ਰਾਬ ਅੱਜ-ਕੱਲ੍ਹ ਉਡਾਈ ਜਾ ਰਹੀ ਹੈ ਗੰਜੀ ਬਾਰ ਦੇ ਪਿੰਡਾਂ ਵਿਚ ਇਸ ਦਾ ਦੱਸਵਾਂ ਹਿੱਸਾ ਵੀ ਨਹੀਂ ਸੀ ਵਰਤੀ ਜਾਂਦੀ। ਸੂਝਵਾਨ ਲੋਕਾਂ ਦਾ ਨੌਜਵਾਨਾਂ ਉੱਤੇ ਵੀ ਕਾਫ਼ੀ ਕੰਟਰੋਲ ਸੀ ਅਤੇ ਕਿਸੇ ਵੀ ਬੁਰਾਈ ਨੂੰ ਮੁਨਾਸਬ ਹੱਦ ਤੋਂ ਅੱਗੇ ਨਹੀਂ ਸੀ ਵੱਧਣ ਦਿੱਤਾ ਜਾਂਦਾ। ਕਈਆਂ ਪਿੰਡਾਂ ਵਿਚ ਤਾਂ ਪੰਚਾਇਤਾਂ ਦੇ ਬਣਾਏ ਨਿਯਮ ਬੜੀ ਕਰੜਾਈ ਨਾਲ ਨਿਭਾਏ ਜਾਂਦੇ ਸਨ। ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਗੰਜੀ ਬਾਰ ਦੇ ਪਿੰਡਾਂ ਵਿਚ ਸਮਾਜਿਕ ਡਸਿਪਲਿਨ ਅੱਜ ਨਾਲੋਂ ਕਈ ਗੁਣਾਂ ਜ਼ਿਆਦਾ ਸੀ।

www.sikhbookclub.com

## 14

# ਸਭ ਤੋਂ ਔਖੇ ਦਿਨ

ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਸਾਡੇ ਇਲਾਕੇ ਦੇ ਸਾਰੇ ਲੋਕ ਅਜੇ ਡਿੱਘੀਆਂ ਦਾ ਪਾਣੀ ਹੀ ਪੀਂਦੇ ਸਨ; ਖੂਹ ਅਜੇ ਕਿਸੇ ਪਿੰਡ ਵਿਚ ਨਹੀਂ ਸੀ ਲੱਗਾ। ਸਾਡੇ ਪਿੰਡ ਵਿਚ ਪੀਣ ਵਾਲੇ ਪਾਣੀ ਦੀ ਡਿੱਘੀ ਡੰਗਰਾਂ ਵਾਲੀ ਡਿੱਘੀ ਦੇ ਨਾਲ ਜੁੜਵੀਂ ਸੀ, ਨਹਿਰ ਦਾ ਪਾਣੀ ਸਿੱਧਾ ਡੰਗਰਾਂ ਵਾਲੀ ਡਿੱਘੀ ਵਿਚ ਆਉਂਦਾ ਸੀ, ਤੇ ਉਸ ਵਿਚੋਂ ਲੰਘ ਕੇ ਹੀ ਸਾਡੀ ਡਿੱਘੀ ਵਿਚ ਪਾਣੀ ਆਉਂਦਾ ਸੀ। ਨਹਿਰ ਦਾ ਪਾਣੀ ਤਕਰੀਬਨ ਹਫਤੇ ਪਿੱਛੋਂ ਪੈਂਦਾ ਸੀ।

ਪਿੰਡ ਵਾਲਿਆਂ ਨੂੰ ਪੱਕੀ ਹਦਾਇਤ ਸੀ ਕਿ ਪੀਣ ਵਾਲੇ ਪਾਣੀ ਦੀ ਡਿੱਘੀ ਵਿਚ ਡੰਗਰ ਨਹੀਂ ਵੜਨ ਦੇਣੇ, ਕੋਈ ਉੱਥੇ ਨ੍ਹਾਏਗਾ ਨਹੀਂ, ਕਪੜੇ ਨਹੀਂ ਧੋਏਗਾ, ਹੱਥ-ਮੂੰਹ ਨਹੀਂ ਧੋਏਗਾ। ਇਹਨਾਂ ਹਦਾਇਤਾਂ ਉੱਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਂਦਾ ਸੀ; ਪਰ ਇਕ ਸਮੱਸਿਆ ਦਾ ਹੱਲ ਅੰਤ ਤੱਕ ਨਾ ਲੱਭ ਸਕਿਆ। ਪਿੰਡ ਦੇ ਸਾਰੇ ਕੁੱਤੇ ਪੀਣ ਵਾਲੇ ਪਾਣੀ ਦੀ ਡਿੱਘੀ ਵਿਚੋਂ ਹੀ ਪਾਣੀ ਪੀਂਦੇ ਸਨ; ਸਗੋਂ ਅਸ਼ਨਾਨ ਵੀ ਇਸੇ ਡਿੱਘੀ ਵਿਚ ਕਰਦੇ ਸਨ। ਕੁੱਤਿਆਂ ਨੂੰ ਮੋੜਨ ਲਈ ਸਾਰਾ ਪਿੰਡ ਤਾਣ ਲਾਉਂਦਾ ਰਿਹਾ; ਜਿਹੜਾ ਕੋਈ ਡੰਗਰਾਂ ਨੂੰ ਪਾਣੀ ਡਾਹੁਣ ਜਾਵੇ, ਉਹ ਨਾਲ ਕੁੱਤਿਆਂ ਨੂੰ ਮੋੜਨ ਦੀ ਡਿਊਟੀ ਵੀ ਨਿਭਾਉਂਦਾ ਸੀ। ਲਾਗੇ-ਚਾਗੇ ਡੰਗਰ ਚਾਰਨ ਵਾਲੇ, ਡਿੱਘੀ ਕੋਲੋਂ ਦੀ ਲੰਘਣ ਵਾਲੇ ਕੁੱਤਿਆਂ ਨੂੰ ਮੋੜਨਾ ਆਪਣਾ ਫ਼ਰਜ਼ ਸਮਝਦੇ ਸਨ; ਆਖਰ ਸਾਰਿਆਂ ਨੇ ਪਾਣੀ ਤਾਂ ਇਥੋਂ ਹੀ ਪੀਣਾ ਸੀ। ਪਰ ਗੰਜੀ ਬਾਰ ਦੇ ਕੁੱਤੇ ਵੀ ਤਾਂ ਸਰਦਾਰਾਂ ਦੇ ਕੁੱਤੇ ਸਨ, ਉਹ ਆਪਣੇ ਆਪ ਨੂੰ ਸਰਦਾਰਾਂ ਨਾਲੋਂ ਘੱਟ ਨਹੀਂ ਸਨ ਸਮਝਦੇ। ਜਦੋਂ ਤੱਕ ਅਸੀਂ ਡਿੱਘੀਆਂ ਦਾ ਪਾਣੀ ਪੀਂਦੇ ਰਹੇ, ਕੁੱਤੇ ਵੀ ਇਥੋਂ ਹੀ ਪਾਣੀ ਪੀਂਦੇ ਰਹੇ ਤੇ ਇਥੇ ਹੀ ਨ੍ਹਾਉਂਦੇ ਰਹੇ। ਮੈਨੂੰ ਹੁਣ ਪੂਰਾ ਯਾਦ ਨਹੀਂ, ਪਰ ਅਨੁਮਾਨ ਹੈ ਕਿ ਅਸਾਂ ਕੋਈ ਪੰਜ ਸਾਲ ਛੱਪੜਾਂ ਦਾ ਪਾਣੀ ਪੀਤਾ।

ਛੱਪੜਾਂ ਦਾ ਪਾਣੀ ਵੀ ਗਨੀਮਤ ਸੀ; ਕੁਝ ਚਿਰ ਪਿੱਛੋਂ ਅਜਿਹੇ ਦਿਨ ਵੀ ਆ ਗਏ ਕਿ ਛੱਪੜਾਂ ਦਾ ਪਾਣੀ ਮਿਲਣਾ ਵੀ ਬੰਦ ਹੋ ਗਿਆ। ਪਟਵਾਰੀਆਂ ਨੇ ਪਿੰਡਾਂ ਵਿਚ ਘੁੰਮ-ਘੁੰਮ ਕੇ ਦੱਸਿਆ ਕਿ ਦੋ ਮਹੀਨੇ (ਜਾਂ ਡੇਢ ਮਹੀਨੇ) ਲਈ ਨਹਿਰ ਬੰਦ ਰਹੇਗੀ, ਮੁਰੰਮਤ ਆਦਿ ਲਈ। ਮੈਨੂੰ ਅੱਜ ਇਹ ਯਾਦ ਨਹੀਂ ਕਿ ਨਹਿਰ ਦੀ ਬੰਦੀ ਕਿਹੜੇ ਮਹੀਨਿਆਂ ਵਿਚ ਹੁੰਦੀ ਸੀ। ਅੰਦਾਜ਼ੇ ਨਾਲ ਕਹਿ ਸਕਦਾ ਹਾਂ ਕਿ ਬੰਦੀ ਮਈ, ਜੂਨ ਜਾਂ ਅੱਧ ਅਪ੍ਰੈਲ ਤੋਂ ਪਿੱਛੋਂ ਹੁੰਦੀ ਸੀ। ਇਹਨੀਂ ਦਿਨੀਂ ਕਣਕਾਂ ਪੱਕ ਚੁੱਕੀਆਂ ਹੁੰਦੀਆਂ ਸਨ ਤੇ ਕਪਾਹ

www.sikhbookclub.com



ਦੀ ਬਿਆਈ ਵਿਚ ਅਜੇ ਕੁਝ ਸਮਾਂ ਹੁੰਦਾ ਸੀ। ਬੰਦੀ ਦਾ ਨਾਮ ਸੁਣਦਿਆਂ ਹੀ ਸਾਰੇ ਇਲਾਕੇ ਨੂੰ ਫ਼ਿਕਰ ਪੈ ਗਿਆ। ਸਾਡੀਆਂ ਡਿੱਘੀਆਂ ਭਾਵੇਂ ਹੁਣ ਕਾਫ਼ੀ ਖੁੱਲ੍ਹੀਆਂ ਸਨ, ਪਰ ਇਹਨਾਂ ਵਿਚ ਪੰਦਰਾਂ, ਵੀਹ ਦਿਨ ਤੋਂ ਵਧੇਰੇ ਸਮੇਂ ਤੱਕ ਪਾਣੀ ਨਹੀਂ ਸੀ ਖਲੋ ਸਕਦਾ। ਪੀਣ ਵਾਲੀ ਡਿੱਘੀ ਦਾ ਪਾਣੀ ਤਾਂ ਬਾਰਾ, ਚੌਧਾਂ ਦਿਨਾਂ ਪਿੱਛੋਂ ਹੀ ਥੱਲੇ ਲੱਗ ਜਾਂਦਾ ਸੀ।

ਆਖਰ ਬੰਦੀ ਆ ਗਈ। ਪੰਦਰਾਂ ਦਿਨਾਂ ਤੋਂ ਪਹਿਲਾਂ ਹੀ ਦੋਵੇਂ ਡਿੱਘੀਆਂ ਥੱਲੇ ਲੱਗ ਗਈਆਂ, ਪਾਣੀ ਆਪਣੇ ਤੇ ਡੰਗਰਾਂ ਦੇ ਪੀਣ ਜੋਗਾ ਨਾ ਰਿਹਾ। ਹੁਣ ਸਾਡੇ ਇਲਾਕੇ ਦੇ ਲੋਕਾਂ ਦਾ ਸਭ ਤੋਂ ਔਖਾਂ ਸਮਾਂ ਸ਼ੁਰੂ ਹੋਇਆ। ਪੀਣ ਵਾਲਾ ਪਾਣੀ ਲੈਣ ਲਈ ਮੰਬੇ ਬੰਗਲੇ ਜਾਣਾ ਪੈਂਦਾ ਸੀ, ਜੋ ਸਾਡੇ ਪਿੰਡ ਤੋਂ ਕੋਈ ਚਾਰ, ਪੰਜ ਮੀਲ ਦੂਰ ਸੀ। ਸਵੇਰੇ ਹੀ ਰੋਟੀ, ਟੁੱਕ ਖਾਕੇ, ਚਾਰ-ਚਾਰ, ਪੰਜ-ਪੰਜ ਘਰ ਰੱਲ ਕੇ ਘੜੇ ਗੱਡਿਆਂ ਤੇ ਰੱਖ ਲੈਂਦੇ ਤੇ ਮੰਬੇ ਬੰਗਲੇ ਪਹੁੰਚ ਜਾਂਦੇ। ਓਥੇ ਸਿਰਫ਼ ਇਕ ਖੂਹੀ ਸੀ ਤੇ ਕੋਈ ਚੌਦਾਂ ਪੰਦਰਾਂ ਪਿੰਡ ਪਾਣੀ ਲੈਣ ਆਉਂਦੇ ਸਨ। ਕਦੇ-ਕਦੇ ਵਾਰੀ ਬੜੇ ਚਿਰ ਪਿੱਛੋਂ ਆਉਂਦੀ ਸ਼ੀ; ਤੇ ਪਾਣੀ ਦੇ ਗੱਡੇ ਸੂਰਜ ਡੁਬਦੇ ਨਾਲ ਵਾਪਸ ਪਿੰਡ ਪਹੁੰਚਦੇ ਸਨ। ਸਾਰਿਆਂ ਲੋਕਾਂ ਨੇ ਪਾਣੀ ਸੰਕੋਚਕੇ ਵਰਤਣ ਦੇ ਆਪੋ-ਆਪਣੇ ਢੰਗ ਤਰੀਕੇ ਲੱਭ ਲਏ ਸਨ। ਲੱਸੀ ਹਰ ਘਰ ਵਿਚ ਕਾਫ਼ੀ ਸੀ, ਕੋਸ਼ਸ਼ ਕੀਤੀ ਜਾਂਦੀ ਸੀ ਕਿ ਜਿਥੋਂ ਤੱਕ ਹੋ ਸਕੇ ਪਾਣੀ ਦੀ ਥਾਂ ਲੱਸੀ ਦੀ ਵਰਤੋਂ ਕੀਤੀ ਜਾਵੇ। ਸਵੇਰੇ ਮੂੰਹ-ਹੱਥ ਧੋਣ ਲਈ ਇਕ ਗਲਾਸ ਤੋਂ ਵੱਧ ਪਾਣੀ ਨਹੀਂ ਸੀ ਮਿਲਦਾ। ਭਾਂਡੇ ਸੁਕਮਾਂਜ ਕੀਤੇ ਜਾਂਦੇ ਸਨ, ਧੋਣ ਲਈ ਪਾਣੀ ਬਚਾਉਣਾ ਔਖਾ ਸੀ। ਬੰਦੀ ਦੇ ਦਿਨਾਂ ਵਿਚ ਕਪੜੇ ਧੋਣ ਦਾ ਕੋਈ ਅਵਸਰ ਹੀ ਨਹੀਂ ਸੀ। ਮੁਲਤਾਨ ਦੀ ਗਰਮੀ ਵਿਚ ਕਪੜੇ ਮੁੜ੍ਹਕੇ ਨਾਲ ਭਿੱਜ ਜਾਂਦੇ ਸਨ, ਪਰ ਕਈ ਕਈ ਦਿਨ ਇਹੋ ਮੁੜ੍ਹਕੇ ਵਾਲੇ ਕਪੜੇ ਪਾਉਣੇ ਪੈਂਦੇ ਸਨ। ਗੱਲ ਦੇ ਕੁੜਤੇ ਤਾਂ ਮੁੜ੍ਹਕੇ ਨਾਲ ਆਕੜ ਕੇ ਚੰਮ ਵਰਗੇ ਕਰੜੇ ਹੋ ਜਾਂਦੇ ਸਨ। ਦੁੱਧ ਵਾਲੇ ਭਾਂਡੇ—ਦੋਹਣੀ, ਕਾੜ੍ਹਨੀ, ਚਾਟੀ ਆਦਿ ਰੋਜ਼ ਜ਼ਰੂਰ ਧੋਣੇ ਪੈਂਦੇ ਸਨ। ਕੋਸ਼ਸ਼ ਇਹ ਕੀਤੀ ਜਾਂਦੀ ਸੀ ਕਿ ਜਿਸ ਪਾਣੀ ਨਾਲ ਦੋਹਣੀ ਧੋਤੀ ਜਾਵੇ, ਉਹੋ ਪਾਣੀ ਕਾੜ੍ਹਨੀ ਤੇ ਫੇਰ ਚਾਟੀ ਧੋਣ ਲਈ ਵਰਤ ਲਿਆ ਜਾਵੇ। ਇਹੋ ਜਿਹੇ ਹੋਰ ਕਈ ਢੰਗ ਪਾਣੀ ਸੰਕੋਚ ਕੇ ਵਰਤਣ ਲਈ ਲੋਕਾਂ ਨੇ ਆਪੇ ਹੀ ਕੱਢ ਲਏ ਸਨ।

ਇਹ ਤਾਂ ਸੀ ਘਰਾਂ ਵਿਚ ਵਰਤਣ ਵਾਲੇ ਪਾਣੀ ਦਾ ਹਾਲ; ਡੰਗਰਾਂ ਨੂੰ ਪਾਣੀ ਪਿਆਉਣਾ ਹੋਰ ਵੀ ਕਠਿਨ ਸਮੱਸਿਆ ਸੀ। ਸਾਡੀ ਕਿਸਮਤ ਨੂੰ ਮੋਹਲਵਾਲੀ ਵਿਚ ਵੱਗਣ ਵਾਲਾ ਖੂਹ ਸੀ। ਇਸ ਸਾਰੇ ਇਲਾਕੇ ਵਿਚ ਵੱਗਣ ਵਾਲਾ ਖੂਹ ਸ਼ਾਇਦ ਇਹ ਇਕੱਲਾ ਹੀ ਸੀ। ਖੂਹ ਦਾ ਮਾਲਕ ਮੁਸਲਮਾਨ ਨੇਕ ਦਿਲ ਆਦਮੀ ਸੀ, ਉਹ ਬੰਦੀ ਤੋਂ ਪਹਿਲਾਂ ਖੂਹ ਦੀਆਂ ਟਿੰਡਾਂ, ਮਾਹਲ, ਪਾੜਛਾ, ਨਸਾਰ ਸਭ ਠੀਕ-ਠਾਕ ਕਰਵਾ ਲੈਂਦਾ ਸੀ, ਕਿਉਂਕਿ ਸਾਰੇ ਇਲਾਕੇ ਦੇ ਪਸ਼ੂਆਂ ਨੇ ਇਥੋਂ ਪਾਣੀ ਪੀਣਾ ਸੀ। ਸਾਰਿਆਂ ਪਿੰਡਾਂ ਦੇ ਲੋਕ ਸਵੇਰੇ ਧਾਰਾਂ ਕੱਢ ਕੇ ਡੰਗਰ ਮੋਹਲਵਾਵੀ ਵੱਲ ਨੂੰ ਹਿੱਕ ਲੈਂਦੇ (ਸਾਡੇ ਪਿੰਡ ਤੋਂ ਮੋਹਲਵਾਲੀ ਕੋਈ ਅੱਠ ਮੀਲ ਦੂਰ ਸੀ।) ਤਕਰੀਬਨ ਵੀਹ ਪੰਝੀ ਪਿੰਡਾਂ (ਜਾਂ ਇਸ ਤੋਂ ਵੀ ਵਧੇਰੇ) ਦੇ ਡੰਗਰ ਮੋਹਲਵਾਲੀ ਪਹੁੰਚਦੇ। ਓਥੇ ਹਰ ਪਿੰਡ ਵਾਰੀ-ਵਾਰੀ ਆਪਣੀ ਜੋਗ ਜੋਂਦਾ। ਪਾਣੀ ਪੀਣ ਲਈ ਪਿੰਡ ਦੇ ਡੰਗਰ ਆਡ ਦੇ ਦੋਂਹ ਪਾਸੀਂ ਲਾ ਦਿੱਤੇ ਜਾਂਦੇ। ਇਕ ਵਾਰੀ ਪਾਣੀ ਡਾਹ ਕੇ

www.sikhbookclub.com



ਢੋਰ ਓਥੇ ਹੀ ਰੁੱਖਾਂ ਹੇਠ ਬੈਠਾ ਲੈਂਦੇ। ਰੁੱਖ ਦਰਖਤ ਲਾਗੇ ਬਹੁਤ ਸਨ। ਲੌਂਢੇ ਵੇਲੇ ਇਕ ਵਾਰੀ ਫਿਰ ਪਾਣੀ ਡਾਹ ਕੇ ਡੰਗਰ ਘਰਾਂ ਨੂੰ ਹਿੱਕ ਲੈਂਦੇ। ਹਰ ਘਰ ਦੇ ਮਰਦ ਵਾਰੀ-ਵਾਰੀ ਮਾਲ ਲੈ ਕੇ ਪਾਣੀ ਪਿਆਉਣ ਜਾਂਦੇ, ਕਿਉਂਕਿ ਜਿਹੜਾ ਡੰਗਰਾਂ ਨਾਲ ਜਾਵੇ ਉਸ ਨੂੰ ਓਥੇ ਨ੍ਹਾਉਣ ਦਾ ਵੀ ਮੌਕਾ ਮਿਲ ਜਾਂਦਾ ਸੀ, ਅਤੇ ਨਾਲ ਆਪਣੇ ਤੇ ਟੱਬਰ ਦੇ ਕਿਸੇ ਹੋਰ ਜੀਅ ਦੇ ਕਪੜੇ ਵੀ ਪਾਣੀ ਵਿਚ ਘਚੋਲ ਲੈਂਦਾ ਸੀ। ਪਿੰਡ ਵਿਚ ਤਾਂ ਨ੍ਹਾਉਣ ਦਾ ਤੇ ਕਪੜੇ ਧੋਣ ਦਾ ਪ੍ਰਬੰਧ ਹੀ ਨਹੀਂ ਸੀ। ਕੇਸੀਂ ਨ੍ਹਾਉਣ ਦਾ ਕੀ ਬੰਦੋਬਸਤ ਸੀ ? ਇਸ ਬਾਰੇ ਅੱਜ ਮੈਨੂੰ ਕੁਝ ਯਾਦ ਨਹੀਂ; ਹਾਂ ਚੇਤਾ ਆਉਂਦਾ ਹੈ, ਇਕ ਵਾਰੀ ਤਾਇਆ ਸ਼ੇਰ ਸਿੰਘ ਡੰਗਰਾਂ ਨਾਲ ਗਿਆ ਉਹ ਘਰੋਂ ਹੀ ਬਾਲਟੀ ਤੇ ਦਹੀਂ ਦਾ ਛੰਨਾ ਲੈ ਕੇ ਗਿਆ। ਓਥੇ ਤਾਇਆ ਜੀ ਨੇ ਕੇਸੀਂ ਅਸ਼ਨਾਨ ਕੀਤਾ; ਆਪਣੇ ਤੇ ਦੋਂਹ ਬਾਬਿਆਂ ਦੇ ਕਪੜੇ ਪਾਣੀ ਵਿਚ ਮਲੇ ਤੇ ਤਿਕਾਲੀਂ ਮਾਲ ਤੋਂ ਕਾਫੀ ਮਗਰੋਂ ਘੋੜੀ ਤੇ ਵਾਪਸ ਮੁੜਿਆ। ਡੰਗਰ ਉਸ ਨੇ ਕਿਸੇ ਹੋਰ ਨਾਲ ਭੇਜ ਦਿੱਤੇ ਸਨ। ਇਹ ਸਿਲਸਿਲਾ ਕੋਈ ਪੰਜ ਸਾਲ ਚੱਲਦਾ ਰਿਹਾ, ਜਦੋਂ ਤੱਕ ਪਿੰਡ ਵਿਚ ਖੂਹ ਨਾ ਲੱਗਾ।

ਘੱਟੋ-ਘੱਟ ਅਜਿਹੀਆਂ ਤਿੰਨਾਂ 'ਬੰਦੀਆਂ' ਦੇ ਸਮੇਂ ਮੈਂ ਬਾਰ ਵਿਚ ਹੀ ਸਾਂ। ਲੋਕੀਂ ਇਹ ਸਾਰੀਆਂ ਔਕੜਾਂ ਖਿੜੇ-ਮੱਥੇ, ਸਗੋਂ ਹਾਸੇ-ਮਖੌਲ ਕਰਦਿਆਂ ਝਲਦੇ ਸਨ। ਮੇਰੀ ਉਮਰ ਉਦੋਂ ਬਹੁਤ ਛੋਟੀ ਸੀ, ਪਰ ਮੰਬੇ ਬੰਗਲੇ ਨੂੰ ਪਾਣੀ ਲੈਣ ਜਾਂਦੇ ਗੱਡਿਆਂ ਦੇ, ਤੇ ਮਹੋਲਵਾਲੀ ਲਈ ਪਿੰਡੋਂ ਨਿਕਲਦੇ ਵੱਗਾਂ ਦੇ ਦ੍ਰਿਸ਼ ਅੱਜ ਵੀ ਮੇਰੀਆਂ ਅੱਖਾਂ ਸਾਮ੍ਹਣੇ ਘੁੰਮ ਰਹੇ ਹਨ। ਬੰਦੀਆਂ ਦੇ ਮੌਕੇ ਦੇ ਕੁਝ ਹਾਸੇ-ਠੱਠੇ ਵੀ ਕਈਆਂ ਵਰ੍ਹਿਆਂ ਦੇ ਭੁੱਲੇ-ਭਲਾਏ ਅੱਜ ਫਿਰ ਚੇਤੇ ਆ ਰਹੇ ਹਨ। ਇਕ ਵਾਰੀ ਮੰਬੇ ਬੰਗਲੇ ਤੋਂ ਪਾਣੀ ਲਈ ਆਉਂਦੇ ਇਕ ਗੱਡੇ ਦੇ ਢੱਗੇ ਡਰ ਕੇ ਦੌੜ ਪਏ। ਗੱਡੇ ਦਾ ਇਕ ਪਹੀਆ ਟੋਏ ਵਿਚ ਪੈ ਗਿਆ ਤੇ ਗੱਡਾ ਪਾਸ ਪੈ ਗਿਆ। ਗੱਡੇ ਤੇ ਰੱਖੇ ਅੱਧਿਆਂ ਤੋਂ ਵੱਧ ਘੜੇ ਤਾਂ ਟੁੱਟ ਗਏ, ਜਿਹੜੇ ਬਚੇ ਉਹਨਾਂ ਦਾ ਪਾਣੀ ਡੁੱਲ੍ਹ ਗਿਆ। ਗੱਡੇ ਉੱਤੇ ਚਹੁੰ ਟੱਬਰਾਂ ਦੇ ਘੜੇ ਸਨ। ਹੁਣ ਇਹਨਾਂ ਚਹੁੰ ਟੱਬਰਾਂ ਨੂੰ ਪਿੰਡ ਵਿਚੋਂ ਪਾਣੀ ਇਕੱਠਾ ਕਰਕੇ ਦੇਣਾ ਸੀ। ਜਵਾਨ ਮੁੰਡਿਆਂ ਦੀਆਂ ਦੋ ਪਾਰਟੀਆਂ ਤੋਰੀਆਂ ਗਈਆਂ, ਹੱਥਾਂ ਵਿਚ ਬਾਲਟੀਆਂ ਦੇ ਕੇ, ਹਰ ਘਰ ਤੋਂ ਦੋ-ਦੋ ਛੰਨੇ ਪਾਣੀ ਲੈਣ ਲਈ। ਮੁੰਡੇ ਬੜੇ ਸਟੱਲੀ ਨਿਕਲੇ; ਉਹਨਾਂ ਨੇ ਪਾਣੀ ਮੰਗਣ ਲਈ ਚੰਗੇ ਸਾਂਗ ਬਣਾ ਲਏ। ਜਿਹੜੀ ਟੋਲੀ ਸਾਡੇ ਘਰ ਮੰਗਣ ਲਈ ਪੁੱਜੀ ਉਹਨਾਂ ਪਹਿਲਾਂ ਮੰਗਣ ਵਾਲੇ ਮਰਾਸੀਆਂ ਵਾਲੀ ਕਲਾਣ ਕੀਤੀ (ਮੈਨੂੰ ਹੁਣ ਉਹਨਾਂ ਦੇ ਕਹੇ ਲਫਜ਼ ਯਾਦ ਨਹੀਂ)। ਪਿਛੋਂ ਕਿਹਾ, "ਮਾਈਓ, ਬੀਬੀਓ, ਗੁਰੂ ਮਿਹਰ ਕਰੇ, ਖੈਰ ਪਾਓ ਦੋ ਛੰਨੇ ਪਾਣੀ ਦੇ।" ਜਦੋਂ ਪਾਣੀ ਮਿਲ ਗਿਆ ਤਾਂ ਫਿਰ ਮਰਾਸੀਆਂ ਵਾਂਗ ਅਸੀਸ ਦਿੱਤੀ, "ਜਜਮਾਨਾਂ ਦੀ ਵੇਲ ਵਧੇ, ਗੁਰੂ ਤੁਹਾਡੇ ਘੜੇ ਬੰਦੀ ਵਿਚ ਵੀ ਪੀਣੀ ਨਾਲ ਭਰੀ ਰੱਖੇ; ਬਾਬਾ ਤੁਹਾਨੂੰ ਨ੍ਹਾਉਣ ਜੋਗਾ ਪਾਣੀ ਵੀ ਬਖਸ਼ੇ।" ਜਿਉਂ ਜਿਉਂ ਇਹ ਟੋਲੀ ਘਰ-ਘਰ ਫਿਰਦੀ ਗਈ, ਮੰਗਣ ਵਾਲਿਆਂ ਦੀ ਗਿਣਤੀ ਵੱਧਦੀ ਗਈ ਤੇ ਹਰ ਘਰ ਵਿਚ ਇਹ ਨਵੀਂ ਤੋਂ ਨਵੀਂ ਕਲਾਣ ਕਰਦੇ ਰਹੇ। ਸਾਡੇ ਸਾਰੇ ਪਿੰਡ ਨੂੰ ਜਿੰਨਾਂ ਪਾਣੀ ਮੰਗਣ ਵਾਲੀਆਂ ਇਨ੍ਹਾਂ ਟੋਲੀਆਂ ਨੇ ਹਸਾਇਆ ਇੰਨਾ ਕਿਸੇ ਭੰਡਾਂ, ਮਰਾਸੀਆਂ ਦੇ ਟੋਲੇ ਨੇ ਵੀ ਨਹੀਂ ਹਸਾਇਆ ਹੋਣਾ।

www.sikhbookclub.com



ਬੰਦੀ ਨਾਲ ਸੰਬੰਧਿਤ ਇਕ ਹੋਰ ਕਿਸਾ ਯਾਦ ਆ ਗਿਆ। ਇਸ ਸਮੇਂ ਤੱਕ ਸਾਡੇ ਪਿੰਡ ਗੁਰਦਵਾਰਾ ਬਣ ਗਿਆ ਸੀ ਪਰ ਢੋਲਕੀ, ਛੈਣੇ ਅਜੇ ਨਹੀਂ ਸੀ ਲਿਆਂਦੇ ਗਏ। ਕਿਸੇ ਖਾਸ ਅਵਸਰ ਤੇ ਢੋਲਕੀ ਲਾਗਦੇ ਕਿਸੇ ਪਿੰਡ ਤੋਂ ਮੰਗ ਕੇ ਲਿਆਂਦੀ, ਪਰ ਸਾਡੇ ਪਿੰਡ ਵਾਲਿਆਂ ਤੋਂ ਢੋਲਕੀ ਪਾਟ ਗਈ, ਹੁਣ ਕੋਈ ਢੋਲਕੀ ਮੋੜਨ ਨਾ ਜਾਵੇ; ਕਿਹੜੇ ਮੂੰਹ ਨਾਲ ਪਾਟੀ ਹੋਈ ਢੋਲਕੀ ਮੋੜਨ। ਮਹੀਨਾ ਭਰ ਉਡੀਕ ਕੇ ਦੂਜੇ ਪਿੰਡ ਵਾਲੇ ਆਪ ਢੋਲਕੀ ਲੈਣ ਆਏ। ਪਾਟੀ ਹੋਈ ਢੋਲਕੀ ਵੇਖ ਕੇ ਬੜੇ ਉਦਾਸ ਹੋਏ। ਉਹਨਾਂ ਵਿਚੋਂ ਇਕ ਜਣਾ ਬੋਲ ਉੱਠਿਆ, "ਜਾਓ ਓਏ ਉਣਾਸੀ ਵਾਲਿਓ; ਤੁਸਾਂ ਸਾਡੀ ਢੋਲਕੀ ਪਾੜ ਦਿੱਤੀ ਏ, ਗੁਰੂ ਕਰੇ ਤੁਹਾਡੇ ਪਿੰਡ ਵਿਚ ਤਿੰਨਾਂ ਮਹੀਨਿਆਂ ਦੀ ਬੰਦੀ ਹੋਵੇ।" ਲਾਗੋਂ ਦੀ ਇਕ ਬਜ਼ੁਰਗ ਆਪਣੇ ਡੰਗਰਾਂ ਨੂੰ ਪਾਣੀ ਡਾਹੁਣ ਵਾਸਤੇ ਲਈ ਜਾ ਰਿਹਾ ਸੀ। ਉਹ ਕਹਿਣ ਲੱਗਾ, "ਜਵਾਨਾ, ਇਹ ਅਸੀਸ ਨਾ ਦੇਹ ਸਾਨੂੰ; ਆਹ ਲੈ ਮੇਰਾ ਝੋਟਾ ਲੈ ਜਾ, ਇਹਦੇ ਚੰਮ ਨਾਲ ਭਾਵੇਂ ਦਸ ਢੋਲਕੀਆਂ ਮੜ੍ਹ ਲਵੀਂ।"

ਬੰਦੀਆਂ ਦੇ ਦਿਨ ਪਹਿਲੇ ਚਾਰ ਪੰਜ ਸਾਲ ਸਾਡੇ ਇਲਾਕੇ ਦੇ ਲੋਕਾਂ ਲਈ ਸਭ ਤੋਂ ਔਖੇ ਦਿਨ ਸਨ; ਪਰ ਲੋਕੀਂ ਇਹ ਦਿਨ ਵੀ ਹਸਦੇ, ਖੇਡਦੇ ਬਿਤਾਉਂਦੇ ਰਹੇ। ਕੁਝ ਚਿਰ ਪਿਛੋਂ ਕਦੇ ਲੋਕ ਇਹਨਾਂ ਔਕੜਾਂ ਦਾ ਜ਼ਿਕਰ ਤਕ ਵੀ ਨਹੀਂ ਸਨ ਕਰਦੇ।

www.sikhbookclub.com

15

# ਗੰਜੀ ਬਾਰ ਦਾ ਆਪਣਾ ਸਭਿਆਚਾਰ ਨਿੱਖਰ ਰਿਹਾ ਸੀ

ਬੰਦੀ ਖ਼ਤਮ ਹੋਈ; ਖਾਲਾਂ ਵਿਚ ਪਾਣੀ ਆ ਗਿਆ। ਪਾਣੀ ਕੀ ਆਇਆ ਜਿਵੇਂ ਖ਼ੁਦ ਰੱਬ ਚੱਲ ਕੇ ਆ ਗਿਆ। ਸਭ ਤੋਂ ਪਹਿਲਾਂ ਦੋਵੇਂ ਡਿੱਗੀਆਂ ਭਰੀਆਂ ਗਈਆਂ। ਲੋਕ ਕੋਈ ਮਹੀਨੇ ਭਰ ਪਿੱਛੋਂ ਖੁੱਲ੍ਹੇ ਪਾਣੀ ਵਿਚ ਨ੍ਹਾਤੇ। ਖਾਲਾਂ ਤੇ ਜਾ ਕੇ ਕਪੜੇ ਧੋਤੇ, ਚੌਕਿਆਂ ਵਿਚ ਕੋਠਿਆਂ ਦੇ ਅੰਦਰ ਪੋਚਾ ਫੇਰਿਆ। ਪਸੂਆਂ ਨੂੰ ਨੁਹਾਇਆ। ਖੁਰਲ, ਕਵਾਣੇ ਲਿੰਬੇ। ਲੋਕਾਂ ਦਾ ਤੇ ਲੋਕਾਂ ਦੇ ਘਰਾਂ ਦਾ ਮੂੰਹ ਮੁਹਾਂਦਰਾ ਫਿਰ ਨਿੱਖਰ ਆਇਆ।

ਸੌਣੀ ਦੀ ਬਿਆਈ ਪਹਿਲਾਂ ਹੀ ਕੁਝ ਪਛੜ ਗਈ ਸੀ; ਹੁਣ ਪੂਰੇ ਜ਼ੋਰ ਨਾਲ ਬਿਆਈਆਂ ਸ਼ੁਰੂ ਹੋਈਆਂ। ਜਿਸ ਦੀ ਪੈਲੀ ਵੱਤਰ ਆ ਜਾਂਦੀ, ਦੋ ਤਿੰਨ ਟੱਬਰ ਰਲ ਕੇ ਪਹਿਲਾਂ ਉਸ ਦੇ ਖੇਤ ਬੀਜ ਲੈਂਦੇ। ਇਸ ਤਰ੍ਹਾਂ ਰਲ-ਮਿਲ ਕੇ ਕੰਮ ਚਲਦਾ ਸੀ। ਅਜੇ ਸਾਰੇ ਮੁਰੱਬੇ ਆਬਾਦ ਨਹੀਂ ਸਨ ਹੋਏ, ਇਸ ਲਈ ਪਾਣੀ ਬਹੁਤ ਸੀ। ਹਰ ਮੁਰੱਬੇ ਦੀ ਚਾਰ ਪਹਿਰ ਦੀ ਵਾਰੀ ਰੱਖੀ ਹੋਈ ਸੀ ਤੇ ਤਕਰੀਬਨ ਹਫਤੇ ਭਰ ਪਿੱਛੋਂ ਵਾਰੀ ਆ ਜਾਂਦੀ ਸੀ।

ਹੋਰ ਨਵੇਂ ਲੋਕ ਵੀ ਆ ਰਹੇ ਸਨ; ਪਰ ਹੁਣ ਨਵੇਂ ਆਉਣ ਵਾਲਿਆਂ ਨੂੰ ਕੋਈ ਦਿੱਕਤ ਨਹੀਂ ਸੀ ਹੁੰਦੀ; ਅੱਗੋਂ ਉਹਨਾਂ ਨੂੰ ਸਾਂਭਣ ਵਾਲੇ ਵੱਸਦੇ ਸਨ। ਪੰਜਾਬੀ ਮੁਹਾਵਰੇ ਅਨੁਸਾਰ ਵਣ-ਵਣ ਦੀ ਲੱਕੜੀ ਇਕੱਠੀ ਹੋ ਰਹੀ ਸੀ। ਸਾਡੇ ਆਪਣੇ ਪਿੰਡ ਵਿਚ ਕੁਝ ਘਰ ਜ਼ਿਲ੍ਹਾ ਅੰਮ੍ਰਿਤਸਰ ਦੇ ਸਨ, ਕੁਝ ਗੁਰਦਾਸ ਪੁਰ ਦੇ, ਦੋ ਸਿਆਲਕੋਟ ਦੇ ਇਕ ਜ਼ਿਲ੍ਹਾ ਗੁਜਰਾਤ ਦਾ। ਇਧਰ ਮਾਲਵੇ ਵਿਚੋਂ ਸ਼ਾਇਦ ਦੋ ਘਰ ਫ਼ਿਰੋਜ਼ਪੁਰ ਦੇ, ਇਕ ਲੁਧਿਆਣੇ ਦਾ ਤੇ ਇਕ ਰਿਆਸਤ ਜੀਂਦ ਦਾ ਸੀ। ਇਹਨਾਂ ਵੱਖ-ਵੱਖ ਥਾਵਾਂ ਤੋਂ ਆਏ ਲੋਕਾਂ ਦੇ ਰੀਤੀ-ਰਿਵਾਜ ਕੁਝ ਫ਼ਰਕ ਵਾਲੇ ਸਨ, ਰਹਿਣ-ਸਹਿਣ ਦਾ ਢੰਗ ਵੀ ਕੁਝ ਫ਼ਰਕ ਵਾਲਾ ਸੀ, ਲੀੜੇ-ਕਪੜੇ ਪਾਉਣ ਦਾ, ਬੋਲ-ਚਾਲ ਦਾ ਉੱਠਣ-ਬਹਿਣ ਦਾ ਵੀ ਕੁਝ ਅੰਤਰ ਸੀ। ਪਰ ਇਹਨਾਂ ਨੇ ਬਹੁਤ ਛੇਤੀ ਇਕ-ਦੂਜੇ ਤੋਂ ਸਿੱਖ ਕੇ ਦੂਜਿਆਂ ਦੇ ਗੁਣ ਗ੍ਰਹਿਣ ਕਰ ਲਏ ਤੇ ਆਪਣੇ ਕੁਢੱਬੇ ਦਿਸਦੇ ਲੱਛਣ ਤਿਆਗ ਦਿੱਤੇ। ਇਕ ਨਵਾਂ ਤੇ ਸਿਹਤਮੰਦ ਸਭਿਆਚਾਰ ਉਸਰ ਰਿਹਾ ਸੀ, ਜਿਸ ਵਿਚ ਪੁਰਾਣੇ ਅਣਵੰਡੇ ਪੰਜਾਬ ਦੀ ਹਰ ਨੁਕਰ ਦੇ ਸਭਿਆਚਾਰ ਦੇ ਕੁਝ ਗੁਣ ਸ਼ਾਮਲ ਸਨ—ਬਾਰ ਦੇ ਜਾਂਗਲੀਆਂ ਤੋਂ ਵੀ ਕੁਝ-ਨਾ-ਕੁਝ ਗ੍ਰਹਿਣ ਕੀਤਾ ਗਿਆ। ਸਾਰਿਆਂ ਪਿੰਡਾਂ ਵਿਚ ਸਿਆਣੇ ਆਦਮੀ ਮੌਜੂਦ ਸਨ। ਫ਼ੌਜੀ ਪੈਨਸ਼ਨਰ ਪਹਿਲਾਂ ਹੀ ਇਕ ਸਾਂਝੇ ਸਭਿਆਚਾਰ ਵਿਚ ਰਹਿ ਕੇ ਆਏ ਸਨ; ਨਾਲ ਉਹਨਾਂ ਕੋਲ ਫ਼ੌਜੀ ਜੀਵਨ ਦੀ ਮਰਯਾਦਾ ਅਤੇ ਫ਼ੌਜੀ ਡਿਸਿਪਲਿਨ ਦੇ ਗੁਣ ਵੀ ਸਨ। ਵਿਆਹ-ਸ਼ਾਦੀ, ਮੰਗਣੀ ਆਦਿ ਨਾਲ ਸੰਬੰਧਿਤ ਵਿਹਾਰ ਤਾਂ ਸਾਰਿਆਂ ਪਿੰਡਾਂ ਦੇ ਸੂਝਵਾਨ ਬੰਦਿਆਂ ਨੇ ਇਕੱਠੇ

www.sikhbookclub.com



ਬਹਿ ਕੇ ਨਿਸ਼ਚਿਤ ਕੀਤੇ। ਉਹਨੀਂ ਦਿਨੀਂ ਅਕਾਲੀ ਲਹਿਰ ਅਜੇ ਚੱਲ ਰਹੀ ਸੀ; ਸਿੰਘ ਸਭਾ ਲਹਿਰ ਦਾ ਪ੍ਰਭਾਵ ਵੀ ਅਜੇ ਜ਼ੋਰਾਂ ਤੇ ਸੀ। ਸਾਡੇ ਇਲਾਕੇ ਦੇ ਰੀਤੀ-ਰਿਵਾਜਾਂ ਉੱਤੇ ਇਹਨਾਂ ਲਹਿਰਾਂ ਦਾ ਕਾਫ਼ੀ ਪ੍ਰਭਾਵ ਪਿਆ। ਪਾਸ ਕੀਤਾ ਗਿਆ ਕਿ ਵਿਆਹ ਦੇ ਸਮੇਂ ਬੈਂਡ, ਅਸਤਬਾਜ਼ੀ, ਆਦਿ ਨਾ ਸਾਡੇ ਪਿੰਡਾਂ ਵਿਚ ਆਉਣਗੇ, ਅਤੇ ਨਾ ਹੀ ਇਹਨਾਂ ਪਿੰਡਾਂ ਵਿਚੋਂ ਜਾਣ ਵਾਲੀ ਕਿਸੇ ਜੰਞ ਨਾਲ ਜਾਣਗੇ। ਅਜਿਹੇ ਅਵਸਰਾਂ ਤੇ ਲਚਰ ਤੇ ਮਰਯਾਦਾ ਤੋਂ ਗਿਰੇ ਹੋਏ ਗੀਤ ਆਦਿ ਨਹੀਂ ਗਾਏ ਜਾਣਗੇ। ਮਹਿਜ਼ ਵਖਾਵੇ ਵਾਲਾ ਕੋਈ ਰੀਤੀ-ਰਿਵਾਜ ਨਹੀਂ ਕੀਤਾ ਜਾਵੇਗਾ। ਇਸ ਮਰਯਾਦਾ ਦੀ ਅੰਤਿਮ ਦਿਨਾਂ ਤਕ ਪਾਲਣਾ ਕੀਤੀ ਜਾਂਦੀ ਰਹੀ। ਇਥੋਂ ਤਕ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸਹਿਜ ਪਾਠ ਤੇ ਅਖੰਡ ਪਾਠ ਦੀ ਮਰਯਾਦਾ ਵੀ ਨਿਸ਼ਚਿਤ ਕੀਤੀ ਗਈ। ਉਹਨੀਂ ਦਿਨੀਂ ਮਾਲਵੇ ਦੇ ਕੁਝ ਖੇਤਰਾਂ ਵਿਚ ਭਸੌੜੀਆਂ ਦਾ ਪ੍ਰਚਾਰ ਜ਼ੋਰਾਂ ਤੇ ਸੀ। ਸਾਡੇ ਇਲਾਕੇ ਵਿਚ ਵੀ ਇਕ, ਦੋ ਸਿੰਘ ਇਸ ਪ੍ਰਚਾਰ ਤੋਂ ਪ੍ਰਭਾਵਿਤ ਸਨ। ਸ਼ਾਇਦ ਇਹਨਾਂ ਦੇ ਸੁਝਾਅ ਦੇ ਆਧਾਰ ਤੇ ਹੀ ਸਾਡੇ ਇਲਾਕੇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪਾਠ ਦੇ ਭੋਗ ਸਮੇਂ 'ਰਾਗਮਾਲਾ' ਦਾ ਪਾਠ ਨਹੀਂ ਸੀ ਕੀਤਾ ਜਾਂਦਾ। ਪਰ ਇਸ ਤੋਂ ਵੱਧ ਭਸੌੜੀਆਂ ਦਾ ਕੋਈ ਹੋਰ ਸੁਝਾਅ ਸਵੀਕਾਰ ਨਾ ਕੀਤਾ ਗਿਆ।

ਇਹ ਸਭ ਕੁਝ ਹੌਲੀ-ਹੌਲੀ ਹੋਇਆ। ਪਹਿਲਿਆਂ ਪੰਜਾਂ, ਛੇਆਂ ਸਾਲਾਂ ਵਿਚ ਸਾਡੇ ਇਲਾਕੇ ਦੇ ਸਿੱਖਾਂ ਦੇ ਪਿੰਡਾਂ ਵਿਚ ਇਕ ਨਵਾਂ ਸਭਿਆਚਾਰ ਪ੍ਰਫੁੱਲਿਤ ਹੋ ਗਿਆ ਸੀ। ਬੋਲੀ ਸੰਬਧੀ ਸਮੱਸਿਆਵਾਂ ਤਾਂ ਪਹਿਲਿਆਂ ਦੋ ਸਾਲਾਂ ਵਿਚ ਹੀ ਹੱਲ ਹੋ ਗਈਆਂ ਸਨ। ਸ਼ੁਰੂ-ਸ਼ੁਰੂ ਵਿਚ ਬੋਲੀ ਦੇ ਫ਼ਰਕ ਕਰਕੇ ਕਈ ਬੜੇ ਦਿਲਚਸਪ ਸਾਕੇ ਹੋਏ, ਇਹਨਾਂ ਦਾ ਜ਼ਿਕਰ ਮੈਂ ਪਿਛੇ ਕਰ ਆਇਆ ਹਾਂ।

ਸਾਡਾ ਪਿੰਡ ਵੱਸੇ ਨੂੰ ਕੋਈ ਡੇਢ ਸਾਲ ਹੋ ਗਿਆ ਸੀ, ਪਰ ਅਜੇ ਪਿੰਡ ਵਿਚ ਗੁਰਦਵਾਰਾ ਨਹੀਂ ਸੀ ਬਣਿਆ। ਇਸੇ ਸਮੇਂ ਪਿੰਡ ਦੇ ਦੋ ਪਰਵਾਰ ਇਥੋਂ ਮੁਰੱਬੇ ਬਦਲੀ ਕਰਵਾ ਕੇ ਹੋਰ ਥਾਂ ਚਲੇ ਗਏ। ਇਹਨਾਂ ਦੋਹਾਂ ਟੱਬਰਾਂ ਨੇ ਹਾਤੇ ਵਲੇ ਹੋਏ ਸਨ ਤੇ ਵਿਚ ਇਕ-ਇਕ ਕੋਠਾ ਵੀ ਪਾਇਆ ਹੋਇਆ ਸੀ। ਇਹਨਾਂ ਵਿਚੋਂ ਇਕ ਟੱਬਰ ਦੇ ਮਕਾਨ ਨੂੰ ਗੁਰਦਵਾਰਾ ਬਣਾ ਲਿਆ ਗਿਆ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੀੜ ਕੌਣ ਲਿਆਇਆ, ਇਸ ਬਾਰੇ ਮੈਨੂੰ ਵਾਕਫ਼ੀਅਤ ਨਹੀਂ। ਨਾਲ ਹੀ ਮਾਲਵੇ ਵਿਚੋਂ ਭਾਈ ਚੰਨਣ ਸਿੰਘ ਗ੍ਰੰਥੀ ਲੈ ਆਂਦਾ। ਪਿੰਡ ਦੇ ਅੱਠ, ਦੱਸ ਮੁੰਡੇ ਗ੍ਰੰਥੀ ਕੋਲ ਪੜ੍ਹਨੇ ਪਾ ਦਿੱਤੇ। ਮੈਂ ਵੀ ਇਹਨਾਂ ਵਿਚੋਂ ਇਕ ਸਾਂ। ਸਾਡੇ ਕੋਲ ਫੱਟੀ, ਸਲੇਟ, ਕਾਪੀ, ਕੁਝ ਵੀ ਨਹੀਂ ਸੀ। 'ਬਾਲ ਉਪਦੇਸ' ਵੀ ਸਿਰਫ਼ ਦੋ ਹੀ ਸਨ। ਅਸੀਂ ਜ਼ਮੀਨ ਤੇ ਉਂਗਲਾਂ ਨਾਲ ਲਿਖਦੇ ਹੁੰਦੇ ਸਾਂ। 'ਬਾਲ ਉਪਦੇਸ' ਪੜ੍ਹਾ ਕੇ ਸਾਨੂੰ 'ਪੰਜ ਗ੍ਰੰਥੀ' ਪੜ੍ਹਨ ਲਾ ਦਿੱਤਾ, ਤੇ ਪਿੱਛੋਂ, ਉਸ ਸਮੇਂ ਦੇ ਰਿਵਾਜ ਮੁਤਾਬਕ 'ਬਾਈ ਵਾਰਾਂ', 'ਭਗਤ ਬਾਣੀ' ਪੜ੍ਹਾਈਆਂ ਗਈਆਂ। ਸਾਡੇ ਵਿਚੋਂ ਘਟੋ-ਘੱਟ ਦੋ ਜਣਿਆਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪਾਠ ਵੀ ਕਰ ਲਿਆ। ਇਸ ਸਾਰੀ ਪੜ੍ਹਾਈ ਨੂੰ ਤਕਰੀਬਨ ਡੇਢ ਸਾਲ ਲੱਗਾ ਹੋਵੇਗਾ।

ਹੱਟੀ ਦੀ ਘਾਟ ਸਾਰਾ ਪਿੰਡ ਮਹਿਸੂਸ ਕਰ ਰਿਹਾ ਸੀ। ਅੰਤ ਜਮਾਂਦਾਰ ਨਰੈਣ ਸਿੰਘ

www.sikhbookclub.com



ਆਪਣੇ ਪਿੰਡ ਭੰਦੇਰ ਜ਼ਿਲ੍ਹਾ ਅੰਮ੍ਰਿਤਸਰ ਤੋਂ ਗੁਰਾਂ ਦਿੱਤੇ ਬ੍ਰਾਹਮਣ ਨੂੰ ਲੈ ਆਏ। ਉਸ ਨੇ ਆਕੇ ਪਿੰਡ ਵਿਚ ਦੁਕਾਨ ਖੋਲ੍ਹੀ; ਇਥੋਂ ਲੂਣ, ਮਿਰਚ, ਮਸਾਲਾ, ਤੇਲ, ਸਬੂਣ, ਸੋਢਾ, ਡੱਬੀਆਂ (ਮਾਚਸਾਂ) ਆਦਿ ਆਮ ਵਰਤੋਂ ਦਾ ਸਮਾਨ ਮਿਲਣ ਲੱਗ ਪਿਆ। ਪਿੰਡ ਵਾਲਿਆਂ ਦੇ ਸਿਰ ਤੋਂ ਇਕ ਵੱਡਾ ਭਾਰ ਲੱਥਾ। ਇਹਨੀਂ ਦਿਨੀਂ ਹੀ ਲਾਗ ਦੇ ਪਿੰਡ, ਚੱਕ 80 ਵਾਲੇ ਮਾਲਵੇ ਵਿਚੋਂ ਮਿਸਤਰੀ ਹਰਨਾਮ ਸਿੰਘ ਨੂੰ ਲੈ ਆਏ। ਹਰਨਾਮ ਸਿੰਘ ਲੁਹਾਰਾ, ਤਰਖਾਣਾ ਦੋਵੇਂ ਕੰਮ ਕਰਦਾ ਸੀ। ਸਿੱਖਾਂ ਦੇ ਤਕਰੀਬਨ ਅੱਧੇ ਪਿੰਡ ਇਸੇ ਕੋਲੋਂ ਕੰਮ ਕਰਵਾਉਂਦੇ ਸਨ। ਹਰਨਾਮ ਸਿੰਘ ਸਾਡੇ ਨਾਲ ਹੀ ਬਾਰ ਛੱਡ ਕੇ ਆਇਆ। ਹਰਨਾਮ ਸਿੰਘ ਦੇ ਆਉਣ ਤੋਂ ਕੋਈ ਸਾਲ, ਡੇਢ੍ਹ ਸਾਲ ਪਿੱਛੋਂ ਸਾਡੇ ਪਿੰਡ ਵਾਲੇ ਆਪਣਾ ਮਿਸਤਰੀ ਲੈ ਆਏ। ਇਹ ਸੀ ਮਿਸਤਰੀ ਨਿਜ਼ਾਮ ਦੀਨ, ਜੋ ਕਾਫ਼ੀ ਚਿਰ ਸਾਡੇ ਪਿੰਡ ਦਾ ਲੁਹਾਰਾ-ਤਰਖਾਣਾ ਕੰਮ ਕਰਦਾ ਰਿਹਾ, ਪਰ ਕੋਈ ਬਾਰਾਂ ਤੇਰਾਂ ਸਾਲ ਸਾਡੇ ਨਾਲ ਰਹਿ ਕੇ ਇਹ ਵਾਪਸ ਆ ਗਿਆ। ਨਿਜ਼ਾਮਦੀਨ ਬੜਾ ਸਿਆਣਾ ਮਿਸਤਰੀ ਤੇ ਧਾਰਮਿਕ ਖਿਆਲਾਂ ਵਾਲਾ ਬੰਦਾ ਸੀ। ਪਿੰਡ ਵਾਲੇ ਇਹਦਾ ਆਦਰ-ਮਾਣ ਕਰਦੇ ਸਨ। ਇਹ ਪਿੱਛੇ ਹੌਲਦਾਰ ਸੁਰਜਨ ਸਿੰਘ ਦੇ ਪਿੰਡ ਬੱਘੇ ਛੀਨੇ (ਜ਼ਿਲ੍ਹਾ ਅੰਮ੍ਰਿਤਸਰ) ਦਾ ਵਸਨੀਕ ਸੀ। ਇਸੇ ਸਮੇਂ ਚੱਕ 80 ਵਿਚ ਇਕ ਹਕੀਮ ਵੀ ਆ ਗਿਆ—ਰੂੜਾ। ਰੂੜਾ ਪੇਸ਼ੇ ਵਜੋਂ ਨਾਈ ਸੀ, ਪਰ ਉਸ ਨੇ ਕੁਝ ਨੁਸਖੇ ਸਿੱਖ ਲਏ ਸਨ, ਹੁਣ ਉਹ ਹਕੀਮ ਬਣ ਗਿਆ ਸੀ। ਨਾਮ ਭਾਵੇਂ ਹਿੰਦੂਆਂ ਵਾਲਾ ਸੀ, ਪਰ ਹੈਸੀ ਮੁਸਲਮਾਨ। ਰੂੜਾ, ਤਾਪ, ਖੰਘ, ਜ਼ੁਕਾਮ ਆਦਿ ਦੀਆਂ ਪੁੜੀਆਂ ਦੁਛਾਂਦੇ ਆਦਿ ਦਿੰਦਾ ਸੀ। ਕਈਆਂ-ਕਈਆਂ ਬਿਮਾਰੀਆਂ ਦੇ ਤਾਂ ਉਸ ਨੂੰ ਚੰਗੇ ਨੁਸਖੇ ਲੱਭੇ ਹੋਏ ਸਨ। ਪਰ ਹੈਸੀ ਨੀਮ ਹਕੀਮ ਹੀ। ਫਿਰ ਵੀ ਜਿਥੇ ਹੋਰ ਕੋਈ ਵੀ ਨਹੀਂ ਸੀ, ਓਥੇ ਰੂੜੇ ਦੀ ਵੀ ਬੜੀ ਅਹਿਮੀਅਤ ਸੀ। ਉਸ ਦੀ ਸਾਰਿਆਂ ਪਿੰਡਾਂ ਵਿਚ ਲੋੜ ਰਹਿੰਦੀ ਸੀ। ਲੋਕ ਦੂਰ-ਦੂਰ ਤੋਂ ਉਸ ਤੋਂ ਦਵਾਈ ਲੈਣ ਆਉਂਦੇ ਸਨ।

ਹੁਣ ਸਾਡੇ ਪਿੰਡ ਵਾਲਿਆਂ ਦੀਆਂ ਦੋ ਸਮੱਸਿਆਵਾਂ ਸਨ—ਖੂਹ ਲਵਾਉਣਾ ਤੇ ਪਿੰਡ ਵਿਚ ਸਕੂਲ ਖੁਲ੍ਹਾਉਣਾ। ਇਕ, ਦੋ ਨੂੰ ਛੱਡ ਕੇ ਬਾਕੀ ਸਾਰੇ ਫ਼ੌਜੀ ਪ੍ਰੈਨਸ਼ਨਰ ਆ ਗਏ ਸਨ; ਉਹਨਾਂ ਨੇ ਦੌੜ ਭੱਜ ਕਰਕੇ ਪਿੰਡ ਵਿਚ ਪ੍ਰਾਇਮਰੀ ਸਕੂਲ ਖੁਲ੍ਹਵਾ- ਲਿਆ; ਸੰਨ 1925 ਦੀਆਂ ਗਰਮੀਆਂ ਵਿਚ ਸਕੂਲ ਅਰੰਭ ਹੋਇਆ। ਪਹਿਲਾ ਮਾਸਟਰ ਮੁਨਸ਼ੀ ਉੱਤਮ ਸਿੰਘ ਸੀ, ਜਿਸ ਨੂੰ ਜਮਾਦਾਰ ਵਜ਼ੀਰ ਸਿੰਘ ਆਪਣੇ ਪਿੰਡ ਧਾਰੋਵਾਲੀ, (ਜ਼ਿਲ੍ਹਾ ਗੁਰਦਾਸਪੁਰ) ਤੋਂ ਲਿਆਇਆ ਸੀ। ਮੁਨਸ਼ੀ ਜੀ ਬੜੇ ਮਿਹਨਤੀ ਅਤੇ ਲਗਨ ਤੇ ਦਿਆਨਤਦਾਰੀ ਨਾਲ ਕੰਮ ਕਰਨ ਵਾਲੇ ਅਧਿਆਪਕ ਸਨ। ਤਾਲਿਬ ਇਲਮ (ਵਿਦਿਆਰਥੀ) ਉਹਨਾਂ ਨੂੰ 'ਮੁਨਸ਼ੀ ਜੀ' ਕਹਿੰਦੇ ਸਨ—ਛੋਟੇ ਸਕੂਲਾਂ ਦੇ ਉਸਤਾਦਾਂ ਲਈ ਆਮ ਤੌਰ ਤੇ ਇਹੋ ਸ਼ਬਦ ਵਰਤਿਆ ਜਾਂਦਾ ਸੀ। ਇਸ ਸਮੇਂ ਤੱਕ ਗੁਰਦਵਾਰੇ ਦੀ ਆਪਣੀ ਇਮਾਰਤ ਬਣ ਗਈ ਸੀ। ਗੁਰਦਵਾਰੇ ਦੇ ਹਾਤੇ ਵਿਚ ਇਕ ਢਾਰਾ ਛੱਤਿਆ ਹੋਇਆ ਸੀ। ਸਾਡਾ ਸਕੂਲ ਉਸੇ ਢਾਰੇ ਥੱਲੇ ਸ਼ੁਰੂ ਹੋਇਆ। ਲਾਗਦਿਆਂ ਪਿੰਡਾਂ ਦੇ ਮੁੰਡੇ ਵੀ ਸਕੂਲ ਵਿਚ ਦਾਖ਼ਲ ਹੋ ਗਏ। ਜਦੋਂ ਮੈਂ ਇਸ ਸਕੂਲ ਦੀ ਪਹਿਲੀ ਜਮਾਇਤ ਵਿਚ ਦਾਖ਼ਲ ਹੋਇਆ, ਮੇਰੀ ਉਮਰ ਉਦੋਂ 8 ਸਾਲ ਸੀ; ਦੋ, ਤਿੰਨ ਮੁੰਡੇ ਮੇਥੋਂ ਵੀ ਵਡੇਰੀ ਉਮਰ ਦੇ ਸਨ। ਕੁਝ ਦਿਨ

www.sikhbookclub.com



ਮਗਰੋਂ ਮੁਨਸ਼ੀ ਜੀ ਖਾਨੇਵਾਲ ਗਏ ਤੇ ਸਾਡੇ ਲਈ ਉਰਦੂ ਦੇ ਕਾਇਦੇ, ਫਟੀਆਂ, ਦਵਾਤਾਂ, ਖ਼ੁਸ਼ਖ਼ਤ ਲਿਖਣ ਵਾਲੀਆਂ ਕਾਪੀਆਂ ਲੈ ਕੇ ਆਏ। ਮੈਨੂੰ ਯਾਦ ਹੈ, ਹਰ ਲੜਕੇ ਨੂੰ ਦਿੱਤੀਆਂ ਗਈਆਂ ਇਹਨਾਂ ਸਾਰੀਆਂ ਚੀਜ਼ਾਂ ਦੀ ਕੀਮਤ 12 ਆਨੇ (75 ਪੈਸੇ) ਸੀ।

ਸਕੂਲ ਖੁੱਲਣ ਪਿੱਛੋਂ ਪਿੰਡ ਵਾਲਿਆਂ ਨੇ ਹਿੰਮਤ ਕਰਕੇ ਪਿੰਡ ਵਿਚ ਡਾਕਖਾਨਾ ਵੀ ਖੁਲ੍ਹਵਾ ਲਿਆ; ਤੇ ਡਾਕ ਦਾ ਕੰਮ ਵੀ ਮੁਨਸ਼ੀ ਜੀ ਨੂੰ ਹੀ ਸੌਂਪਿਆ ਗਿਆ। ਡਾਕਖਾਨੇ ਦੀ ਬੜੀ ਲੋੜ ਸੀ। ਇਸ ਤੋਂ ਪਹਿਲਾਂ ਸਾਡੇ ਪਿੰਡ ਤੋਂ ਬਾਰਾਂ, ਬਾਰਾਂ ਮੀਲ ਤੱਕ ਕੋਈ ਡਾਕਖਾਨਾ ਨਹੀਂ ਸੀ, ਮੈਨੂੰ ਨਹੀਂ ਪਤਾ ਕਿ ਹੁਣ ਤੱਕ ਸਾਡੇ ਪਿੰਡ ਦੀ ਡਾਕ ਕਿੱਥੋਂ ਆਉਂਦੀ ਸੀ; ਆਉਂਦੀ ਵੀ ਸੀ ਕਿ ਨਹੀਂ ਸੀ ਆਉਂਦੀ।

ਸਕੂਲ ਖੁੱਲਣ ਤੱਕ ਪਿੰਡ ਵਿਚ ਦੋ ਮਹਿਰੇ ਵੀ ਆ ਗਏ ਸਨ—ਬਹਾਦਰ ਸਿੰਘ ਤੇ ਆਤਮਾ ਸਿੰਘ। ਪਾਣੀ ਇਹ ਡਿੱਘੀ ਤੋਂ ਹੀ ਲਿਆਉਂਦੇ ਸਨ, ਪਰ ਲੋਕਾਂ ਨੂੰ ਘਰ ਬੈਠਿਆਂ ਪਾਣੀ ਮਿਲ ਜਾਂਦਾ ਸੀ। ਇਕ ਮਰਾਸੀ ਵੀ ਆ ਗਿਆ ਸੀ—ਵੀਰੂ; ਸ਼ਾਇਦ ਇਕ ਛੀਂਬਾ (ਧੋਬੀ) ਵੀ ਪਹੁੰਚ ਗਿਆ ਸੀ। ਇਸ ਸਮੇਂ ਤੱਕ ਦੋ ਦੁਕਾਨਾਂ ਵੀ ਹੋਰ ਖੁੱਲ ਗਈਆਂ ਸਨ। ਲਾਗ-ਚਾਗ ਦੇ ਪਿੰਡਾਂ ਦੇ ਲੋਕ ਵੀ ਸੌਦਾ-ਸੂਤ ਲੈਣ ਇਥੇ ਹੀ ਆਉਂਦੇ ਸਨ। ਸਕੂਲ ਤੇ ਡਾਕਖਾਨਾ ਖੁੱਲ੍ਹਣ ਨਾਲ ਪਿੰਡ ਦੀ ਮਹੱਤਤਾ ਕਾਫ਼ੀ ਵੱਧ ਗਈ ਸੀ। ਇਕ ਖੂਹ ਤੋਂ ਬਿਨ੍ਹਾ ਬਾਕੀ ਸਭ ਕੁਝ ਹੁਣ ਪਿੰਡ ਵਿਚ ਮੌਜੂਦ ਸੀ—ਤੇ ਖੂਹ ਦਾ ਠੇਕਾ ਵੀ 1924 ਜਾਂ 25 ਵਿਚ ਦੇ ਦਿੱਤਾ ਗਿਆ।

ਗੰਜੀ ਬਾਰ ਦੇ ਹਰ ਇਲਾਕੇ ਤੇ ਹਰ ਪਿੰਡ ਦਾ ਵਿਕਾਸ ਤਕਰੀਬਨ ਇਸੇ ਤਰ੍ਹਾਂ ਹੀ ਹੋਇਆ। ਇਕ ਫ਼ਰਕ ਸਪੱਸ਼ਟ ਸੀ—ਜੋ ਤਰੱਕੀ ਸਿੱਖਾਂ ਦੇ ਪਿੰਡਾਂ ਨੇ ਕੀਤੀ, ਜੋ ਮੂੰਹ ਮੁਹਾਂਦਰਾਂ ਸਿੱਖਾਂ ਦੇ ਪਿੰਡਾਂ ਦਾ ਬਣਿਆ, ਉਹ ਮੁਸਲਮਾਨਾਂ ਦੇ ਕਿਸੇ ਪਿੰਡ ਦਾ ਨਾ ਬਣ ਸਕਿਆ। ਤਸੀਲ ਖਾਨੇਵਾਲਾ ਦੇ ਨਵੇਂ ਵੱਸੇ ਪਿੰਡਾਂ ਵਿਚ ਕੁੱਲ ਸੱਤ ਲੋਇਰ ਮਿਡਲ ਸਕੂਲ ਸਨ, ਜਿਨ੍ਹਾਂ ਵਿਚ ਪੰਜ ਸਿੱਖਾਂ ਦੇ ਪਿੰਡਾਂ ਵਿਚ ਸਨ। ਇਸ ਇਲਾਕੇ ਦੇ ਪਿੰਡਾਂ ਵਿਚ ਤਿੰਨ ਸਰਕਾਰੀ ਡਿਸਪੈਂਸਰੀਆਂ ਸਨ, ਤਿੰਨੇ ਸਿੱਖਾਂ ਦੇ ਪਿੰਡਾਂ ਵਿਚ। ਡਾਕਖਾਨੇ ਵੀ ਸਾਰੇ ਹੀ ਸਿੱਖਾਂ ਦੇ ਪਿੰਡਾਂ ਵਿਚ ਸਨ। ਪਰ ਇਸ ਇਲਾਕੇ ਵਿਚ ਸਿੱਖਾਂ ਦੀ ਆਬਾਦੀ 20 ਫੀਸਦੀ ਤੋਂ ਵੀ ਘੱਟ ਸੀ।

www.sikhbookclub.com

## 16
# ਸਾਡੇ ਇਲਾਕੇ ਦਾ ਸਧਾਰਨ ਜੀਵਨ

ਖੂਹ ਦਾ ਠੇਕਾ ਮੁਲਤਾਨ ਵੱਲ ਦੇ ਇਕ ਮੁਸਲਮਾਨ ਨੂੰ ਦਿੱਤਾ ਗਿਆ। ਇਹ ਖੂਹ ਲਾਉਣ ਵਿਚ ਚੰਗਾ ਤਜਰਬੇਕਾਰ ਤੇ ਮਾਹਿਰ ਠੇਕੇਦਾਰ ਸੀ। ਇੱਟਾਂ ਵੀ ਉਸ ਨੇ ਆਪਣੇ ਆਦਮੀਆਂ ਤੋਂ ਥਪਵਾਈਆਂ ਤੇ ਭੱਠੀ ਵਿਚ ਪਕਵਾਈਆਂ। ਆਪੇ ਹੀ ਖੂਹ ਦੀ ਪੁਟਵਾਈ ਤੇ ਮਹਿਲ ਦੀ ਉਸਾਰੀ ਕੀਤੀ। ਪੂਰੇ ਕੰਮ ਦਾ ਠੇਕਾ ਉਸ ਨੂੰ ਦਿੱਤਾ ਗਿਆ ਸੀ। ਇੱਟਾਂ ਪਕਾਉਣ ਲਈ ਜਿਹੜੀਆਂ ਭੱਠੀਆਂ ਗੰਜੀ ਬਾਰ ਵਿਚ ਬਣਾਈਆਂ ਜਾਂਦੀਆਂ ਸਨ, ਉਹੋ ਜਿਹੀਆਂ ਮੈਂ ਇਧਰ ਕਿਤੇ ਨਹੀਂ ਵੇਖੀਆਂ; ਸ਼ਾਇਦ ਇਸ ਲਈ ਕਿ ਇਧਰ ਵੱਡੇ ਭੱਠੇ ਆਮ ਹਨ, ਅਤੇ ਜਿੰਨਾ ਬਾਲਣ ਗੰਜੀ ਬਾਰ ਦੀਆਂ ਭੱਠੀਆਂ ਵਿਚ ਬਾਲਿਆ ਜਾਂਦਾ ਸੀ, ਓਨਾ ਇਧਰ ਮਿਲ ਨਹੀਂ ਸਕਦਾ।

ਗੰਜੀ ਬਾਰ ਵਾਲੀਆਂ ਭੱਠੀਆਂ ਬਣਾਉਣ ਲਈ ਪਹਿਲਾਂ ਜ਼ਮੀਨ ਵਿਚ ਚੌਰਸ ਟੋਆ ਪੁਟਿਆ ਜਾਂਦਾ ਸੀ, ਜਿਸ ਵਿਚ ਚਹੁੰ ਪਾਸੀਂ ਹੇਠੋਂ ਉੱਤੇ ਤੱਕ ਕੱਚੀਆਂ ਇੱਟਾਂ ਦੀ ਉਸਾਰੀ ਕੀਤੀ ਜਾਂਦੀ ਸੀ। ਜ਼ਮੀਨ ਦੀ ਸਤ੍ਹਾ ਦੇ ਬਰਾਬਰ ਤੇ ਹੇਠਲੇ ਟੋਏ ਉੱਤੇ ਵਿੱਥਾਂ ਰੱਖ ਕੇ ਡਾਟਾਂ ਬਣਾਈਆਂ ਜਾਂਦੀਆਂ ਸਨ। ਚੁਫੇਰੇ ਦੀਆਂ ਕੰਧਾਂ ਤਕਰੀਬਨ ਛੇ, ਸੱਤ ਫੁੱਟ ਹੋਰ ਉੱਚੀਆਂ ਉਸਾਰੀਆਂ ਜਾਂਦੀਆਂ ਸਨ। ਇਹਨਾਂ ਡਾਟਾਂ ਉੱਤੇ ਵਿੱਥਾਂ ਰੱਖ ਕੇ ਇੱਟਾਂ ਚਿਣ ਦਿੱਤੀਆਂ ਜਾਂਦੀਆਂ। ਇੱਟਾਂ ਦੀ ਉਤਲੀ ਤਹਿ ਬੀੜਵੀਂ ਰੱਖ ਕੇ ਉੱਪਰ ਮਿੱਟੀ ਦੀ ਮੋਟੀ ਤਹਿ ਵਿਛਾ ਦਿੱਤੀ ਜਾਂਦੀ ਸੀ। ਹੇਠਲੇ ਟੋਏ ਵਿਚ ਲਗਭਗ ਦੱਸ ਦਿਨ ਲਗਾਤਾਰ ਅੱਗ ਬਾਲੀ ਜਾਂਦੀ ਸੀ। ਇਸ ਤਰ੍ਹਾਂ ਪਕਦੀਆਂ ਸਨ ਇੱਟਾਂ ਗੰਜੀ ਬਾਰ ਵਿਚ। ਖੂਹ ਲਈ ਬਣਾਈ ਗਈ ਇਹ ਭੱਠੀ, ਖਸਤਾ ਹਾਲਤ ਵਿਚ, ਸਾਡੇ ਬਾਰ ਛੱਡਣ ਤੱਕ ਖੜ੍ਹੀ ਸੀ। ਇਸੇ ਵਿਚ ਹੀ ਪਿੱਛੋਂ, ਰਾਜ਼ਿਆਂ ਨੇ, ਸਾਡੇ ਗੁਰਦਵਾਰੇ ਲਈ ਇੱਟਾਂ ਪਕਾਈਆਂ, ਤੇ ਇਕ, ਦੋ ਟੱਬਰਾਂ ਨੇ ਆਪਣਿਆਂ ਮਕਾਨਾਂ ਲਈ ਵੀ ਇਥੇ ਹੀ ਇੱਟਾਂ ਪਕਵਾਈਆਂ। ਬਾਲਣ ਚਰਾਗੇ ਵਿਚ ਬਹੁਤ ਸੀ; ਇਸ ਭੱਠੀ ਨੇ ਹੀ ਚਰਾਗਾ ਸਾਫ਼ ਕੀਤਾ।

ਜਿਸ ਦਿਨ ਖੂਹ ਦਾ ਟੱਕ ਲਾਉਣਾ ਸੀ, ਉਸ ਦਿਨ ਖੂਹ ਵਾਲੇ ਥਾਂ ਦੇ ਲਾਗੇ ਸ਼ਬਦ-ਕੀਰਤਨ ਕੀਤਾ ਗਿਆ। ਸਾਰਾ ਪਿੰਡ ਇਥੇ ਇਕੱਠਾ ਹੋਇਆ। ਤੀਵੀਆਂ ਦਾਣਿਆਂ ਦੀਆਂ ਥਾਲੀਆਂ ਭਰ ਕੇ ਲਿਆਈਆਂ—ਵੇਲ ਚੜ੍ਹਾਉਣ ਲਈ। ਕੀਰਤਨ ਤੋਂ ਪਿੱਛੋਂ ਅਰਦਾਸਾ ਸੋਧਿਆ ਗਿਆ, ਉਪਰੰਤ ਟੱਕ ਲਾਇਆ ਗਿਆ। ਪਿੱਛੋਂ ਖੁੱਲ੍ਹੇ ਦਿਲ ਨਾਲ ਗੁੜ ਵੰਡਿਆ ਗਿਆ। ਫਿਰ ਜਦੋਂ ਚੱਕ ਖੂਹ ਵਿਚ ਉਤਾਰਿਆ, ਉਸ ਦਿਨ ਵੀ ਸ਼ਬਦ ਕੀਰਤਨ ਤੇ ਅਰਦਾਸ ਕੀਤੀ ਗਈ। ਪਾਣੀ 40 ਹੱਥ ਤੇ ਜਾ ਕੇ ਨਿਕਲਿਆ; ਤੇ ਅਫ਼ਸੋਸ ਸਾਡੇ ਖੂਹ

www.sikhbookclub.com



ਦਾ ਪਾਣੀ ਖਾਰਾ ਸੀ। ਲਾਗੇ-ਚਾਗੇ ਦੇ ਸਾਰਿਆਂ ਪਿੰਡਾਂ ਦਾ ਪਾਣੀ ਠੀਕ ਸੀ, ਸਿਰਫ਼ ਸਾਡੇ ਪਿੰਡ ਦਾ ਪਾਣੀ ਹੀ ਖਾਰਾ ਸੀ। ਇਹ ਇੰਨਾ ਖਾਰਾ ਨਹੀਂ ਸੀ ਜੋ ਪੀਣ ਜੋਗਾ ਨਾ ਹੋਵੇ, ਪਰ ਦੂਜਿਆਂ ਪਿੰਡਾਂ ਦੇ ਪਾਣੀ ਨਾਲੋਂ ਅਵੱਸ਼ ਖਾਰਾ ਸੀ। ਦੂਜੇ ਥਾਂ ਤੋਂ ਆਏ ਪਰਾਹੁਣਿਆਂ ਨੂੰ ਇਹ ਕਾਫ਼ੀ ਖਾਰਾ ਜਾਪਦਾ ਸੀ। ਮੈਂ ਵੀ ਜਦੋਂ ਤਿੰਨ, ਚਾਰ ਮਹੀਨੇ ਬਾਅਦ ਪਿੰਡ ਜਾਂਦਾ ਤਾਂ ਦੋ, ਤਿੰਨ ਦਿਨ ਪਾਣੀ ਕਾਫ਼ੀ ਖਾਰਾ ਜਾਪਦਾ ਸੀ: ਪਿੱਛੋਂ ਫਿਰ ਪਤਾ ਹੀ ਨਹੀਂ ਸ਼ੀ ਲੱਗਦਾ ਕਿ ਪਾਣੀ ਖਾਰਾ ਹੈ; ਮੂੰਹ ਦਾ ਸਵਾਦ ਉਹੋ ਜਿਹਾ ਬਣ ਜਾਂਦਾ ਸੀ। ਜਿਸ ਦਿਨ ਖੂਹ ਮੁਕੰਮਲ ਹੋਇਆ ਤੇ ਹੁਣ ਇਸ ਦਾ ਪਾਣੀ ਵਰਤੋਂ ਲਈ ਕੱਢਣ ਦੀ ਰਸਮ ਕਰਨੀ ਸੀ, ਉਸ ਦਿਨ ਚੰਗਾ ਦੀਵਾਨ ਲੱਗਾ; ਮਿੱਠੇ ਚੌਲਾਂ ਦੇ ਕੜਾਹੇ ਰਿੱਧੇ ਗਏ; ਚੰਗਾ ਜੱਗ ਕੀਤਾ ਗਿਆ। ਚੌਲ ਕਹੀਆਂ ਨਾਲ ਵੰਡੇ ਜਾ ਰਹੇ ਸਨ, ਤੇ ਇਸ ਦਿਨ ਸਾਨੂੰ ਪਤਾ ਲੱਗਾ ਕਿ ਸਾਡੇ ਪਿੰਡ ਦੇ ਵਸਨੀਕਾਂ ਦੀ ਖ਼ੁਰਾਕ ਕਿੰਨੀ ਕੁ ਹੈ। ਸਾਡੇ ਪਿੰਡ ਦੇ ਕਈ ਸੂਰਮੇ ਚੌਲਾਂ ਦੀ ਭਰੀ ਹੋਈ ਕਹੀ ਖਾ ਗਏ; ਘੱਟੋ-ਘੱਟ ਚਾਰ ਜਣੇ ਕਹੀ ਤੋਂ ਵੱਧ ਚੜ੍ਹਾ ਗਏ। ਆਤੂ ਹਸਾਈ ਪੂਰੀਆਂ ਦੋ ਕਹੀਆਂ ਛਕ ਗਿਆ। ਇਹਨਾਂ ਵਿਚੋਂ ਕਿਸੇ ਦਾ ਕੁਝ ਨਾ ਵਿਗੜਿਆ; ਸਭ ਨੌਂ ਬਰ ਨੌਂ ਰਹੇ।

ਖੂਹ ਸੰਨ 1926 ਵਿਚ ਨੇਪਰੇ ਚੜ੍ਹਿਆ। ਇਸ ਸਮੇਂ ਤੱਕ ਪਿੰਡ ਵਿਚ ਇਕ ਵੱਡੀ ਦੁਕਾਨ ਵੀ ਖੁੱਲ੍ਹ ਗਈ ਸੀ। ਥੋੜ੍ਹੇ ਸਮੇਂ ਵਿਚ ਹੀ ਸਿੱਖਾਂ ਦਿਆਂ ਸਾਰਿਆਂ ਪਿੰਡਾਂ ਵਿਚ ਖੂਹ ਲੱਗ ਗਏ। ਹੁਣ ਸਾਡਾ ਇਲਾਕਾ ਘੁੱਗ ਵੱਸ ਰਿਹਾ ਸੀ। ਵੱਖ-ਵੱਖ ਪਿੰਡਾਂ ਦੇ ਲੋਕਾਂ ਦੀ ਆਪਸ ਵਿਚ ਚੰਗੀ ਜਾਣ-ਪਛਾਣ ਹੋ ਗਈ ਸੀ। ਆਪਸ ਵਿਚ ਰਿਸ਼ਤੇ-ਨਾਤੇ ਵੀ ਹੋਣ ਲੱਗ ਪਏ ਸਨ। ਆਪਸੀ ਮੇਲ-ਜੋਲ ਤੇ ਸਾਂਝ-ਭਿਆਲੀ ਵਧਾਉਣ ਵਾਲਾ ਪ੍ਰਮੁੱਖ ਵਸੀਲਾ ਸੀ ਗੁਰਦਵਾਰਾ। ਹਰ ਪਿੰਡ ਦੇ ਗੁਰਦਵਾਰੇ ਵਿਚ ਮੱਸਿਆ, ਸੰਗਰਾਂਦ ਵਾਲੇ ਦਿਨ ਦੀਵਾਨ ਲੱਗਦਾ ਸੀ। ਕਿਸੇ ਨਾ ਕਿਸੇ ਪਿੰਡ ਵਿਚ ਵੱਡਾ ਜੋੜ-ਮੇਲਾ ਹੁੰਦਾ ਰਹਿੰਦਾ ਸੀ, ਜਿੱਥੇ ਸਾਰੇ ਪਿੰਡ ਇਕੱਠੇ ਹੁੰਦੇ ਸਨ। ਹਰ ਪਿੰਡ ਦੇ ਜੱਥੇ ਸ਼ਬਦ ਪੜ੍ਹਦੇ ਜੋੜ-ਮੇਲੇ ਵਾਲੇ ਪਿੰਡ ਪਹੁੰਚਦੇ। ਓਥੇ ਦੀਵਾਨ ਲੱਗਦਾ, ਪਿੱਛੋਂ ਲੰਗਰ ਛਕਾਇਆ ਜਾਂਦਾ; ਇਹਨਾਂ ਜੋੜ-ਮੇਲਿਆਂ ਤੇ ਕਈ ਵਾਰੀ ਅੰਮ੍ਰਿਤ-ਪ੍ਰਚਾਰ ਵੀ ਕੀਤਾ ਜਾਂਦਾ (ਅੰਮ੍ਰਿਤ ਛਕਾਉਣ ਵਾਲੇ ਸਮਾਗਮ ਨੂੰ ਉਹਨੀਂ ਦਿਨੀਂ 'ਅੰਮ੍ਰਿਤ-ਪ੍ਰਚਾਰ' ਹੀ ਕਿਹਾ ਜਾਂਦਾ ਸੀ)।

ਸਾਡੇ ਇਲਾਕੇ ਵਿਚ ਤਿੰਨ ਵੱਡੇ ਸਲਾਨਾ ਦੀਵਾਨ ਲੱਗਣੇ ਸ਼ੁਰੂ ਹੋ ਗਏ—ਇਕ ਖਾਨੇਵਾਲ ਵਿਚ, ਇਕ ਮੀਆਂ ਚੰਨੂ ਵਿਚ ਤੇ ਇਕ ਇਲਾਕੇ ਦੇ ਕਿਸੇ ਪਿੰਡ ਵਿਚ ਬਦਲ-ਬਦਲ ਕੇ। ਇਹ ਦੀਵਾਨ ਹਰ ਸਾਲ ਲਗਦੇ ਤੇ ਤਿੰਨਾਂ ਦਿਨਾਂ ਤੱਕ ਚਲਦੇ। ਹਰ ਦੀਵਾਨ ਦਾ ਪ੍ਰਬੰਧ ਬੜਾ ਸ਼ਾਨਦਾਰ ਹੁੰਦਾ ਸੀ ਤੇ ਸ਼ਾਨਦਾਰ ਹੀ ਲੰਗਰ ਚੱਲਦੇ ਸਨ। ਉਸ ਸਮੇਂ ਦੇ ਪ੍ਰਸਿੱਧ ਰਾਗੀ, ਢਾਡੀ, ਕਥਾਕਾਰ, ਪ੍ਰਚਾਰਕ ਇਹਨਾਂ ਦੀਵਾਨਾਂ ਤੇ ਪੁੱਜਦੇ ਸਨ। ਢਾਡੀ ਉਸ ਸਮੇਂ ਸਭ ਤੋਂ ਪ੍ਰਸਿੱਧ ਦੋ ਸਨ ਭਾਈ ਕਿਸ਼ਨ ਸਿੰਘ ਕੜਤੋੜ ਤੇ ਭਾਈ ਸੋਹਨ ਸਿੰਘ ਘੁੱਕੇ ਵਾਲੀ। ਪਿੱਛੋਂ ਆ ਕੇ, ਸੰਨ 1940 ਦੇ ਲਾਗੇ-ਚਾਗੇ ਗਿਆਨੀ ਸੋਹਨ ਸਿੰਘ ਸੀਤਲ ਚੱਕ ਨੰਬਰ 82 ਵਿਚ ਹੋਏ ਦੀਵਾਨ ਤੇ ਆਏ। ਉਹਨਾਂ ਦੀ ਬੜੀ ਪ੍ਰਸੰਸਾ ਹੋਈ। ਸ਼ਾਇਦ ਇਸ ਤੋਂ ਪਿੱਛੋਂ ਵੀ ਉਹ ਸਾਡੇ ਇਲਾਕੇ ਦੇ ਦੀਵਾਨਾਂ ਤੇ ਪਹੁੰਚਦੇ ਰਹੇ, ਪਰ

www.sikhbookclub.com



ਮੈਂ ਫੌਜ ਵਿਚ ਚਲਾ ਗਿਆ ਸਾਂ; ਇਸ ਸਮੇਂ ਦੇ ਦੀਵਾਨਾਂ ਬਾਰੇ ਮੈਨੂੰ ਵਾਕਫੀਅਤ ਨਹੀਂ। ਕਥਾ ਵਾਚਕਾਂ ਵਿਚੋਂ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਖਾਨੇਵਾਲ ਦੀਵਾਨ ਤੇ ਹਰ ਸਾਲ ਦਰਸ਼ਨ ਦਿੰਦੇ ਸਨ। ਇਕ ਸਾਲ ਖਾਨੇਵਾਲ ਵਾਲਿਆਂ ਚੀਫ਼ ਖਾਲਸਾ ਦੀਵਾਨ ਨੂੰ ਬੇਨਤੀ ਕਰਕੇ ਭਾਈ ਜੋਧ ਸਿੰਘ ਜੀ ਨੂੰ ਵੀ ਸੱਦਿਆ। ਪ੍ਰਚਾਰਕਾਂ ਵਿਚ ਪ੍ਰਿੰਸੀਪਲ ਗੰਗਾ ਸਿੰਘ ਦਾ ਨਾਮ ਸਭ ਤੋਂ ਉੱਤੇ ਆਉਂਦਾ ਹੈ। ਆਪ ਸਾਡੇ ਦੀਵਾਨਾਂ ਉੱਤੇ ਆਮ ਆਉਂਦੇ ਹੁੰਦੇ ਸਨ। ਇਕ ਸਾਲ ਗਿਆਨੀ ਲਾਲ ਸਿੰਘ ਜੀ ਵੀ ਆਏ। ਆਪ ਉਦੋਂ ਅਜੇ ਅਣਦਾੜ੍ਹੀਏ ਸਨ, ਪਰ ਬੋਲਦੇ ਓਸੇ ਨਰੰਮੇ ਨਾਲ ਸਨ, ਜਿਸ ਨਾਲ ਅੱਜ ਬੋਲਦੇ ਹਨ। ਮੈਂ ਉਦੋਂ ਖਾਲਸਾ ਸਕੂਲ ਖਾਨੇਵਾਲ ਵਿਚ ਵਿਦਿਆਰਥੀ ਸਾਂ। ਉਦੋਂ ਕੌਣ ਸੋਚ ਸਕਦਾ ਸੀ ਕਿ ਇਸ ਨੌਜਵਾਨ ਨੇ ਕਦੇ ਏਡੀ ਵੱਡੀ ਪੁਜ਼ੀਸ਼ਨ ਤੇ ਪਹੁੰਚਣਾ ਹੈ, ਅਤੇ ਇੰਨੇ ਅਸਰ-ਰਸੂਖ ਵਾਲਾ ਵਿਦਵਾਨ ਬਣਨਾ ਹੈ; ਅਤੇ ਮੈਨੂੰ ਕੀ ਪਤਾ ਸੀ ਕਿ ਇਸੇ ਨੌਜਵਾਨ ਪ੍ਰਚਾਰਕ ਦੀ ਅਗਵਾਈ ਹੇਠ ਮੈਂ 'ਸ਼ਬਦ-ਜੋੜ ਕੋਸ਼' ਤਿਆਰ ਕਰਨਾ ਹੈ।

ਸਾਡਿਆਂ ਦੀਵਾਨਾਂ ਤੇ ਪਹੁੰਚਣ ਵਾਲੇ ਰਾਗੀਆਂ ਵਿਚ ਭਾਈ ਚਾਂਦ (ਹਜ਼ੂਰੀ ਰਬਾਬੀ) ਦਾ ਨਾਮ ਪ੍ਰਮੁੱਖ ਹੈ। ਆਪ ਕਈ ਵਾਰ ਸਾਡੇ ਦੀਵਾਨਾਂ ਤੇ ਆਏ। ਪੰਥ ਦੇ ਹੀਰੇ ਭਾਈ ਹੀਰਾ ਸਿੰਘ ਰਾਗੀ ਦੇ ਭਰਾਤਾ ਭਾਈ ਸਮੁੰਦ ਸਿੰਘ ਜੀ ਰਾਗੀ ਲਗਭਗ ਹਰ ਸਾਲ ਆਉਂਦੇ ਰਹੇ। ਇਹਨਾਂ ਦੀਵਾਨਾਂ ਸਮੇਂ ਇਕ ਰਾਤ ਨੂੰ ਕਵੀ ਦਰਬਾਰ ਵੀ ਹੁੰਦਾ ਸੀ; ਇਥੇ ਪਹੁੰਚਣ ਵਾਲੇ ਕਵੀਆਂ ਵਿਚ ਬਾਬੂ ਫ਼ੀਰੋਜ਼ਦੀਨ ਸ਼ਰਫ਼, ਵਿਧਾਤਾ ਸਿੰਘ ਤੀਰ, ਸਭ ਤੋਂ ਵੱਧ-ਚਰ ਦਿਲ ਅਜ਼ੀਜ਼ ਸਨ। ਹਰਨਾਮ ਸਿੰਘ ਕਟੂਟਾ, ਖੁਸ਼ਨੂਦ (ਮੁਸਲਮਾਨ ਕਵੀ ਸਨ, ਪੂਰਾ ਨਾਮ ਯਾਦ ਨਹੀਂ ਆ ਰਿਹਾ) ਵੀ ਤਕਰੀਬਨ ਹਰ ਸਾਲ ਆਉਂਦੇ ਰਹੇ। ਇਕ, ਦੋ ਵਾਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਵੀ ਆਏ। ਕੁਝ ਮਗਰੋਂ ਲਾਇਲਪੁਰ ਵੱਲ ਦੇ ਨੌਜਵਾਨ ਕਵੀ ਵੀ ਆਉਣ ਲੱਗ ਪਏ। ਇਹਨਾਂ ਵਿਚ ਸਨ ਨੰਦ ਲਾਲ ਨੂਰਪੁਰੀ, ਤੇਜਾ ਸਿੰਘ ਸਾਬਰ, ਆਸੀ ਤੇ ਕੁਝ ਹੋਰ ਜਿਨ੍ਹਾਂ ਦੇ ਨਾਮ ਅੱਜ ਯਾਦ ਨਹੀਂ ਆ ਰਹੇ। ਸਾਡੇ ਆਪਣੇ ਇਲਾਕੇ ਦਾ ਸਾਖ ਵਾਲਾ ਕਵੀ ਸਿਰਫ਼ ਸਰਦਾਰ ਕਰਤਾਰ ਸਿੰਘ ਸ਼ਮਸ਼ੇਰ ਸੀ। ਸ਼ਮਸ਼ੇਰ ਜੀ ਕਵਿਤਾ ਦੀ ਸਿਖਲਾਈ ਵਿਚ ਮੇਰੇ ਉਸਤਾਦ ਸਨ। ਆਪਦਾ ਪਿੰਡ ਚੱਕ 99 ਸੀ। ਕੁਝ ਪਿੱਛੋਂ ਸਾਡੇ ਇਲਾਕੇ ਦੇ ਕਵੀਆਂ ਵਿਚ ਸਰਦਾਰ ਸਾਧੂ ਸਿੰਘ ਹਮਦਰਦ ਵੀ ਸ਼ਾਮਲ ਹੋ ਗਏ।

ਕਦੇ-ਕਦੇ ਇਹਨਾਂ ਦੀਵਾਨਾਂ ਦੇ ਮੌਕੇ ਪੰਥ ਦੇ ਪ੍ਰਸਿੱਧ ਲੀਡਰ ਵੀ ਖਾਨੇਵਾਲ, ਜਾਂ ਮੀਆਂ ਚੰਨੂ ਪਹੁੰਚਦੇ ਸਨ। ਬਾਬਾ ਖੜਕ ਸਿੰਘ ਜੀ ਜੇਲ੍ਹ ਵਿਚੋਂ ਰਿਹਾ ਹੋ ਚੁੱਕੇ ਸਨ, ਤੇ ਪੰਥ ਦੇ 'ਬੇਤਾਜ ਬਾਦਸ਼ਾਹ' ਦੇ ਨਾਮ ਨਾਲ ਪ੍ਰਸਿੱਧ ਸਨ। ਉਹਨੀਂ ਦਿਨੀਂ ਆਪ ਨੂੰ ਖਾਨੇਵਾਲ ਦੀਵਾਨ ਤੇ ਪੁੱਜਣ ਲਈ ਬੇਨਤੀ ਕੀਤੀ ਗਈ, ਜੋ ਆਪ ਨੇ ਪ੍ਰਵਾਨ ਕਰ ਲਈ। ਦੀਵਾਨਾਂ ਦੇ ਇਸ਼ਤਿਹਾਰ ਸਾਰਿਆਂ ਪਿੰਡਾਂ ਵਿਚ ਪਹੁੰਚਾਏ ਜਾਂਦੇ ਸਨ। ਬਾਬਾ ਜੀ ਦੀ ਆਮਦ ਸੁਣ ਕੇ ਸਾਰਾ ਇਲਾਕਾ ਖਾਨੇਵਾਲ ਪਹੁੰਚ ਗਿਆ। ਸਾਡੇ ਪਿੰਡ ਤੇ ਚੱਕ 78 ਦਾ ਸਾਂਝਾ ਜੱਥਾ ਪਿੰਡੋਂ ਸ਼ਬਦ ਪੜ੍ਹਦਾ ਨਿਕਲਿਆ। ਪਿੰਡ ਦੇ ਚਰਾਗੇ ਤਕ ਸ਼ਬਦ ਪੜ੍ਹਦੇ ਗਏ। ਪਿੱਛੋਂ ਪੈਦਲ ਵਹੀਰਾਂ ਪਾ ਕੇ ਖਾਨੇਵਾਲ ਪਹੁੰਚੇ। ਮੇਰੀ ਉਮਰ ਉਦੋਂ ਦੱਸ ਤੇ ਬਾਰਾਂ

www.sikhbookclub.com



ਸਾਲ ਦੇ ਦਰਮਿਆਨ ਸੀ। ਦੀਵਾਨ ਤੋਂ ਪਹਿਲੇ ਦਿਨ ਨਗਰ ਕੀਰਤਨ ਸੀ; ਸਾਡਾ ਜਥਾ ਉਸ ਵਿਚ ਸ਼ਾਮਲ ਹੋਇਆ। ਅਗਲੇ ਦਿਨ ਬਾਬਾ ਖੜਕ ਸਿੰਘ ਜੀ ਨੂੰ ਜਲੂਸ ਵਿਚ ਰੇਲਵੇ ਸਟੇਸ਼ਨ ਤੋਂ ਗੁਰਦਵਾਰੇ ਲਿਆਉਣਾ ਸੀ। ਇਸ ਮੀਲ ਭਰ ਦੇ ਪੈਂਡੇ ਵਿਚ ਸੜਕ ਦੇ ਦੋਂਹ ਪਾਸੀਂ ਖਲੋਣ ਲਈ ਵੀ ਥਾਂ ਨਹੀਂ ਸੀ ਮਿਲਦਾ। ਜਲੂਸ ਤਾਂ ਕੀ ਖ਼ੁਦ ਬਾਬਾ ਜੀ ਦੇ ਲੰਘਣ ਲਈ ਰਾਹ ਬਣਾਉਣਾ ਔਖਾ ਹੋ ਰਿਹਾ ਸੀ। ਜਿੰਨੀ ਰੌਣਕ ਮੈਂ ਇਸ ਦੀਵਾਨ ਤੇ ਵੇਖੀ, ਇੰਨੀ ਆਪਣੇ ਇਲਾਕੇ ਦੇ ਹੋਰ ਕਿਸੇ ਦੀਵਾਨ ਤੇ ਨਹੀਂ ਹੋਈ ਹੋਣੀ। ਇਸ ਤੋਂ ਕੋਈ ਦੱਸ ਸਾਲ ਪਿੱਛੋਂ ਸੰਨ 1935 ਜਾਂ 36 ਵਿਚ ਇਕ ਦੀਵਾਨ ਤੇ ਮਾਸਟਰ ਤਾਰਾ ਸਿੰਘ ਜੀ ਆਏ। ਉਦੋਂ ਤਕ ਮਾਸਟਰ ਜੀ ਪੰਥ ਦੇ ਵਾਹਿਦ ਲੀਡਰ ਵਜੋਂ ਪ੍ਰਸਿੱਧ ਹੋ ਚੁੱਕੇ ਸਨ। ਉਹਨਾਂ ਦੇ ਦਰਸ਼ਨਾਂ ਲਈ ਵੀ ਬੜੇ ਲੋਕ ਪਹੁੰਚੇ। ਉਹਨਾਂ ਦਾ ਲੈਕਚਰ ਸੁਣਨ ਲਈ ਸਾਰਾ ਖਾਨੇਵਾਲ ਉਲਟ ਕੇ ਆ ਗਿਆ। ਇਹ ਉਹ ਸਮਾਂ ਸੀ ਜਦੋਂ ਪੁਲੀਟੀਕਲ ਮਾਹੌਲ ਵਿਸਫੋਟਕ ਬਣਦਾ ਜਾ ਰਿਹਾ ਸੀ; ਇਸ ਲਈ ਹਿੰਦੂ ਤੇ ਮੁਸਲਮਾਨ ਵੀ ਮਾਸਟਰ ਜੀ ਦਾ ਲੈਕਚਰ ਸੁਣਨ ਆਏ। ਮਾਸਟਰ ਜੀ ਓਸੇ ਲਹਿਜੇ ਵਿਚ ਬੋਲੇ ਜਿਸ ਵਿਚ ਉਹ ਆਮ ਬੋਲਦੇ ਹੁੰਦੇ ਸਨ—ਸਿੱਖ ਕੌਮ ਦੇ ਧੜੱਲੇਦਾਰ ਲੀਡਰ ਦੇ ਰੂਪ ਵਿਚ।

ਮੇਲੇ-ਮੁਸ਼ਾਹਿਦੇ ਸਾਡੇ ਇਲਾਕੇ ਵਿਚ ਕੋਈ ਨਹੀਂ ਸਨ ਲਗਦੇ। ਮੇਲਿਆਂ ਦੇ ਪਿੱਛੇ ਕੋਈ ਇਤਿਹਾਸ ਹੁੰਦਾ ਹੈ; ਇਹ ਕਿਸੇ ਪ੍ਰਸਿੱਧ ਵਿਅਕਤੀ, ਕਿਸੇ ਵਿਸ਼ੇਸ਼ ਮਹੱਤਾ ਵਾਲੇ ਸਾਕੇ ਦੀ ਯਾਦ ਵਿਚ ਲਗਦੇ ਹਨ। ਜਿਸ ਜੰਗਲ ਵਿਚ ਅਸੀਂ ਜਾ ਬੈਠੇ ਸਾਂ ਓਥੋਂ ਦਾ ਇਤਿਹਾਸ ਕੀ ਹੋਣਾ ਸੀ; ਜਾਂ ਓਥੋਂ ਦਾ ਕਿਸੇ ਸਾਧੂ-ਸੰਤ, ਪੀਰ-ਫਕੀਰ, ਬਾਦਸ਼ਾਹ ਆਦਿ ਨਾਲ ਕਿਵੇਂ ਸੰਬੰਧ ਜੋੜਿਆ ਜਾ ਸਕਦਾ ਸੀ ? ਜੀਵਨ ਕੁਝ ਖੁਸ਼ਕ ਜਿਹਾ ਰਹਿੰਦਾ ਸੀ—ਸਾਰਾ ਸਾਲ ਬੱਸ ਘਰ ਦੇ ਕੰਮ-ਕਾਜਾਂ ਵਿਚ ਰੁੱਝੇ ਰਹਿਣਾ। ਸਾਡੇ ਜਾਣ ਤੋਂ ਕੋਈ ਦੱਸ ਸਾਲ ਪਿੱਛੋਂ ਲੋਕਾਂ ਨੇ ਮੇਲਾ ਲਾਉਣ ਦਾ ਇਕ ਬਹਾਨਾ ਲੱਭ ਲਿਆ। ਸਾਡੇ ਪਿੰਡ ਤੋਂ ਕੋਈ ਚਾਰ ਮੀਲ ਦੂਰ ਜਾਂਗਲੀਆਂ ਦੇ ਪਿੰਡ 'ਬਲੋਚਾਂ ਵਾਲਾ' ਵਿਚ ਇਕ ਥਾਂ ਕੁਝ ਕਬਰਾਂ ਟਿੱਬੀ ਵਿਚ ਦੱਬੀਆਂ ਮਿਲ ਗਈਆਂ। ਜਦੋਂ ਅਸੀਂ ਵੇਖਣ ਗਏ, ਇਥੇ ਦਫ਼ਨਾਏ ਮੁਰਦਿਆਂ ਦੀਆਂ ਖੋਪਰੀਆਂ ਨੰਗੀਆਂ ਕੀਤੀਆਂ ਹੋਈਆਂ ਸਨ। ਸ਼ਾਇਦ ਚਾਰ ਕਬਰਾਂ ਸਨ, ਬਿਲਕੁਲ ਨਾਲ-ਨਾਲ, ਜਿਵੇਂ ਇਕੋ ਸਮੇਂ ਦਫ਼ਨਾਏ ਗਏ ਹੋਣ। ਇਹਨਾਂ ਨਾਲ ਕਈ ਕਿਸਮ ਦੀਆਂ ਕਹਾਣੀਆਂ ਤੇ ਕਰਾਮਾਤਾਂ ਜੋੜ ਲਈ ਗਈਆਂ ਤੇ ਇਥੇ ਹਰ ਸਾਲ ਮੇਲਾ ਲੱਗਣਾ ਸ਼ੁਰੂ ਹੋ ਗਿਆ। ਇਸ ਮੇਲੇ ਵਿਚ ਕਾਫ਼ੀ ਰੌਣਕ ਹੁੰਦੀ ਰਹੀ। ਇਸ ਤੋਂ ਬਿਨਾ ਮੀਆਂ ਚੰਨੂ ਦਾ ਦਸਹਿਰਾ ਵੀ ਮੁੰਡੇ-ਖੁੰਡੇ ਬੜੇ ਸ਼ੌਕ ਨਾਲ ਵੇਖਣ ਜਾਂਦੇ ਸਨ। ਸਾਡਿਆਂ ਪਿੰਡਾਂ ਤੋਂ ਮੀਆਂ ਚੰਨੂ ਤਕਰੀਬਨ 24 ਮੀਲ ਦੂਰ ਸੀ। ਪੈਦਲ ਜਾਣਾ ਆਉਣਾ, ਫਿਰ ਵੀ ਮੇਲਾ ਵੇਖਣ ਦਾ ਕਾਫ਼ੀ ਚਾਅ ਹੁੰਦਾ ਸੀ।

ਪਿੰਡਾਂ ਵਿਚ ਦਿਲ-ਪਰਚਾਵੇ ਦੇ ਕੋਈ ਸਾਧਨ ਨਹੀਂ ਸਨ। ਰੇਡੀਓ ਅਜੇ ਉਦੋਂ ਤਕ ਪਿੰਡਾਂ ਵਿਚ ਤਾਂ ਕੀ ਸ਼ਹਿਰਾਂ ਵਿਚ ਵੀ ਨਹੀਂ ਸੀ ਪਹੁੰਚਿਆ। ਪਹਿਲੇ ਕੁਝ ਸਾਲਾਂ ਤਕ ਪਿੰਡ ਵਿਚ ਕੋਈ ਅਖ਼ਬਾਰ ਵੀ ਨਹੀਂ ਸੀ ਆਉਂਦਾ। ਕੁਝ ਪਤਾ ਨਹੀਂ ਸੀ ਲੱਗਦਾ, ਦੁਨੀਆਂ ਵਿਚ ਕੀ ਹੋ ਰਿਹਾ ਹੈ। ਨਾ ਹੀ ਉਦੋਂ ਤਕ ਲੋਕਾਂ ਨੂੰ ਖ਼ਬਰਾਂ ਸੁਣਨ ਦਾ ਬਹੁਤ

www.sikhbookclub.com



ਸ਼ੌਕ ਹੀ ਸੀ। ਰਾਜਨੀਤਿਕ ਗਤੀਵਿਧੀਆਂ ਨਾਲ ਤਾਂ ਪਿੰਡਾਂ ਦੇ ਲੋਕਾਂ ਨੂੰ ਕੋਈ ਦਿਲਚਸਪੀ ਹੀ ਨਹੀਂ ਸੀ; ਸਿੱਖਾਂ ਨੂੰ ਆਪਣੇ ਧਾਰਮਿਕ ਅੰਦੋਲਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਜ਼ਰੂਰ ਤਾਂਘ ਰਹਿੰਦੀ ਸੀ, ਪਰ ਹਾਲ ਇਹ ਸੀ ਕਿ ਸਰਦਾਰ ਤੇਜਾ ਸਿੰਘ ਸਮੁੰਦਰੀ ਜੇਲ੍ਹ ਵਿਚ ਸੁਰਗਵਾਸ ਹੋਏ ਤਾਂ ਸਾਡੇ ਪਿੰਡ ਵਾਲਿਆਂ ਨੂੰ ਕੋਈ ਦੱਸ ਦਿਨ ਪਿੱਛੋਂ ਪਤਾ ਲੱਗਾ।

ਜੀਵਨ ਦੇ ਅਜਿਹੇ ਰੁੱਖੇਪਣ ਦੇ ਬਾਵਜੂਦ ਲੋਕ ਖ਼ੁਸ਼ ਸਨ; ਮਨ-ਪਰਚਾਵੇ ਲਈ ਹੋਰ ਸ਼ੁਗਲ ਲੱਭ ਲੈਂਦੇ ਸਨ, ਫਿਰ ਵੀ ਲੋਕਾਂ ਨੂੰ ਮੇਲਿਆਂ, ਦੀਵਾਨਾਂ, ਦਿਵਾਲੀ, ਵਸਾਖੀ ਵਰਗੇ ਤਿਉਹਾਰਾਂ ਦੀ ਬੜੀ ਉਡੀਕ ਰਹਿੰਦੀ ਸੀ। ਜਦੋਂ ਪਿੰਡ ਵਿਚ ਕੋਈ ਵਿਆਹ ਹੋਣਾ ਹੋਵੇ ਲੋਕ ਕਈ ਮਹੀਨੇ ਪਹਿਲਾਂ ਤੋਂ ਹੀ ਦਿਨ ਗਿਣਦੇ ਰਹਿੰਦੇ ਸਨ। ਇੰਵ ਚਲਦਾ ਰਿਹਾ ਜੀਵਨ ਸਾਡੇ ਇਲਾਕੇ ਦੇ ਪਿੰਡਾਂ ਵਿਚ। ਜਿਹੜੇ ਚੱਕ ਸ਼ਹਿਰਾਂ ਦੇ ਨੇੜੇ ਸਨ, ਉਹਨਾਂ ਦਾ ਸਾਡੇ ਨਾਲੋਂ ਚੋਖਾ ਫ਼ਰਕ ਸੀ—ਮਹੀਨੇ, ਦੋ ਮਹੀਨੇ ਪਿੱਛੋਂ ਸ਼ਹਿਰ ਵਿਚ ਇਕ ਚੱਕਰ ਮਾਰ ਲੈਣਾ ਹੀ ਮੇਲਾ ਵੇਖਣ ਵਰਗਾ ਹੋ ਜਾਂਦਾ ਸੀ।

www.sikhbookclub.com

## 17
# ਗੰਜੀ ਬਾਰ ਵਿਚ ਸਾਡਾ ਇਲਾਕਾ

ਸਾਡੇ ਇਲਾਕੇ ਦਾ ਕੋਈ ਖਾਸ ਨਾਮ ਨਹੀਂ ਸੀ। ਸਰਕਾਰੀ ਕਾਗਜ਼ਾਂ ਅਨੁਸਾਰ ਸਾਡੇ ਪਿੰਡ ਥਾਣਾਂ ਮੀਆਂ ਚੰਨੂ ਵਿਚ ਆਉਦੇ ਸਨ, ਪਰ ਥਾਣਾ ਮੀਆਂ ਚੰਨੂ ਬੜੀ ਦੂਰ-ਦੂਰ ਤੱਕ ਪਸਰਿਆ ਹੋਇਆ ਸੀ। ਅਸੀਂ ਕਸਬਾ ਮੀਆਂ ਚੰਨੂ ਤੋਂ ਕੋਈ 24 ਮੀਲ ਦੂਰ ਪੈਂਦੇ ਸਾਂ। ਸਥਾਨਿਕ ਬੋਲ-ਚਾਲ ਵਿਚ ਸਾਡੇ ਲਾਗੇ-ਚਾਗੇ ਦੇ ਪਿੰਡਾਂ ਨੂੰ ਇਲਾਕਾ 'ਮੰਬਾ ਬੰਗਲਾ' ਕਰਕੇ ਜਾਣਿਆ ਜਾਂਦਾ ਸੀ। ਸਿੱਖਾਂ ਦੇ ਪਿੰਡ ਇਥੇ ਕੁੱਲ ਮਿਲਾ ਕੇ ਅੱਠ ਸਨ। ਸਾਡਾ ਪਿੰਡ ਚੱਕ ਨੰਬਰ 79 ਤੇ ਨਾਲ ਦਾ ਚੱਕ 78 ਦੋਵੇਂ ਇਕੋ ਪਲਟਣ ਦੇ ਫ਼ੌਜੀਆਂ ਦੇ ਪਿੰਡ ਸਨ। ਅੱਜ ਇਸ ਪਲਟਣ ਦਾ ਨੰਬਰ ਹੈ 'ਥਰਡ ਸਿੱਖ' (ਸਿੱਖ ਰਜਮੈਂਟ ਦੀ ਤੀਜੀ ਬਟਾਲੀਅਨ)। ਇਸ ਦਾ ਪੁਰਾਣਾ ਨਾਮ ਸੀ '45 ਰੈਟਰੇਜ਼ ਸਿਖਜ਼'। ਚੱਕ 78 ਅਲਫ਼ (78 ਏ) ਅੱਧਾ ਸਿੱਖਾਂ ਦਾ ਤੇ ਅੱਧਾ ਮਾਝੇ, ਦੁਆਬੇ ਵਿਚੋਂ ਆਏ ਮੁਸਲਮਾਨਾਂ ਦਾ ਸੀ। 78 ਬੇ (78 ਬੀ) ਵਿਚ ਸਿਰਫ਼ ਇਕ ਘਰ ਸਿੱਖਾਂ ਦਾ ਸੀ, ਬਾਕੀ ਸਾਰੇ 'ਕਸਰਾ' ਗੋਤ ਦੇ ਮੁਸਲਮਾਨ ਜਾਂਗਲੀ ਸਨ। ਚੱਕ 80, 82 ਤੇ 83 ਤਿੰਨੇ ਸਿੱਖਾਂ ਦੇ ਪਿੰਡ ਸਨ। ਇਹਨਾਂ ਤਿੰਨਾਂ ਵਿਚ ਹੀ ਕੁਝ ਘਰ ਫ਼ੌਜੀਆਂ ਦੇ ਤੇ ਕੁਝ ਅਬਾਦਕਾਰਾਂ ਦੇ ਸਨ। ਚੱਕ ਨੰਬਰ 81 ਦੇ ਦੋ ਹਿੱਸੇ ਸਨ ਮੂਲ ਚੱਕ 81 ਅਬਾਦਕਾਰ ਸਿੱਖਾਂ ਦੀ ਸੀ; ਇਸ ਤੋਂ ਇਲਾਵਾ ਤਕਰੀਬਨ 16 ਮੁਰੱਬੇ ਇਕੋ ਰਾਵਲ ਪਿੰਡੀ ਵੱਲ ਦੇ ਸਿੱਖ ਦੇ ਸਨ। ਇਹ ਸਰਦਾਰ ਆਪ ਇਥੇ ਨਹੀਂ ਸੀ ਰਹਿੰਦਾ; ਉਸ ਦਾ ਕੋਈ ਕਾਰਿੰਦਾ ਰਹਿੰਦਾ ਸੀ, ਤੇ ਜਾਂ ਇਥੇ ਸਰਦਾਰ ਦੇ ਰਾਹਕਾਂ ਦੇ ਮਕਾਨ ਸਨ। ਇਹਨਾਂ ਸਿੱਖਾਂ ਦਿਆਂ ਪਿੰਡਾਂ ਤੋਂ ਕੋਈ ਪੰਜ, ਛੇ ਮੀਲ ਦੂਰ ਚੱਕ 76 ਬੇ (76 ਬੀ) ਵਿਚ ਇਕੱਲਾਂ ਸਿੱਖਾਂ ਦਾ ਘਰ ਸੀ, ਜਿਸ ਦੇ ਇਥੇ 16 ਮੁਰੱਬੇ ਸਨ। ਮਾਲਕ ਦਾ ਨਾਮ ਸੀ ਸਰਦਾਰ ਬੂੜ ਸਿੰਘ। ਇਹਨਾਂ ਸਿੱਖਾਂ ਦਿਆਂ ਚੱਕਾਂ ਵਿਚੋਂ 78 ਤੇ 83 ਪੂਰੇ ਮਾਲਵੇ ਦੇ ਸਨ; ਬਾਕੀ ਸਾਰਿਆਂ ਪਿੰਡਾਂ ਵਿਚ ਮਾਝੇ, ਮਾਲਵੇ ਦੀ ਸਾਂਝੀ ਵੱਸੋਂ ਸੀ; ਵਿਚ ਕੁਝ ਘਰ ਦੁਆਬੇ ਦੇ ਵੀ ਸਨ।

ਚੱਕ 78 ਤੇ 79 ਦੇ ਫ਼ੌਜੀਆਂ ਨੂੰ ਆਮ ਫ਼ੌਜੀਆਂ ਨਾਲੋਂ ਡਿਓੜ੍ਹਾ ਰਕਬਾ ਮਿਲਿਆ ਹੋਇਆ ਸੀ। ਪਹਿਲੀ ਵੱਡੀ ਲੜਾਈ ਵਿਚ ਸ਼ਾਮਿਲ ਹੋਏ ਫ਼ੌਜੀਆਂ ਨੂੰ, ਜਾਂ ਲੜਾਈ ਤੋਂ ਕੁਝ ਚਿਰ ਪਹਿਲਾਂ ਪ੍ਰਸੰਸਾ ਜੋਗ ਸਰਵਿਸ ਕਰਕੇ ਰਿਟਾਇਰ ਹੋਏ ਪੈਨਸ਼ਨਰਾਂ ਨੂੰ ਅੰਗਰੇਜ਼ ਸਰਕਾਰ ਨੇ ਗੰਜੀ ਬਾਰ ਵਿਚ ਮੁਰੱਬੇ ਦਿੱਤੇ ਸਨ। ਜਵਾਨਾਂ (ਸਿਪਾਹੀ ਤੋਂ ਹੌਲਦਾਰ ਤੱਕ) ਨੂੰ ਇਕ ਮੁਰੱਬਾ ਤੇ ਸਰਦਾਰਾਂ (ਜਮਾਦਾਰ, ਸੂਬੇਦਾਰ, ਸੂਬੇਦਾਰ ਮੇਜਰ) ਨੂੰ ਦੋ ਮੁਰੱਬੇ।

www.sikhbookclub.com



ਪਰ ਸਾਡਿਆਂ ਦੋਂਹ ਪਿੰਡਾਂ ਦੇ ਫ਼ੌਜੀਆਂ ਨੂੰ ਅਰਥਾਤ 45 ਸਿੱਖ ਦੇ ਜਵਾਨਾਂ ਨੂੰ ਡੇਢ੍ਹ ਮੁਰੱਬਾ ਤੇ ਸਰਦਾਰਾਂ ਨੂੰ ਤਿੰਨ ਮੁਰੱਬੇ ਮਿਲੇ ਸਨ। ਇਸ ਦਾ ਕਾਰਨ ਦਸਦਿਆਂ ਦੋ ਵੱਖ-ਵੱਖ ਰਾਇਆਂ ਦਿੱਤੀਆਂ ਜਾਂਦੀਆਂ ਸਨ। ਕੁਝ ਫ਼ੌਜੀ ਕਹਿੰਦੇ ਹੁੰਦੇ ਸਨ ਕਿ 45 ਸਿੱਖ ਨੇ ਕੋਤਲਮਾਰੇ ਦੇ ਮੋਰਚੇ ਵਿਚ ਬੜੀ ਬਹਾਦਰੀ ਨਾਲ ਜਾਨਾਂ ਹੀਲ ਕੇ ਮੋਰਚਾ ਫਤਿਹ ਕਰ ਲਿਆ ਸੀ, ਇਸ ਲਈ ਸਾਨੂੰ ਡਿਓੜ੍ਹਾ ਰਕਬਾ ਮਿਲਿਆ ਹੈ। ਕੁਝ ਹੋਰ ਲੋਕ ਕਹਿੰਦੇ ਸਨ ਕਿ ਸਾਡਾ ਇਲਾਕਾ ਸ਼ਹਿਰ ਤੋਂ ਰੇਲਵੇ ਸਟੇਸ਼ਨਾਂ ਤੋਂ ਬਹੁਤ ਦੂਰ ਸੀ; ਜ਼ਮੀਨ ਵੀ ਕੁਝ ਹੋਲੀ ਸੀ; ਇਸ ਲਈ ਸਰਕਾਰ ਨੇ ਸਾਡੀ ਹੱਕਰਸੀ ਕਰਨ ਲਈ ਜ਼ਮੀਨ ਡਿਓੜ੍ਹੀ ਕਰ ਦਿੱਤੀ। ਜੇ ਦੂਜੀ ਰਾਏ ਠੀਕ ਹੋਵੇ ਤਾਂ ਨਾਲ ਦਿਆਂ ਸਾਰਿਆਂ ਪਿੰਡਾਂ ਦੇ ਫ਼ੌਜੀਆਂ ਦਾ ਰਕਬਾ ਡਿਓੜ੍ਹਾ ਹੋਣਾ ਚਾਹੀਦਾ ਸੀ; ਪਰ ਡਿਓੜ੍ਹੀ ਜ਼ਮੀਨ ਸਿਰਫ਼ 45 ਸਿੱਖ ਦੇ ਫ਼ੌਜੀਆਂ ਨੂੰ ਮਿਲੀ ਸੀ, ਇਸ ਲਈ ਪਹਿਲੀ ਰਾਏ ਠੀਕ ਜਾਪਦੀ ਹੈ।

ਇਹਨਾਂ ਸਿੱਖ ਪਿੰਡਾਂ ਦੇ ਚੁਫੇਰੇ ਜਾਂਗਲੀ ਮੁਸਲਮਾਨਾਂ ਦੇ ਪਿੰਡ ਸਨ। ਸਾਡਿਆਂ ਪਿੰਡਾਂ ਤੋਂ ਸੱਤ, ਅੱਠ ਮੀਲ ਦੂਰ ਚੜ੍ਹਦੇ ਪਾਸੇ ਵੱਲ, ਅਰਥਾਤ ਲਾਹੌਰ ਵਾਲੇ ਪਾਸੇ, ਫਿਰ ਸਿੱਖਾਂ ਦੇ ਪਿੰਡ ਸ਼ੁਰੂ ਹੁੰਦੇ ਸਨ ਤੇ ਨਹਿਰ ਲੋਇਰ ਬਾਰੀ ਦਆਬ ਦੇ ਮੁੱਢ ਤੱਕ, ਅਥਵਾ ਗੰਜੀਬਾਰ ਦੀ ਹੱਦ ਤੱਕ ਸਿੱਖਾਂ ਦੀ ਆਬਾਦੀ ਲਗਾਤਾਰ ਮਿਲਦੀ ਸੀ। ਵਿਚ-ਵਿਚ ਜਾਂਗਲੀਆਂ ਦੇ, ਅਤੇ ਮਾਝੇ, ਮਾਲਵੇ, ਦੁਆਬੇ ਤੋਂ ਆਏ ਮੁਸਲਮਾਨਾਂ ਦੇ ਪਿੰਡ ਵੀ ਸਨ। ਇਲਾਕਾ ਮੀਆਂ ਚੰਨੂ ਤੇ ਇਲਾਕਾ ਤਲੁੰਭਾ ਵਿਚ ਕੁਝ ਚੱਕ ਪਠਾਣਾ ਦੇ ਵੀ ਸਨ, ਜਿਨ੍ਹਾਂ ਨੂੰ ਫ਼ੌਜੀ ਨੌਕਰੀ ਦੇ ਇਵਜ਼ ਮੁਰੱਬੇ ਮਿਲੇ ਹੋਏ ਸਨ। ਦੋ, ਤਿੰਨ ਚੱਕ ਫ਼ੌਜੀ ਡੋਗਰਿਆਂ ਦੇ ਸਨ ਤੇ ਦੋ, ਚਾਰ ਈਸਾਈਆਂ ਦੇ। ਇਹ ਸਥਿਤੀ ਤਹਿਸੀਲ ਖਾਨੇਵਾਲ ਦੀ ਸੀ, ਜਿਸ ਵਿਚ ਸਾਡਾ ਪਿੰਡ ਆਉਂਦਾ ਸੀ। ਮੇਜਰ ਗੁਰਮੁਖ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਗੰਜੀ ਬਾਰ ਦੇ ਅਰੰਭ ਵਿਚ, ਰੀਨਾਲਾ ਖ਼ੁਰਦ, ਹੜੱਪਾ ਦੇ ਲਾਗੇ-ਚਾਗੇ ਸਿੱਖਾਂ ਦੀ ਆਬਾਦੀ ਸਾਰੀਆਂ ਕੌਮਾਂ ਨਾਲੋਂ ਵਧੇਰੇ ਸੀ। ਇਸੇ ਮੁੱਢਲੇ ਇਲਾਕੇ ਵਿਚ ਕਈ ਵੱਡੇ-ਵੱਡੇ ਰਈਸ ਵੀ ਸਨ, ਜਿਹੜੇ ਇਕ, ਜਾਂ ਇਕ ਤੋਂ ਵਧੇਰੇ ਪਿੰਡਾਂ ਦੇ ਮਾਲਕ ਸਨ। ਸਾਡੇ ਲਾਗੇ ਸਭ ਤੋਂ ਵੱਡਾ ਰਈਸ ਸੀ ਖਾਨ ਸਾਹਿਬ ਫ਼ਰੀਦ ਖਾਨ। ਪੁਰਾਣਾ ਖਾਨੇਵਾਲ ਇਸੇ ਖਾਨ ਸਾਹਿਬ ਦੀ ਮਲਕੀਅਤ ਸੀ ਤੇ ਗੰਜੀਬਾਰ ਵਿਚ ਵੀ ਇਸ ਦੇ ਕੁਝ ਨਵੇਂ ਆਬਾਦ ਕੀਤੇ ਪਿੰਡ ਸਨ। ਸਾਡੇ ਪਿੰਡਾਂ ਤੋਂ ਰੇਲਵੇ ਸਟੇਸ਼ਨ 'ਕੱਚੇ ਖੂਹ' ਨੂੰ ਜਾਂਦਿਆਂ ਰਾਹ ਵਿਚ ਇਕ ਹੋਰ ਮੁਸਲਮਾਨ ਰਈਸ ਦਾ ਪਿੰਡ ਆਉਂਦਾ ਸੀ, ਜਿਸ ਦਾ ਨਾਮ 'ਜਹਾਂਗੀਰਾਬਾਦ' ਸੀ, ਪਰ ਮਾਲਕਾਂ ਦੀ ਗੋਤ 'ਵੱਟੂ' ਸੀ, ਇਸ ਆਧਾਰ ਤੇ ਇਹ 'ਵੱਟੂ ਵਾਲਾ ਚੱਕ' ਕਰਕੇ ਹੀ ਪ੍ਰਸਿੱਧ ਸੀ। ਇਹ ਅਸਲ ਵਿਚ ਸਾਹੀਵਾਲ ਨਸਲ ਦੀਆਂ ਗਾਂਈਆਂ ਦਾ ਫ਼ਾਰਮ ਸੀ। ਇਸ ਨਸਲ ਦੀਆਂ ਗਾਂਈਆਂ ਪਾਲਣ ਤੇ ਖਾਲਿਸ ਦੁੱਧ ਸ਼ਹਿਰਾਂ ਤੱਕ ਪਹੁੰਚਾਉਣ ਲਈ ਗੰਜੀ ਬਾਰ ਵਿਚ ਅਜਿਹੇ ਕਈ ਫ਼ਾਰਮ ਸਨ। ਗਾਈਆਂ ਦੀ ਇਕ ਨਿਸ਼ਚਿਤ ਗਿਣਤੀ ਰੱਖਣੀ ਪੈਂਦੀ ਸੀ—ਸ਼ਾਇਦ ਦੋ ਹਜ਼ਾਰ। ਇਹਨਾਂ ਦੀ ਪਰਵਰਿਸ਼ ਲਈ ਤਕਰੀਬਨ ਇਕ ਸੌ ਮੁਰੱਬਿਆਂ ਦਾ ਪਿੰਡ ਵੱਟੂ ਹੋਰਾਂ ਨੂੰ ਮਿਲਿਆ ਹੋਇਆ ਸੀ (ਗਾਈਆਂ ਦੀ ਤੇ ਮੁਰਬਿਆਂ ਦੀ ਗਿਣਤੀ ਬਾਰੇ ਮੇਰੀ ਜਾਣਕਾਰੀ ਵਿਚ ਕੁਝ ਫ਼ਰਕ ਵੀ ਹੋ ਸਕਦਾ ਹੈ)। ਵੱਟੂ ਸਾਹਿਬ ਬੜੇ ਮਿਹਮਾਨ-ਨਵਾਜ਼ ਸਨ। ਹਰ

www.sikhbookclub.com



ਰਾਹੀ ਨੂੰ ਖਾਣਾ ਦਿੱਤਾ ਜਾਂਦਾ ਸੀ। ਹਿੰਦੂਆਂ, ਸਿੱਖਾਂ ਲਈ ਖਾਣਾ ਇਕ ਹਿੰਦੂ ਦੁਕਾਨਦਾਰ ਤਿਆਰ ਕਰਦਾ ਸੀ। ਰਾਤ ਰਹਿਣ ਵਾਲਿਆਂ ਨੂੰ ਮੰਜਾ, ਬਿਸਤਰਾ ਤੇ ਦੁੱਧ ਦਾ ਗਲਾਸ ਵੀ ਦਿੱਤਾ ਜਾਂਦਾ ਸੀ। ਖਾਨ ਸਾਹਿਬ ਫ਼ਰੀਦ ਖਾਨ ਤੇ ਵੱਟੂ ਸਾਹਿਬ ਦੋਵੇਂ ਬੜੇ ਹਰਦਿਲ ਅਜ਼ੀਜ਼ ਰਈਸ ਸਨ। ਸਿੱਖਾਂ ਵਿਚ ਵੀ ਇਹਨਾਂ ਦਾ ਬੜਾ ਆਦਰ, ਮਾਣ ਸੀ।

ਸਿਰ-ਕੱਢ ਸਿੱਖ ਰਈਸ ਤਸੀਲ ਖਾਨੇਵਾਲ ਵਿਚ ਸਿਰਫ਼ ਦੋ ਹੀ ਸਨ—ਮੇਜਰ ਠਾਕਰ ਸਿੰਘ ਤੇ ਸਰਦਾਰ ਉੱਜਲ ਸਿੰਘ। ਮੇਜਰ ਠਾਕਰ ਸਿੰਘ ਖਾਨਦਾਨੀ ਰਈਸ ਸਨ। ਉਹਨਾਂ ਦੇ ਦਾਦਾ, ਪੜਦਾਦਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਅਫ਼ਸਰ ਸਨ। ਮੇਜਰ ਸਾਹਿਬ ਦੂਜੇ ਸੰਸਾਰ ਯੁੱਧ ਵਿਚ ਵਾਇਸਰਾਇ ਦੀ ਐਗਜ਼ੈਕਟਵ ਕਾਉਂਸਲ ਦੇ ਮੈਂਬਰ ਸਨ। ਅੰਗਰੇਜ਼ਾਂ ਦੇ ਸ਼ਾਸਨ ਸਮੇਂ ਸਰਕਾਰੀ ਹਲਕਿਆਂ ਵਿਚ ਆਪ ਦਾ ਬੜਾ ਅਸਰ ਰਸੂਖ ਸੀ। ਉਹਨਾਂ ਦੀ ਜ਼ਮੀਨ ਕਈ ਥਾਂਈ ਸੀ। ਖਾਨੇਵਾਲ ਦੇ ਲਾਗੇ ਵੀ ਉਹਨਾਂ ਦੇ ਕੁਝ ਮੁਰੱਬੇ ਸਨ; ਖਾਨੇਵਾਲ ਵਿਚ ਉਹਨਾਂ ਦੀ ਆਲੀਸ਼ਾਨ ਕੋਠੀ ਸੀ। ਗੰਜੀ ਬਾਰ, ਸਿੰਧ ਆਦਿ ਵਿਚ ਉਹਨਾਂ ਦੀ 80 ਮੁਰੱਬੇ ਜ਼ਮੀਨ ਸੀ। ਇਧਰ ਆ ਕੇ ਉਹਨਾਂ ਨੂੰ ਸਿਰਫ 'ਚਾਰ ਮੁਰੱਬੇ ਮਿਲੇ। ਸਰਕਾਰੀ ਅਫ਼ਸਰਾਂ ਨਾਲ ਆਪ ਦਾ ਮੇਲ-ਮਿਲਾਪ ਹੋਣ ਕਰਕੇ ਕੰਮਾਂ-ਕਾਰਾਂ ਵਾਲੇ ਲੋਕ ਆਪ ਕੋਲ ਆਮ ਆਉਂਦੇ ਰਹਿੰਦੇ ਦਨ। ਲੋੜਵੰਦਾਂ ਦੀ ਸਹਾਇਤਾ ਕਰਕੇ ਆਪ ਨੂੰ ਬੜੀ ਖ਼ੁਸ਼ੀ ਹੁੰਦੀ ਸੀ। ਆਪ ਇਲਾਕੇ ਵਿਚ ਬੜੇ ਹਰਦਿਲ ਅਜੀਜ਼ ਸਨ।

ਸਰਦਾਰ ਉੱਜਲ ਸਿੰਘ ਜ਼ਿਲ੍ਹਾ ਸਰਗੋਧਾ ਵੱਲ ਦੇ ਇਕ ਰਈਸੀ ਖਾਨਦਾਨ ਵਿਚੋਂ ਸਨ। ਮੀਆਂ ਚੰਨੂ ਵਿਚ ਆਪ ਦੇ ਇਕ ਜਾਂ ਦੋ ਕਪਾਹ ਦੇ ਕਾਰਖਾਨੇ ਸਨ। ਮੀਆਂ ਚੰਨੂ ਤੋਂ ਮੁਲਤਾਨ ਵੱਲ ਜਾਂਦਿਆਂ ਪਹਿਲਾ ਰੇਲਵੇ ਸਟੇਸ਼ਨ 'ਕੋਟ ਸੁਜਾਨ ਸਿੰਘ' ਸ਼ਾਇਦ ਆਪ ਦੇ ਪਿਤਾ ਜੀ ਦੇ ਨਾਮ ਤੇ ਸੀ। ਪਹਿਲਾਂ ਇਸ ਸਟੇਸ਼ਨ ਦਾ ਨਾਮ 'ਤਲੁੰਭਾ ਰੋਡ' ਸੀ, ਕਿਉਂਕਿ ਇਥੋਂ ਕਸਬਾ ਤਲੁੰਭਾ ਨੂੰ ਸਿੱਧੀ ਕੱਚੀ ਸੜਕ ਜਾਂਦੀ ਸੀ। ਸਟੇਸ਼ਨ ਦੇ ਨਾਲ ਹੀ 'ਕੋਟ ਸੁਜਾਨ ਸਿੰਘ' ਨਾਮ ਦਾ ਛੋਟਾ ਜਿਹਾ ਪਿੰਡ ਸੀ; ਜੋ ਸਰਦਾਰ ਉੱਜਲ ਸਿੰਘ ਦੀ ਮਲਕੀਅਤ ਸੀ। ਅਣਵੰਡੇ ਪੰਜਾਬ ਦੇ ਸਿੱਖ ਹਲਕਿਆਂ ਵਿਚ ਸਰਦਾਰ ਉੱਜਲ ਸਿੰਘ ਦਾ ਚੰਗਾ ਸਥਾਨ ਸੀ। ਆਜ਼ਾਦੀ ਤੋਂ ਪਿੱਛੋਂ ਵੀ ਆਪ ਦਾ ਪੰਜਾਬ ਦੀ ਰਾਜਨੀਤੀ ਵਿਚ ਚੰਗਾ ਥਾਂ ਰਿਹਾ। ਆਪ ਕੁਝ ਚਿਰ ਪੰਜਾਬ ਦੇ ਤੇ ਪਿੱਛੋਂ ਤਾਮਿਲ ਨਾਡੂ ਦੇ ਗਵਰਨਰ ਰਹੇ। ਆਪ ਜ਼ਿਆਦਾ ਲਾਹੌਰ ਰਹਿੰਦੇ ਸਨ, ਇਸ ਲਈ ਜ਼ਿਲ੍ਹਾ ਮੁਲਤਾਨ ਦੇ ਸਿੱਖਾਂ ਜਾਂ ਹੋਰ ਲੋਕਾਂ ਵਿਚ ਆਪ ਕੋਈ ਖਾਸ ਸਥਾਨ ਨਾ ਬਣਾ ਸਕੇ।

ਇਲਾਕਾ ਮੰਬਾ ਬੰਗਲਾ ਦੀ ਸਾਰੀ ਆਬਾਦੀ ਵਿਚੋਂ ਮੈਂ ਸਿਰਫ਼ ਇਕ ਵਰਨਣਯੋਗ ਹਸਤੀ ਦਾ ਨਾਮ ਲੈ ਸਕਦਾ ਹਾਂ—ਇਹ ਸਨ ਮੇਜਰ ਜਨਰਲ ਰਵਿੰਦ ਸਿੰਘ ਗਰੇਵਾਲ। ਆਪ ਚੱਕ ਨੰਬਰ 78 ਦੇ ਵਸਨੀਕ ਲੈਫਟੀਨੈਂਟ ਨਰੈਣ ਸਿੰਘ ਦੇ ਸਪੁੱਤਰ ਸਨ। ਕਿੰਗ ਜਾਰਜ ਸਕੂਲ, ਜਿਹਲਮ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਆਪ ਨੂੰ, ਦੂਜੇ ਸੰਸਾਰ ਯੁੱਧ ਤੋਂ ਕੁਝ ਚਿਰ ਪਹਿਲਾਂ, ਕਮਿਸ਼ਨ ਮਿਲ ਗਿਆ ਸੀ। ਇਸ ਸੰਸਾਰ ਯੁੱਧ ਵਿਚ ਆਪ ਨੂੰ ਬਹਾਦਰੀ ਲਈ ਮਿਲਟਰੀ ਕਰਾਸ ਮਿਲਿਆ। ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਆਪ ਚੀਨ ਨਾਲ ਲੜਾਈ ਸਮੇਂ ਲਦਾਖ ਵਿਚ ਬ੍ਰਿਗੇਡ ਦੀ ਕਮਾਂਡ ਕਰ ਰਹੇ ਸਨ। ਜੇ ਮੇਰੀ ਯਾਦਦਾਸ਼ਤ

www.sikhbookclub.com



ਠੀਕ ਹੈ ਤਾਂ ਸ਼ਾਇਦ ਇਸੇ ਲੜਾਈ ਦੌਰਾਨ ਆਪ ਨੂੰ ਮਹਾਵੀਰ ਚੱਕਰ ਮਿਲਿਆ। ਅਫ਼ਸੋਸ ਕਿ ਸਾਡੇ ਇਲਾਕੇ ਦਾ ਇਹ ਹੋਣ ਹਾਰ ਵਸਨੀਕ ਛੇਤੀ ਹੀ ਸਾਥੋਂ ਵਿੱਛੜ ਗਿਆ। ਲਦਾਖ ਤੋਂ ਵਾਪਸ ਆਉਂਦਿਆਂ ਹਵਾਈ ਜਹਾਜ਼ ਇਕ ਪਹਾੜ ਤੇ ਡਿਗ ਪਿਆ। ਇਸੇ ਹਾਦਸੇ ਵਿਚ ਜਨਰਲ ਗਰੇਵਾਲ ਦੀ ਮੌਤ ਹੋ ਗਈ। ਆਪ ਬੜੇ ਠੰਢੇ ਸੁਭਾ ਦੇ ਤੇ ਨਿਰਮਾਣ ਅਫ਼ਸਰ ਸਨ। ਜਦੋਂ ਪਿੰਡ ਛੁੱਟੀ ਆਉਂਦੇ ਤੇੜ ਚਾਦਰ ਬੰਨ੍ਹ ਕੇ ਪੂਰਾ ਜੱਟਾਂ ਵਾਲਾ ਪਹਿਰਾਵਾ ਬਣਾ ਲੈਂਦੇ ਤੇ ਖੇਤੀ ਦੇ ਕੰਮ ਵਿਚ ਹੱਥ ਵਟਾਉਂਦੇ। ਲੜਾਈ ਤੋਂ ਪਹਿਲਾਂ ਮੈਂ ਉਹਨਾਂ ਨੂੰ ਖ਼ੁਦ ਖੇਤਾਂ ਵਿਚ ਰੂੜੀ ਪਾਉਂਦੇ ਵੇਖਿਆ। ਉਸ ਸਮੇਂ ਆਪ ਕੈਪਟਨ ਸਨ। ਫ਼ੌਜੀ ਅਫ਼ਸਰ ਦੀ ਹੈਸੀਅਤ ਵਿਚ ਆਪ ਬੜੇ ਕਾਮਯਾਬ ਤੇ ਹਰਦਿਲ ਅਜ਼ੀਜ਼ ਸਨ। ਇਲਾਕਾ ਮੰਬਾ ਬੰਗਲਾ ਦਾ ਇਹ ਇਕੱਲਾ ਸਪੂਤ ਹੈ, ਜਿਸ ਤੇ ਸਾਰਾ ਇਲਾਕਾ ਮਾਣ ਕਰ ਸਕਦਾ ਹੈ।

ਸਾਡੇ ਆਪਣੇ ਪਿੰਡ ਵਿਚ ਸਭ ਤੋਂ ਸੀਨੀਅਰ ਫ਼ੌਜੀ ਅਫ਼ਸਰ ਸੂਬੇਦਾਰ ਮੇਜਰ ਮੱਸਾ ਸਿੰਘ ਸੀ, ਜੋ ਸਭ ਤੋਂ ਪਿੱਛੋਂ 1935 ਵਿਚ ਰਿਟਾਇਰ ਹੋ ਕੇ ਆਏ। ਸੂਬੇਦਾਰ ਚਾਰ ਸਨ। ਪਿੰਡ ਦੇ ਲੰਬਰਦਾਰ ਬਿਸ਼ਨ ਸਿੰਘ ਸਨ, ਇਹਨਾਂ ਤੋਂ ਇਲਾਵਾ ਸੂਬੇਦਾਰ ਧਰਮ ਸਿੰਘ ਦੇ ਸੂਬੇਦਾਰ ਧਿਰਤਾ ਸਿੰਘ ਪਿੰਡ ਵਿਚ ਰਹਿੰਦੇ ਸਨ। ਸੂਬੇਦਾਰ ਗੰਡਾ ਸਿੰਘ ਇਥੇ ਆ ਕੇ ਨਹੀਂ ਵੱਸੇ। ਸਰਦਾਰ ਮਲੂਕ ਸਿੰਘ ਦੇ ਪਿਤਾ ਸੂਬੇਦਾਰ ਲਹਿਣਾ ਸਿੰਘ ਤੇ ਲੰਬਰਦਾਰ ਤਾਰਾ ਸਿੰਘ ਦੇ ਪਿਤਾ ਸੂਬੇਦਾਰ ਨਿਧਾਨ ਸਿੰਘ ਕੱਤਲਮਾਰੇ ਦੇ ਮੋਰਚੇ ਵਿਚ ਮਾਰੇ ਗਏ ਸਨ। ਇਥੇ ਤਿੰਨ ਜਮਾਦਾਰ ਸਨ—ਵਜ਼ੀਰ ਸਿੰਘ, ਨਰੈਣ ਸਿੰਘ ਤੇ ਸੰਤੋਖ ਸਿੰਘ। ਬਾਕੀ ਮੁਰੱਬੇ ਹੇਠਲੇ ਰੈਂਕ ਵਾਲਿਆਂ ਦੇ ਸਨ।

ਸਾਡਾ ਪਿੰਡ ਇਸ ਇਲਾਕੇ ਵਿਚ ਸਭ ਤੋਂ ਵੱਡਾ ਤੇ ਕੇਂਦਰੀ ਸਥਾਨ ਤੇ ਸਥਿਤ ਸੀ। ਪਿੰਡ ਵਿਚ ਕੁਝ ਚੰਗੇ ਸਮਝਦਾਰ ਆਦਮੀ ਵੀ ਸਨ। ਇਹਨਾਂ ਨੂੰ ਕੋਸ਼ਿਸ਼ ਕਰਕੇ ਪਿੰਡ ਵਿਚ ਲੋਇਰ ਮਿਡਲ (ਛੇਵੀਂ ਜਮਾਤ ਤਕ ਦਾ) ਸਕੂਲ ਖੁਲਵਾ ਲਿਆ, ਡਾਕਖਾਨਾ ਵੀ ਖੁਲ੍ਹਵਾ ਲਿਆ ਤੇ ਸਰਕਾਰੀ ਡਿਸਪੈਂਸਰੀ ਵੀ ਖੁਲ੍ਹਵਾ ਲਈ। ਵੱਸੋਂ ਕਾਫ਼ੀ ਹੋ ਜਾਣ ਉਪਰੰਤ ਪਿੰਡ ਵਿਚ ਕਈ ਦੁਕਾਨਾਂ ਖੁੱਲ ਗਈਆਂ, ਜਿਨ੍ਹਾਂ ਵਿਚੋਂ ਇਕ ਕਾਫ਼ੀ ਚੰਗੀ ਦੁਕਾਨ ਸੀ। ਉਜੜਨ ਤੋਂ ਸਿਰਫ਼ ਇਕ ਸਾਲ ਪਹਿਲਾਂ ਅਸਾਂ ਕੋਸ਼ਿਸ਼ ਕਰਕੇ ਸਕੂਲ ਨੂੰ ਲੋਇਰ ਮਿਡਲ ਤੋਂ ਮਿਡਲ ਬਣਵਾ ਲਿਆ। ਲੜਕੀਆਂ ਦੇ ਸਕੂਲ ਦੀ ਵੀ ਮਨਜ਼ੂਰੀ ਲੈ ਲਈ, ਪਰ ਇਹ ਸਕੂਲ ਖੁੱਲਣ ਤੋਂ ਪਹਿਲਾਂ ਹੀ ਅਸੀਂ ਪਿੰਡ ਛੱਡ ਆਏ। ਜੇ ਮੈਂ ਆਪਣੇ ਪਿੰਡ ਦੀ ਕੋਈ ਥੋੜ੍ਹੀ ਬਹੁਤ ਸੇਵਾ ਕੀਤੀ ਹੈ ਤਾਂ ਉਹ ਇਹੋ ਸੀ ਕਿ ਸਕੂਲ ਨੂੰ ਮਿਡਲ ਬਣਾਉਣ ਵਿਚ ਮੈਂ ਕਾਫ਼ੀ ਜਤਨ ਕੀਤੇ। ਪਿੰਡ ਦੀਆਂ ਦੋ ਪਾਰਟੀਆਂ ਬਣ ਗਈਆਂ ਸਨ। ਨਾ ਪਿੰਡ ਵਾਲੇ ਇਕੱਠੇ ਹੋ ਕੇ ਬਹਿੰਦੇ ਸਨ, ਨਾ ਕੋਈ ਸਾਂਝਾ ਕੰਮ ਹੁੰਦਾ ਸੀ। ਮੈਂ ਮਾਰਚ 1946 ਵਿਚ ਸੁਮਾਟਰਾ ਤੋਂ ਛੁੱਟੀ ਆਇਆ ਤੇ ਦੋਹਾਂ ਪਾਰਟੀਆਂ ਨੂੰ ਮਿਲ ਕੇ ਬੇਨਤੀ ਕੀਤੀ ਕਿ ਘੱਟੋ-ਘੱਟ ਤੁਸੀਂ ਸਕੂਲ ਦਾ ਕੰਮ ਇਕੱਠੇ ਹੋ ਕੇ ਕਰ ਲਓ। ਉਹਨਾਂ ਮੇਰੀ ਬੇਨਤੀ ਮੰਨ ਲਈ। ਅਸਾਂ ਸਿੱਖਾਂ ਦੇ ਪਿੰਡਾਂ ਦੀ ਮੀਟਿੰਗ ਸੱਦੀ ਤੇ ਚੰਦਾ ਇਕੱਠਾ ਕਰਕੇ ਇਕ ਸਾਂਝੀ ਕਮੇਟੀ ਦੇ ਜ਼ੁੰਮੇ ਇਹ ਕੰਮ ਲਾਇਆ। ਅਸੀਂ ਮੁਲਤਾਨ ਗਏ ਡਿਪਟੀ ਕਮਿਸ਼ਨਰ ਨੂੰ ਮਿਲਨ। ਮੁਲਤਾਨ ਦੇ ਉਦੋਂ ਡੀ. ਸੀ. ਸਨ! ਪਹਿਲਾਂ ਅਸੀਂ

www.sikhbookclub.com



ਸਿੱਖ ਡਿਪਟੀ ਕਮਿਸ਼ਨਰ ਕੋਲ ਗਏ। ਬੜਾ ਰੁੱਖਾ ਬੋਲਿਆ, "ਸਿੱਖਾਂ ਦੀ ਅਬਾਦੀ ਇਸ ਜ਼ਿਲੇ ਵਿਚ ਸਿਰਫ 4 ਫ਼ੀ ਸਦੀ ਹੈ। ਅਸਾਂ ਛੇ ਸਕੂਲ ਮਿਡਲ ਬਣਾਉਣੇ ਹਨ; ਦੋ ਪਹਿਲਾਂ ਹੀ ਸਿੱਖ ਲੈ ਗਏ ਹਨ; ਇਕ ਹੋਰ ਤੁਹਾਨੂੰ ਕਿਵੇਂ ਦੇ ਦੇਵਾਂ ?" ਅਸੀਂ ਨਿਰਾਸ ਹੋ ਕੇ ਨਿਕਲੇ ਤੇ ਦੂਜੇ ਡੀ. ਸੀ. ਕੋਲ ਜਾਣ ਦੀ ਸਲਾਹ ਬਣਾਈ, ਉਹ ਮੁਸਲਮਾਨ ਸੀ। ਇਹ ਮੁਸਲਮਾਨ ਅਫ਼ਸਰ ਸਾਨੂੰ ਬੜੇ ਤਪਾਕ ਨਾਲ ਤੇ ਖੁਸ਼ ਹੋ ਕੇ ਮਿਲਿਆ। ਬੋਲਿਆ, "ਆਓ ਸਰਦਾਰੋ, ਕੁਰਬਾਨ ਜਾਈਏ ਤੁਹਾਡੀ ਕੌਮ ਦੇ, ਅਸੀਂ ਮੁਸਲਮਾਨਾਂ ਨੂੰ ਅਵਾਜ਼ਾਂ ਮਾਰ ਕੇ ਸਕੂਲ ਦਿੰਦੇ ਹਾਂ, ਕੋਈ ਲੈਣ ਲਈ ਤਿਆਰ ਨਹੀਂ। ਤੁਸੀਂ ਪੱਲਿਓਂ ਖਰਚ ਕਰਕੇ ਸਕੂਲ ਮੰਗ ਰਹੇ ਹੋ।" ਅਸਾਂ ਕਿਹਾ ਸੀ ਕਿ ਸਕੂਲ ਦੀ ਬਿਲਡਿੰਗ ਅਸੀਂ ਆਪ ਬਣਵਾ ਦਿਆਂਗੇ। ਭਾਵੇਂ ਸਕੂਲਾਂ ਦੀ ਤਰੱਕੀ ਦਾ ਟਾਈਮ ਲੰਘ ਗਿਆ ਸੀ, ਡੀ. ਸੀ. ਨੇ ਸਪੈਸ਼ਲ ਕੇਸ ਵਜੋਂ ਇਨਸਪੈਕਟਰ ਸਕੂਲਜ਼ ਨੂੰ ਚਿੱਟ ਲਿਖ ਦਿੱਤੀ ਕਿ ਮੁਆਇਨਾ ਕਰਕੇ ਸਕੂਲ ਮਿਡਲ ਬਣਾ ਦਿਓ। ਇਨਸਪੈਕਟਰ ਹਿੰਦੂ ਸੀ, ਉਸ ਨੂੰ ਅਸੀਂ ਪਹਿਲਾਂ ਹੀ ਮਿਲ ਆਏ ਸਾਂ। ਉਸੇ ਸਾਲ ਸਾਡੇ ਸਕੂਲ ਵਿਚ ਸਤਵੀਂ ਜਮਾਤ ਖੁੱਲ ਗਈ। ਸਕੂਲ ਦੀ ਇਮਾਰਤ ਲਈ ਪਕਾਈ ਗਈ ਇੱਟਾਂ ਦੀ ਭੱਠੀ ਅਸੀਂ ਓਵੇਂ-ਦੀ-ਓਵੇਂ ਪਾਕਿਸਤਾਨ ਦੇ ਹਵਾਲੇ ਕਰ ਆਏ ਹਾਂ।

ਇਹ ਹੈ ਸਾਡੇ ਇਲਾਕੇ ਤੇ ਸਾਡੇ ਪਿੰਡ ਨਾਲ ਸਰਸਰੀ ਜਾਣਕਾਰੀ।

www.sikhbookclub.com

# 18

## ਕਾਰ-ਵਿਹਾਰ, ਫਸਲਵਾੜੀ

ਬਾਰ ਵਸਾਉਣ ਵਾਲਿਆਂ ਨੂੰ ਪਹਿਲੇ ਤਿੰਨ, ਚਾਰ ਸਾਲ ਜਿੱਥੇ ਹੋਰ ਕਈ ਪ੍ਰਕਾਰ ਦੀਆਂ ਕਠਨਾਈਆਂ ਝੱਲਣੀਆਂ ਪਈਆਂ, ਓਥੇ ਨਾਲ ਹੀ ਖੇਤਾਂ ਵਿਚ ਵੀ ਕਰੜੀ ਮਿਹਨਤ ਕਰਨੀ ਪਈ। ਜਦੋਂ ਤੱਕ ਖੂਹ ਲੱਗਾ, ਦੁਕਾਨਾਂ ਖੁੱਲ੍ਹ ਗਈਆਂ, ਪਿੰਡ ਵਿਚ ਕਾਰੀਗਰ ਆ ਗਏ, ਉਦੋਂ ਤੱਕ ਖੇਤੀ ਦਾ ਕੰਮ ਵੀ ਕਾਫ਼ੀ ਸੁਖਾਲਾ ਹੋ ਗਿਆ। ਲੋਕਾਂ ਨੇ ਦਿਨ-ਰਾਤ ਮਿਹਨਤ ਕਰਕੇ ਮੁਰੱਬਿਆਂ ਵਿਚੋਂ ਰੁੱਖ, ਦਰਖ਼ਤ, ਝਾੜੀਆਂ ਵੱਢ ਕੇ ਵਾਹੀ ਵਾਲੀ ਜ਼ਮੀਨ ਸਾਫ਼ ਕਰ ਲਈ। ਭੋਂ ਪੱਧਰੀ ਕਰ ਲਈ; ਖਾਲ ਕੱਢ ਲਏ, ਵੱਟਾਂ ਪਾ ਲਈਆਂ। ਵਧੇਰੇ ਟਿੱਬੇ ਵੀ ਕਰਾਹ ਲਏ; ਸਿਰਫ਼ ਥੋੜੇ ਜਿਹੇ ਬਹੁਤ ਵੱਡੇ ਟਿੱਬੇ ਹੀ ਬਚੇ, ਜਾਂ ਕੁਝ ਅਜਿਹੀਆਂ ਟਿੱਬੀਆਂ ਬਚੀਆਂ ਜਿਨ੍ਹਾਂ ਨੂੰ ਆਪ ਰੱਖਿਆ ਗਿਆ ਸੀ ਤਾਂ ਜੋ ਹੋਰ ਤਿੰਨ ਚਾਰ ਸਾਲ ਪੈਲੀਆਂ ਵਿਚ ਨਵੀਂ ਮਿੱਟੀ ਪਾਈ ਜਾ ਸਕੇ। ਜ਼ਿਮੀਦਾਰਾਂ ਦਾ ਕੰਮ ਕਾਫ਼ੀ ਹੌਲਾ ਹੋ ਗਿਆ ਸੀ। ਉਹਨਾਂ ਨੂੰ ਆਰਾਮ ਕਰਨ ਲਈ ਕਾਫ਼ੀ ਟਾਈਮ ਮਿਲ ਜਾਂਦਾ ਸੀ। ਬਾਰ ਦੇ ਸਿੱਖ ਜ਼ਿਮੀਦਾਰਾਂ ਦਾ ਆਮ ਪ੍ਰੋਗ੍ਰਾਮ ਕੁਝ ਇਸ ਪ੍ਰਕਾਰ ਹੁੰਦਾ ਸੀ। ਸਵੇਰੇ ਅੰਮ੍ਰਿਤ ਵੇਲੇ ਹੱਲ ਜੋਣਾ ਤੇ ਟਿੱਕੀ ਚੜ੍ਹਦੀ ਤੱਕ ਅੱਧਾ ਜੋਤਰਾ ਲਾ ਲੈਣਾ। ਇਨੇ ਨੂੰ ਪਿੰਡੋਂ ਛਾਹਵੇਲਾ ਪਹੁੰਚ ਜਾਣਾ। ਹੋਰ ਅੱਧਾ ਜੋਤਰਾ ਲਾ ਕੇ ਹਲ ਛੱਡਣੇ। ਜਿਨ੍ਹਾਂ ਟੱਬਰਾਂ ਵਿਚ ਹਾਲੀਆਂ ਤੋਂ ਬਿਨਾਂ ਕੋਈ ਹੋਰ ਬੰਦਾ ਵੀ ਹੁੰਦਾ ਸੀ, ਉਹ ਇਨੇ ਚਿਰ ਵਿਚ ਪੱਠੇ ਵੱਢ ਲੈਂਦਾ ਸੀ ਤੇ ਜੇ ਕਵਾਣਾ ਨੇੜੇ ਹੋਵੇ ਤਾਂ ਓਥੇ ਸੁੱਟ ਕੇ ਕੁਝ ਪੱਠੇ ਕੁਤਰ ਵੀ ਲੈਂਦਾ; ਜੇ ਕਵਾਣਾ ਦੂਰ ਪੈਂਦਾ ਹੋਵੇ ਤਾਂ ਹਲ ਛੱਡਣ ਪਿੱਛੋਂ ਪੱਠੇ ਗੱਡੇ ਤੇ ਰੱਖ ਕੇ ਲੈ ਜਾਂਦੇ। ਡੰਗਰਾਂ ਨੂੰ ਪੱਠੇ ਪਾ ਕੇ, ਨ੍ਹਾ-ਧੋਕੇ ਪਰਸ਼ਾਦੇ ਛਕਦੇ ਤੇ ਫੇਰ ਦੁਪਹਿਰੇ ਆਰਾਮ ਕਰਦੇ।

ਆਰਾਮ ਕਰਨ ਤੋਂ ਭਾਵ ਇਹ ਨਹੀਂ ਸੀ ਕਿ ਪੈ ਕੇ ਸੌਂ ਰਹਿੰਦੇ, ਜਾਂ ਮੰਜੇ ਤੇ ਉਸਲਵੱਟ ਭੰਨਦੇ ਰਹਿੰਦੇ, ਸਗੋਂ ਮੁੰਡੇ-ਖੁੰਡੇ, ਜਵਾਨ ਤੇ ਅਧਖੜ ਉਮਰ ਦੇ ਲੋਕ ਵੱਖ-ਵੱਖ ਟੋਲੀਆਂ ਵਿਚ ਵਣਾਂ ਹੇਠ ਬਹਿ ਕੇ ਤਾਸ਼ ਜਾਂ ਚੋਪੜ ਦੀਆਂ ਬਾਜੀਆਂ ਲਾਉਂਦੇ ਜਾਂ ਕਿੱਸੇ ਪੜ੍ਹਦੇ। ਕਰਤਾਰ ਸਿੰਘ ਕਲਾਸ ਵਾਲੀਏ ਦੇ ਕਿੱਸੇ ਉਹਨੀ ਦਿਨੀਂ ਬੜੇ ਮਸ਼ਹੂਰ ਸਨ; ਇਹ ਬੜੇ ਜੋਸ਼ ਨਾਲ ਪੜ੍ਹੇ ਤੇ ਸੁਣੇ ਜਾਂਦੇ ਸਨ। ਰੂਪ-ਬਸੰਤ, ਰਾਜਾ ਰਸਾਲੂ, ਪੂਰਨ ਭਗਤ ਦੇ ਕਿੱਸਿਆਂ ਨੂੰ ਪੜ੍ਹਨ, ਸੁਣਨ ਵਾਲੇ ਵੀ ਬਹੁਤ ਸਨ। ਮਾਝੇ ਵਾਲਿਆਂ ਵਿਚ ਵਾਰਿਸ ਦੀ ਹੀਰ ਤੇ ਮਲਵਈਆਂ ਵਿਚ 'ਹੀਰ ਭਗਵਾਨ ਸਿੰਘ' ਕਾਫ਼ੀ ਹਰਦਿਲ ਅਜ਼ੀਜ਼ ਕਿੱਸੇ ਸਨ। 'ਵਾਰਿਸ ਸ਼ਾਹ' ਦਾ ਆਮ ਉਚਾਰਨ 'ਵਾਰੇਸ਼ਾਹ' ਸੀ।

ਇਹਨਾਂ ਵਣਾਂ ਹੇਠ ਹੀ ਦੁਪਹਿਰ ਵੇਲੇ ਨਿੱਕਿਆਂ-ਨਿੱਕਿਆਂ ਮੁੰਡਿਆਂ ਦੇ ਘੋਲ ਕਰਾਏ

www.sikhbookclub.com



ਜਾਂਦੇ, ਵੱਡਿਆਂ ਦੇ ਵੀਣੀ ਫੜਨ ਦੇ, ਭਾਰ ਚੁੱਕਣ ਦੇ ਮੁਕਾਬਲੇ ਹੁੰਦੇ। ਕਈ ਵਾਰ ਇਥੇ ਮੂਰਖਤਾ ਦੇ ਮੁਕਾਬਲੇ ਵੀ ਹੁੰਦੇ। ਮਈ-ਜੂਨ ਦੀ ਦੁਪਹਿਰੇ ਧੁੱਪੇ ਖਲੋਣ ਦਾ ਮੁਕਾਬਲਾ ਜਾਂ ਤਪਦੀ ਰੇਤ ਉੱਤੇ ਨੰਗੇ ਪੈਰੀਂ ਖਲੋਣ ਦਾ ਮੁਕਾਬਲਾ। ਇਹਨਾਂ ਮੁਕਾਬਲਿਆਂ ਵਿਚ ਕਦੇ ਕੋਈ ਹਾਰਿਆ, ਜਿੱਤਿਆ ਨਹੀਂ ਸੀ। ਅਣਖ ਦਾ ਸਵਾਲ ਸੀ, ਕੌਣ ਮੈਦਾਨ ਛੱਡ ਕੇ ਨੱਸੇ। ਸਾਰੇ ਡਟੇ ਰਹਿੰਦੇ, ਜਦੋਂ ਤੱਕ ਕੋਈ ਸਿਆਣਾ ਆਦਮੀ ਆਕੇ ਬਾਹੋਂ ਫੜ ਕੇ ਛਾਵੇਂ ਨਾ ਬੈਠਾਉਂਦਾ। ਕਦੇ ਕਿਸੇ ਨੂੰ ਹੀਟ-ਸਟਰੋਕ ਜਾਂ ਕੋਈ ਹੋਰ ਰੋਗ ਨਹੀਂ ਸੀ ਹੋਇਆ। ਗੰਜੀ ਬਾਰ ਦੀਆਂ ਕੁੰਡੀਆਂ ਮੱਝਾਂ ਦਾ ਦੁੱਧ, ਲੱਸੀ ਪੀਣ ਵਾਲਿਆਂ ਤੇ ਮੱਖਣ, ਦਹੀਂ ਖਾਣ ਵਾਲਿਆਂ ਨੂੰ ਰੋਗ ਕੀ ਕਹਿ ਸਕਦਾ ਸੀ।

ਲੌਢਾ ਵੇਲਾ ਹੁੰਦਿਆਂ ਹੀ ਸਾਰੇ ਆਪੋ ਆਪਣੇ ਕੰਮਾਂ ਤੇ ਲੱਗ ਜਾਂਦੇ। ਮੁੰਡੇ-ਖੁੰਡੇ ਮਾਲ-ਡੰਗਰ ਚਾਰਨ ਲੈ ਜਾਂਦੇ; ਵੱਡਿਆਂ ਲਈ ਹੋਰ ਕਈ ਕੰਮ ਹੁੰਦੇ ਸਨ—ਖੇਤਾਂ ਵਿਚ ਵੱਟਾਂ ਪਾਉਣੀਆਂ, ਰੁੱਖ-ਦਰਖਤ ਛਾਂਗਣੇ, ਖਾਲ ਖਾਲਣੇ ਆਦਿ।

ਜਾਂਗਲੀਆਂ ਨੇ ਵਾਹੀ ਕਰਨੀ ਸਾਥੋਂ ਹੀ ਸਿਖੀ ਸੀ; ਸਾਡੇ ਨਾਲ ਰਹਿੰਦਿਆਂ ਵੀ ਉਹ ਸਿੱਖਾਂ ਜਿੰਨੀ ਪੈਦਾਵਾਰ ਨਾ ਲੈ ਸਕੇ। ਉਹਨਾਂ ਨੂੰ ਤੜਕੇ ਉੱਠਣ ਦੀ ਆਦਤ ਹੀ ਨਹੀਂ ਸੀ। ਸਾਡੇ ਹਾਲੀਆਂ ਨਾਲੋਂ ਕੋਈ ਘੰਟਾ ਭਰ ਪਿੱਛੋਂ ਸੁੱਤੇ ਪਏ ਉੱਠਦੇ ਤੇ ਉੱਠ ਕੇ ਹੁੱਕੇ ਦੇ ਸੂਟੇ ਮਾਰਨ ਲੱਗ ਪੈਂਦੇ। ਜਿਸ ਵੇਲੇ ਸਿੱਖਾਂ ਦਾ ਛਾਹਵੇਲਾ ਜਾਂਦਾ ਹੁੰਦਾ ਸੀ, ਉਦੋਂ ਜਾਂਗਲੀਆਂ ਦੀਆਂ ਹੰਢਾਲੀਆਂ ਖੇਤਾਂ ਨੂੰ ਤੁਰਦੀਆਂ ਸਨ। ਅਸੀਂ 26 ਸਾਲ ਬਾਰ ਵਿਚ ਰਹਿ ਕੇ, ਉਹਨਾਂ ਦਿਨਾਂ ਦੇ ਸਟੈਂਡਰਡ ਮੁਤਾਬਕ ਮਹਿਲ ਉਸਾਰ ਕੇ ਤੇ ਹਰ ਪ੍ਰਕਾਰ ਦੀਆਂ ਨਿਆਮਤਾਂ ਨਾਲ ਭਰੇ ਹੋਏ ਘਰ ਛੱਡ ਕੇ ਆਏ। ਸਾਡੇ ਨਾਲੋਂ ਤਿੰਨ-ਤਿੰਨ ਗੁਣੀ ਜ਼ਮੀਨ ਵਾਲੇ ਜਾਂਗਲੀ ਜਦੋਂ ਅਸੀਂ ਗਏ ਉਦੋਂ ਵੀ ਝੁੱਗੀਆਂ ਵਿਚ ਸਨ ਤੇ ਜਦੋਂ ਅਸੀਂ ਮੁੜੇ ਉਦੋਂ ਵੀ ਝੁੱਗੀਆਂ ਵਿਚ, ਜਾਂ ਝੁੱਗੀਆਂ ਵਰਗੇ ਕੱਚੇ ਕੋਠਿਆਂ ਵਿਚ ਰਹਿੰਦੇ ਸਨ, ਜਿਨ੍ਹਾਂ ਦੇ ਅੰਦਰ ਕੁਝ ਮਿੱਟੀ ਦੇ ਭਾਂਡਿਆਂ, ਜਾਂ ਮੈਲਿਆਂ, ਥਿੰਧਿਆਂ ਜੁੱਲਿਆਂ ਤੋਂ ਬਿਨਾ ਹੋਰ ਕੁਝ ਨਹੀਂ ਸੀ। ਏਧਰੋਂ, ਮਾਝੇ, ਮਾਲਵੇ, ਦੁਆਬੇ, ਵਿਚੋਂ ਗਏ ਮੁਸਲਮਾਨ ਖੇਤੀ ਦੇ ਧੰਧੇ ਵਿਚ ਸਿੱਖਾਂ ਵਰਗੇ ਹੀ ਮਾਹਿਰ ਤੇ ਮਿਹਨਤੀ ਸਨ, ਪਰ ਹੁੱਕੇ ਦਾ ਰੋਗ ਉਹਨਾਂ ਨੂੰ ਵੀ ਸੀ। ਇਹ ਬਿਮਾਰੀ ਪਾਕਿਸਤਾਨੀ ਮੁਸਲਮਾਨਾਂ ਵਿਚ ਅੱਜ ਵੀ ਓਨੀ ਹੀ ਹੈ, ਸ਼ਾਇਦ ਪਹਿਲਾਂ ਨਾਲੋਂ ਵੀ ਜ਼ਿਆਦਾ। ਸੰਨ 1971 ਦੀ ਲੜਾਈ ਪਿੱਛੋਂ ਪੰਜਾਬੀ ਯੂਨੀਵਰਸਿਟੀ ਨੇ ਸਾਡੀ ਤਿੰਨਾਂ ਜਾਣਿਆਂ ਦੀ ਟੀਮ ਭੇਜੀ ਤਸੀਲ ਸ਼ਕਰਗੜ੍ਹ ਦੇ ਉਸ ਖੇਤਰ ਵਿਚ ਜਿਹੜਾ ਉਸ ਸਮੇਂ ਭਾਰਤੀ ਫੌਜਾਂ ਦੇ ਕਬਜ਼ੇ ਵਿਚ ਸੀ। ਮੇਰੇ ਦੂਜੇ ਸਾਥੀ ਸਨ ਡਾ. ਪ੍ਰਕਾਸ਼ ਸਿੰਘ ਜੰਮੂ ਤੇ ਡਾ. ਐਸ. ਐਸ. ਜੋਸ਼ੀ। ਅਸਾਂ ਇਹ ਜਾਚ ਕਰਨੀ ਸੀ ਕਿ ਪਾਕਿਸਤਾਨੀ ਪਿੰਡਾਂ ਦੇ ਵਿਕਾਸ ਦਾ ਸਟੈਂਡਰਡ ਕੀ ਹੈ। ਹੁੱਕੇ ਦੇ ਸੰਬੰਧ ਵਿਚ ਅਸਾਂ ਜੋ ਕੁਝ ਵੇਖਿਆ ਉਹ ਸਾਡੇ ਲਈ ਹੈਰਾਨਕੁਨ ਸੀ। ਕਈਆਂ ਘਰਾਂ ਵਿਚ ਸੌਣ ਵਾਲਿਆਂ ਕੋਠਿਆਂ ਦੇ ਵਿਚਾਲੇ ਫ਼ਰਸ਼ ਵਿਚ ਟੋਏ ਕੱਢੇ ਹੋਏ ਸਨ, ਜੋ ਸੁਆਹ ਨਾਲ ਭਰੇ ਹੋਏ ਸਨ। ਇਹ ਰਾਤ ਨੂੰ ਹੁੱਕਾ ਪੀਣ ਵਾਲਿਆਂ ਦੇ ਖੰਘਾਰ ਸੁੱਟਣ ਲਈ ਸਨ।

www.sikhbookclub.com



ਸਾਰੇ ਪੰਜਾਬ ਵਿਚ, ਤੇ ਖ਼ਾਸ ਕਰਕੇ ਗੰਜੀ ਬਾਰ ਵਿਚ ਸਭ ਤੇ ਔਖਾ ਕੰਮ ਸੀ ਕਣਕ ਦੀ ਵਾਢੀ ਤੇ ਗਹਾਈ। ਵਾਢੀ ਅਪਰੈਲ ਦੇ ਅਖੀਰ ਤੋਂ ਮਈ ਦੇ ਪਹਿਲੇ ਅੱਧ ਤੱਕ ਚਲਦੀ ਸੀ। ਇਸ ਸਮੇਂ ਗਰਮੀ ਸਿੱਖਰ ਤੇ ਪੁੱਜ ਜਾਂਦੀ ਸੀ। ਪੱਕੀ ਹੋਈ ਕਣਕ ਨੂੰ ਸਮੇਂ ਸਿਰ ਵੱਢਣਾ ਬੜਾ ਜ਼ਰੂਰੀ ਸੀ, ਨਹੀਂ ਤਾਂ ਸਿੱਟੇ ਝੜ ਜਾਂਦੇ ਸਨ। ਕੋਈ ਵੀ ਜ਼ਿਮੀਂਦਾਰ ਆਪਣੀ ਸਾਰੀ ਕਣਕ ਆਪਣੇ ਆਪ ਨਹੀਂ ਸੀ ਵੱਢ ਸਕਦਾ; ਨਾਲ ਲਾਵੇ ਲਾਉਣੇ ਪੈਂਦੇ ਸਨ। ਲਾਵਿਆਂ ਦੀ ਦਿਹਾੜੀ ਦੀ ਉਜਰਤ ਕਣਕ ਦੀ ਇਕ ਭਰੀ ਹੁੰਦੀ ਸੀ। ਲੌਢੇ ਵੇਲੇ ਵੱਢੀ ਹੋਈ ਕਣਕ ਦੇ ਮੱਕੜਿਆਂ ਦੀਆਂ ਭਰੀਆਂ ਬੱਧੀਆਂ ਜਾਂਦੀਆਂ ਤੇ ਫਿਰ ਚੁੱਕ ਕੇ ਖਲਵਾੜੇ ਤੇ ਲਾਈਆਂ ਜਾਂਦੀਆਂ। ਜਿਹੜੇ ਕਿੱਲੇ ਵਿਚੋਂ ਭਰੀਆਂ ਚੁੱਕੀਆਂ ਜਾਂਦੀਆਂ ਉਸ ਵਿਚ ਸਿੱਟੇ ਚੁਣਨ ਵਾਲੀਆਂ ਵੜ ਜਾਂਦੀਆਂ ਤੇ ਨਾਲ ਹੀ ਪਾਲੀ ਆਪਣੇ ਡੰਗਰ ਉਸ ਵੱਢ ਵਿਚ ਹਿੱਕ ਦਿੰਦੇ। ਕਣਕ ਦਾ ਤਾਜ਼ਾ ਭੁੱਥਾ ਪਸ਼ੂ ਬੜੇ ਸਵਾਦ ਨਾਲ ਖਾਂਦੇ। ਕਣਕ ਵੱਢਣ ਵਾਲੇ, ਦੁਪਹਿਰੇ ਘੱਟੋ-ਘੱਟ ਦੋ ਵਾਰੀ ਸੱਕਰ ਦਾ ਸਰਬਤ ਪੀਂਦੇ।

ਕਦੇ ਕਦੇ ਲਾਵੇ ਵੀ ਬੜੇ ਔਖੇ ਮਿਲਦੇ ਸਨ। ਜੇ ਕਿਸੇ ਜ਼ਿਮੀਂਦਾਰ ਦੀ ਕਣਕ ਇਕੱਠੀ ਤਿਆਰ ਹੋ ਜਾਵੇ ਤਾਂ ਮੰਗ ਪਾਉਣੀ ਪੈਂਦੀ ਸੀ। ਵਾਢਿਆਂ ਨੂੰ ਮੰਗ ਤੇ ਜਾਣ ਦਾ ਬੜਾ ਸ਼ੌਕ ਹੁੰਦਾ ਸੀ। ਭਾਵੇਂ ਉਹਨਾਂ ਨੂੰ ਕਣਕ ਦੀ ਭਰੀ ਨਹੀਂ ਸੀ ਮਿਲਦੀ ਪਰ ਉਹਨਾਂ ਦੀ ਸੇਵਾ ਜੰਞ ਵਾਂਗ ਹੁੰਦੀ ਸੀ। ਮੰਗ ਤੇ ਆਉਣ ਵਾਲੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਟੱਕ ਲਾ ਦਿੰਦੇ ਸਨ। ਛੇਤੀ ਹੀ ਉਹਨਾਂ ਨੂੰ ਛਾਹ ਵੇਲਾ ਮਿਲ ਜਾਂਦਾ—ਪਰਾਉਂਠੇ, ਸੱਕਰ-ਘਿਓ ਤੇ ਲੱਸੀ। ਦੁਪਹਿਰ ਦੀ ਰੋਟੀ ਨਾਲ ਖੀਰ-ਕੜ੍ਹਾ ਮਿਲਦਾ। ਦੁਪਹਿਰੇ ਦੋ ਵਾਰੀ ਸੱਕਰ ਦਾ ਸ਼ਰਬਤ। ਜੇ ਕੰਮ ਮੁਕਾਉਂਦਿਆਂ ਤਿਕਾਲਾਂ ਪੈ ਜਾਣ ਤਾਂ ਰਾਤ ਦੀ ਰੋਟੀ, ਜਿਸ ਲਈ ਬੱਕਰਾ ਝਟਕਾਇਆ ਜਾਂਦਾ ਸੀ। ਖੇਤ ਵਾਲੇ ਨੂੰ ਭਾਵੇਂ ਮੰਗ ਲਾਵਿਆਂ ਨਾਲੋਂ ਮਹਿੰਗੀ ਪੈਂਦੀ ਸੀ, ਪਰ ਫਸਲ ਸਮੇਂ ਸਿਰ ਸਾਂਭੀ ਜਾਂਦੀ ਸੀ। ਕਈ ਵਾਰੀ ਹਲਾਂ ਹੀ ਮੰਗ ਵੀ ਪਾਉਣੀ ਪੈਂਦੀ ਸੀ; ਪਰ ਹਲਾਂ ਦੀ ਮੰਗ ਨਾ ਇੰਨੀ ਵੱਡੀ ਹੁੰਦੀ ਸੀ, ਤੇ ਨਾ ਹੀ ਇਹ ਸਾਰ ਦਿਨ ਦਾ ਕੰਮ ਹੁੰਦਾ ਸੀ, ਦੁਪਹਿਰ ਹੋਣ ਤੋਂ ਪਹਿਲਾਂ ਹੀ ਕੰਮ ਮੁਕਾ ਲਿਆ ਜਾਂਦਾ ਸੀ।

ਕਣਕ ਦੀ ਗਹਾਈ ਵੀ ਵੱਡੀ ਜੋਖੋਂ ਦਾ ਕੰਮ ਸੀ। ਜੇਠ, ਹਾੜ ਦੀਆਂ ਧੁੱਪਾਂ—ਉਹ ਵੀ ਮੁਲਤਾਨ ਦੇ ਇਲਾਕੇ ਦੀਆਂ, ਦੁਪਹਿਰੇ ਫਲ੍ਹੇ ਵਾਹੁਣੇ ਇਕ ਕਠਨ ਤਪੱਸਿਆ ਸੀ। ਮੈਂ ਵੀ ਦੋ ਸਾਲ ਫਲ੍ਹੇ ਵਾਹੇ, ਉਦੋਂ ਮੇਰੀ ਉਮਰ ਚੌਦਾਂ, ਪੰਦਰਾਂ ਸਾਲ ਸੀ। ਇਹ ਮੇਰੀ ਉਮਰ ਦਾ ਸਭ ਤੋਂ ਕਰੜਾ ਤੇ ਸਰੀਰ ਨੂੰ ਸੰਤਾਪ ਦੇਣ ਵਾਲਾ ਕੰਮ ਸੀ। ਫਲ੍ਹਿਆਂ ਵਾਲੇ ਪਿੜ ਦੇ ਨੇੜੇ ਖਾਲ ਵਗਦਾ ਹੁੰਦਾ ਸੀ। ਮੈਂ ਘੰਟੇ, ਡੇਢ੍ਹ ਘੰਟੇ ਪਿੱਛੋਂ ਸਣੇ ਕੱਪੜੀਂ ਖਾਲ ਵਿਚ ਟੁੱਭੀਆਂ ਮਾਰ ਲੈਂਦਾ ਸਾਂ, ਗਿੱਲੇ ਕਪੜਿਆਂ ਨਾਲ ਹੀ ਫਲ੍ਹਾ ਹਿੱਕਣ ਆ ਲੱਗਦਾ। ਪੰਦਰਾਂ, ਵੀਹਾਂ ਮਿੰਟਾਂ ਵਿਚ ਲੀੜੇ ਬਿਲਕੁਲ ਸੁੱਕ ਜਾਂਦੇ। ਫਲ੍ਹੇ ਵਾਹੁਣ ਵਾਲਿਆਂ ਦੀ ਖ਼ੁਰਾਕ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਸੱਕਰ ਦਾ ਸ਼ਰਬਤ ਤਾਂ ਢੱਗਿਆਂ ਨੂੰ ਵੀ ਪਿਆਉਣਾ ਪੈਂਦਾ ਸੀ। ਬੰਦਿਆਂ ਦੀ ਰੋਟੀ ਨਾਲ ਸੱਕਰ ਘਿਓ, ਸਵੇਰ ਵੇਲੇ ਲੱਸੀ ਦੇ ਛੰਨੇ ਨਾਲ ਮੱਖਣ, ਰਾਤ ਨੂੰ ਰਜਵਾਂ ਦੁੱਧ। ਇਹ ਖ਼ੁਰਾਕ ਸੀ ਖਾਂਦੇ-ਪੀਂਦੇ ਘਰਾਂ ਦੀ। ਗਰੀਬ ਲੋਕ ਕੁਝ ਘੱਟ ਖ਼ੁਰਾਕ ਨਾਲ ਵੀ ਗੁਜ਼ਾਰਾ ਕਰ ਲੈਂਦੇ ਸ਼ਨ। ਸਾਡੀ ਗੁਆਂਢੀ ਜਾਂਗਲੀ

www.sikhbookclub.com



ਸਾਡੇ ਜਿੰਨੀ ਗਰਮੀ ਨਹੀਂ ਸਨ ਮਨਾਉਂਦੇ; ਉਹਨਾਂ ਨੂੰ ਅਸਾਂ, ਕਦੇ-ਕਦਾਈਂ ਨੰਗੇ-ਪਿੰਡੇ ਫਲ੍ਹੇ ਵਾਹੁੰਦਿਆਂ ਵੀ ਵੇਖਿਆ; ਨਾਲ ਹੀ ਕਦੇ-ਕਦਾਈਂ ਉਹ ਦੁਪਹਿਰੇ ਫਲ੍ਹੇ ਛੱਡ ਕੇ ਆਰਾਮ ਵੀ ਕਰਨ ਲੱਗ ਜਾਂਦੇ ਸਨ। ਕੋਈ ਸਿੱਖ ਦੁਪਹਿਰੇ ਫਲ੍ਹੇ ਨਹੀਂ ਸੀ ਛੱਡਦਾ; ਦੁਪਹਿਰੇ ਕੜਕਦੀ ਧੁੱਪ ਵਿਚ ਕਣਕ ਦਾ ਨਾੜ ਛੇਤੀ ਭੁਰਦਾ ਸੀ।

ਗਾਹੁਣ ਤੋਂ ਪਿੱਛੋਂ ਛੇਤੀ ਤੋਂ ਛੇਤੀ ਧੜਾਂ ਉਡਾਉਣ ਤੇ ਦਾਣੇ ਸਾਂਭਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਕਿਉਂਕਿ ਹਨੇਰੀਆਂ ਦਾ ਖ਼ਤਰਾ ਰਹਿੰਦਾ ਸੀ। ਕਈ ਵਾਰ ਖਲਵਾੜਿਆਂ ਤੇ ਲੱਗੀਆਂ ਭਰੀਆਂ ਉੱਡ ਜਾਂਦੀਆਂ, ਧੜਾਂ ਜਾਂ ਬਣੇ ਹੋਏ ਬੋਹਲ ਉੱਡ ਜਾਂਦੇ। ਸਾਰਿਆਂ ਜ਼ਿਮੀਂਦਾਰਾਂ ਨੂੰ ਕਣਕ ਦੀ ਫਸਲ ਛੇਤੀ ਤੋਂ ਛੇਤੀ ਸੰਭਾਲਣ ਦਾ ਫ਼ਿਕਰ ਹੁੰਦਾ ਸੀ।

ਗੰਜੀ ਬਾਰ ਦੀ ਦੂਜੀ ਵੱਡੀ ਫ਼ਸਲ ਕਪਾਹ ਸੀ। ਜਿਸ ਨੂੰ ਅੱਜ ਕੱਲ ਅਸੀਂ ਨਰਮਾ ਕਹਿੰਦੇ ਹਾਂ, ਸਾਡੇ ਇਲਾਕੇ ਵਿਚ ਇਸ ਦਾ ਵਧੇਰੇ ਪ੍ਰਸਿੱਧ ਨਾਮ 'ਅਮਰੀਕਨ ਕਪਾਹ' ਸੀ। ਨਰਮੇ ਦਾ ਬੀਅ ਅਮਰੀਕਾ ਵਿੱਚੋਂ ਆਇਆ ਮੰਨਿਆ ਜਾਂਦਾ ਸੀ। ਜਿਹੜੀ ਕਪਾਹ ਸਾਡੇ ਵਡੇਰੇ ਕਈਆਂ ਸਦੀਆਂ ਤੋਂ ਬੀਜਦੇ ਆ ਰਹੇ ਸਨ, ਉਸ ਦਾ ਨਾਂਅ ਬਾਰ ਵਿਚ 'ਦੇਸੀ ਕਪਾਹ' ਸੀ। ਦੇਸੀ ਕਪਾਹ ਦਾ ਬੂਟਾ ਨਰਮੇ ਨਾਲੋਂ ਕਾਫ਼ੀ ਜ਼ਿਆਦਾ ਲੰਮਾ ਹੁੰਦਾ ਸੀ। ਪਰ ਇਸ ਦਾ ਝਾੜ ਘੱਟ ਸੀ ਤੇ ਇਸ ਦਾ ਰੇਸ਼ਾ ਵੀ ਨਰਮੇ ਦੇ ਰੇਸ਼ੇ ਨਾਲੋਂ ਕਾਫ਼ੀ ਘਟੀਆ ਹੁੰਦਾ ਸੀ। ਦੇਸੀ ਕਪਾਹ ਲੋਕੀਂ ਸਿਰਫ਼ ਕੱਤਣ-ਤੁੰਬਣ ਜੋਗੀ ਹੀ ਬੀਜਦੇ ਸਨ, ਸਾਉਣੀ ਦੀ ਮੁੱਖ ਫਸਲ ਨਰਮਾ ਹੀ ਸੀ। ਜਦੋਂ ਨਰਮਾ ਖਿੜਦਾ ਤਾਂ ਚੁਣਨ ਲਈ ਚੋਣੀਆਂ ਦੀ ਬੜੀ ਮੰਗ ਰਹਿੰਦੀ ਸੀ। ਮਾਝੇ, ਮਾਲਵੇ, ਦੁਆਬੇ ਵਿਚੋਂ ਕਈ ਟੱਬਰ ਸਿਰਫ਼ ਕਪਾਹ ਚੁਣਨ ਲਈ ਹੀ ਦੋ-ਂਹ ਮਹੀਨਿਆਂ ਲਈ ਬਾਰੇ ਜਾਂਦੇ ਸਨ। ਨਰਮੇ ਦਿਆਂ ਖੇਤਾਂ ਵਿਚ ਮੁਟਿਆਰਾਂ ਜਿਦ-ਜਿਦ ਕੇ ਕਪਾਹ ਚੁਣਦੀਆਂ, ਹਾਸੇ-ਮਖੌਲ ਕਰਦੀਆਂ, ਤਾਹਨੇ-ਮਿਹਣੇ ਮਾਰਦੀਆਂ, ਵਾਹੋ-ਦਾਹੀ ਝੋਲੀਆਂ ਭਰੀ ਜਾਂਦੀਆਂ ਸਨ। ਗੰਜੀ ਬਾਰ ਦੇ ਜੀਵਨ ਦੇ ਅਜਿਹੇ ਨਜ਼ਾਰੇ ਕਦੀ ਨਹੀਂ ਭੁਲਾਏ ਜਾ ਸਕਦੇ। ਸੂਰਜ ਛੁੱਪਣ ਤੋਂ ਕੁਝ ਪਹਿਲਾਂ ਚੋਣੀਆਂ ਆਪਣੀ ਚੁਣੀ ਕਪਾਹ ਸਿਰਾਂ ਤੇ ਚੁੱਕ ਕੇ ਖੇਤ ਦੇ ਮਾਲਕ ਦੇ ਘਰ ਲੈ ਜਾਂਦੀਆਂ ਓਥੇ ਹਰ ਚੋਣੀ ਦੀ ਚੁਣੀ ਹੋਈ ਕਪਾਹ ਦੀਆਂ ਢੇਰੀਆਂ ਪਾਈਆਂ ਜਾਂਦੀਆਂ—ਸ਼ਾਇਦ ਸੱਤ ਢੇਰੀਆਂ ਹੁੰਦੀਆਂ ਸਨ (ਘੱਟ-ਵੱਧ ਵੀ ਹੋ ਸਕਦੀਆਂ ਹਨ) ਚੋਣੀ ਇਹਨਾਂ ਢੇਰੀਆਂ ਵਿੱਚੋਂ ਆਪਣੀ ਮਰਜ਼ੀ ਦੀ ਇਕ ਢੇਰੀ ਚੁੱਕ ਲੈਂਦੀ।

ਚੁਣੀ ਹੋਈ ਕਪਾਹ ਲੋਕ ਬਹੁਤਾ ਚਿਰ ਘਰਾਂ ਵਿਚ ਨਹੀਂ ਸਨ ਰੱਖ ਸਕਦੇ। ਵਪਾਰੀ ਘਰਾਂ ਤੋਂ ਕਪਾਹ ਤੁਲਾ ਲੈਂਦੇ ਸਨ, ਜੋ ਚਾਰ-ਚਾਰ ਮਣ ਦੇ ਬੋਰਿਆਂ ਵਿਚ ਭਰ ਕੇ ਊਠਾਂ ਤੇ ਲੱਦੀ ਜਾਂਦੀ—ਦੋ ਬੋਰੇ ਇਕ ਊਠ ਉੱਤੇ, ਕਿਸੇ ਤੱਕੜੇ ਊਠ ਉੱਤੇ ਤਿੰਨ ਬੋਰੇ ਵੀ ਲੱਦ ਲਏ ਜਾਂਦੇ ਸਨ। ਇਹ ਕਪਾਹ ਮੰਡੀਆਂ ਵਿਚ ਜਾਂਦੀ ਸੀ। ਮੰਡੀ ਵਾਲੇ ਹਰ ਸ਼ਹਿਰ ਵਿਚ ਕਪਾਹ ਦੇ ਕਾਰਖਾਨੇ ਸਨ, ਜਿਨ੍ਹਾਂ ਵਿਚ ਕਪਾਹ ਵੇਲੀ ਜਾਂਦੀ ਸੀ। ਵੇਲੀ ਹੋਈ ਕਪਾਹ ਦੀਆਂ ਗੰਢਾਂ ਇੰਗਲੈਂਡ ਭੇਜੀਆਂ ਜਾਂਦੀਆਂ ਸਨ। ਸਾਡੇ ਕੋਲ ਪਿੱਛੇ ਵੜੇਵੇਂ ਵੀ ਰਹਿ ਜਾਂਦੇ ਸਨ।

ਦਾਲਾਂ ਵਿਚ ਮਾਂਹ, ਮੂੰਗੀ, ਮਸਰ ਆਮ ਬੀਜੇ ਜਾਂਦੇ ਸਨ। ਹਰਹਰ ਬੀਜਣ ਦਾ ਰਵਾਜ ਨਹੀਂ ਸੀ। ਮਾਂਹ ਦੋ ਪ੍ਰਕਾਰ ਦੇ ਹੁੰਦੇ ਸਨ—ਕਾਲੇ ਤੇ ਹਰੇ। ਏਧਰ ਆ ਕੇ ਹਰੇ ਮਾਂਹ ਅਸਾਂ ਕਦੇ ਵੇਖੇ ਹੀ ਨਹੀਂ। ਸਬਜ਼ੀਆਂ ਵਿਚ ਕੱਦੂ, ਤੂੰਬੇ, ਅੱਲਾਂ, ਤੋਰੀਆਂ, ਭਿੰਡੀਆਂ, ਟੀਂਡੇ ਆਮ

www.sikhbookclub.com



ਹੁੰਦੇ ਸਨ। ਕੱਦੂ ਆਮ ਤੌਰ ਤੇ ਕਮਾਦ ਦੇ ਬੰਨੇ ਬੀਜ ਦਿੱਤੇ ਜਾਂਦੇ ਸਨ; ਜਾਂ ਫਿਰ ਇਹਨਾਂ ਦੀਆਂ ਵੇਲਾਂ ਰੁੱਖਾਂ ਤੇ ਚੜ੍ਹ ਜਾਂਦੀਆਂ ਸਨ। ਤੋਰੀਆਂ ਵੀ ਰੁੱਖਾਂ ਤੇ ਚੜ੍ਹ ਜਾਂਦੀਆਂ ਸਨ। ਟੀਂਡੇ ਤੇ ਭਿੰਡੀਆਂ ਦੇ ਬੀਅ ਕਪਾਹ ਵਿਚ ਹੀ ਸੁੱਟ ਦਿੱਤੇ ਜਾਂਦੇ ਸਨ। ਗੋਂਗਲੂ ਬਹੁਤ ਹੁੰਦੇ ਸਨ, ਪਰ ਇਹਨਾਂ ਦੀ ਸਬਜ਼ੀ ਲੋਕ ਘੱਟ ਹੀ ਬਣਾਉਂਦੇ ਸਨ; ਇਹ ਸਿਰਫ਼ ਡੰਗਰਾਂ ਨੂੰ ਪਾਏ ਜਾਂਦੇ ਸਨ। ਸ਼ਾਇਦ ਅੱਜ ਯਕੀਨ ਕਰਨਾ ਔਖਾ ਹੋਵੇ, ਪਰ ਗੰਜੀ ਬਾਰ ਵਿਚ,ਅੱਠ-ਅੱਠ, ਦੱਸ-ਦੱਸ ਸੇਰ ਦੇ ਗੋਂਗਲੂ ਵੀ ਹੋ ਜਾਂਦੇ ਸਨ। ਚਾਰ-ਚਾਰ, ਪੰਜ-ਪੰਜ ਸੇਰ ਦੇ ਗੋਂਗਲੂ ਤਾਂ ਆਮ ਹੁੰਦੇ ਸਨ। ਸਰ੍ਹੋਂ, ਲੂਸਣ, ਬਰਸੀਮ, ਚਰ੍ਹੀ, ਗਵਾਰਾ, ਮੋਠ, ਪੱਠਿਆਂ ਦੀਆਂ ਫਸਲਾਂ ਸਨ। ਮੋਠ ਕਈ ਵਾਰ ਇੰਨੇ ਫਸ ਜਾਂਦੇ ਸਨ ਕਿ ਵੱਢਦਿਆਂ ਕਦੇ-ਕਦੇ ਉੱਠ ਕੇ ਖਿੱਚਣੇ ਪੈਂਦੇ ਸਨ। ਇਕ ਵਾਰੀ ਸਾਡੇ ਆਪਣੇ ਮੋਠ ਕੁੱਤਰਦਿਆਂ ਵਿਚ ਦੋ ਸੱਪ ਦੇ ਬੱਚੇ ਕੁਤਰੇ ਗਏ, ਇਹ ਮੋਠਾਂ ਵਿਚ ਇੰਵ ਲੁਕੇ ਹੋਏ ਸਨ ਕਿ ਵੱਢਦਿਆਂ ਦਿਸੇ ਹੀ ਨਾ। ਕਮਾਦ ਦਾ ਜ਼ਿਕਰ ਮੈਂ ਅੱਗੇ ਕਰਾਂਗਾ।

ਕੀਮਿਆਈ ਖਾਦਾਂ ਤੇ ਨਵੇਂ ਬੀਅ ਅਜੇ ਉਦੋਂ ਨਹੀਂ ਸਨ ਆਏ, ਗੋਹੇ ਦੀ ਰੂੜੀ ਜਾਂ ਟਿੱਬਿਆਂ ਦੀ ਮਿੱਟੀ ਹੀ ਖਾਦਾਂ ਦਾ ਕੰਮ ਦਿੰਦੀ ਸੀ। ਕਣਕ ਤੇ ਕਮਾਦ ਦੀਆਂ ਇਕ ਦੋ ਨਵੀਆਂ ਕਿਸਮਾਂ ਜ਼ਰੂਰ ਨਿਕਲੀਆਂ ਸਨ, ਪਰ ਇਹਨਾਂ ਨਾਲ ਕੋਈ ਬਹੁਤਾ ਫ਼ਰਕ ਨਹੀਂ ਸੀ ਪਿਆ।

www.sikhbookclub.com

## 19

# ਦੁੱਧ, ਘਿਓ, ਲੱਸੀ ਦੀ ਸਭਿਅਤਾ

ਕੁਝ ਸਮਾਂ ਪਹਿਲਾਂ ਜਦੋਂ ਮੈਂ 'ਲਾਹੌਰ ਬੁੱਕ ਸ਼ਾਪ' ਲੁਧਿਆਣੇ ਦੇ ਮਾਲਕ ਸਰਦਾਰ ਜੀਵਨ ਸਿੰਘ ਨਾਲ ਗੱਲ ਕੀਤੀ ਕਿ ਮੈਂ ਗੰਜੀ ਬਾਰ ਬਾਰੇ ਕਿਤਾਬ ਲਿਖਣਾ ਚਾਹੁੰਦਾ ਹਾਂ ਤਾਂ ਸ. ਜੀਵਨ ਸਿੰਘ ਝੱਟ ਬੋਲ ਉੱਠੇ, "ਬਾਰ ਬਾਰੇ ਲਿਖਦਿਆਂ ਇਕ ਗੱਲ ਜ਼ਰੂਰ ਲਿਖਣੀ ਕਿ ਬਾਰਾਂ ਦੀ ਸਭਿਅਤਾ ਦੁੱਧ, ਲੱਸੀ, ਘਿਓ ਦੀ ਸਭਿਅਤਾ ਸੀ।" ਸਰਦਾਰ ਸਾਹਿਬ ਦਾ ਇਹ ਬਿਆਨ ਬਿਲਕੁਲ ਠੀਕ ਸੀ। ਗੰਜੀ ਬਾਰ ਦੇ ਵਸਨੀਕਾਂ ਲਈ ਦੁੱਧ, ਲੱਸੀ, ਘਿਉ ਇੰਵ ਸਨ ਜਿਵੇਂ, ਰੋਟੀ, ਪਾਣੀ, ਹਵਾ। ਗੰਜੀ ਬਾਰ ਵਿਚ ਦੁੱਧ, ਘਿਓ ਲਈ ਮੱਝਾਂ ਹੀ ਰੱਖੀਆਂ ਜਾਂਦੀਆਂ ਸਨ, ਗਾਈਆਂ, ਆਮ ਤੌਰ ਤੇ, ਵੱਛੇ ਲੈਣ ਲਈ ਪਾਲਦੇ ਸਾਂ। ਬਾਰ ਦੀਆਂ ਮੱਝਾਂ ਥੱਲੇ ਦੁੱਧ ਮਾਝੇ, ਦੁਆਬੇ ਦੀਆਂ ਮੱਝਾਂ ਨਾਲੋਂ ਬਹੁਤ ਜਿਆਦਾ ਹੁੰਦਾ ਸੀ। ਸਾਡੀ ਆਪਣੀ ਇਕ ਮੱਝ 20 ਸੇਰ ਤੋਂ ਉਤੋਂ ਦੁੱਧ ਦਿੰਦੀ ਸੀ—ਇਸ ਦਾ ਨਾਂ 'ਟੇਕਾਂ ਦੇਈ' ਸੀ, ਕਿਉਂਕਿ ਇਹ ਇਕ 'ਟੇਕਾਂ ਦੇਈ' ਨਾਮ ਦੀ ਬ੍ਰਾਹਮਣੀ ਤੋਂ ਖ਼ਰੀਦੀ ਸੀ। ਪੰਦਰਾ, ਸੋਲਾਂ ਸੇਰ ਦੁੱਧ ਦੇਣ ਵਾਲੀਆਂ ਮੱਝਾਂ ਆਮ ਸਨ। ਡੰਗਰਾਂ ਦੀ ਸੇਵਾ ਬੜੀ ਰੀਝ ਨਾਲ ਕੀਤੀ ਜਾਂਦੀ ਸੀ। ਪੱਠੇ ਖੁੱਲ੍ਹੇ ਬੀਜੇ ਜਾਂਦੇ ਸਨ, ਚਰਾਂਦਾ ਵੀ ਖੁੱਲੀਆਂ ਸਨ; ਖਲ, ਵੜੇਵੇਂ, ਦਲ ਬੜੇ ਸਸਤੇ ਸਨ। ਖਲ, ਵੜੇਵੇਂ ਖਾਣ ਵਾਲੀਆਂ ਮੱਝਾਂ ਦੇ ਦੁੱਧ ਵਿੱਚੋਂ ਘਿਓ ਵੀ ਰੱਜ ਕੇ ਨਿਕਲਦਾ ਸੀ। ਇਸ ਸੰਬੰਧ ਵਿਚ ਮੈਂ ਇਕ ਕਿੱਸਾ ਸੁਣਾਉਂਣਾ ਚਾਹੁੰਦਾ ਹਾਂ। ਸਾਡੇ ਗੁਆਂਢੀ ਪਿੰਡ ਚੱਕ 80 ਵਿਚ ਇਕ ਵਿਆਹ ਸੀ। ਅਸੀਂ, ਮੇਲ ਵਿਚ ਗਏ ਹੋਏ ਸਾਂ ਤੇ ਵਿਆਹ ਵਾਲੇ ਘਰ ਦੇ ਗੁਆਂਢ ਗੁਰਦਿਤ ਸਿੰਘ ਦੇ ਘਰ ਬੈਠੇ ਸਾਂ। ਡੰਗਰ ਉਸ ਵੇਲੇ ਖੁਰਲੀਆਂ ਤੋਂ ਹਟਾ ਕੇ ਬੱਧੇ ਹੋਏ ਸਨ ਤੇ ਸਾਡਿਆਂ ਮੰਜਿਆਂ ਲਾਗਦੀ ਇਕ ਖੁਰਲੀ ਵਿਚ ਵੜੇਵੇਂ ਇੰਵ ਪਏ ਸਨ, ਜਿਵੇਂ ਪੱਠਿਆਂ ਦੇ ਕਰੜੇ ਟੰਢਲ ਪਏ ਹੁੰਦੇ ਹਨ। ਸਾਡੇ ਵਿੱਚੋਂ ਇਕ ਜਣੇ ਨੇ ਘਰ ਦੀ ਮਾਲਕਣ ਬੀਬੀ ਤੋਂ ਪੁੱਛਿਆ ਕਿ ਇੰਨੇ ਅਣਮੂੰਹੇਂ ਵੜੇਵੇਂ ਕਿਉਂ ਪਾਉਂਦੇ ਹੋ। ਉਸ ਬੀਬੀ ਨੇ ਉੱਤਰ ਦਿੱਤਾ, "ਇਸ ਮੱਝ ਦੇ ਦੁੱਧ ਵਿਚੋਂ ਘਿਓ ਬੜਾ ਨਿਕਲਦਾ ਏ, ਇਸ ਲਈ ਮੈਂ ਇਹਨੂੰ ਰਜਵੇਂ ਵੜੇਵੇਂ ਪਾਉਨੀ ਆਂ।" ਇਹ ਪੁੱਛਣ ਤੇ ਕਿ ਕਿੰਨਾ 'ਕੂ ਮੱਖਣ ਨਿਕਲਦਾ ਏ, ਉਹ ਅੰਦਰੋਂ ਤਿੰਨ ਸੇਰ ਪਾਣੀ ਪੌਣ ਵਾਲਾ ਟਊ (ਖੜੇ ਕੰਢਿਆਂ ਵਾਲਾ ਪਤੀਲਾ) ਚੁੱਕ ਲਿਆਈ ਜੋ ਮੱਖਣ ਨਾਲ ਭਰਿਆ ਹੋਇਆ ਸੀ। ਇਹ ਉਸ ਮੱਝ ਦਾ ਇਕ ਦਿਨ ਦਾ ਮੱਖਣ ਸ਼ੀ। ਅਸਾਂ ਪੁਛਿਆ, "ਕਿੰਨਾ ਘਿਓ ਨਿਕਲਦਾ ਏ ਇੰਨੇ ਮੱਖਣ ਵਿੱਚੋਂ ?" ਬੀਬੀ ਨੇ ਉੱਤਰ ਦਿੱਤਾ, "ਇਸ ਵਿਚੋਂ ਕੋਈ ਤੀਆ ਹਿੱਸਾ ਮੱਖਣ ਤਾਂ ਰੋਜ ਘਰ ਵਿਚ ਲੱਗ ਜਾਂਦੈ; ਬਾਕੀ 'ਚੋਂ ਸੇਰ ਭਰ ਘਿਓ ਤਾਂ ਰੋਜਦਾ ਹੋਈ ਜਾਂਦੈ।" ਇਹ ਵੀ ਉਸ ਬੀਬੀ ਨੇ ਦੱਸਿਆ, "ਇਸ ਮਹਿੰ ਦਾ ਦੁੱਧ ਤਾਂ ਪੂਰੇ ਦਾ ਪੂਰਾ ਮੈਂ ਕਾੜ ਲੈਨੀ ਆਂ, ਦੂਈ ਮਹਿੰ ਦਾ

www.sikhbookclub.com



ਦੁੱਧ ਟੱਬਰ ਪੀ ਲੈਂਦੇ।''

ਖੈਰ, ਇੰਨਾ ਘਿਓ, ਮੱਖਣ ਦੇਣ ਵਾਲੀ ਹੋਰ ਕੋਈ ਮੱਝ ਤਾਂ ਮੈਂ ਨਹੀਂ ਵੇਖੀ, ਪਰ ਹੋਰ ਮੱਝਾਂ ਵੀ ਹੋ ਸਕਦੀਆਂ ਹਨ, ਸਾਰੀ ਬਾਰ ਦੀਆਂ ਮੱਝਾਂ ਤਾਂ ਮੈਂ ਵੇਖੀਆਂ ਨਹੀਂ। ਬਾਰ ਵਿਚ ਲੱਸੀ, ਦੁੱਧ ਰੁਲਦੇ ਸਨ। ਹਰ ਜ਼ਿਮੀਂਦਾਰ ਦੇ ਘਰ ਵਿਚ ਦੋ ਤਿੰਨ ਮੱਝਾਂ ਜ਼ਰੂਰ ਹੁੰਦੀਆਂ ਸਨ: ਰੱਜੇ-ਪੁੱਜੇ ਘਰਾਂ ਵਿਚ ਅੱਠ-ਅੱਠ ਦੱਸ-ਦੱਸ ਲਵੇਰੀਆਂ ਹੁੰਦੀਆਂ ਸਨ। ਮੇਰੇ ਆਪਣੇ ਸਹਿਰਿਆਂ ਦੀਆਂ ਖੁਰਲੀਆਂ ਉੱਤੇ ਅੱਠ-ਨੌਂ ਮੱਝਾਂ ਹਮੇਸ਼ਾਂ ਹੁੰਦੀਆਂ ਸਨ, ਤੇ ਨੌਕਰਾਂ ਨੂੰ ਰੋਜ਼ ਛੰਨਾ-ਛੰਨਾ ਦੁੱਧ ਮਿਲਦਾ ਸੀ; ਬਹੁਤਿਆਂ ਘਰਾਂ ਵਿਚ ਨੌਕਰਾਂ ਨੂੰ ਦੁੱਧ ਦੇਣ ਦੀ ਪੱਕੀ ਪਿਰਤ ਸੀ। ਕੰਮੀਆਂ ਦੇ ਘਰਾਂ ਵਿਚ ਵੀ ਮੱਝਾਂ ਹੁੰਦੀਆਂ ਸਨ। ਮੈਨੂੰ ਆਪਣੇ ਪਿੰਡ ਦਾ ਕੋਈ ਕੰਮੀ ਅਜਿਹਾ ਯਾਦ ਨਹੀਂ ਆ ਰਿਹਾ ਜਿਸ ਦੇ ਘਰ ਲਵੇਰਾ ਨਾ ਹੋਵੇ। ਦੁੱਧ ਵੇਚਣ ਦਾ ਕੋਈ ਰਵਾਜ ਨਹੀਂ ਸੀ। ਸਾਡੇ ਆਪਣੇ ਇਲਾਕੇ ਵਿਚ ਤਾਂ ਦੁੱਧ ਵੇਚਣ ਦਾ ਕੋਈ ਸਾਧਨ ਹੀ ਨਹੀਂ ਸੀ। ਪਰ ਸ਼ਹਿਰਾਂ ਦੇ ਨੇੜੇ ਵਸਦੇ ਜ਼ਿਮੀਂਦਾਰ ਵੀ ਦੁੱਧ ਵੇਚਣ ਨੂੰ ਇਕ ਕਲੰਕ ਸਮਝਦੇ ਸਨ। ਸਾਰਾ ਦੁੱਧ ਘਰ ਵਿਚ ਖਪਾਉਣਾ ਪੈਂਦਾ ਸੀ; ਅਞਾਣਿਆਂ ਨੂੰ ਲਾਰੇ ਲਾ-ਲਾ ਕੇ ਦੁੱਧ ਪਿਆਇਆ ਜਾਂਦਾ ਸੀ। ਘਿਓ ਖਾਣ ਦੇ ਕਈ ਤਰੀਕੇ ਸਨ—ਸਵੇਰੇ ਪਰਾਉਂਠੇ ਪਕਾਉਣੇ ਤੇ ਨਾਲ ਖੁੱਲ੍ਹਾ ਮੱਖਣ ਰੱਖਣਾ, ਦਾਲ-ਸਬਜ਼ੀ ਵਿਚ ਇੰਨਾ ਘਿਓ ਪਾਉਣਾ ਜਿੰਨਾ ਅੱਜ ਦੇ ਨੌਜਵਾਨ ਹਜ਼ਮ ਹੀ ਨਹੀਂ ਕਰ ਸਕਣਗੇ; ਦੁੱਧ ਵਿਚ ਘਿਓ ਪਾ ਕੇ ਪੀਣਾ ਆਦਿ। ਸਾਡੇ ਮਾਂ ਜੀ ਸਿਆਲ ਵਿਚ ਥਾਲੀ ਭਰਕੇ ਘਿਓ ਜਮਾ ਦਿੰਦੇ ਸਨ ਤੇ ਬਰਫ਼ੀ ਵਾਂਗ ਉਸ ਦੀਆਂ ਟਿੱਕੀਆਂ ਕੱਟ ਕੇ ਮੈਨੂੰ ਖਾਣ ਨੂੰ ਦਿੱਤੀਆਂ ਜਾਂਦੀਆਂ ਸਨ। ਇਹ ਟਿੱਕੀਆਂ ਬੇਸਵਾਦ ਹੁੰਦੀਆਂ ਸਨ, ਪਰ ਸਾਡਿਆਂ ਮਨਾਂ ਵਿਚ ਇਹ ਪੱਕਾ ਵਿਸ਼ਵਾਸ ਸੀ ਕਿ ਘਿਓ ਖਾ ਕੇ ਅਸੀਂ ਚੰਗੇ ਜਵਾਨ ਬਣਾਂਗੇ, ਸਾਡੇ ਸਰੀਰ ਵਿਚ ਅਥਾਹ ਤਾਕਤ ਆ ਜਾਵੇਗੀ, ਇਸ ਲਈ ਖ਼ੁਸ਼ੀ ਖ਼ੁਸ਼ੀ ਘਿਓ ਖਾਂਦੇ ਸਾਂ।

ਘਿਓ ਵੇਚਿਆ ਵੀ ਜਾ ਸਕਦਾ ਸੀ ਤੇ ਲੋੜਵੰਦ ਲੋਕ ਵੇਚਦੇ ਵੀ ਸਨ, ਪਰ ਭਾਅ ਸੀ ਇਕ ਰੁਪਈਆ ਸੇਰ। ਇਹੋ ਨਿਰਖ ਸੰਨ 1942-43 ਤੱਕ ਰਿਹਾ। ਮੈਂ 1937 ਤੋਂ 41 ਤੱਕ ਖਾਲਸਾ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ ਰਿਹਾ। ਅਸੀਂ ਬਾਰਾਂ ਵਾਲੇ ਮੁੰਡੇ ਛੁੱਟੀਆਂ ਪਿੱਛੋਂ ਕਾਲਜ ਜਾਣ ਲੱਗੇ, 18 ਸੇਰ ਦਾ ਘਿਓ ਦਾ ਟੀਨ ਲੈ ਕੇ ਜਾਂਦੇ ਹੁੰਦੇ ਸਾਂ, ਤੇ ਜੇ ਪੂਰਾ ਘਿਓ ਘਰੋਂ ਨਾ ਨਿਕਲੇ ਤਾਂ ਇਕ ਰੁਪਈਏ ਸੇਰ ਮੁੱਲ ਲੈਣਾ ਪੈਂਦਾ ਸੀ। ਇਹ ਅਠਾਰਾਂ ਸੇਰ ਘਿਓ ਤਕਰੀਬਨ ਤਿੰਨਾ, ਸਾਢੇ ਤਿੰਨਾਂ ਮਹੀਨਿਆਂ ਵਿਚ ਮੁਕਾਉਣਾ ਪੈਂਦਾ ਸੀ, ਨਹੀਂ ਤਾਂ ਅਗਲੀਆਂ ਛੁੱਟੀਆਂ ਤੋਂ ਦੋ-ਚਾਰ ਦਿਨ ਪਹਿਲਾਂ ਆਂਢੀ-ਗੁਆਂਢੀ ਆਪਣਾ ਘਿਓ ਮੁਕਾ ਕੇ ਤੁਹਾਡੀ ਲੁੱਟ-ਮਾਰ ਕਰ ਲੈਂਦੇ ਸਨ।

ਕਾਲਜ ਵਿਚ ਘਿਓ ਖਾਣ ਦੇ ਤੇ ਫੁਲਕੇ ਛਕਣ ਦੇ ਬਾਕਾਇਦਾ ਮੁਕਾਬਲੇ ਹੁੰਦੇ ਰਹਿੰਦੇ ਸਨ। ਫੁਲਕਾ-ਕੰਪੀਟੀਸ਼ਨ ਤਾਂ ਸਾਲ ਵਿਚ ਇਕ ਵਾਰੀ ਪਹਿਲਾਂ ਤਾਰੀਖ਼ ਨਿਸ਼ਚਿਤ ਕਰਕੇ ਹੁੰਦਾ ਸੀ; ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਜਵਾਂ-ਮਰਦ ਪੂਰੀ ਤਿਆਰੀ ਕਰਕੇ ਮੈਦਾਨ ਵਿਚ ਕੁੱਦਦੇ ਸਨ। ਸਾਡੇ ਕਾਲਜ ਪੁੱਜਣ ਤੋਂ ਇਕ ਸਾਲ ਪਹਿਲਾਂ ਇਕ ਸ਼ੇਰ ਮਰਦ ਨੇ 62 ਫੁਲਕੇ ਖਾ ਕੇ ਪਿਛਲਾ ਰਿਕਾਰਡ ਤੋੜ ਦਿੱਤਾ। ਪਿੱਛੋਂ ਉਸ ਨੂੰ ਕੁਰਸੀ ਤੋਂ ਉੱਠਣ ਵਿਚ ਕੁਝ

www.sikhbookclub.com



ਦਿੱਕਤ ਹੋਈ; ਮੰਜੀ ਤੇ ਲੰਮਾ ਪੈਣਾ ਤਾਂ ਤਕਰੀਬਨ ਨਾਮੁਮਕਨ ਸੀ। ਭਾਵੇਂ ਉਹ ਕਹੀ ਜਾਂਦਾ ਸੀ ਕਿ ਮੇਰਾ ਕਝ ਨਹੀਂ ਵਿਗੜਿਆ, ਪਰ ਵਿਰੋਧੀਆਂ ਨੇ ਰੌਲਾ ਪਾ ਕੇ ਕਾਲਜ ਦੇ ਡਾਕਟਰ ਨੂੰ ਸੱਦ ਲਿਆ। ਡਾਕਟਰ ਨੇ ਦੋ ਤਿੰਨ ਦਵਾਈਆਂ ਦੇ ਕੇ ਚੰਗੇ-ਭਲੇ ਤੰਦਰੁਸਤ ਨੂੰ ਬਿਮਾਰ ਕਰ ਦਿੱਤਾ। ਉਦੋਂ ਤੱਕ ਕਾਲਜ ਦੇ ਪ੍ਰਿੰਸੀਪਲ ਭਾਈ ਜੋਧ ਸਿੰਘ ਬਣ ਚੁੱਕੇ ਸਨ; ਸਾਰਾ ਕਿੱਸਾ ਉਹਨਾਂ ਤੱਕ ਪਹੁੰਚਿਆ। ਉਹਨਾਂ ਨੇ ਪੱਕਾ ਹੁਕਮ ਕਰ ਦਿੱਤਾ ਕਿ ਆਇੰਦਾ ਫੁਲਕਾ-ਕੰਪੀਟੀਸ਼ਨ ਨਹੀਂ ਹੋਏਗਾ। ਇੰਞ ਫੁਲਕਾ-ਕੰਪੀਟੀਸ਼ਨ ਤਾਂ ਸਦਾ ਲਈ ਬੰਦ ਹੋ ਗਿਆ, ਪਰ ਘਿਓ ਕੰਪੀਟੀਸ਼ਨ ਲੁਕ-ਛਿਪ ਕੇ ਹੁੰਦਾ ਰਿਹਾ।

ਇਹ ਕੰਪੀਟੀਸ਼ਨ ਤਾਂ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਨ; ਗੰਜੀ ਬਾਰ ਵਿਚ ਵੀ ਘਿਓ-ਕੰਪੀਟੀਸ਼ਨ ਹੁੰਦੇ ਰਹਿੰਦੇ ਸਨ—ਪਿੰਡਾਂ ਵਿਚ ਵੀ, ਸ਼ਹਿਰਾਂ ਵਿਚ ਵੀ। ਮੈਂ ਸਿਰਫ਼ ਉਸ ਕੰਪੀਟੀਸ਼ਨ ਦਾ ਜ਼ਿਕਰ ਕਰਾਂਗਾ, ਜਿਸ ਵਿਚ ਮੈਂ ਖੁਦ ਸ਼ਾਮਲ ਸਾਂ। ਇਹ ਕੰਪੀਟੀਸ਼ਨ ਖਾਲਸਾ ਹਾਈ ਸਕੂਲ, ਖਾਨੇਵਾਲ ਵਿਚ ਹੋਇਆ। ਮੈਂ ਤੇ ਹਾਜੀ ਮੁਹੰਮਦ ਕਸਰਾ 1934 ਵਿਚ ਖਾਲਸਾ ਸਕੂਲ ਵਿਚ ਦਾਖਲ ਹੋਏ। ਅਸਾਂ ਦੁਹਾਂ ਨੇ ਚੱਕ 79 ਵਿਚੋਂ ਛੇਵੀਂ ਤੇ ਫਿਰ ਮਿਡਲ ਸਕੂਲ ਤਲੁੰਬਾ ਤੋਂ ਅਠਵੀਂ ਪਾਸ ਕੀਤੀ ਸੀ। ਮੈਂ ਹੀ ਹਾਜੀ ਨੂੰ ਖਾਲਸਾ ਸਕੂਲ ਲੈ ਆਇਆ ਸਾਂ। ਇਕ ਦਿਨ ਹਾਜੀ ਦੀ ਸਿੱਧਨੈ ਇਲਾਕੇ ਦੇ ਸਿੱਖ ਮੁੰਡਿਆਂ ਨਾਲ ਸ਼ਰਤ ਲੱਗ ਗਈ, ਅੱਧ ਸੇਰ ਘਿਓ ਪੀਣ ਦੀ। ਘਿਓ ਇਕ ਸਿੱਖ ਮੁੰਡੇ ਅਜੀਤ ਨੇ ਦਿੱਤਾ। ਸ਼ਰਤ ਇਹ ਸੀ ਕਿ ਜੇ ਹਾਜੀ ਦੋਂਹ ਡੀਕਾਂ ਵਿਚ ਘਿਤਿ ਪੀ ਜਾਵੇ ਤਾਂ ਅਜੀਤ ਦਾ ਘਿਓ ਗਿਆ। ਜੇ ਉਹ ਘਿਓ ਨਾ ਪੀ ਸਕੇ ਤਾਂ ਹਾਜੀ ਅਜੀਤ ਨੂੰ ਸੇਰ ਘਿਓ ਦੇ ਪੈਸੇ ਦੇਵੇ। ਹਾਜੀ ਛੇ ਫੁੱਟ ਲੰਮਾ ਤੇ ਭਰਵੇਂ ਜੁੱਸੇ ਵਾਲਾ ਜਵਾਨ ਸੀ; ਉਹ ਅਸਾਨੀ ਨਾਲ ਅੱਧ ਸੇਰ ਘਿਓ ਪੀ ਗਿਆ। ਕਿਸੇ ਮੁੰਡੇ ਨੇ ਮਖੌਲ ਨਾਲ ਕਹਿ ਦਿੱਤਾ, "ਹੁਣ ਗਿਆਨੀ ਘਿਓ ਪੀਏਗਾ।" (ਮੈਨੂੰ ਖਾਲਸਾ ਸਕੂਲ ਵਿਚ ਗਿਆਨੀ ਦਾ ਖਤਾਬ ਮਿਲਿਆ ਸੀ ਜੋ ਕਾਲਜ ਵਿਚ ਵੀ ਕਾਇਮ ਰਿਹਾ।) ਕੋਲੋਂ ਇਕ ਮੁੰਡੇ ਸੋਹਣ ਨੇ ਕਹਿ ਦਿੱਤਾ, "ਜੇ ਗਿਆਨੀ ਪਾ ਘਿਉ ਪੀ ਜਾਵੇ ਤਾਂ ਘਿਓ ਮੈਂ ਦਿੰਦਾ ਹਾਂ।" ਮੇਰਾ ਕੱਦ ਸਿਰਫ਼ ਪੰਜ ਫੁਟ ਛੇ ਇੰਚ ਤੇ ਸਰੀਰ ਇਕਹਿਰਾ ਸੀ, ਪਰ ਇਹ ਗ਼ਲਤ-ਫਹਿਮੀ ਸੀ ਕਿ ਪਾ ਘਿਓ ਕਿਹੜੀ ਚੀਜ਼ ਹੈ। ਨਾਲੇ ਫਿਰ ਸਰੀਕ ਦੀ ਵੰਗਾਰ ਸੁਣ ਕੇ ਮੈਦਾਨੋ ਭੱਜਣ ਤਾਂ ਮਰਦਾਂ ਦਾ ਕੰਮ ਨਹੀਂ। ਅਸਾਂ ਚੈਲੰਜ ਸਵੀਕਾਰ ਕਰ ਲਿਆ ਤੇ ਮੈਂ ਪਾ ਘਿਓ ਪੀ ਗਿਆ। ਹਾਜੀ ਸਿਆਣਾ ਸੀ, ਓਹ ਉਸ ਵੇਲੇ ਬਾਹਰ ਗਰਾਊਂਡ ਵਿਚ ਚਲਾ ਗਿਆ ਤੇ ਉਦੋਂ ਤੱਕ ਦੌੜਦਾ ਰਿਹਾ ਜਦੋਂ ਤੱਕ ਘਿਓ ਹਜਮ ਨਾ ਹੋਇਆ। ਮੈ ਜੁੰਡੀ ਵਿਚ ਬੈਠਾ ਆਪਣੀ ਜਿੱਤ ਦੀਆਂ ਸ਼ੇਖੀਆਂ ਮਾਰਦਾ ਰਿਹਾ। ਅਗਲੇ ਦਿਨ ਹਾਜੀ ਤਾਂ ਚੰਗਾ-ਭਲਾ ਸੀ ਤੇ ਮੈਨੂੰ ਜੁਲਾਬ ਲੱਗ ਗਏ।

ਇਹ ਸਭ ਕੁਝ ਲਿਖਣ ਤੋਂ ਭਾਵ ਇਹ ਦਰਸਾਉਣਾ ਸੀ ਕਿ ਗੰਜੀ ਬਾਰ ਵਿਚ ਘਿਓ ਦੀ ਏਨੀ ਬਹੁਤਾਤ ਸੀ ਜੋ ਇਸ ਨੂੰ ਮੂਰਖਾਂ ਵਾਂਗ ਖਾਣਾ ਵੀ ਇਕ ਗੁਣ ਸਮਝਿਆ ਜਾਂਦਾ ਸੀ। ਇਹ ਠੀਕ ਹੈ ਕਿ ਸਾਰੇ ਘਰ ਇੱਕੋ ਜਿਹੇ ਨਹੀਂ ਸਨ, ਕੁਝ ਟੱਬਰ ਮਾੜੇ ਵੀ ਸਨ, ਜਿਨ੍ਹਾਂ ਨੂੰ ਮਸਾਂ ਰੋਟੀ ਚੋਪੜਨ ਜੋਗਾ ਮੱਖਣ ਹੀ ਮਿਲਦਾ ਸੀ, ਘਿਓ ਬਣਾਉਣ ਜੋਗਾ ਕੁਝ ਬਚਦਾ ਹੀ ਨਹੀਂ ਸੀ; ਪਰ ਇਹੋ ਜਿਹੇ ਘਰ ਬਹੁਤ ਥੋੜ੍ਹੇ ਸਨ।

www.sikhbookclub.com



ਫਲ ਫੂਲ ਸਾਡੇ ਇਲਾਕੇ ਵਿੱਚ ਕੋਈ ਨਹੀਂ ਸੀ ਹੁੰਦਾ; ਹਾਂ ਏਥੋਂ ਦੇ ਖ਼ਰਬੂਜ਼ੇ ਬੜੇ ਮਸ਼ਹੂਰ ਸਨ। ਖਾਨੇਵਾਲ ਦੇ ਖ਼ਰਬੂਜ਼ੇ ਉੱਤਰ ਵਿਚ ਲਾਹੌਰ ਤੱਕ, ਤੇ ਦੱਖਣ ਵਿਚ ਸਿੰਧ ਦੇ ਉੱਤਰੀ ਖੇਤਰਾਂ ਤੱਕ ਜਾਂਦੇ ਸਨ। ਲਾਹੌਰ ਵਿਚ ਰੇਲਵੇ ਸਟੇਸ਼ਨ ਤੋਂ ਲੈ ਕੇ ਅਨਾਰਕਲੀ ਬਾਜ਼ਾਰ ਤੱਕ ਛਾਬੜੀਆਂ ਵਾਲੇ "ਖਾਨੇਵਾਲ ਦੇ ਖ਼ਰਬੂਜ਼ੇ" ਦਾ ਹੋਕਾ ਦਿੰਦੇ ਹੁੰਦੇ ਸਨ। ਸਾਡੇ ਖ਼ਰਬੂਜ਼ੇ ਸੱਚ-ਮੁੱਚ ਹੀ ਬੜੇ ਮਿੱਠੇ ਹੁੰਦੇ ਸਨ। ਇਕ ਲੰਮੂਤਰੀ ਸ਼ਕਲ ਵਾਲਾ ਤੇ ਛੋਟੇ ਆਕਾਰ ਦਾ ਖ਼ਰਬੂਜ਼ਾ ਹੁੰਦਾ ਸੀ ਜਿਸਨੂੰ ਅਸੀਂ 'ਤ੍ਰਿੰਡੀ' ਕਹਿੰਦੇ ਸਾਂ। ਇਹ ਖ਼ਰਬੂਜ਼ਾ ਮੈਂ ਬਾਰ ਛੱਡਣ ਪਿਛੋਂ ਏਧਰ ਕਿਤੇ ਨਹੀਂ ਵੇਖਿਆ। ਇਸ ਦੀ ਗਿਰੀ ਹਰੇ ਰੰਗ ਦੀ ਤੇ ਕੁਝ ਕਰੜੀ ਹੁੰਦੀ ਸੀ, ਪਰ ਸ਼ਹਿਦ ਵਰਗੀ ਹੁੰਦੀ ਸੀ। ਖਜੂਰ ਮੁਲਤਾਨ ਦਾ ਮਸ਼ਹੂਰ ਫਲ ਹੈ, ਪਰ ਸਾਡੇ ਇਲਾਕੇ ਵਿਚ ਖਜੂਰਾਂ ਦਾ ਬੂਟਾ ਕੋਈ ਵਿਰਲਾ ਹੀ ਮਿਲਦਾ ਸੀ। ਖਜੂਰਾਂ ਅਸੀ ਮੁੱਲ ਲੈ ਕੇ ਹੀ ਖਾਂਦੇ ਸਾਂ। ਵਣਾਂ ਦੀਆਂ ਪੀਲੂੰ ਬੇਸ਼ਕ ਅਣਮੁੱਹੀਆਂ ਸਨ, ਜਿੰਨੀਆਂ ਕੋਈ ਚਾਹੇ ਤੋੜ ਕੇ ਖਾ ਲਏ। ਪਰ ਪੀਲੂੰ ਨੂੰ ਕੋਈ ਖਾਸ ਫਲ ਹੀ ਨਹੀਂ ਮੰਨਿਆ ਜਾਂਦਾ। ਕੁਝ ਲੋਕਾਂ ਨੇ ਬਾਗ ਲਾਏ ਸਨ ਜੋ ਜ਼ਿਆਦਾ ਕਾਮਯਾਬ ਨਾ ਹੋਏ। ਸੂਬੇਦਾਰ ਬਿਸ਼ਨ ਸਿੰਘ ਨੇ ਇਕ ਕਿੱਲਾ ਰਕਬੇ ਵਿਚ ਫਲਾਂ ਦਾ ਬਾਗ ਲਾਇਆ ਸੀ। ਸਾਡੇ ਤਾਇਆ ਜੀ ਨੇ ਚਾਰ ਕਨਾਲਾਂ ਵਿੱਚ ਆੜੂ, ਨਿੰਬੂ, ਸੰਗਤਰੇ, ਅਨਾਰ ਆਦਿ ਲਾਏ ਸਨ; ਪਰ ਇਹਨਾਂ ਵਿੱਚੋਂ ਕਿਸੇ ਨੇ ਵੀ ਚੰਗਾ ਫਲ ਨਾ ਦਿੱਤਾ। ਸਾਡੇ ਬਾਰ ਛੱਡਣ ਸਮੇਂ ਸਾਡੇ ਬਾਗ ਵਿੱਚ ਸਿਰਫ ਅਨਾਰਾਂ ਦੇ ਦੋ-ਚਾਰ ਬੂਟੇ ਖੜੇ ਸਨ।

ਦੇਸ਼ ਦੀ ਵੰਡ ਤੋਂ ਪਹਿਲਾਂ ਸਾਰਾ ਪੰਜਾਬ ਖਾਣੀ ਲੂਣ ਹੀ ਵਰਤਦਾ ਸੀ। ਅੱਜ ਅਸੀਂ ਇਸ ਨੂੰ ਪਾਕਿਸਤਾਨੀ ਲੂਣ ਕਹਿੰਦੇ ਹਾਂ ਤੇ ਇਹ ਦਸ ਰੁਪੈ ਕਿਲੋ ਵਿਕ ਰਿਹਾ ਹੈ। ਬਾਰ ਵਿਚ ਅਸੀਂ ਇਹ ਲੂਣ 2 ਰੁਪੈ ਮਣ ਖਰੀਦਦੇ ਸਾਂ। ਇਸ ਲੂਣ ਦੇ ਦਸ-ਦਸ, ਪੰਦਰਾਂ-ਪੰਦਰਾਂ ਸੇਰ ਦੇ ਢੇਲੇ ਪਸ਼ੂਆਂ ਦੀਆਂ ਖੁਰਲੀਆਂ ਵਿਚ ਹਮੇਸ਼ਾਂ ਪਏ ਰਹਿੰਦੇ ਸਨ। ਡੰਗਰ ਪੱਠੇ ਖਾਂਦੇ ਨਾਲ ਜਦੋਂ ਦਿਲ ਕਰੇ ਲੂਣ ਚੱਟਣ ਲੱਗ ਪੈਂਦੇ ਸਨ। ਇਸ ਨਾਲ ਪਸ਼ੂਆਂ ਦੀ ਭੁੱਖ ਵਧਦੀ ਸੀ ਤੇ ਹਾਜ਼ਮਾ ਠੀਕ ਰਹਿੰਦਾ ਸੀ।

ਬਾਰ ਦੀ ਕਣਕ ਦਾ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ। ਸਾਡੀ ਕਣਕ ਦਾ ਦਾਣਾ ਬਹੁਤ ਮੋਟਾ ਹੁੰਦਾ ਸੀ। ਤਸੀਲ ਬਟਾਲਾ ਦੇ ਜਿਸ ਇਲਾਕੇ ਵਿਚ ਅਸੀਂ ਓਧਰੋਂ ਆ ਕੇ ਬੈਠੇ ਹਾਂ, ਇਹ ਪੁਰਾਣੇ ਸਮੇਂ ਤੋਂ ਹੀ ਕਣਕ ਲਈ ਮਸ਼ਹੂਰ ਰਿਹਾ ਹੈ। ਜਦੋਂ ਅਸੀਂ ਬਾਰ ਵਿਚੋਂ ਇਧਰ ਆਏ ਤਾਂ ਇਥੋਂ ਦੀ ਕਣਕ ਦੀ ਰੋਟੀ ਹੀ ਬੇਸਵਾਦ ਜਾਪੇ। ਇਸ ਕਣਕ ਦੇ ਦਾਣੇ ਬਾਰ ਦੀ ਕਣਕ ਨਾਲੋਂ ਅੱਧੇ ਜਾਪਦੇ ਸਨ। ਸਾਡੇ ਮਾਤਾ ਜੀ ਕਹਿੰਦੇ ਸਨ, 'ਕਣਕ ਦੇ ਇਹੋ ਜਿਹੇ ਦਾਣੇ ਤਾਂ ਅਸੀਂ ਬਾਰ ਵਿਚ ਛੱਟ ਕੇ ਪੀਹਣ ਵਿਚੋਂ ਕੱਢ ਕੇ ਸੁੱਟ ਦਿੰਦੇ ਹੁੰਦੇ ਸਾਂ।' ਆਸ ਹੈ ਗੰਜੀ ਬਾਰ ਦੀ ਕਣਕ ਅਜੇ ਵੀ ਪਹਿਲਾਂ ਵਾਂਗ ਹੀ ਮੋਟੇ ਦਾਣੇ ਵਾਲੀ ਹੋਵੇਗੀ।

www.sikhbookclub.com

20

# ਪਾਣੀ ਦੀ ਤਿਹਾਈ ਗੰਜੀ ਬਾਰ

ਸਾਡੇ ਪਿੰਡ ਵਾਲਿਆਂ ਤੇ ਇਲਾਕੇ ਵਾਲਿਆਂ ਨੇ ਕੋਸ਼ਿਸ਼ ਕਰਕੇ ਪਿੰਡ ਵਿਚ ਸਰਕਾਰੀ ਡਿਸਪੈਂਸਰੀ ਵੀ ਖੁਲ੍ਹਾ ਲਈ। ਹੁਣ ਸਾਡੇ ਇਲਾਕੇ ਦੀਆਂ ਵਧੇਰੇ ਲੋੜਾਂ ਪੂਰੀਆਂ ਹੋ ਗਈਆਂ—ਸਕੂਲ, ਡਾਕਖਾਨਾ, ਡਿਸਪੈਂਸਰੀ, ਚੰਗੀਆਂ ਦੁਕਾਨਾਂ ਸਭ ਕੁਝ ਸਾਡੇ ਪਿੰਡ ਵਿਚ ਮੌਜੂਦ ਸੀ। ਸ਼ਹਿਰ ਤੋਂ ਦੂਰ ਹੋਣ ਕਾਰਨ ਤੇ ਗੰਜੀ ਬਾਰ ਦੇ ਕੁਦਰਤੀ ਵਾਤਾਵਰਨ ਕਾਰਨ ਪੇਸ਼ ਆਉਣ ਵਾਲੀਆਂ ਔਕੜਾਂ ਅਖੀਰ ਤੱਕ ਕਾਇਮ ਰਹੀਆਂ। ਸਭ ਤੋਂ ਵੱਡੀ ਔਕੜ ਪੀਣ ਵਾਲੇ ਪਾਣੀ ਦੀ ਸੀ। ਖੂਹ ਤੋਂ ਪਾਣੀ ਦੇ ਮਿਥਵੇਂ ਘੜੇ ਪੈਂਚ ਹਰ ਘਰ ਵਿਚ ਦੇ ਜਾਂਦੇ ਸਨ। ਪਰ ਇਹ ਪਾਣੀ ਮਸਾਂ ਘਰ ਦੀਆਂ ਆਮ ਲੋੜਾਂ ਜੋਗਾ ਹੀ ਹੁੰਦਾ ਸੀ। ਲੀੜੇ-ਕਪੜੇ ਤਾਂ ਖਾਲਾਂ ਤੇ ਜਾਂ ਡਿੱਘੀ ਤੇ ਜਾ ਕੇ ਧੋਤੇ ਜਾਂਦੇ ਸਨ, ਪਰ ਬੱਚਿਆਂ ਨੂੰ ਨਹਾਉਣ ਲਈ, ਪੋਚੇ ਦੇਣ ਲਈ, ਭਾਂਡੇ ਧੋਣ ਲਈ ਪਾਣੀ ਚਾਹੀਦਾ ਸੀ। ਹਰ ਘਰ ਨੂੰ ਦਿਨ ਵਿਚ ਦੋ, ਤਿੰਨ ਘੜੇ ਪਾਣੀ ਦੇ ਆਪ ਖੂਹ ਤੋਂ ਲਿਆਉਣੇ ਪੈਂਦੇ ਸਨ; ਫੇਰ ਵੀ ਪਾਣੀ ਦੀ ਥੁੜ ਹੀ ਰਹਿੰਦੀ ਸੀ।

ਰੇਲਵੇ ਸਟੇਸ਼ਨ 'ਕੱਚਾ ਖੂਹ' ਤੋਂ ਜਾਂ ਖਾਨੇਵਾਲ ਤੋਂ ਆਉਂਦਿਆਂ ਰਾਹ ਵਿਚ ਕੱਪਰ ਪੈਂਦਾ ਸੀ, ਜਿਸ ਵਿਚ ਪਾਣੀ ਕਿਤੇ ਨਹੀਂ ਸੀ ਮਿਲਦਾ। ਇਸ ਕੱਪਰ ਵਿਚੋਂ ਦੀ ਲੰਘਦਿਆਂ ਕਈ ਲੋਕ ਮਰਦੇ-ਮਰਦੇ ਬਚੇ, ਜਾਂ ਬਚਾਏ ਗਏ।

ਮੇਰੇ ਪਿਤਾ ਜੀ ਆਪਣੇ ਪਿਛਲੇ ਪਿੰਡੋਂ ਹੋ ਕੇ ਆਏ, ਅਤੇ 'ਕੱਚਾ ਖੂਹ' ਤੋਂ ਗੱਡੀ ਤੋਂ ਉਤਰੇ। ਇਹ ਸਟੇਸ਼ਨ ਲਾਹੌਰ ਵੱਲੋਂ ਆਉਂਦਿਆਂ ਪਹਿਲਾਂ ਆਉਂਦਾ ਸੀ। ਜਦੋਂ ਤੱਕ ਅੱਗੇ ਖਾਨੇਵਾਲ ਤੋਂ ਪਿੰਡਾਂ ਨੂੰ ਲਾਰੀ ਨਾ ਚਲੀ, ਲੋਕ ਇਥੇ ਹੀ ਉਤਰਦੇ ਰਹੇ। ਕੱਚਾ ਖੂਹ ਤੋਂ ਸਾਡਾ ਪਿੰਡ ਕੋਈ 14 ਮੀਲ ਦੂਰ ਸੀ ਤੇ ਰਾਹ ਵਿਚ 6 ਮੀਲ ਕੱਪਰ ਸੀ। ਜਦੋਂ ਪਿਤਾ ਜੀ ਕੱਪਰ ਵਿਚ ਦਾਖਲ ਹੋਏ ਉਹਨਾਂ ਨੂੰ ਕੁਝ ਤੇਹ ਲੱਗੀ ਹੋਈ ਸੀ, ਪਰ ਖਿਆਲ ਸੀ ਕਿ ਮੈਂ ਡੇਢ੍ਹ ਘੰਟੇ ਵਿਚ ਕੱਪਰ ਪਾਰ ਕਰ ਲੈਣਾ ਹੈ, ਇਨਾ ਚਿਰ ਤਾਂ ਮੈਂ ਪਿਆਸ ਜਰ ਹੀ ਸਕਾਂਗਾ। ਪਰ ਤਪਦੇ ਕੱਪਰ ਤੇ ਤਿੱਖੀ ਧੁੱਪ ਨੇ ਉਹਨਾਂ ਨੂੰ ਛੇਤੀ ਹੀ ਨਿਢਾਲ ਕਰ ਦਿੱਤਾ। ਜਦੋਂ ਅਜੇ ਅਬਾਦੀ ਕੋਈ ਦੋ ਮੀਲ ਦੂਰ ਸੀ, ਸਰੀਰ ਵਿਚ ਪੈਰ ਪੁੱਟਣ ਦੀ ਹਿੰਮਤ ਨਾ ਰਹੀ ਤਾਂ ਰਾਹ ਤੋਂ ਕੁਝ ਹਟਵੇਂ ਇਕ ਜੰਡ ਵੱਲ ਨੂੰ ਤੁਰ ਪਏ, ਕਿ ਜੇ ਮਰਨਾ ਹੀ ਤਾਂ ਛਾਵੇਂ ਤਾਂ ਮਰਾਂ। ਕੁਦਰਤ ਦਾ ਕ੍ਰਿਸ਼ਮਾ, ਜੰਡ ਦੇ ਕੋਲ ਇਕ ਟੋਏ ਵਿਚ ਕੁਝ ਪਾਣੀ ਖੜਾ ਸੀ; ਅਜਿਹੇ ਪਾਣੀ ਦੀ ਇਥੇ ਕੋਈ ਉਮੀਦ ਨਹੀਂ ਸੀ ਕੀਤੀ ਜਾ ਸਕਦੀ। ਪਾਣੀ ਨਿੱਤਰਿਆ ਹੋਇਆ ਸੀ, ਪਰ ਵਿਚ ਪੂਰੇ ਸਨ। ਅਸੀਂ ਬਾਰਾਂ ਵਾਲੇ ਪੂਰਿਆਂ ਵਾਲਾ ਪਾਣੀ

www.sikhbookclub.com



ਪੀਣ ਦਾ ਵੱਲ ਸਿੱਖ ਗਏ ਸਾਂ। ਪਿਤਾ ਜੀ ਨੇ ਪੱਗ ਦਾ ਪੱਲਾ ਮੂੰਹ ਅੱਗੇ ਰੱਖਿਆ ਤੇ ਚਾਰ, ਪੰਜ ਬੁੱਕ ਪਾਣੀ ਦੇ ਪੀਤੇ। ਸਰੀਰ ਵਿਚ ਕੁਝ ਜਾਨ ਆ ਗਈ ਤੇ ਹਿੰਮਤ ਕਰਕੇ ਅੱਗੇ ਚੱਕ ਨੰਬਰ 80 ਵਿਚ ਪੁੱਜ ਗਏ ਜੋ ਇਸ ਪਾਸੇ ਤੋਂ ਆਉਂਦਿਆਂ ਪਹਿਲਾ ਪਿੰਡ ਸੀ।

ਇਸੇ ਰਾਹ ਦਾ ਇਕ ਹੋਰ ਕਿੱਸਾ ਹੈ। ਕੱਚੇ ਖੂਹ ਤੋਂ ਆਉਂਦਿਆਂ ਰਾਹ ਵਿਚ ਦੋ ਪਠਾਣਾਂ ਦੇ ਪਿੰਡ ਸਨ। ਇਹਨਾਂ ਪਿੰਡਾਂ ਦੇ ਦੋ ਪਠਾਣ ਇਕ ਵਾਰੀ ਸਾਡੇ ਪਿੰਡ ਨੂੰ ਆ ਰਹੇ ਸਨ। ਉਹ ਵੀ ਗਲਤੀ ਨਾਲ ਤਿਹਾਏ ਕੱਪਰ ਵਿਚ ਵੜ ਗਏ। ਜਦੋਂ 80 ਚੱਕ ਵਿਚ ਪਹੁੰਚੇ ਤਾਂ ਉਹ ਤਕਰੀਬਨ ਡਿਗਣ ਵਾਲੇ ਹੋ ਚੁੱਕੇ ਸਨ। ਪਿੰਡ ਦੇ ਪਹਿਲੇ ਹੀ ਘਰ ਵਿਚ ਵੜ ਕੇ 'ਵਾਜ ਮਾਰੀ' 'ਸਰਦਾਰੋ, ਸਾਨੂੰ ਪਾਣੀ ਪਿਆਓ, ਅਸੀਂ ਮਰ ਚੱਲੇ ਜੇ।' ਘਰ ਵਾਲੀ ਨੇ ਮੰਜਾ ਡਾਹ ਕੇ ਦਿੱਤਾ ਤੇ ਆਪ ਦੁੱਧ ਪਾਕੇ ਸੱਕਰ ਵਾਲਾ ਸ਼ਰਬਤ ਬਣਾਉਣ ਲੱਗ ਪਈ। ਪਠਾਣ ਬਥੇਰਾ ਕਹਿਦੇ ਰਹੇ, 'ਸਰਦਾਰਨੀ ਸਾਨੂੰ ਛੇਤੀ ਘੜੇ ਦਾ ਸਾਦਾ ਪਾਣੀ ਦੇ ਦੇ।' ਪਰ ਸਰਦਾਰਨੀ ਇਸ ਤਰ੍ਹਾਂ ਫੋਕਾ ਪਾਣੀ ਦੇਣਾ ਪਰਾਹੁਣਚਾਰੀ ਦੇ ਨਿਯਮਾਂ ਦੀ ਉਲੰਘਣਾ ਸਮਝਦੀ ਸੀ। ਫੇਰ ਵੀ ਉਹ ਕਾਫ਼ੀ ਛੇਹਲੀ ਕਰਕੇ ਪਾਣੀ ਬਣਾ ਕੇ ਲੈ ਆਈ। ਇਕ ਪਠਾਣ ਬਹੁਤ ਨਿਢਾਲ ਹੋ ਰਿਹਾ ਸੀ, ਉਹ ਤਿੰਨ ਛੰਨੇ ਪਾਣੀ ਪੀ ਕੇ, ਚੋਥਾ ਹੋਰ ਮੰਗੇ। ਇਦੋਂ ਤੱਕ ਘਰ ਦਾ ਮਾਲਕ ਵੀ ਆ ਗਿਆ ਸੀ, ਉਹ ਕਾਫ਼ੀ ਸੂਝਵਾਨ ਬੰਦਾ ਸੀ। ਉਸ ਨੇ ਪਠਾਣ ਦਾ ਹੱਥ ਫੜ ਕੇ ਆਖਿਆ, 'ਖਾਨ, ਦੋ ਪਲ ਰੁਕ ਕੇ ਹੋਰ ਪਾਣੀ ਪੀ ਲਈ।' ਪਰ ਖਾਨ ਬੇਤਾਬ ਹੋ ਰਿਹਾ ਸੀ ਉਸ ਨੇ ਸਰਦਾਰਨੀ ਦੇ ਹੱਥੋਂ ਬਾਲਟੀ ਫੜ ਕੇ ਆਪ ਛੰਨਾ ਭਰ ਲਿਆ। ਹੋਣੀ ਸਿਰ ਤੇ ਖੜੀ ਹੱਸ ਰਹੀ ਸੀ। ਖਾਨ ਨੇ ਅਜੇ ਅੱਧਾ ਛੰਨਾ ਪਾਣੀ ਪੀਤਾ ਹੋਏਗਾ ਕਿ ਪ੍ਰਾਣ ਨਿਕਲ ਗਏ।

ਸਾਡੇ ਆਪਣੇ ਪਿੰਡ ਪਾਣੀ ਦੀ ਥੁੜ ਕਾਰਨ ਇਕ ਭਿਆਨਕ ਸਾਕਾ ਵਾਪਰਿਆ। ਪਿੰਡ ਦਾ ਸਕੂਲ ਖੂਹ ਤੋਂ ਕੁਝ ਹਟਵਾਂ ਸੀ। ਪੈਚ ਸਵੇਰੇ ਪਾਣੀ ਦੇ ਚਾਰ ਘੜੇ ਸਕੂਲ ਲਈ ਦੇ ਜਾਂਦਾ ਸੀ, ਪਰ ਇਹ ਛੇਤੀ ਹੀ ਮੁੱਕ ਜਾਂਦੇ ਸਨ। ਬੱਚਿਆਂ ਨੂੰ ਪਾਣੀ ਦੀ ਬੜੀ ਤੰਗੀ ਸੀ। ਹੈਡਮਾਸਟਰ ਉੱਤਮ ਸਿੰਘ ਨੇ ਲੋਕਾਂ ਤੋਂ ਚੰਦਾ ਇਕੱਠਾ ਕਰਕੇ ਸਕੂਲ ਵਿਚ ਨਲਕਾ ਲਵਾਇਆ। ਕੋਈ ਦੋ, ਢਾਈ ਸਾਲ ਪਿੱਛੋਂ ਨਲਕੇ ਵਿਚ ਪਾਣੀ ਆਉਣਾ ਬੰਦ ਹੋ ਗਿਆ, ਫਿਲਟਰ ਬਦਲਣ ਦੀ ਲੋੜ ਸੀ। ਫਿਲਟਰ ਬਦਲਣ ਲਈ ਨਾਲ ਜ਼ਮੀਨ ਵਿਚੋਂ ਖਿੱਚਣੀ ਪੈਣੀ ਸੀ। ਮਾਸਟਰ ਉੱਤਮ ਸਿੰਘ ਨੇ ਮੁੰਡਿਆਂ ਨੂੰ ਲਾ ਕੇ ਨਾਲ ਦੇ ਚੁਫੇਰੇ ਖੂਹੀ ਪੁਟਾਈ, ਪਰ ਗਲਤੀ ਇਹ ਕੀਤੀ ਕਿ ਖੂਹੀ ਜ਼ਿਆਦਾ ਡੂੰਘੀ ਲੈ ਗਏ। ਇਕ ਜਾਂਗਲੀ ਮੁੰਡਾ ਹੇਠਾਂ ਮਿੱਟੀ ਪੁੱਟ ਰਿਹਾ ਸੀ ਕਿ ਖੂਹੀ ਡਿਗ ਪਈ; ਮੁੰਡਾ ਹੇਠਾਂ ਦੱਬ ਕੇ ਮਰ ਗਿਆ। ਪਿੰਡ ਵਾਲਿਆਂ ਦੌੜ-ਭੱਜ ਕਰਕੇ ਮਾਸਟਰ ਨੂੰ ਕੋਈ ਕਰੜੀ ਸਜ਼ਾ ਮਿਲਣੋਂ ਤਾਂ ਬਚਾ ਲਿਆ, ਪਰ ਮਹਿਕਮੇ ਨੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ।

ਸਾਡੇ ਇਲਾਕੇ ਵਿਚ ਨਹਿਰ ਦੇ ਪਾਣੀ ਦੀ ਵੀ ਤੰਗੀ ਹੀ ਰਹਿੰਦੀ ਸੀ। ਨਹਿਰੀ ਪਾਣੀ ਨਾਲ ਸਿਰਫ਼ ਅੱਧੀ ਭੋਂ ਹੀ ਬੀਜੀ ਜਾ ਸਕਦੀ ਸੀ। ਸਾਰੀ ਗੰਜੀ ਬਾਰ ਵਿਚ ਇਹੋ ਤਰੀਕਾ ਚਲਦਾ ਸੀ। ਸਾਡਿਆਂ ਪਿੰਡਾਂ ਵਿਚ ਪਾਣੀ ਦੀ ਹੋਰ ਵੀ ਥੁੜ ਸੀ, ਕਿਉਂਕਿ ਅਸੀਂ ਰਜਵਾਹੇ 15 ਐਲ ਦੀ ਟੇਲ ਉੱਤੇ ਆਉਂਦੇ ਸਾਂ, ਸਾਡੇ ਚੱਕਾਂ ਨੂੰ ਬਚਿਆ-ਖੁਚਿਆ

www.sikhbookclub.com



ਪਾਣੀ ਹੀ ਪਹੁੰਚਦਾ ਸੀ। ਮੀਆਂ ਚੰਨੂ ਦੇ ਨੇੜੇ ਪੈਂਦੇ ਪਿੰਡਾਂ (ਚੱਕ 98,99, 105, 109 ਆਦਿ) ਵਿਚ ਜਿੰਨੀ ਰੌਣੀ ਇਕ ਵਾਰੀ ਵਿਚ ਹੋ ਜਾਂਦੀ ਸੀ, ਓਨੀ ਸਾਡੇ ਇਲਾਕੇ ਵਿਚ ਨਹੀਂ ਸੀ ਹੁੰਦੀ। ਜ਼ਿਲ੍ਹਾ ਮੁਲਤਾਨ ਵਿਚ ਔਸਤਨ ਬਾਰਸ਼ ਸਿਰਫ਼ 4 ਇੰਚ ਸਾਲਾਨਾ ਹੁੰਦੀ ਹੈ, ਇਸ ਲਈ ਜ਼ਿਮੀਦਾਰ ਮੀਂਹ ਦੀ ਉਡੀਕ ਘੱਟ ਹੀ ਕਰਦੇ ਸਨ।

ਮੀਂਹ ਭਾਵੇਂ ਸਾਡੇ ਇਲਾਕੇ ਵਿਚ ਬਹੁਤ ਘੱਟ ਪੈਂਦਾ ਸੀ, ਫੇਰ ਵੀ ਸੌਣ, ਭਾਦਰੋਂ ਵਿਚ ਮੀਂਹ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਸਨ, ਜੱਗ ਕੀਤੇ ਜਾਂਦੇ ਸਨ, ਅਖੰਡ ਪਾਠ ਕੀਤੇ ਜਾਂਦੇ ਸਨ। ਪਿੰਡਾਂ ਦੇ ਮੁੰਡੇ ਕੁੜੀਆਂ ਆਪਣੇ ਰਵਾਇਤੀ ਤਰੀਕੇ ਨਾਲ ਮੀਂਹ ਦੀ ਮੰਗ ਕਰਦੇ ਸਨ—ਗੋਹਾ-ਰੋਲੀ ਖੇਡ ਕੇ। ਗੋਹਾ-ਰੋਲੀ ਦਾ ਨਿਸ਼ਾਨਾ, ਆਮ ਤੌਰ ਤੇ, ਬੁੱਢੇ ਤੇ ਬੁਢੀਆਂ ਬਣਦੇ ਸਨ; ਵਿਸ਼ਵਾਸ ਕੀਤਾ ਜਾਂਦਾ ਸੀ ਕਿ ਬੁਢਿਆਂ ਉੱਤੇ ਗੋਹਾ ਸੁੱਟਣ ਨਾਲ ਮੀਂਹ ਜ਼ਰੂਰ ਪੈਂਦਾ ਹੈ। ਪਹਿਲੇ ਕਈ ਸਾਲ ਪਿੰਡ ਦਾ ਬਜ਼ੁਰਗ ਦੁਕਾਨਦਾਰ ਬਾਬਾ ਦਾਲਾ ਗੋਹਾ-ਰੋਲੀ ਦਾ ਸ਼ਕਾਰ ਹੁੰਦਾ ਰਿਹਾ। ਬਾਬਾ ਬਥੇਰਾ ਗਾਲਾਂ ਕੱਢੇ, ਡੰਡੇ ਮਾਰਨ ਪਵੇ, ਪਰ ਮੁੰਡੀਰ ਫੇਰ ਵੀ ਬਾਬੇ ਉੱਤੇ ਗੋਹੇ ਦੇ ਘੋਲ ਦੀ ਬਾਲਟੀ ਪਾ ਹੀ ਦਿੰਦੀ। ਕੁਝ ਸਾਲਾਂ ਪਿੱਛੋਂ ਇਕ ਹੋਰ ਬੁੱਢਾ ਦੁਕਾਨਦਾਰ ਆ ਗਿਆ; ਹੁਣ ਬਾਬੇ ਦਾਲੇ ਦਾ ਭਾਰ ਕੁਝ ਹੌਲਾ ਹੋ ਗਿਆ; ਉਂਝ ਵੀ ਦਾਲਾ ਹੁਣ ਕਾਫ਼ੀ ਬਿਰਧ ਹੋ ਗਿਆ ਸੀ। ਇਕ ਸਾਲ ਸੌਣ ਲੰਘ ਗਿਆ ਪਰ ਮੀਂਹ ਨਾ ਪਿਆ; ਬਾਬੇ ਉੱਤੇ ਗੋਹਾ ਸੁੱਟਣ ਦਾ ਕੋਈ ਅਸਰ ਨਾ ਹੋਇਆ। ਇਕ ਰਾਤੀਂ ਇਹ ਬਜ਼ੁਰਗ (ਜਿਸ ਦਾ ਨਾਮ ਹੁਣ ਮੈਨੂੰ ਯਾਦ ਨਹੀਂ ਆ ਰਿਹਾ) ਆਪਣੀ ਦੁਕਾਨ ਦੇ ਸਾਮ੍ਹਣੇ ਚੌਕ ਵਿਚ ਸੁੱਤਾ ਪਿਆ ਸੀ। ਅੱਠਾਂ-ਦਸਾਂ ਮੁੰਡਿਆਂ ਨੇ ਬਾਬੇ ਦੀ ਮੰਜੀ ਚੁੱਕੀ ਤੇ ਛੱਪੜ ਨੂੰ ਦੌੜ ਪਏ। ਬਾਬਾ ਗਾਲਾਂ ਕੱਢੇ, ਹਾਲ-ਦੁਹਾਈ ਪਾਏ, ਪਰ ਕੋਈ ਨਾ ਸੁਣੇ। ਮੁੰਡਿਆਂ ਬਾਬੇ ਦੀ ਮੰਜੀ ਡਿੱਘੀ ਵਿਚ ਜਾ ਰੱਖੀ, ਜਿਥੇ ਮੰਜੀ ਉੱਤੇ ਬੈਠੇ ਬਾਬੇ ਦੇ ਲੱਕ ਤੱਕ ਪਾਣੀ ਆ ਗਿਆ। ਮੰਜੀ ਰੱਖ ਕੇ ਮੁੰਡੇ ਦੌੜ ਗਏ। ਅਗਲੇ ਦਿਨ ਬਾਬੇ ਨੇ ਪੰਚਾਇਤ ਕੋਲ ਸ਼ਕਾਇਤ ਕੀਤੀ। ਪੰਚਾਇਤ ਵਾਲੇ ਦੋ ਮੁੰਡੇ ਫੜ ਲਿਆਏ, ਬਾਬੇ ਤੋਂ ਮੁਆਫ਼ੀ ਮੰਗਣ ਨੂੰ। ਮੁੰਡਿਆਂ ਨੇ ਹੱਥ ਜੋੜ ਕੇ ਆਖਿਆ, 'ਬਾਬਾ ਜੀ ਸਾਨੂੰ ਮਾਫ ਕਰੋ।' ਬਾਬੇ ਦਾ ਪਾਰਾ ਮੁੰਡਿਆਂ ਨੂੰ ਵੇਖ ਕੇ ਹੋਰ ਚੜ੍ਹ ਗਿਆ ਤੇ ਹੋਰ ਤੱਤਾ ਹੋ ਕੇ ਗਾਲਾਂ ਕੱਢਣ ਲੱਗਾ। ਮੁੰਡੇ ਫੇਰ ਬੋਲੇ, 'ਬਾਬਾ, ਹੋਰ ਗਾਲਾਂ ਕੱਢ ਲੈ, ਪਰ ਮੀਂਹ ਪੁਆ ਦੇ।' ਬਾਬਾ ਕੁਝ ਨਰਮ ਹੋਇਆ; ਜਦੋਂ ਗਾਲਾਂ ਕੱਢਦਾ ਥੱਕ ਗਿਆ ਤਾਂ ਖਿਝ ਕੇ ਬੋਲਿਆ, 'ਵੰਞੋਂ, ਦਫ਼ਾ ਥੀਓ।' ਮੁੰਡੇ ਕਹਿਣ ਲੱਗੇ, 'ਬਾਬਾ, ਦਫ਼ਾ ਉਦੋਂ ਥੀਆਂਗੇ ਜਦੋਂ ਸਾਨੂੰ ਮਾਫੀ ਦੇਵੇਂਗਾ।' ਬਾਬਾ ਅੱਕਿਆ ਹੋਇਆ ਬੋਲਿਆ।" ਹੱਛਾ, ਮਾਫ਼ ਕੀਤਾ, ਹੁਣ ਜਾਵੋ, ਖੁਰੀ ਕਰੋ।" ਮੁੰਡੇ ਬੋਲ ਉੱਠੇ, "ਬਾਬਾ ਮਾਫ਼ ਕੀਤਾ ਏ ਤਾਂ ਮੂੰਹ ਮਿੱਠਾ ਵੀ ਕਰਵਾ ਨਾ।" ਅੰਤ ਬਾਬੇ ਨੇ ਮੁੱਠ-ਮੁੱਠ ਰਿਓੜੀਆਂ ਦੇ ਕੇ ਮੁੰਡਿਆਂ ਤੋਂ ਜਾਨ ਛੁਡਾਈ। ਰੱਬ ਦੀ ਕੁਦਰਤ, ਅਗਲੀ ਰਾਤ ਚੰਗਾ ਮੀਂਹ ਪੈ ਗਿਆ।

ਜਦੋਂ ਸੌਣ ਵਿਚ ਮੀਂਹ ਪੈ ਜਾਂਦਾ ਤਾਂ ਓਹੋ ਮਾਝੇ, ਮਾਲਵੇ ਵਾਲਾ ਰੰਗ ਬੱਝ ਜਾਂਦਾ। ਖੀਰਾਂ ਰਿਝਦੀਆਂ, ਪੂੜੇ ਪਕਦੇ, ਚਰੌਲੀਆਂ ਬਣਦੀਆਂ। ਇਹੋ ਜਿਹੇ ਦਿਨਾਂ ਤੇ ਘਰਾਂ ਵਿਚ ਰੋਟੀ ਘੱਟ ਹੀ ਪੱਕਦੀ, ਖੀਰ ਪੂੜੇ ਹੀ ਰੱਜ ਕੇ ਖਾਧੇ ਜਾਂਦੇ। ਬਾਹਰ ਵਣਾਂ ਉੱਤੇ ਪੀਂਘਾਂ

www.sikhbookclub.com



ਪੈਂਦੀਆਂ, ਸਾਰੇ ਪਿੰਡ ਦੀਆਂ ਕੁੜੀਆਂ ਇਕੋ ਥਾਂ ਇਕੱਠੀਆਂ ਹੁੰਦੀਆਂ। ਇਥੇ ਗੀਤ ਗਾਉਣ ਦੇ ਮੁਕਾਬਲੇ ਹੁੰਦੇ, ਤੇ ਜਿੱਤਦੀਆਂ ਹਮੇਸ਼ਾਂ ਮਲਵੈਣਾਂ; ਮਾਲਵੇ ਦੇ ਗੀਤਾਂ ਦੇ ਸਾਮ੍ਹਣੇ ਮਾਝੇ ਵਾਲੀਆਂ ਕੋਲ ਕੁਝ ਵੀ ਨਹੀਂ ਸੀ। ਤੀਆਂ ਦੇ ਤੇ ਸੌਣ ਦੀਆਂ ਪੀਂਘਾਂ ਦੇ ਗੀਤ ਮਲਵੈਣਾਂ ਕੋਲ ਬੜੇ ਚਸਕੇਦਾਰ ਹੁੰਦੇ ਸਨ। ਮੁੰਡੇ ਝਾੜੀਆਂ ਓਹਲੇ ਲੁਕ-ਲੁਕ ਕੇ ਸੁਣਦੇ ਹੁੰਦੇ ਸਨ।

ਜਿਸ ਸਾਲ ਸੌਣ, ਭਾਦਰੋਂ ਵਿਚ ਚੰਗਾ ਭਰਵਾਂ ਮੀਂਹ ਵਰ੍ਹ ਜਾਵੇ, ਉਸ ਸਾਲ ਨਰਮਿਆਂ ਨੂੰ ਲੋਹੜਾ ਆ ਜਾਂਦਾ ਸੀ; ਕਮਾਦ ਵੀ ਛਹਿਣ ਵਾਲੇ ਹੋ ਜਾਂਦੇ ਸਨ। ਵਾਧਾ ਇਹ ਕਿ ਮੀਂਹਾਂ ਸਮੇਂ ਵੀ ਗੰਜੀਬਾਰ ਵਿਚ ਚਿਕੜ ਨਹੀਂ ਸੀ ਹੁੰਦਾ। ਭੌਂ ਰੇਤਲੀ ਹੋਣ ਕਰਕੇ ਪਾਣੀ ਛੇਤੀ ਜੀਰ ਜਾਂਦਾ ਸੀ। ਮੱਛਰ ਤਾਂ ਅਸਾਂ ਗੰਜੀ ਬਾਰ ਵਿਚ ਕਦੇ ਵੇਖਿਆ, ਸੁਣਿਆ ਹੀ ਨਹੀਂ ਸੀ।

ਸਾਥੋਂ ਪਿਛਲੇ ਇਲਾਕੇ ਵਿਚ ਖਾਸ ਕਰ ਜ਼ਿਲ੍ਹਾ ਮਿੰਟਗੁਮਰੀ ਵਿਚ, ਪਾਣੀ ਦੀ ਏਨੀ ਤੰਗੀ ਨਹੀਂ ਸੀ। ਸਾਡੇ ਇਲਾਕੇ ਵਿਚ ਤਾਂ ਹੱਥ ਨਾਲ ਗੇੜਨ ਵਾਲੇ ਨਲਕੇ ਵੀ ਏਨੇ ਕਾਮਯਾਬ ਨਹੀਂ ਸਨ, ਕਿਉਂਕਿ ਪਾਣੀ ਬਹੁਤ ਡੂੰਘਾ ਸੀ। ਪਿਛਲੇ ਇਲਾਕੇ ਵਿਚ ਨਲਕੇ ਆਮ ਸਨ।

www.sikhbookclub.com

21

# ਲਬਾਸ, ਰਸਮੋ-ਰਵਾਜ ਤੇ ਮਨੋਰੰਜਨ ਦੇ ਸਾਧਨ

ਸਾਡਾ ਇਲਾਕਾ, 1926-27 ਤੱਕ ਪੂਰੀ ਤਰ੍ਹਾਂ ਆਬਾਦ ਤੇ ਹੋ ਗਿਆ ਸੀ। ਲੋਕ ਸੁਖੀ ਵਸਦੇ ਸਨ। ਜਿਨਸਾਂ ਦੇ ਭਾਅ ਚੰਗੇ ਸਨ; ਲੋਕਾਂ ਦੀ ਆਮਦਨੀ ਮਾਕੂਲ ਸੀ। ਸਾਰੇ ਫ਼ੌਜੀ ਪੈਨਸ਼ਨ ਵੀ ਲੈ ਰਹੇ ਸਨ। ਆਮ ਲੋਕਾਂ ਦੀ ਮਾਲੀ ਹਾਲਤ ਚੰਗੀ ਸੀ। ਅੱਜ ਵਾਲੀ ਫ਼ੈਸ਼ਨ-ਪ੍ਰਸਤੀ ਦਾ ਪਰਛਾਵਾਂ ਬਿਲਕੁਲ ਨਹੀਂ ਸੀ ਪਿਆ। ਮਰਦਾਂ ਦਾ ਆਮ ਪਹਿਰਾਵਾ ਪੱਗ, ਕੁਰਤਾ ਤੇ ਚਾਦਰ ਸੀ; ਸਿਰਫ਼ ਪੁਰਾਣੇ ਫ਼ੌਜੀ ਜਾਂ ਗੁਰਸਿੱਖ ਸ਼੍ਰੇਣੀ ਵਿਚ ਆਉਣ ਵਾਲੇ ਤੇੜ ਪਜਾਮਾ ਪਾਉਂਦੇ ਸਨ। ਕਛਹਿਰਾ ਤਕਰੀਬਨ ਸਾਰੇ ਸਿੱਖ ਪਾਉਂਦੇ ਸਨ। ਕੰਮ-ਕਾਰ ਵੇਲੇ ਤੇੜ ਕਛਹਿਰਾ ਹੀ ਹੁੰਦਾ ਸੀ। ਜ਼ਨਾਨੀਆਂ ਦਾ ਲਿਬਾਸ ਸੀ ਦੁਪੱਟਾ, ਕੁਰਤਾ ਤੇ ਸਲਵਾਰ, ਪਿੰਡ ਦੀਆਂ ਨੋਂਹਾਂ ਘਰੋਂ ਬਾਹਰ ਜਾਣ ਲੱਗੀਆਂ ਸਿਰ ਤੇ ਚਾਦਰ ਲੈ ਕੇ ਨਿਕਲਦੀਆਂ ਸਨ। ਕਿਸੇ ਹੱਦ ਤੱਕ ਘੱਗਰੇ ਦਾ ਰਵਾਜ ਵੀ ਸੀ, ਜੋ ਸਲਵਾਰ ਦੇ ਉਤੋਂ ਦੀ ਪਾਇਆ ਜਾਂਦਾ ਸੀ। ਸਿਆਲ ਵਿਚ ਤੀਵੀਆਂ ਫੁਲਕਾਰੀ ਲੈਂਦੀਆਂ ਸਨ ਤੇ ਮਰਦ ਖੇਸ ਦੀ ਬੁਕਲ ਮਾਰ ਲੈਂਦੇ ਸਨ। ਛੇਤੀ ਹੀ ਲੋਈਆਂ ਦੀ ਵਰਤੋਂ ਵੀ ਸ਼ੁਰੂ ਹੋ ਗਈ ਸੀ। ਖਾਂਦੇ-ਪੀਂਦੇ ਲੋਕ ਕੋਟ ਵੀ ਪਾਉਂਦੇ ਸਨ। ਸਵੈਟਰ ਦੀ ਵਰਤੋਂ ਕਾਫ਼ੀ ਚਿਰ ਪਿੱਛੋਂ ਸ਼ੁਰੂ ਹੋਈ।

ਵਿਆਹ ਸ਼ਾਦੀਆਂ ਸਾਦਾ ਢੰਗ ਨਾਲ ਕੀਤੀਆਂ ਜਾਂਦੀਆਂ ਸਨ। ਸਾਡੇ ਇਲਾਕੇ ਵਿਚ ਲੜਕੀ ਦੇ ਵਿਆਹ ਤੇ ਘਰ ਵਾਲੇ ਇਕ ਰੋਟੀ ਸਾਰੇ ਪਿੰਡ ਨੂੰ ਦਿੰਦੇ ਸਨ; ਲੜਕੇ ਦੇ ਵਿਆਹ ਤੇ ਦੋ ਰੋਟੀਆਂ। ਰੋਟੀ ਘਰ ਵਾਲੇ, ਆਪਣੀ ਹੈਸੀਅਤ ਮੁਤਾਬਕ, ਕਿਸੇ ਤਰ੍ਹਾਂ ਦੀ ਦੇ ਸਕਦੇ ਸਨ, ਬਰਾਦਰੀ ਵੱਲੋਂ ਕੋਈ ਬੰਦਸ਼ ਨਹੀਂ ਸੀ। ਆਮ ਤੌਰ ਤੇ ਇਕ ਰੋਟੀ ਖੀਰ, ਕੜਾਹ ਤੇ ਦੋ ਹ ਸਬਜੀਆਂ ਨਾਲ ਦਿੱਤੀ ਜਾਂਦੀ ਸੀ। ਦੂਜੀ ਰੋਟੀ, ਚੌਲ, ਖੰਡ, ਘਿਓ, ਦਹੀਂ-ਭੱਲੇ ਦੀ ਹੁੰਦੀ ਸੀ; ਜਾਂ ਕੋਈ ਆਪਣੀ ਮਰਜ਼ੀ ਨਾਲ ਮਿਠਿਆਈ ਵੀ ਦੇ ਸਕਦਾ ਸੀ।

ਸਾਦਗੀ ਦੇ ਬਾਵਜੂਦ ਬਾਰਾਂ ਦੇ ਲੋਕ ਸਹਿਜੇ ਹੀ ਪਛਾਣੇ ਜਾਂਦੇ ਸਨ। ਇਹਨਾਂ ਦੇ ਕਪੜੇ ਸਿਰਫ਼ ਕੀਮਤੀ ਹੀ ਨਹੀਂ ਸਨ ਹੁੰਦੇ, ਪਿਛਲੇ ਇਲਾਕੇ ਦੇ ਲੋਕਾਂ ਨਾਲੋਂ ਵਧੇਰੇ ਸਾਫ਼-ਸੁਥਰੇ ਤੇ ਸੁਚੱਜੇ ਢੰਗ ਨਾਲ ਪਹਿਨੇ ਹੋਏ ਹੁੰਦੇ ਸਨ। ਪਿੰਡੋਂ ਬਾਹਰ ਜਾਣ ਲੱਗਿਆਂ ਬਾਰਾਂ ਵਾਲੇ ਲੋਕ ਪੱਗ ਮਾਇਆ ਵਾਲੀ ਬੰਨ੍ਹ ਕੇ ਜਾਂਦੇ ਸਨ; ਜਿੱਥੋਂ ਤੱਕ ਹੋ ਸਕੇ ਕਪੜੇ ਇਸਤਰੀ ਕਰਵਾ ਕੇ ਪਾਉਂਦੇ ਸਨ। ਸ਼ਾਇਦ ਇਹ ਵੇਰਵੇ ਪੜ੍ਹਕੇ ਨਵੀਂ ਪੀੜ੍ਹੀ ਦੇ ਨੌਜਵਾਨ ਕਹਿਣਗੇ ਕਿ ਇਹ ਕੀ ਬਕਵਾਸ ਹੈ—ਅੱਜ ਤਾਂ ਗ਼ਰੀਬ ਤੋਂ ਗ਼ਰੀਬ ਲੋਕਾਂ ਦਾ ਰਹਿਣ-ਸਹਿਣ ਵੀ ਇਸ ਤੋਂ ਕਿਤੇ ਚੰਗਾ ਹੈ। ਮੈਂ ਆਪਣੇ ਅਜੀਜ਼ਾਂ ਨੂੰ ਦੱਸ ਦਿਆਂ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਪੇਂਡੂ ਲੋਕਾਂ ਨੂੰ ਤੁਹਾਡੇ ਅੱਜ ਵਾਲੇ ਜੀਵਨ-ਸਟੈਂਡਰਡ ਦਾ ਕਦੇ ਸੁਫਨਾ ਵੀ ਨਹੀਂ

www.sikhbookclub.com



ਸੀ ਆਇਆ। ਸਾਡਾ ਪਿੰਡ, ਚੱਕ 79 ਉਸ ਸਮੇਂ ਦੇ ਸਟੈਂਡਰਡ ਮੁਤਾਬਕ, ਰੱਜੇ-ਪੁੱਜੇ ਲੋਕਾਂ ਦਾ ਪਿੰਡ ਸੀ; ਪਰ ਸਾਰੇ ਪਿੰਡ ਵਿਚ ਸਿਰਫ਼ ਦੋ (ਜਾਂ ਸ਼ਾਇਦ ਤਿੰਨ) ਸਾਈਕਲ ਸਨ। ਸਾਡੇ ਸਾਰੇ ਇਲਾਕੇ ਵਿਚ ਪੈਂਟ ਪਾਉਣ ਵਾਲਾ ਕੋਈ ਨਹੀਂ ਸੀ। ਡਿਸਟਰਿਕਟ ਬੋਰਡ ਡਿਸਪੈਂਸਰੀ ਦਾ ਡਾਕਟਰ, ਜੋ ਚੰਗੀ ਤਨਖ਼ਾਹ ਲੈ ਰਿਹਾ ਸੀ, ਉਹ ਵੀ ਪਜਾਮਾ ਹੀ ਪਾਉਂਦਾ ਸੀ। ਮੈਂ ਖ਼ੁਦ ਪੈਂਟ ਫ਼ੌਜ ਵਿਚ ਜਾਣ ਪਿੱਛੋਂ ਪਾਈ, ਕਾਲਜ ਪੜ੍ਹਦਿਆਂ ਵੀ ਮੈਂ ਪਜਾਮਾ ਹੀ ਪਾਉਂਦਾ ਰਿਹਾ।

ਬਾਰ ਵਾਲੇ ਲੋਕਾਂ ਦੀ ਗੱਲ-ਬਾਤ ਵਿਚ ਤੇ ਬਹਿਣ-ਖਲੋਣ ਵਿਚ ਵਧੇਰੇ ਸ਼ਾਇਸਤਗੀ ਸੀ। ਉਹ ਆਮ ਵਰਤੋਂ-ਵਿਹਾਰ ਵਿਚ ਵਧੇਰੇ ਖੁਲ੍ਹ-ਦਿਲੇ ਸਨ—ਕੋਠੀ ਵਿਚ ਦਾਣੇ ਹੋਣ ਤਾਂ ਦਿਲ ਆਪਣੇ ਆਪ ਵੱਡਾ ਹੋ ਜਾਂਦਾ ਹੈ। ਕਿਉਂਕਿ ਲੋਕ ਆਪਣਿਆਂ ਪਿਛਲਿਆਂ ਸਾਕਾਂ-ਅੰਗਾਂ ਨਾਲੋਂ ਕਾਫ਼ੀ ਦੂਰ ਚਲੇ ਗਏ ਸਨ, ਇਸ ਲਈ ਜਦੋਂ ਪਿਛਲੇ ਇਲਾਕੇ ਵਿਚੋਂ ਕੋਈ ਮਿਲਨ ਲਈ ਜਾਵੇ ਤਾਂ ਸਾਰੇ ਟੱਬਰ ਨੂੰ ਚਾਅ ਚੜ੍ਹ ਜਾਂਦਾ ਸੀ। ਪਰਾਹੁਣਾਚਾਰੀ ਕੋਈ ਬੋਝ ਨਹੀਂ ਸੀ, ਸਗੋਂ ਇਕ ਮਿੱਠੀ ਇਹਸਾਨਮੰਦੀ ਸੀ।

ਬਾਰਾਂ ਦੇ ਜੀਵਨ-ਸਤਰ ਦਾ ਪਿਛਲੇ ਇਲਾਕੇ ਨਾਲੋਂ ਬੜਾ ਫ਼ਰਕ ਸੀ, ਇਸ ਲਈ ਹੁਣ ਕਾਰੀਗਰ, ਕੰਮੀ, ਗਾਉਣ-ਵਜਾਉਣ ਵਾਲੇ ਗੰਜੀ ਬਾਰ ਵਿਚ ਆਮ ਆਉਣ ਲੱਗ ਪਏ। ਉਹ ਲੋਕ ਵੀ ਆਉਣ ਲੱਗ ਪਏ ਜਿਨ੍ਹਾਂ ਨੂੰ ਅੱਜ ਅਸੀਂ ਕਲਾਕਾਰ, ਜਾਂ ਸਭਿਆਚਾਰਕ ਪ੍ਰੋਗ੍ਰਾਮ ਦੇਣ ਵਾਲੇ ਕਹਿੰਦੇ ਹਾਂ। ਇਸ ਸ਼੍ਰੇਣੀ ਦੇ ਕਲਾਕਾਰਾਂ ਵਿਚੋਂ ਸਭ ਤੋਂ ਪਹਿਲਾਂ ਪੁੱਜਣ ਵਾਲਾ ਸੀ ਨਬੀਆ ਜਲਸੇ ਵਾਲਾ। ਨਬੀਆ ਮਾਲਵੇ ਵਿੱਚੋਂ ਆਇਆ ਸੀ, ਤੇ ਆਪਣੇ ਕਿਸੇ ਵਾਕਿਫ਼ ਦੇ ਘਰ ਪਹਿਲਾਂ ਚੱਕ 80 ਵਿਚ ਪੁੱਜਾ। ਅੱਸੀ ਵਾਲਿਆਂ ਨੇ ਸਾਰਿਆਂ ਪਿੰਡਾਂ ਨੂੰ ਸਨੇਹਾ ਭੇਜ ਦਿੱਤਾ ਕਿ ਪਰਸੋਂ ਸਾਡੇ ਪਿੰਡ ਜਲਸਾ ਹੋਵੇਗਾ। ਮਾਝੇ ਵਾਲਿਆਂ ਲਈ ਜਲਸਾ ਇਕ ਨਵੀਂ ਚੀਜ਼ ਸੀ, ਕਿਉਂਕਿ ਮਾਝੇ ਵਿਚ ਜਲਸਿਆਂ ਦਾ ਰਵਾਜ ਨਹੀਂ ਸੀ। ਉਂਞ ਵੀ ਪਹਿਲੀ ਵਾਰ ਸਾਡੇ ਇਲਾਕੇ ਵਿਚ ਕੋਈ ਮਨੋਰੰਜਨ ਵਾਲਾ ਪ੍ਰੋਗ੍ਰਾਮ ਆਇਆ ਸੀ; ਲੋਕੀਂ ਹੁੰਮ-ਹੁਮਾ ਕੇ ਪਹੁੰਚੇ। ਪਿੰਡੋਂ ਬਾਹਰ ਜਲਸੇ ਲਈ ਪਿੜ ਬਣਾਇਆ ਹੋਇਆ ਸੀ। ਵਿਚਾਲੇ ਖੁੱਲ੍ਹਾ ਥਾਂ ਛੱਡ ਕੇ ਚਾਰ ਚੁਫੇਰੇ ਗੱਡੇ ਦੀਆਂ ਪੱਟੀਆਂ ਵਛਾਈਆਂ ਹੋਈਆਂ ਸਨ। ਲੋਕ ਇਹਨਾਂ ਉੱਤੇ ਬੈਠਦੇ ਗਏ। ਵਿਚ ਲਾਕੜੀ ਖੜੇ ਬਾਹਰੋਂ ਆਇਆਂ ਨੂੰ 'ਜੀਅ ਆਇਆਂ' ਆਖਦੇ ਤੇ ਮੁਨਾਸਬ ਥਾਂ ਤੇ ਬਠਾਉਂਦੇ ਸਨ। ਥੋੜ੍ਹੇ ਚਿਰ ਪਿੱਛੋਂ ਪਿੰਡ ਨਬੀਏ ਦੀ ਪਾਰਟੀ ਨਿਕਲੀ—ਦੋ ਘੱਗਰਿਆਂ ਵਾਲੀਆਂ, ਇਕ ਸਾਰੰਗੀ ਵਾਲਾ, ਇਕ ਢੱਡ ਵਾਲਾ ਤੇ ਇਕ ਨਬੀਆ ਆਪ। ਨਬੀਆ ਜਾਤ ਦਾ ਮਿਰਾਸੀ ਸੀ, ਪਰ ਉਸ ਦੇ ਰੰਗ-ਰੂਪ, ਲਿਬਾਸ ਤੋਂ ਮਿਰਾਸੀਆਂ ਵਾਲਾ ਕੋਈ ਚਿੰਨ੍ਹ ਨਹੀਂ ਸੀ ਨਜ਼ਰ ਆਉਂਦਾ। ਸਿਰ ਤੇ ਚਿੱਟੀ-ਦੁੱਧ ਪੱਗ, ਮਾਇਆ ਨਾਲ ਆਕੜੀ ਹੋਈ, ਉਹੋ ਜਿਹੀ ਚਿੱਟੀ ਚਾਦਰ, ਖੜਖੜਾਉਂਦੀ। ਢੱਡ, ਸਾਰੰਗੀ ਵਾਲਿਆਂ ਦਾ ਲਿਬਾਸ ਵੀ ਸੋਹਣਾ ਸੀ। ਘੱਗਰਿਆਂ ਵਾਲੀਆਂ ਦੇ ਘੱਗਰੇ ਚਮਕਦਾਰ, ਗੋਟੇ, ਤਿੱਲੇ ਨਾਲ ਜੜੇ ਹੋਏ, ਉਹੋ ਜਿਹੇ ਹੀ ਕੁਰਤੇ ਤੇ ਸਿਰ ਤੇ ਸਤਾਰਿਆਂ ਵਾਲੇ ਗੂੜ੍ਹੇ ਰੰਗ ਦੇ ਦਪੱਟੇ। ਇਹਨਾਂ ਨੇ ਘੁੰਡ ਕੱਢੇ ਹੋਏ ਸਨ। ਇਹਨਾਂ ਪਹਿਲਾਂ ਆ ਕੇ ਰਵਾਇਤੀ ਢੰਗ ਨਾਲ ਅਖਾੜੇ ਨੂੰ ਨਮਸਕਾਰ ਕੀਤੀ, ਫੇਰ ਸਾਰੇ ਹਾਜ਼ਰੀਨ ਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ

www.sikhbookclub.com



ਕਹੀ' ਤੇ ਅਖਾੜੇ ਵਿਚ ਉਤਰੇ। ਨਬੀਏ ਨੇ ਬੜੇ ਥੋੜੇ ਜਿਹੇ ਸ਼ਬਦਾਂ ਵਿਚ ਅੱਜ ਦੇ ਪ੍ਰੋਗ੍ਰਾਮ ਦਾ ਵੇਰਵਾ ਦਿੱਤਾ ਤੇ ਪ੍ਰੋਗ੍ਰਾਮ ਸ਼ੁਰੂ ਹੋਇਆ। ਸਾਰੰਗੀ ਤੇ ਗਜ ਫਿਰਿਆ, ਢੱਡਾਂ ਤੋਂ ਧੱਫੇ ਵਜੇ, ਘੱਗਰਿਆਂ ਵਾਲੀਆਂ ਨੇ ਬੜੇ ਨਖਰੀਲੇ ਅੰਦਾਜ਼ ਵਿਚ ਨਚਦਿਆਂ ਅਖਾੜੇ ਦਾ ਗੇੜਾ ਕੱਢਿਆ ਤੇ ਫੇਰ ਆ ਕੇ ਸਾਰੰਗੀ ਵਾਲੇ ਦੇ ਮੂਹਰੇ ਖਲ਼ੋ ਗਈਆਂ। ਹੁਣ ਇਹਨਾਂ ਘੁੰਡ ਲਾਹ ਦਿੱਤੇ। ਇਹਨਾਂ ਨੇ ਬੜੇ ਸੁਚੱਜੇ ਢੰਗ ਨਾਲ ਸਰੂਪ ਮਲਿਆ ਹੋਇਆ ਸੀ (ਜਿਸ ਨੂੰ ਅੱਜ ਅਸੀਂ 'ਪਾਊਡਰ' ਕਹਿੰਦੇ ਹਾਂ ਇਸ ਦਾ ਸਾਡਾ ਆਪਣੀ ਭਾਸ਼ਾ ਦਾ ਨਾਮ 'ਸਰੂਪ' ਸੀ।) ਇਹਨਾਂ ਦੇ ਚਿਹਰਿਆਂ ਤੇ ਹੱਥਾਂ ਦਾ ਰੰਗ ਬੜਾ ਗੋਰਾ ਸੀ, ਪਰ ਪੈਰ ਦੱਸਦੇ ਸਨ ਕਿ ਇਹ ਏਨੀਆਂ ਗੋਰੀਆਂ ਨਹੀਂ ਜਿੰਨੀਆਂ ਦਿਸਦੀਆਂ ਹਨ। ਨਬੀਏ ਨੇ ਮੂਹਰੇ ਆ ਕੇ ਢੱਡ ਤੇ ਧੱਫਾ ਮਾਰਿਆ ਤੇ ਬੋਲਿਆ, "ਸ਼ਾਬਾ ਬਈ ਸਾਰੰਗੀ ਬਾਲਿਆ ਕੱਢ ਕੇਰਾਂ ਸਾਰੰਗੀ ਬਿਚੋਂ ਸੁਰ ਜਿਹੜੀ ਜਜਮਾਨਾਂ ਦਾ ਦਿਲ ਟੁੰਭ ਦੇ।" ਸਾਰੰਗੀ ਦੀ ਸੁਰ ਗੂੰਜੀ, ਨਬੀਏ ਦੀਆਂ ਉਂਗਲਾਂ ਢੱਡ ਤੇ ਨੱਚੀਆਂ ਤੇ ਘੱਗਰਿਆਂ ਵਾਲੀਆਂ ਨੇ ਸੱਜਾ ਹੱਥ ਚੁੱਕ ਕੇ ਤੇ ਖੱਬਾ ਕੰਨ ਤੇ ਰੱਖ ਕੇ ਭਗਵਾਨ ਸਿੰਘ ਦੀ ਹੀਰ ਦਾ ਕਬਿੱਤ ਸ਼ੁਰੂ ਕੀਤਾ, "ਕੱਖ ਕਾਨ ਤੋੜ ਕੇ ਬਣਾਇਆ ਤੁਲ਼ਾ ਰਾਂਝਣੇ ਨੇ ਬੈਠ ਕੇ ਤੇ ਉੱਤੇ ਖੁਆਜੇ ਪੀਰ ਨੂੰ ਚਿਤਾਰਦਾ।" ਸੱਚ-ਮੁੱਚ ਹੀ ਗਾਉਣ ਵਾਲ਼ੀਆਂ ਦੀ ਸੁਰੀਲੀ ਤਾਨ ਜਜ਼ਮਾਨਾਂ ਦੇ ਦਿਲ ਟੁੰਭ ਗਈ। ਇਹਨਾਂ ਨੇ ਫੇਰ ਨੱਚ ਕੇ ਅਖਾੜੇ ਦਾ ਗੇੜਾ ਕੱਢਿਆ ਤੇ ਮੁੜ ਸਾਰੰਗੀ ਵਾਲੇ ਦੇ ਮੂਹਰੇ ਆ ਖੜ੍ਹੀਆ। ਪਹਿਲੀ ਪੰਕਤੀ ਇਕ ਵਾਰੀ ਫੇਰ ਦੁਹਰਾਕੇ, ਅਗਲੀ ਪੰਕਤੀ ਦਾ ਅਲਾਪ ਕੀਤਾ, "ਲੁੱਡਣ ਝਮੇਲ ਦੀਆਂ ਨਾਰਾਂ ਨੇ ਅਵਾਜ਼ ਮਾਰੀ, ਡੁੱਬੇਂਗਾ ਮੁਸਾਫ਼ਰਾ ਬੇ ਖ਼ੂਨ ਕਿਉਂ ਗੁਜਾਰਦਾ।" ਨਾਚੀਆਂ ਨੇ ਫੇਰ ਨਚਦਿਆਂ ਅਖਾੜੇ ਦਾ ਗੇੜਾ ਕੱਢਿਆ। ਰੁਪਈਆਂ ਦਾ ਮੀਂਹ ਵਰਨ ਲਗ ਪਿਆ। ਨਾਚੀਆਂ ਰੁਪਈਆ ਹੱਥ ਵਿਚ ਫੜ ਕੇ ਵੇਲ ਅਲਾਪਦੀਆਂ ਤੇ ਰੁਪਈਆ ਸਾਰੰਗੀ ਵਿਚ ਪਾ ਦਿੰਦੀਆਂ। ਨਬੀਏ ਦੇ ਕਈ ਸੁਚੱਜੇ ਅਸੂਲ ਸਨ। ਉਹ ਰੁਪਈਆ ਸਿਰਫ਼ ਓਸੇ ਪਿੰਡ ਵਾਲਿਆਂ ਤੋਂ ਲੈਂਦਾ ਸੀ, ਜਿਸ ਵਿਚ ਜਲਸਾ ਹੋ ਰਿਹਾ ਹੋਵੇ; ਬਾਹਰੋਂ ਆਏ ਦਰਸ਼ਕਾਂ ਦੇ ਰੁਪਈਏ ਦੀ ਵੇਲ ਸੁਣਾ ਕੇ ਰੁਪਈਆ ਵਾਪਸ ਮੋੜ ਦਿੱਤਾ ਜਾਂਦਾ। ਏਵੇਂ ਹੀ ਇਕ ਆਦਮੀ ਤੋਂ ਸਿਰਫ਼ ਇਕ ਵਾਰ ਹੀ ਰੁਪਈਆ ਲੈਂਦਾ।

ਨਬੀਏ ਦੇ ਜਲਸੇ ਨੇ ਰੰਗ ਬੰਨ੍ਹ ਦਿੱਤਾ, ਗੰਜੀ ਬਾਰ ਦੇ ਜੀਵਨ ਵਿਚ ਇਕ ਰੰਗੀਨੀ ਆ ਗਈ। ਇਹ ਜਲਸੇ ਸਿੱਖਾਂ ਦੇ ਤਕਰੀਬਨ ਹਰ ਪਿੰਡ ਵਿਚ ਹੋਏ। ਮੁੰਡੇ-ਖੁੰਡੇ ਤੇ ਜਵਾਨ ਬੜਾ ਚਿਰ ਪਿੱਛੋਂ ਤੱਕ ਨਬੀਏ ਦੇ ਸੁਣਾਏ ਕਬਿਤ ਹੇਕਾਂ ਲਾ ਲਾ ਕੇ ਗਾਉਂਦੇ ਰਹੇ। ਸਾਡੇ ਵਰਗੀ ਮੁੰਡੀਰ ਨੂੰ ਚਿਰ ਪਿੱਛੋਂ ਪਤਾ ਲੱਗਾ ਕਿ ਨਚਾਰ ਕੁੜੀਆਂ ਨਹੀਂ ਸਨ, ਮੁੰਡੇ ਸਨ, ਮੁੰਡਿਆਂ ਨੇ ਘੱਗਰੇ ਪਾਏ ਹੋਏ ਸਨ।

ਨਬੀਆ ਤਕਰੀਬਨ ਹਰ ਸਾਲ ਆਉਂਦਾ ਰਿਹਾ ਤੇ ਸਾਡੇ ਬਾਰ ਛੱਡਣ ਤੋਂ ਕੁਝ ਸਾਲ ਪਹਿਲਾਂ ਤੱਕ ਆਉਂਦਾ ਰਿਹਾ।

ਨਬੀਏ ਦੇ ਜਲਸੇ ਤੋਂ ਕੁਝ ਚਿਰ ਪਿੱਛੋਂ ਬਾਜੀਗਰ ਪਹੁੰਚ ਗਏ। ਇਹਨਾਂ ਦੇ ਵਧੇਰੇ ਕਰਤਬ ਉਹ ਸਨ, ਜਿਨ੍ਹਾਂ ਨੂੰ ਅੱਜ ਅਸੀਂ ਜਮਨਾਸਟਿਕ ਦੀਆਂ 'ਫਲੋਰ ਐਕਸਰਸਾਈਜ਼ਿਜ਼' (Floor Exercises) ਕਹਿੰਦੇ ਹਾਂ। ਇਹਨਾਂ ਤੋਂ ਇਲਾਵਾ ਉੱਚੀ ਛਾਲ ਸੀ ਜੋ ਲਚਕਦਾਰ

www.sikhbookclub.com



ਪਟੜੀ ਦੇ ਸਹਾਰੇ ਮਾਰੀ ਜਾਂਦੀ ਸੀ। ਇਹਨਾਂ ਦਾ ਸਭ ਤੋਂ ਆਕਰਸ਼ਕ ਕਰਤਬ ਪ੍ਰੋਗ੍ਰਾਮ ਦੀ ਅਖੀਰ ਵਿਚ ਆਉਂਦਾ ਸੀ। ਤਕਰੀਬਨ ਦਸ ਫੁੱਟ ਉੱਚੀ ਮੋਟੀ ਲੱਕੜ ਗੱਡੀ ਹੋਈ ਸੀ, ਜਿਸ ਦੇ ਉਤਲੇ ਸਿਰੇ ਤੇ ਇਕ ਫੱਟੀ ਜੜੀ ਹੋਈ ਸੀ, ਜਿਸ ਦੀ ਲੰਮਾਈ, ਚੁੜਾਈ ਵੱਧ ਤੋਂ ਵੱਧ ਤਿੰਨ, ਤਿੰਨ ਫੁੱਟ ਸੀ। ਇਸ ਫੱਟੀ ਉੱਤੇ ਖਲੋ ਕੇ ਇਕ ਨੌਜਵਾਨ ਮੁੰਡੇ ਨੇ ਪੁੱਠੀ ਛਾਲ ਮਾਰਨੀ ਸੀ।

ਬਾਬਾ ਝਨਾਂ ਜਲਸਿਆ ਵਾਲਿਆਂ, ਰਾਸਧਾਰੀਆਂ, ਹੋਰ ਗਾਉਣ-ਵਜਾਉਣ ਵਾਲਿਆਂ ਨੂੰ ਨਫਰਤ ਕਰਦਾ ਸੀ, ਪਰ ਘੋਲ, ਖੇਡਾਂ, ਬਾਜੀਗਰਾਂ ਦੇ ਕਰਤਬ ਆਦਿ ਵੇਖਣ ਦਾ ਬੜਾ ਸ਼ੁਕੀਨ ਸੀ। ਜਦੋਂ ਕੋਈ ਬਾਜੀਗਰ ਮੁੰਡਾ ਕੋਈ ਚੰਗਾ ਕਰਤਬ ਵਿਖਾਉਂਦਾ, ਬਾਬਾ ਡੱਬ ਵਿੱਚੋਂ ਕੱਢ ਕੇ ਉਸ ਨੂੰ ਰੁਪਈਆ ਦੇ ਦਿੰਦਾ। ਜਦੋਂ ਬਾਜੀਗਰ ਮੁੰਡਾ ਪੁੱਠੀ ਛਾਲ ਮਾਰਨ ਲਈ ਫੱਟੀ ਤੇ ਚੜ੍ਹਿਆ ਬਾਬਾ ਉਤਸਾਹ ਨਾਲ ਉੱਠ ਕੇ ਖਲੋ ਗਿਆ। ਬਾਜੀਗਰ ਮੁੰਡੇ ਨੇ ਇਸ ਦਸ ਫੁਟ ਉੱਚੀ ਤੇ ਕੋਈ ਤਿੰਨ ਫੁਟ ਲੰਮੀ ਚੌੜੀ ਫੱਟੀ ਤੇ ਖਲੋ ਕੇ ਤਿੰਨ ਪੁੱਠੀਆਂ ਛਾਲਾਂ ਮਾਰੀਆਂ। ਦੁਨੀਆਂ ਅਸ਼-ਅਸ਼ ਕਰ ਉੱਠੀ। "ਸ਼ਾਵਾ ਬਾਜੀਗਰ, ਬੱਲੇਓ ਜਵਾਨਾ; ਜਿਊਂਦਾ ਰਹੁ ਮੁੰਡਿਆ" ਦੇ ਅਵਾਜ਼ੇ ਹਰ ਪਾਸਿਓਂ ਉੱਠੇ। ਤਾੜੀਆਂ ਮਾਰਨ ਦਾ ਉਹਨੀਂ ਦਿਨੀਂ ਰਵਾਜ ਨਹੀਂ ਸੀ। ਜਦੋਂ ਮੁੰਡਾ ਫੱਟੀ ਤੋਂ ਉਤਰਿਆ ਬਾਬੇ ਝਨਾਂ ਨੇ ਉਸ ਨੂੰ ਜੱਫੇ ਵਿਚ ਲੈ ਲਿਆ ਤੇ ਜਿੰਨੇ ਰੁਪਈਏ ਡੱਬ ਵਿਚ ਸਨ ਸਾਰੇ ਉਸ ਨੂੰ ਫੜਾ ਦਿੱਤੇ। ਬਾਜੀਗਰ ਮੁੰਡੇ ਨੇ ਹੱਥ ਜੋੜ ਕੇ ਕਿਹਾ, "ਬਾਬਾ ਜੀ, ਤੁਹਾਡੇ ਕੋਲੋਂ ਬਹੁਤ ਕੁਝ ਮਿਲ ਗਿਆ ਹੈ, ਹੋਰ ਨਹੀਂ ਲੈਣਾ।" ਢੋਲ ਵਜਾਉਣ ਵਾਲਾ ਬਜ਼ੁਰਗ ਬਾਜੀਗਰ ਵੀ ਆ ਗਿਆ ਤੇ ਕਿਹਾ, "ਸਰਦਾਰ ਜੀ, ਤੁਸਾਂ ਬੜਾ ਕੁਝ ਦਿੱਤਾ ਹੈ, ਤੁਹਾਥੋਂ ਹੋਰ ਲੈਂਦਿਆਂ ਸਾਨੂੰ ਆਪ ਨੂੰ ਸ਼ਰਮ ਆਉਂਦੀ ਏ।" ਬਾਬੇ ਦੇ ਮਜਬੂਰ ਕਰਨ ਤੇ ਦੋ ਰੁਪਈਏ ਛਾਲ ਮਾਰਨ ਵਾਲੇ ਮੁੰਡੇ ਨੇ ਰੱਖੇ ਬਾਕੀ ਬਾਬੇ ਨੂੰ ਮੋੜ ਦਿੱਤੇ। ਬਾਜੀਗਰਾਂ ਦੀਆਂ ਦੋ, ਤਿੰਨ ਪਾਰਟੀਆਂ ਆਉਂਦੀਆਂ ਰਹੀਆਂ; ਪਿੱਛੋਂ ਬਾਜੀਗਰਾਂ ਨੇ ਪੱਕੇ ਪਿੰਡ ਮੱਲ ਲਏ ਤੇ ਹਰ ਸਾਲ ਬਾਜੀ ਪਾਉਣ ਆਉਂਦੇ ਰਹੇ।

ਰਾਸ-ਧਾਰੀਏ ਵੀ ਛੇਤੀ ਹੀ ਪਹੁੰਚ ਗਏ। ਇਹ ਮਿਰਾਸੀ ਸਨ ਤੇ ਸਿਰਫ ਧਾਰਮਿਕ ਨਾਟਕ ਵਿਖਾਉਂਦੇ ਸਨ—ਪੂਰਨ ਭਗਤ, ਪ੍ਰਹਿਲਾਦ ਭਗਤ, ਰਾਜਾ ਹਰੀਸ਼ ਚੰਦ ਆਦਿ। ਰਾਸ ਰਾਤ ਨੂੰ ਪਾਈ ਜਾਂਦੀ ਸੀ। ਨਾਟ-ਮਰਯਾਦਾ ਪੁਰਾਣੀ ਭਾਰਤੀ ਪਰੰਪਰਾ ਵਾਲੀ ਹੁੰਦੀ ਸੀ—ਉਹੋ ਸੂਤਰਧਰ, ਸਰਸਵਤੀ ਦੇਵੀ ਤੇ ਹੋਰ ਪਰੰਪਰਾਗਤ ਰੀਤੀਆਂ। ਸ੍ਰੀ ਕ੍ਰਿਸ਼ਨ ਜੀ ਦਾ ਹਰ ਨਾਟਕ ਵਿਚ ਆਉਣਾ ਜ਼ਰੂਰੀ ਸੀ। ਕਾਨ੍ਹ ਜੀ ਦਾ ਪਾਰਟ ਮੁਸਲਮਾਨ ਮਿਰਾਸੀ ਨਹੀਂ ਸੀ ਵਿਖਾ ਸਕਦਾ, ਇਸ ਪਾਰਟ ਲਈ ਇਕ ਬ੍ਰਾਹਮਣ ਮੁੰਡਾ ਨਾਲ ਰੱਖਿਆ ਹੋਇਆ ਸੀ। ਕੋਈ ਸਟੇਜ ਨਹੀਂ, ਪਰਦਾ ਨਹੀਂ, ਕੋਈ ਉਚੇਚਾ ਪ੍ਰਬੰਧ ਨਹੀਂ। ਬੱਸ ਰੜੇ ਮੈਦਾਨ ਵਿਚ ਡਰਾਮਾ ਖੇਡਿਆ ਜਾਂਦਾ ਸੀ। ਇਹ ਵੀ ਬਾਰ ਦੇ ਲੋਕਾਂ ਲਈ ਬੜਾ ਰੌਚਿਕ ਮਨੋਰੰਜਨ ਸੀ।

ਇਹਨਾਂ ਤੋਂ ਇਲਾਵਾ ਕਈ ਹੋਰ ਖੇਡ ਤਮਾਸ਼ੇ ਵਿਖਾਉਣ ਵਾਲੇ ਵੀ ਆਉਂਦੇ ਰਹੇ। ਪੇਰਨੀਆਂ ਆਉਂਦੀਆਂ ਰਹੀਆਂ, ਜਿਹੜੀਆਂ ਤਣੇ ਹੋਏ ਰੱਸੇ ਤੇ ਚੜ੍ਹ ਕੇ ਹੱਥ ਵਿਚ ਬਾਂਸ ਫੜ੍ਹ ਕੇ ਨਚਦੀਆਂ ਸਨ—ਬਾਂਸ ਭਾਰ ਸਾਂਵਾਂ ਰੱਖਣ ਦਾ ਕੰਮ ਦਿੰਦਾ ਸੀ; ਪੁਤਲੀਆਂ ਵਾਲੇ ਵੀ ਕਦੇ-ਕਦਾਈ ਆ ਜਾਂਦੇ; ਰਿੱਛਾਂ ਬਾਂਦਰਾਂ ਵਾਲੇ ਆਮ ਫਿਰਦੇ ਰਹਿੰਦੇ ਸਨ। ਏਹੋ ਸਨ ਸਾਡੀ

www.sikhbookclub.com



ਬਾਰ ਵਿਚ ਮਨੋਰੰਜਨ ਦੇ ਵਸੀਲੇ।

ਸਾਡੇ ਆਪਣੇ ਇਲਾਕੇ ਵਿਚ ਕੋਈ ਚੰਗਾ ਭਲਵਾਨ ਨਹੀਂ ਸੀ। ਚੱਕ 78 ਅਲਫ਼ ਦਾ ਮੁਸਲਮਾਨ ਨਾਈ ਸਭ ਤੋਂ ਵੱਡਾ ਭਲਵਾਨ ਮੰਨਿਆ ਜਾਂਦਾ ਸੀ। ਉਸ ਦਾ ਸ਼ਗਿਰਦ ਚੱਕ 78 ਦਾ ਸ਼ਾਮ ਸਿੰਘ (ਜਿਸ ਨੂੰ ਮਲਵਈ 'ਸ਼ਿਆਮ' ਕਹਿੰਦੇ ਸਨ) ਛੋਟੇ ਜੋੜਾਂ ਵਿੱਚੋਂ ਸੀ। ਇਸ ਦੇ ਮੁਕਾਬਲੇ ਦਾ ਸੀ ਸਾਡੇ ਪਿੰਡਾਂ ਦਾ ਬਨਤਾ ਸਿੰਘ, (ਜੋ ਪਿੱਛੋਂ ਅੰਮ੍ਰਿਤ ਛਕ ਕੇ ਗੁਰਚਰਨ ਸਿੰਘ ਬਣਿਆ)। ਇਹਨਾਂ ਦਾ ਘੋਲ ਕਈ ਵਾਰੀ ਹੋਇਆ। ਆਮ ਤੌਰ ਤੇ ਸ਼ਾਮ ਜਿੱਤਦਾ ਰਿਹਾ। ਇਕ ਵਾਰੀ ਜਦੋਂ ਬਨਤਾ ਜਿੱਤਿਆ ਤਾਂ ਸਾਰੇ ਪਿੰਡ ਨੇ ਬੜੀ ਖ਼ੁਸ਼ੀ ਮਨਾਈ। ਮੇਰੇ ਨਾਨਕੇ ਤਸੀਲ ਸ਼ਕਰਗੜ੍ਹ ਵਿਚ ਸਨ। ਓਥੋਂ ਇਕ ਵਾਰੀ ਮੇਰੇ ਮਾਮੇ ਦਾ ਪੁੱਤ ਕਰਤਾਰ ਸਿੰਘ ਸਾਨੂੰ ਮਿਲਣ ਆਇਆ। ਉਹ ਛੋਟੇ ਜੋੜ ਦੇ ਘੁਲਾਟੀਆਂ ਵਿੱਚੋਂ ਸੀ। ਉਸ ਦਾ ਮੁਕਾਬਲਾ ਸ਼ਾਮ ਨਾਲ ਕਰਵਾਇਆ। ਕਰਤਾਰ ਸ਼ਾਮ ਨੂੰ ਢਾਹ ਗਿਆ। ਪਿੰਡ ਵਾਲੇ ਸਾਡੇ ਘਰ ਵਧਾਈਆਂ ਦੇਣ ਆਉਂਦੇ ਰਹੇ।

ਗੰਜੀ ਬਾਰ ਦੇ ਪਿਛਲੇ ਹਿੱਸੇ ਵਿਚ ਖੇਡਾਂ ਦਾ ਸ਼ੌਕ ਕਾਫ਼ੀ ਜ਼ਿਆਦਾ ਸੀ। ਏਥੇ ਕਈ ਚੰਗੇ ਭਲਵਾਨ ਸਨ ਤੇ ਛਿੰਝਾਂ ਆਮ ਪੈਂਦੀਆਂ ਰਹਿੰਦੀਆਂ ਸਨ। ਚੱਕ ਨੰਬਰ 109/15 ਐੱਲ ਦੀ ਰੱਜੇ ਦੀ ਟੀਮ ਬੜੀ ਤਕੜੀ ਸੀ। ਇਹ ਦੂਰ-ਦੂਰ ਤੱਕ ਰੱਸੇ ਦੇ ਮੁਕਾਬਲਿਆਂ ਲਈ ਜਾਂਦੇ ਹੁੰਦੇ ਸ਼ਨ। ਲਾਗਦੇ ਪਿੰਡ ਵਣਜਾਰੀ (ਚੱਕ 105) ਦੀ ਫੁਟਬਾਲ ਦੀ ਟੀਮ ਕਾਫ਼ੀ ਚੰਗੀ ਸੀ, ਤੇ ਇਹ ਨੇੜੇ ਦੇ ਪਠਾਣਾਂ ਦੇ ਪਿੰਡਾਂ ਨਾਲ ਮੈਚ ਖੇਡਦੇ ਰਹਿੰਦੇ ਸਨ। ਇਹਨਾਂ ਦੋਂਹ ਚੱਕਾਂ ਬਾਰੇ ਮੈਂ ਕੁਝ ਹੋਰ ਵੇਰਵੇ ਅੱਗੇ ਦਿਆਂਗਾ। ਸਾਡੇ ਇਲਾਕੇ ਦੇ ਸਾਲਾਨਾ ਦੀਵਾਨਾਂ ਬਾਰੇ ਮੈਂ ਪਿੱਛੇ ਜ਼ਿਕਰ ਕਰ ਆਇਆ ਹਾਂ। ਜਾਂਗਲੀਆਂ ਦੀ ਖੇਡ 'ਪਿੜ ਧੋਂਦਾ' ਬਾਰੇ ਅਗਲੇ ਅਧਿਆਇ ਵਿਚ ਲਿਖਾਂਗਾ।

ਉਹਨੀਂ ਦਿਨੀਂ ਖੇਡਾਂ ਅਤੇ ਮਨੋਰੰਜਨ ਦੇ ਸਾਧਨ ਏਥੋਂ ਤੱਕ ਹੀ ਸੀਮਿਤ ਸਨ— ਗੰਜੀਬਾਰ ਵਿਚ ਹੀ ਨਹੀਂ ਪਿਛਲੇ ਇਲਾਕੇ ਵਿਚ ਵੀ ਏਹੋ ਹਾਲ ਸੀ। ਮਾਝੇ, ਮਾਲਵੇ ਵਿਚ ਮੇਲੇ ਕਾਫ਼ੀ ਲਗਦੇ ਸਨ ਅਤੇ ਇਹਨਾਂ ਇਲਾਕਿਆਂ ਵਿਚ ਧਾਰਮਿਕ ਤੇ ਇਤਿਹਾਸਿਕ ਸਥਾਨ ਬੜੇ ਸਨ, ਜਿਨ੍ਹਾਂ ਦੀ ਗੰਜੀਬਾਰ ਵਿਚ ਅਣਹੋਂਦ ਸੀ।

www.sikhbookclub.com

## 22
## ਸਾਡੇ ਪਿੰਡ ਦਾ ਪਿਛੋਕੜ

ਗੰਜੀ ਬਾਰ ਬਾਰੇ ਲਿਖਦਿਆਂ ਆਪਣੇ ਪਿੰਡ ਦਾ ਕੁਝ ਵਿਸ਼ੇਸ਼ ਵਿਵਰਨ ਦੇਣ ਲਈ ਮੈਂ ਜਜਬਾਤੀ ਤੌਰ ਤੇ ਮਜ਼ਬੂਰ ਹਾਂ। ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ ਸਾਡੇ ਦੋ ਪਿੰਡ ਚੱਕ 78 ਤੇ 79 ਇਕੋ ਪਲਟਣ ਦੇ ਪੈਨਸ਼ਨਰਾਂ ਦੇ ਸਨ। ਇਸ ਪਲਟਣ ਦਾ ਪੂਰਾ ਨਾਮ ਸੀ '45 ਰੈਟਰੇਜ਼ ਸਿੱਖਜ਼', ਕਿਉਂਕਿ ਇਸ ਨੂੰ 1856 ਵਿਚ ਇਕ ਅੰਗਰੇਜ਼ ਅਫ਼ਸਰ 'ਰੈਟਰੇ' ਨੇ ਖੜ੍ਹਾ ਕੀਤਾ ਸੀ। ਇਸ ਪਲਟਣ ਦੀ ਇਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਸ ਦੇ ਜਵਾਨਾਂ ਦਾ ਕੱਦ ਹਿੰਦੁਸਤਾਨੀ ਫੌਜ ਵਿਚ ਸਭ ਤੋਂ ਵਧੇਰੇ ਸੀ, ਇਸ ਵਿਚ ਭਰਤੀ ਹੋਣ ਵਾਲੇ ਜਵਾਨ ਘੱਟ-ਤੋਂ-ਘੱਟ 5 ਫੁੱਟ 10 ਇੰਚ ਲੰਮੇ ਹੋਣੇ ਚਾਹੀਦੇ ਸਨ। ਕੱਦ ਦੀ ਇਹ ਹੱਦ ਦੂਜੇ ਸੰਸਾਰ ਯੁੱਧ ਤੱਕ ਕਾਇਮ ਰਹੀ; ਪਰ ਇਸ ਲੜਾਈ ਸਮੇਂ ਭਰਤੀ ਹੋਣ ਵਾਲੇ ਜਵਾਨਾਂ ਦੀ ਘਾਟ ਕਾਰਨ ਕੱਦ ਬਾਰੇ ਸ਼ਰਤ ਢਿੱਲੀ ਕਰ ਦਿੱਤੀ ਗਈ।

ਅੱਜ ਇਸ ਪਲਟਣ ਦਾ ਨੰਬਰ '3 ਸਿੱਖ' (ਥਰਡ ਸਿੱਖ) ਹੈ। ਇਸ ਤੋਂ ਪਹਿਲਿਆਂ ਦੋ ਸਿੱਖ ਪਲਟਣਾਂ (ਫਸਟ ਸਿੱਖ ਤੇ ਸੈਕੰਡ ਸਿੱਖ) ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਖੜ੍ਹੀਆਂ ਕੀਤੀਆਂ ਸਨ। ਸਾਡੇ ਪੈਨਸ਼ਨਰ ਇਸ ਨੂੰ 'ਪੰਤਾਲੀ ਸਿੱਖ' ਹੀ ਕਹਿੰਦੇ ਸਨ ਤੇ ਪੁਰਾਣੇ ਫੌਜੀ 'ਪੰਤਾਲੀ ਸਿੱਖ' ਦੇ ਕਾਰਨਾਮੇ ਬੜੇ ਮਸਾਲੇ ਲਾ ਕੇ ਸੁਣਾਉਂਦੇ ਹੁੰਦੇ ਸਨ। ਇਹ ਕਾਰਨਾਮੇ ਸੁਣਾਉਣ ਦਾ ਮੌਕਾ ਮਿਲਦਾ ਸੀ, ਖਾਸ ਕਰਕੇ ਕਮਾਦ ਦੀ ਛੇਲੀ ਸਮੇਂ, ਕਿਉਂਕਿ ਛੇਲੀ ਕਰਦਿਆਂ ਗੱਲ-ਸੁਣਾਉਣ ਨਾਲ ਕੰਮ ਵਿਚ ਕੋਈ ਵਿਘਨ ਨਹੀਂ ਸੀ ਪੈਂਦਾ, ਅਤੇ ਸੁਣਨ ਵਾਲੇ ਕਾਫ਼ੀ ਹੁੰਦੇ ਸਨ, ਇਸ ਲਈ ਗੱਲ ਸੁਣਾਉਣ ਵਾਲਾ ਵੀ ਬੜੇ ਉਤਸ਼ਾਹ ਨਾਲ ਵਾਰਤਾ ਸੁਣਾਉਂਦਾ ਸੀ।

ਬਾਰ ਵਿਚ ਕਮਾਦ ਲੋਕੀਂ ਘੱਟ ਬੀਜਦੇ ਸਨ, ਕਿਉਂਕਿ ਸਾਰਾ ਕਮਾਦ ਆਪ ਹੀ ਪੀੜਨਾ ਹੁੰਦਾ ਸੀ। ਪਿੜਾਈ ਦੇ ਕੰਮ ਲਈ ਕਾਫ਼ੀ ਬੰਦਿਆਂ ਦੀ ਲੋੜ ਹੁੰਦੀ ਸੀ ਤੇ ਸਮਾਂ ਵੀ ਬਹੁਤ ਲੱਗਦਾ ਸੀ, ਇਸ ਲਈ ਲੋਕ, ਆਮ ਤੌਰ ਤੇ ਘਰ ਦੀ ਲੋੜ ਲਈ ਗੁੜ, ਸੱਕਰ ਕੱਢਣ ਜੋਗਾ ਹੀ ਕਮਾਦ ਬੀਜਦੇ ਸਨ। ਜਿਸ ਦਿਨ ਕਿਸੇ ਦੇ ਕਮਾਦ ਦੀ ਛੇਲੀ ਪੈਂਦੀ; ਛੇਲੇ ਲੋੜ ਤੋਂ ਵਧੇਰੇ ਪਹੁੰਚ ਜਾਂਦੇ ਸਨ ਕਿਉਂਕਿ ਜਿੰਨੇ ਗੰਨੇ ਕੋਈ ਪੱਛ ਛਿਲ ਕੇ ਦੇਵੇ ਉਹਨਾਂ ਨਾਲੋਂ ਲੱਥੇ ਆਗ ਛਿੱਲਣ ਵਾਲੇ ਦੇ ਹੁੰਦੇ ਸਨ; ਆਗ ਪੱਠਿਆਂ ਦਾ ਕੰਮ ਦਿੰਦੇ ਸਨ। ਖਾਸ ਕਰ ਜਿਸ ਦਿਨ ਸਾਡੇ ਤਾਏ ਹੌਲਦਾਰ ਕਿਹਰ ਸਿੰਘ ਦੀ, ਜਾਂ ਹੌਲਦਾਰ ਸੁਰਜਣ ਸਿੰਘ ਦੀ ਛੇਲੀ ਪੈਣੀ ਹੋਵੇ ਤਾਂ ਰੌਣਕ ਹੋਰ ਵੀ ਜ਼ਿਆਦਾ ਹੁੰਦੀ ਸੀ, ਕਿਉਂਕਿ ਇਹ ਦੋਵੇਂ ਬੜੇ ਗਾਲੜੀ ਸਨ, ਕਥਾ-ਕਹਾਣੀ ਸੁਣਾਉਣ ਦਾ ਇਹਨਾਂ ਦਾ ਆਪਣਾ ਹੀ

www.sikhbookclub.com



ਸਟਾਈਲ ਸੀ। ਫੌਜ ਵਿਚ ਇਹ ਗਹਿਰੇ ਦੋਸਤ ਸਨ ਤੇ ਇਕ ਦੂਜੇ ਨੂੰ 'ਚਾਚਾ' ਕਹਿ ਕੇ ਸੰਬੋਧਨ ਕਰਦੇ ਸਨ। ਜਿਵੇਂ ਉੱਤੇ ਦੱਸਿਆ ਜਾ ਚੁੱਕਾ ਹੈ, ਇਹਨਾਂ ਦੀਆਂ ਕਹਾਣੀਆਂ ਪੰਤਾਲੀ ਸਿੱਖ ਦੇ ਕਾਰਨਾਮਿਆਂ ਨਾਲ ਸੰਬੰਧਿਤ ਹੁੰਦੀਆਂ ਸਨ। ਜਦੋਂ ਸੰਨ 1911 ਵਿਚ ਕਲਕੱਤੇ ਦੀ ਥਾਂ ਦਿੱਲੀ ਰਾਜਧਾਨੀ ਬਣੀ ਤਾਂ ਦਿੱਲੀ ਵਿਚ ਇਕ ਬਹੁਤ ਵੱਡਾ ਦਰਬਾਰ ਹੋਇਆ ਸੀ, ਜਿਸ ਵਿਚ ਬਾਦਸ਼ਾਹ ਜਾਰਜ ਪੰਜਵਾਂ ਖੁਦ ਸ਼ਾਮਲ ਹੋਇਆ ਸੀ। ਸ਼ਾਹੀ ਪਰੇਡ ਵਿਚ ਸਿੱਖ ਪਲਟਣਾਂ ਦੀ ਪ੍ਰਤਿਨਿਧਤਾ 45 ਸਿੱਖ ਨੇ ਕੀਤੀ ਸੀ ਤੇ ਇਸ ਦੇ ਜਵਾਨਾਂ ਦੀ ਡੀਲ-ਡੌਲ, ਇਹਨਾਂ ਦੀ ਚੜ੍ਹਤ ਤੇ ਇਹਨਾਂ ਦੀ ਕੁਸ਼ਲਤਾ ਦੀ ਬਹੁਤ ਪ੍ਰਸੰਸਾ ਹੋਈ ਸੀ। ਇਹ ਕਹਾਣੀ ਅਸਾਂ ਬੜੀ ਵਾਰ ਸੁਣੀ ਸੀ। ਇਸੇ ਮੌਕੇ ਸਾਡੇ ਪਿੰਡ ਦੇ ਹੌਲਦਾਰ ਕੇਸਰ ਸਿੰਘ ਨੇ ਜਮਨਾਸਟਿਕ ਦੇ ਕਰਤਬ ਵਿਖਾਏ ਤੇ ਉਹ ਸਰਬ-ਉਤਮ ਜਮਨਾਸਟ ਚੁਣਿਆ ਗਿਆ। ਹੌਲਦਾਰ ਕੇਸਰ ਸਿੰਘ ਆਪਣੇ ਸਮੇਂ ਦਾ ਮੰਨਿਆ ਹੋਇਆ ਖਿਡਾਰੀ ਸੀ, ਪਰ ਅਫਸੋਸ ਕਿ ਕੁਝ ਸਰਦਾਰਾਂ ਦੀ ਬਦਨੀਤੀ ਕਰਕੇ ਇਹ ਵਿਚਾਰਾ ਹੌਲਦਾਰ ਹੀ ਰਿਹਾ।

ਸਭ ਤੋਂ ਵੱਧ ਰੋਮਾਂਚਿਕ ਤੇ ਦਿਲਚਸਪ ਸਨ ਇਸ ਪਲਟਣ ਦੇ ਰੱਸਾਕਸ਼ੀ ਦੇ ਮੁਕਾਬਲਿਆਂ ਦੇ ਕਿੱਸੇ; ਅਤੇ ਕੋਤਲਮਾਰੇ ਦੇ ਮੋਰਚੇ ਦੀ ਕਥਾ। ਰੱਸੇ ਵਿਚ 45 ਸਿੱਖ ਦੀ ਟੀਮ, ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ, ਕੋਈ ਬਾਰਾਂ, ਤੇਰਾਂ ਸਾਲ ਲਗਾਤਾਰ ਹਿੰਦੁਸਤਾਨੀ ਫੌਜ ਵਿਚੋਂ ਜੇਤੂ ਰਹੀ। ਇਸ ਪਲਟਣ ਨੂੰ ਰੱਸੇ ਵਿਚ ਇਕ ਵਾਰੀ ਸਿਰਫ਼ ਜ਼ਿਲਾ ਅੰਮ੍ਰਿਤਸਰ ਦੇ ਇਕ ਪਿੰਡ ਦੀ ਟੀਮ ਨੇ ਹਰਾਇਆ। ਉਹ ਹਾਰ ਵੀ ਵਾਸਤਵ ਵਿਚ ਹਾਰ ਨਹੀਂ ਸੀ। ਜੇ ਮੇਰੀ ਯਾਦ-ਦਾਸ਼ਤ ਠੀਕ ਹੈ ਤਾਂ ਇਸ ਪਿੰਡ ਦਾ ਨਾਮ ਸੀ 'ਢੋਟੀਆਂ'। ਢੋਟੀਆਂ ਵਾਲਿਆਂ ਨੇ ਸਾਰੇ ਪੰਜਾਬ ਨੂੰ ਖੁੱਲ੍ਹਾ ਚੈਲੰਜ ਦਿੱਤਾ ਹੋਇਆ ਸੀ, ਕਿ ਉਹਨਾਂ ਨਾਲ ਕੋਈ ਵੀ ਰੱਸਾ ਖਿੱਚ ਸਕਦਾ ਹੈ। ਓਧਰ 45 ਸਿੱਖ ਦੀ ਵੀ ਰੱਸੇ ਵਿਚ ਬੜੀ ਸ਼ੁਹਰਤ ਸੀ। ਜਦੋਂ ਇਹ ਪਲਟਣ ਕਿਸੇ ਹੋਰ ਸਟੇਸ਼ਨ ਤੋਂ ਬਦਲ ਕੇ ਮੁਲਤਾਨ ਆਈ ਤਾਂ ਢੋਟੀਆਂ ਦੀ ਟੀਮ ਬਿਨਾਂ ਦੱਸਿਆਂ ਮੁਲਤਾਨ ਪਹੁੰਚ ਗਈ। ਬਜ਼ੁਰਗ ਦਸਦੇ ਹੁੰਦੇ ਸਨ ਕਿ ਉਸ ਸਮੇਂ ਰੱਸੇ ਦੀ ਅਸਲ ਟੀਮ ਛੁੱਟੀ ਗਈ ਹੋਈ ਸੀ। ਸਾਰੀ ਟੀਮ ਨੂੰ ਇਕੱਠਿਆਂ ਛੁੱਟੀ ਭੇਜਿਆ ਜਾਂਦਾ ਸੀ। ਅਫ਼ਸਰਾਂ ਨੇ ਆਪਣੀ ਨੰਬਰ 2 ਟੀਮ ਨੂੰ ਮੁਕਾਬਲੇ ਤੇ ਖੜਾ ਕਰ ਦਿੱਤਾ, ਉਹ ਵੀ ਬਿਨਾਂ ਤਿਆਰੀ। ਢੋਟੀਆਂ ਵਾਲੇ ਉਹਨਾਂ ਨੂੰ ਖਿੱਚ ਕੇ ਲੈ ਗਏ। ਸਾਡੇ ਪਿੰਡ ਦੇ ਪੈਨਸ਼ਨਰਾਂ ਦੇ ਦੱਸਣ ਮੁਤਾਬਕ, ਉਹਨਾਂ ਦੀ ਸਰਵਿਸ ਦੇ ਸਮੇਂ ਵਿਚ ਪੰਤਾਲੀ ਸਿੱਖਾਂ ਦੀ ਰੱਸੇ ਵਿਚ ਇਹ ਇਕੋ-ਇਕ ਹਾਰ ਸੀ।

ਰੱਸੇ ਦੇ ਦੋਂਹ ਹੋਰ ਮੁਕਾਬਲਿਆਂ ਦੇ ਹਾਲ ਵੀ ਸਾਡਾ ਤਾਇਆ ਬੜੇ ਸ਼ੌਕ ਨਾਲ ਸੁਣਾਉਂਦਾ ਹੁੰਦਾ ਸੀ। ਇਕ ਮੁਕਾਬਲਾ ਸੀ ਕਿਸੇ 'ਪੰਜਾਬੀ' ਪਲਟਣ ਨਾਲ (ਜਿਨ੍ਹਾਂ ਰਜਮੰਟਾਂ ਦਾ ਨਾਮ ਪਿੱਛੋਂ 'ਪੰਜਾਬ ਰਜਮੰਟ' ਪਿਆ, ਉਹਨਾਂ ਨੂੰ ਪਹਿਲੇ ਸੰਸਾਰ ਯੁੱਧ ਤੱਕ 'ਪੰਜਾਬੀ' ਕਿਹਾ ਜਾਂਦਾ ਸੀ)। ਇਸ 'ਪੰਜਾਬੀ ਪਲਟਣ ਦੀ ਟੀਮ ਵਿਚ 6 ਸਿੱਖ ਜਵਾਨ ਸਨ ਤੇ 4 ਮੁਸਲਮਾਨ। ਸਾਰੇ ਬੜੇ ਲੰਮੇ, ਉੱਚੇ ਤੇ ਭਾਰੇ ਸਰੀਰ ਵਾਲੇ ਜਵਾਨ ਸਨ। ਪੰਤਾਲੀ ਸਿੱਖ ਉਹਨੀਂ ਦਿਨੀਂ ਝਾਂਸੀ ਵਿਚ ਸੀ। 'ਪੰਜਾਬੀ' ਦੇ ਅਫ਼ਸਰ ਤੇ ਸੂਬੇਦਾਰ ਮੇਜਰ ਆਪਣੀ ਟੀਮ

www.sikhbookclub.com



ਨੂੰ ਨਾਲ ਲੈ ਕੇ 45 ਸਿੱਖ ਦੀ ਟੀਮ ਵੇਖਣ ਆਏ। ਪੰਤਾਲੀ ਸਿੱਖ ਦੀ ਟੀਮ ਦੇ ਜਵਾਨਾ ਦਾ ਸਰੀਰ ਕਮਾਇਆ ਹੋਇਆ ਸੀ; ਇਹਨਾਂ ਵਿਚੋਂ ਕੋਈ ਵੀ ਭਾਰੇ ਸਰੀਰ ਵਾਲਾ ਨਹੀਂ ਸੀ। ਇਹਨਾਂ ਨੂੰ ਵੇਖ ਕੇ ਪੰਜਾਬੀਆਂ ਨੂੰ ਇੰਝ ਜਾਪਿਆ ਕਿ ਉਹ ਪੰਤਾਲੀ ਦੀ ਟੀਮ ਨੂੰ ਧੂਹ ਕੇ ਸਟੇਸ਼ਨ ਤੱਕ ਲੈ ਜਾਣਗੇ। ਉਹਨਾਂ ਦੇ ਸੂਬੇਦਾਰ ਮੇਜਰ (ਜਾਂ ਕਿਸੇ ਹੋਰ) ਨੇ ਆਪਣੀ ਟੀਮ ਨੂੰ ਹਲਾਸ਼ੇਰੀ ਦਿੰਦਿਆਂ ਕਹਿ ਦਿੱਤਾ, 'ਰੱਸਾ ਨਹੀਂ ਜਿੱਤਣਾ, ਬੰਤੋ ਵਿਆਹ ਕੇ ਲਿਜਾਣੀ ਏ।' ਪੰਜਾਬੀ ਲੋਕ ਜਾਣਦੇ ਹਨ ਕਿ ਕਿੱਡੀ ਵੱਡੀ ਤੇ ਕਿੱਡਾ ਫੱਟ ਮਾਰਨ ਵਾਲੀ ਗੱਲ ਕਹੀ ਗਈ ਸੀ। ਪੰਤਾਲੀ ਦੇ ਸੂਬੇਦਾਰ ਮੇਜਰ ਨੇ ਟੀਮ ਨੂੰ ਸੱਦ ਕੇ ਕਿਹਾ, "ਮੇਰੀ ਦਾੜ੍ਹੀ ਹੁਣ ਤੁਹਾਡੇ ਹੱਥ ਵਿਚ ਹੈ।" ਟੀਮ ਵਾਲੇ ਵੀ 'ਪੰਜਾਬੀਆਂ' ਦੇ ਕੱਦ-ਕਾਠ ਨੂੰ ਵੇਖ ਕੇ ਕੁਝ ਸਹਿਮ ਗਏ ਸਨ। ਟੀਮ ਦੀ ਘਬਰਾਹਟ ਨੂੰ ਜਾਚ ਕੇ ਸੀ. ਓ. ਆਪ ਟੀਮ ਨੂੰ ਮਿਲਣ ਆਇਆ। ਅੰਗਰੇਜ਼ਾਂ ਦੇ ਸਮੇਂ ਸਿੱਖ ਪਲਟਣਾਂ ਦੇ ਅਫ਼ਸਰਾਂ ਨੂੰ ਆਪਣੇ ਜਵਾਨਾਂ ਤੇ ਬੜਾ ਮਾਣ ਹੁੰਦਾ ਸੀ। ਵੰਗਾਰਿਆਂ ਉਹਨਾਂ ਨੂੰ ਹਮੇਸ਼ਾਂ 'ਖਾਲਸੇ' ਦੇ ਨਾਮ ਤੇ ਜਾਂਦਾ ਸੀ। ਸੀ. ਓ ਨੇ ਕਿਹਾ, 'ਖਾਲਸਾ ਕਿਉਂ ਘਬਰਾਤਾ ਹੈ, ਖੈਂਚਨਾ ਤੋਂ ਤੁਮਨੇ ਸਿਰਫ਼ ਛੇ ਖਾਲਸਿਓਂ ਕੋ ਹੈ, ਬਾਕੀ ਤੋਂ ਸਿਰਫ਼ ਗਿਣਤੀ ਕੇ ਜਵਾਨ ਹੈਂ।' ਉਸ ਤੋਂ ਪਿੱਛੋਂ ਜਿਹੜੇ ਕੁਝ ਦਿਨ ਮੁਕਾਬਲੇ ਵਿਚ ਬਾਕੀ ਸਨ, ਉਹਨਾਂ ਵਿਚ ਜਿੰਨੇ ਪੀਪੇ ਘਿਉ ਦੇ ਟੀਮ ਖਾ ਸਕੀ, ਖੁਆਏ; ਜਿੰਨੀਆਂ ਬੋਰੀਆਂ ਬਦਾਮਾਂ ਦੀਆਂ ਘੋਟ ਕੇ ਪੀ ਸਕੇ, ਪਿਆਈਆਂ। ਪ੍ਰੈਕਟਿਸ ਕਰਦਿਆਂ ਕਈਆਂ ਰੁੱਖਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਅਖ਼ੀਰ ਮੁਕਾਬਲੇ ਦਾ ਦਿਨ ਆ ਗਿਆ; ਮੁਕਾਬਲਾ ਝਾਂਸੀ ਵਿਚ ਹੀ ਹੋਣਾ ਸੀ।

ਪੰਜਾਬੀਆਂ ਨੂੰ ਆਪਣੀ ਜਿੱਤ ਦਾ ਏਨਾ ਯਕੀਨ ਸੀ ਕਿ ਉਹਨਾਂ ਨੇ ਰੇਲਵੇ ਸਟੇਸ਼ਨ ਤੋਂ ਲੈ ਕੇ ਮੁਕਾਬਲੇ ਵਾਲੀ ਥਾਂ ਤੱਕ ਦੋ-ਦੋ ਸੌ ਗਜ਼ ਦੇ ਫ਼ਾਸਲੇ ਤੇ ਇਕ-ਇਕ ਜਵਾਨ ਰਾਈਫਲ ਦੇ ਕੇ ਖੜ੍ਹਾ ਕੀਤਾ ਹੋਇਆ ਸੀ। ਉਦੋਂ ਤੱਕ ਅਜੇ ਟੈਲੀਫੋਨ ਸਿਰਫ਼ ਰੇਲਵੇ ਸਟੇਸ਼ਨ ਉੱਤੇ ਹੀ ਹੁੰਦਾ ਸੀ। ਮਕਸਦ ਇਹ ਸੀ ਕਿ ਜਦੋਂ ਸਿੱਖ ਪਲਟਣ ਦਾ ਇਕ ਜਵਾਨ ਖਿੱਚਿਆ ਜਾਏ ਕੋਲ ਖੜਾ ਰਾਈਫਲ ਵਾਲਾ ਇਕ ਫਾਇਰ ਕਰ ਦੇਵੇਗਾ, ਉਸ ਨੂੰ ਸੁਣ ਕੇ ਅਗਲਾ ਆਦਮੀ ਫਾਇਰ ਕਰੇਗਾ—ਅੰਤ ਰੇਲਵੇ ਸਟੇਸ਼ਨ ਟੈਲੀਫੋਨ ਤੇ ਬੈਠਾ ਅਫ਼ਸਰ ਆਪਣੀ ਪਲਟਣ ਵਾਲੇ ਸਟੇਸ਼ਨ ਨੂੰ ਦੱਸ ਦੇਵੇਗਾ ਕਿ ਅਸਾਂ ਵਿਰੋਧੀਆਂ ਦਾ ਇਕ ਆਦਮੀ ਖਿੱਚ ਲਿਆ ਹੈ।

ਓਧਰ ਸਿੱਖਾਂ ਨਾਲ ਇਕ ਹੋਰ ਘਟਨਾ ਵਾਪਰੀ—ਟੀਮ ਦਾ ਇਕ ਬਹੁਤ ਅਹਿਮ ਮੈਂਬਰ ਸੀ 'ਰੱਬ'—ਉਸ ਨੂੰ ਸਾਰੇ 'ਰੱਬ' ਹੀ ਕਹਿੰਦੇ ਸਨ। ਮਾਲਵੇ ਦਾ ਸੀ, ਕੱਦ ਕੋਈ 6 ਫੁੱਟ 10 ਇੰਚ, ਸਰੀਰ ਵੀ ਬਾਕੀ ਟੀਮ ਵਾਲਿਆਂ ਨਾਲੋਂ ਭਾਰਾ, ਤੇ ਤਾਕਤ ਇਸ ਵਿਚ ਲੋਹੜੇ ਦੀ ਸੀ। ਦੋਂਹ ਟੀਮਾਂ ਦੇ ਜਵਾਨਾਂ ਨੂੰ ਛੱਡ ਕੇ ਬਾਕੀ ਪਲਟਣ ਦੇ ਉਹ ਦੋ-ਦੋ ਬੰਦੇ ਖਿੱਚ ਲੈਂਦਾ ਹੁੰਦਾ ਸੀ। 'ਰੱਬ' ਸਰੀਰ ਵੱਲੋਂ ਤਾਂ ਰੱਬ ਹੀ ਸੀ, ਪਰ ਅਕਲ ਬੜੀ ਮੋਟੀ ਸੀ। ਰੱਬ ਨੂੰ ਐਨ ਮੁਕਾਬਲੇ ਵਾਲੇ ਦਿਨ ਤਾਪ ਚੜ੍ਹ ਗਿਆ। ਸਾਰਿਆਂ ਨੂੰ ਫ਼ਿਕਰ ਪੈ ਗਿਆ। ਰੱਬ ਤੋਂ ਬਿਨਾਂ ਟੀਮ ਦੇ ਸਮਝੋ ਦੋ ਆਦਮੀ ਗਏ। ਸੂਬੇਦਾਰ ਮੇਜਰ ਨੇ ਰੱਬ ਨੂੰ ਥਾਪੀ ਦੇ ਕੇ ਕਿਹਾ, "ਕੋਈ ਨਹੀਂ ਰੱਬਾ, ਤੂੰ ਜ਼ੋਰ ਨਾ ਲਾਈਂ, ਬੱਸ ਰੱਸੇ ਤੇ ਭਾਰ ਪਾ ਛਡੀਂ, ਉਹੋ ਹੀ

www.sikhbookclub.com



ਬਹੁਤ ਏ।" ਟੀਮ ਗੁਰਦਵਾਰਾ ਸਾਹਿਬ ਗਈ; ਅਰਦਾਸਾ ਸੋਧਿਆ, ਸਾਰੇ ਅਫ਼ਸਰ ਤੇ ਸਰਦਾਰ ਅਰਦਾਸ ਵਿਚ ਸ਼ਾਮਿਲ ਸਨ। ਵਾਕ ਲਿਆ ਗਿਆ—ਵਾਕ ਉਤਸ਼ਾਹਜਨਕ ਸੀ। ਟੀਮ ਦੇ ਹੌਂਸਲੇ ਵਧੇ। ਸੀ. ਓ. ਨੇ ਫੇਰ 'ਖਾਲਸੇ' ਦੇ ਨਾਮ ਦਾ ਹਨੋਰਾ ਦਿੱਤਾ ਤੇ ਸੂਬੇਦਾਰ ਮੇਜਰ ਨੇ ਆਪਣੀ ਪੱਗ ਵੱਲ ਇਸ਼ਾਰਾ ਕੀਤਾ।

ਟੀਮ ਮੈਦਾਨ ਵਿਚ ਉਤਰੀ। ਉਹਨੀਂ ਦਿਨੀਂ ਟੀਮ ਦਾ ਵਜ਼ਨ ਨਹੀਂ ਸੀ ਲਿਆ ਜਾਂਦਾ, ਅਤੇ ਅੱਜ ਵਾਂਗ ਸਿਰਫ਼ ਛੇ ਫ਼ੁਟ (ਜਾਂ ਦਸ ਫ਼ੁਟ) ਰੱਸਾ ਨਹੀਂ ਸੀ ਖਿੱਚਣਾ ਹੁੰਦਾ, ਪੂਰੀ ਵਿਰੋਧੀ ਟੀਮ ਨੂੰ ਖਿੱਚ ਕੇ ਆਪਣੇ ਪਾਸੇ ਲਿਆਉਣਾ ਹੁੰਦਾ ਸੀ। ਸੀਟੀ ਵੱਜੀ। ਪਹਿਲੇ ਹੀ ਝਟਕੇ ਵਿਚ ਪੰਜਾਬੀ ਦੋ ਫ਼ੁਟ ਰੱਸਾ ਖਿੱਚ ਕੇ ਲੈ ਗਏ। ਦੂਜੇ ਝਟਕੇ ਵਿਚ ਸਿੱਖਾਂ ਦਾ ਇਕ ਜਵਾਨ ਲੀਕ ਟੱਪ ਗਿਆ—ਫਾਇਰ ਹੋਏ ਟੈਲੀਫੋਨ ਖੜਕ ਗਿਆ। ਦੂਜਾ ਜਵਾਨ ਖਿੱਚਿਆ ਗਿਆ, ਜਦੋਂ ਤੀਜਾ ਜਵਾਨ ਵੀ ਲੀਕ ਤੋਂ ਪਾਰ ਹੋਇਆ ਤਾਂ ਸੂਬੇਦਾਰ ਮੇਜਰ ਨੇ ਗੰਦੀ ਤੋਂ ਗੰਦੀ ਗਾਲ ਕੱਢ ਕੇ ਕਿਹਾ, "ਓਏ ਰੱਬਾ ਹੁਣ ਮੇਰੀ ਪੱਗ ਪੈਰਾਂ ਵਿਚ ਰੋਲ ਕੇ ਜਾਏਂਗਾ।" ਰੱਬ ਨੇ ਹੈਰਾਨੀ ਨਾਲ ਸੂਬੇਦਾਰ ਮੇਜਰ ਵੱਲ ਵੇਖਦਿਆਂ ਕਿਹਾ, "ਕੀ ਹੋ ਗਿਐ ਸਾਹਬ ?" ਸੂਬੇਦਾਰ ਮੇਜਰ ਗੁੱਸੇ ਵਿਸ ਕੜਕ ਕੇ ਬੋਲਿਆ, "ਹੋ ਗਿਆ ਤੇਰੀ ਮਾਂ ......ਰੱਸਾ ਜਾ ਰਿਹਾ ਏ।" "ਰੱਬ ਬੜੇ ਮਸੂਮ ਲਹਿਜੇ ਵਿਚ ਬੋਲਿਆ, "ਤਾਂ ਫਿਰ ਮੈਂ ਵੀ ਜੋਰ ਲਾ ਦਿਆਂ ?" ਹੋਰ ਜੋਰ ਭੈਣ ਦੇ ਵਿਆਹ ਤੇ ਲਾਵੇਂਗਾ, ਚੌਥਾ ਬੰਦਾ ਲੀਕੋਂ ਪਾਰ ਹੋ ਗਿਆ ਏ।" (ਮੁਆਫ਼ੀ ਚਾਹੁੰਦਾ ਹਾਂ, ਉਸ ਸਮੇਂ ਦੇ ਸਦਾਚਾਰਕ ਮਾਹੌਲ ਵਿਚ ਏਹੋ ਜਿਹੇ ਬੋਲ ਅਸ਼ਲੀਲ ਨਹੀਂ ਸੀ ਮੰਨੇ ਜਾਂਦੇ।)

ਰੱਬ ਨੇ ਲਲਕਾਰਾ ਮਾਰਿਚਾ ਤੇ ਟੀਮ ਨੇ ਵਿਤੋਂ ਦੂਣਾ ਜ਼ੋਰ ਲਾਇਆ—ਦੋ ਫ਼ੁਟ ਰੱਸਾ ਆ ਗਿਆ। ਹੋਰ ਦੋਂਹ ਝਟਕਿਆਂ ਨਾਲ ਚਾਰੇ ਜਵਾਨ ਆਪਣੇ ਪਾਸੇ ਆ ਗਏ। ਬੱਸ ਤਿੰਨ, ਚਾਰ ਮਿੰਟ ਹੋਰ ਲੱਗੇ ਪੰਤਾਲੀ ਸਿੱਖ ਨੇ ਰੱਸਾ ਜਿੱਤ ਲਿਆ।

ਰੱਸੇ ਦੀ ਇਸ ਜਿੱਤ ਦਾ ਹਾਲ ਵੀ ਸਾਡੇ ਪੈਨਸ਼ਨਰ ਓਸੇ ਜੋਸ਼ ਨਾਲ ਸੁਣਾਉਂਦੇ ਹੁੰਦੇ ਸਨ, ਜਿਸ ਨਾਲ ਕੋਤਲਮਾਰੇ ਦੇ ਮੋਰਚੇ ਦਾ ਹਾਲ ਸੁਣਾਉਂਦੇ ਸਨ।

ਰੱਸੇ ਦਾ ਦੂਜਾ ਮੁਕਾਬਲਾ ਕਿਸੇ ਸਿੱਖ ਪਲਟਣ ਨਾਲ ਹੀ ਸੀ। ਅੱਜ ਮੈਨੂੰ ਯਾਦ ਨਹੀਂ ਕਿ ਇਹ ਕਿਹੜੀ ਸਿੱਖ ਪਲਟਣ ਸੀ ? ਮੁਕਾਬਲਾ ਕਿੱਥੇ ਤੇ ਕਿਹੜੇ ਸਾਲ ਹੋਇਆ ? ਉਂਞ ਇਹ ਸਾਰੇ ਵਾਕਿਆਤ ਪਹਿਲੀ ਵੱਡੀ ਲੜਾਈ ਤੋਂ ਪਹਿਲਾਂ ਦੇ ਹਨ—ਸੰਨ 1900 ਤੇ 1914 ਦੇ ਵਿਚਾਲੇ ਦੇ। ਦੂਜੀ ਪਲਟਣ ਇਸ ਮੁਕਾਬਲੇ ਤੋਂ ਇਕ ਸਾਲ ਪਹਿਲਾਂ 45 ਸਿੱਖ ਤੋਂ ਕਰੜੇ ਮੁਕਾਬਲੇ ਪਿੱਛੋਂ ਹਾਰ ਖਾ ਗਈ ਸੀ, ਪਰ ਉਹ ਕਚੀਚੀਆਂ ਵੱਟਦੇ ਗਏ ਸਨ ਤੇ ਉਦੋਂ ਹੀ ਵੰਗਾਰ ਕੇ ਗਏ ਸਨ ਕਿ ਅਗਲੇ ਸਾਲ ਤੁਹਾਨੂੰ ਮਿਲਾਂਗੇ।

ਅਫ਼ਸੋਸ ਕਿ ਇਸ ਮੁਕਾਬਲੇ ਦੇ ਪੂਰੇ ਵੇਰਵੇ ਅੱਜ ਮੈਨੂੰ ਯਾਦ ਨਹੀਂ; ਤਾਇਆ ਕਿਹਰ ਸਿੰਘ ਇਸ ਮੁਕਾਬਲੇ ਦਾ ਹਾਲ ਵੀ ਵਿਸਥਾਰ ਨਾਲ ਸੁਣਾਉਂਦਾ ਹੁੰਦਾ ਸੀ। ਜੋ ਕੁਝ ਮੈਨੂੰ ਯਾਦ ਹੈ ਉਹੋ ਲਿਖ ਰਿਹਾ ਹਾਂ।

ਦੋਵੇਂ ਟੀਮਾਂ ਪੂਰੀ ਤਿਆਰੀ ਵਿਚ ਸਨ। ਜਿੱਥੇ ਪੰਤਾਲੀ ਵਾਲਿਆਂ ਨੂੰ ਆਪਣੀਆਂ ਅਨੇਕਾਂ ਜਿੱਤਾਂ ਦਾ ਮਾਣ ਸੀ, ਓਥੇ ਦੂਜੀ ਟੀਮ ਨੂੰ ਆਪਣੀ ਪਿਛਲੀ ਹਰ ਛਾਤੀ ਵਿਚ ਖੁਭੇ

www.sikhbookclub.com



ਕਿੱਲ ਵਾਂਗ ਰੜਕ ਰਹੀ ਸੀ। ਮੁਕਾਬਲਾ ਸ਼ੁਰੂ ਹੋਇਆ, ਰੱਸਾ ਇੰਞ ਤਣ ਗਿਆ ਜਿਵੇਂ ਕਿਸੇ ਰੁੱਖ ਨਾਲ ਬੱਧਾ ਹੋਵੇ, ਨਾ ਰੱਸਾ ਚੱਪਾ ਓਧਰ ਖਿਸਕੇ, ਨਾ ਏਧਰ। ਪੰਤਾਲੀ ਵਾਲੇ ਹੰਢੇ ਹੋਏ ਤਜਰਬਾਕਾਰ ਸਨ, ਉਹਨਾਂ ਨੇ ਪਹਿਲਾਂ ਦੂਜੀ ਟੀਮ ਨੂੰ ਜ਼ੋਰ ਲਾਉਣ ਦਿੱਤਾ, ਜਦੋਂ ਉਹਨਾਂ ਨੇ ਆਪਣਾ ਤਾਣ ਲਾ ਕੇ ਅੰਤ ਦਮ ਮਾਰਨ ਲਈ ਰੱਸਾ ਬੱਧਾ ਤਾਂ ਪੰਤਾਲੀ ਵਾਲਿਆਂ ਨੇ ਆਪਣੀ ਪੂਰੀ ਤਾਕਤ ਨਾਲ ਹੁਝਕੇ ਮਾਰਨੇ ਸ਼ੁਰੂ ਕੀਤੇ; ਪਰ ਦੂਜੀ ਟੀਮ ਚਟਾਨ ਵਾਂਗ ਅਹਿਲ ਰਹੀ। ਰੱਸੇ ਦੇ ਵਿਚਾਲੇ ਬੱਧਾ ਰੁਮਾਲ ਵਿਚਕਾਰਲੀ ਲੀਕ ਦੇ ਉੱਤੇ ਹੀ ਹਿੱਲ ਰਿਹਾ ਸੀ। ਤਕਰੀਬਨ 15 ਮਿੰਟਾਂ ਤੱਕ ਦੋਵੇਂ ਟੀਮਾਂ ਵਾਰੀ ਵਾਹੀ ਹੁਝਕੇ ਮਾਰਦੀਆਂ ਰਹੀਆਂ, ਪਰ ਰੱਸਾ ਕਿਸੇ ਪਾਸੇ ਨਾ ਹਿੱਲਿਆ। ਹੁਣ ਹਰ ਇਕ ਟੀਮ ਦੀ ਕੋਸ਼ਿਸ਼ ਇਹ ਸੀ ਕਿ ਦੂਜੀ ਟੀਮ ਨੂੰ ਦਮੋਂ ਕੱਢਿਆ ਜਾਵੇ—ਵੀਹ ਮਿੰਟ ਬੀਤ ਗਏ, ਪੰਝੀ ਮਿੰਟ ਲੰਘ ਗਏ। ਇਸ ਸਮੇਂ ਤੱਕ ਦੂਹਾਂ ਪਾਸਿਆਂ ਦੇ ਜਵਾਨ ਨਿਢਾਲ ਹੋ ਚੁੱਕੇ ਸਨ, ਹੁਣ ਉਹਨਾਂ ਵਿਚ ਹੁਝਕਾ ਮਾਰਨ ਦੀ ਹਿੰਮਤ ਵੀ ਨਹੀਂ ਸੀ ਰਹੀ, ਬੱਸ ਰੱਸਾ ਖਿੱਚ ਕੇ ਖੜੇ ਸਨ। ਰੈਫਰੀ ਨੇ ਵਾਰੀ, ਵਾਰੀ ਦੂਹਾਂ ਪਲਟਣਾਂ ਦੇ ਕਮਾਂਡਰਾਂ ਨੂੰ ਕਿਹਾ ਕਿ ਰੱਸਾ ਸਾਂਵਾਂ ਛੁਡਾ ਦਿੱਤਾ ਜਾਵੇ, ਪਰ ਹਰ ਕਮਾਂਡਰ ਕਹੇ ਕਿ ਦੂਜੀ ਟੀਮ ਹਾਰ ਮੰਨ ਜਾਵੇ ਤਾਂ ਅਸੀਂ ਰੱਸਾ ਛੱਡ ਦਿੰਦੇ ਹਾਂ। ਆਖਰ ਓਥੇ ਹਾਜ਼ਰ ਡਾਕਟਰ ਕੈਪਟਨ ਨੇ ਦੂਹਾਂ ਕਰਨਲਾਂ ਨੂੰ ਕਿਹਾ ਕਿ ਹੁਣ ਰੱਸਾ ਜਵਾਨਾਂ ਦੀ ਸਿਹਤ ਲਈ ਖ਼ਤਰਨਾਕ ਹੈ, ਮੁਕਾਬਲਾ ਖ਼ਤਮ ਕੀਤਾ ਜਾਵੇ। ਪੰਤਾਲੀ ਦਾ ਕਮਾਂਡਰ ਆਖੇ, "ਮੈਂ ਜਵਾਨਾਂ ਨੂੰ ਏਨੇ ਟੀਨ ਘਿਓ ਤੇ ਏਨੀਆਂ ਬੋਰੀਆਂ ਬਦਾਮਾਂ ਦੀਆਂ ਖੁਆ ਦਿੱਤੀਆਂ ਹਨ, ਦੂਜੀ ਟੀਮ ਹਾਰ ਮੰਨਦੀ ਹੈ ਤਾਂ ਰੱਸਾ ਛੁਡਾ ਦਿਓ।" ਦੂਜਾ ਕਰਨਲ ਕਹੇ "ਮੈਂ ਜਵਾਨਾਂ ਨੂੰ ਸੋਨੇ ਚਾਂਦੀ ਦੇ ਵਰਕ ਖੁਆ ਕੇ ਪਲਟਣ ਦਾ ਫੰਡ ਖ਼ਤਮ ਕਰ ਦਿੱਤਾ ਹੈ, 45 ਸਿੱਖ ਹਾਰ ਮੰਨਦੀ ਹੈ ਤਾਂ ਰੱਸਾ ਛੁਡਾ ਦਿਓ।" ਆਖਰ ਡਾਕਟਰ ਘੋੜਾ ਦੌੜਾ ਕੇ ਸਿੱਧਾ ਜਨਰਲ ਸਾਹਿਬ ਦੀ ਕੋਠੀ ਪੁੱਜਾ। ਜਰਨਲ ਨੇ ਹੁਕਮ ਦਿੱਤਾ, "ਰੱਸਾ ਫੌਰਨ ਛੁਡਾ ਦੋ।" ਡਾਕਟਰ ਨੇ ਆ ਕੇ ਜਨਰਲ ਦੇ ਹੁਕਮ ਅਨੁਸਾਰ ਰੱਸਾ ਛੁਡਾਇਆ। ਮੁਕਾਬਲਾ ਤਕਰੀਬਨ 35 ਮਿੰਟ ਚੱਲਿਆ। ਦੂਹਾਂ ਪਾਸਿਆਂ ਦੇ ਕੁਝ ਜਵਾਨ ਰੱਸਾ ਛਡਦਿਆਂ ਹੀ ਡਿਗ ਪਏ, ਉਹਨਾਂ ਨੂੰ ਸਹਾਰਾ ਦੇ ਕੇ ਬਾਹਰ ਲਿਆਂਦਾ ਗਿਆ। ਦੋਂਹ, ਤਿੰਨਾਂ ਜਵਾਨਾਂ ਦੀਆਂ ਮੁੱਠਾਂ ਰੱਸੇ ਨਾਲੋਂ ਨਾ ਖੁੱਲਣ, ਮਾਲਸ਼ ਕਰਕੇ ਖੋਲ੍ਹੀਆਂ ਗਈਆਂ।

ਰੱਸੇ ਦੇ ਇਹਨਾਂ ਦੋਂਹ ਮੁਕਾਬਲਿਆਂ ਦਾ, ਅਤੇ ਕੁਝ ਹੋਰ ਮੁਕਾਬਲਿਆਂ ਦਾ ਹਾਲ ਅਸਾਂ ਕਮਾਦ ਦੀਆਂ ਛੋਲੀਆਂ ਵਿਚ ਤੇ ਹੋਰ ਗੱਪ-ਸ਼ੱਪ ਵਾਲੀਆਂ ਮਹਿਫਲਾਂ ਵਿਚ ਕਈ ਵਾਰ ਸੁਣਿਆ। ਬੜਾ ਮਾਣ ਸੀ ਸਾਡੇ ਪੈਨਸ਼ਨਰਾਂ ਨੂੰ ਆਪਣੀ ਰੱਸੇ ਦੀ ਟੀਮ ਉੱਤੇ ਅਤੇ ਹੌਲਦਾਰ ਕੇਸਰ ਸਿੰਘ ਵਰਗੇ ਖਿਡਾਰੀਆਂ ਉੱਤੇ।

www.sikhbookclub.com

## 23
## ਸਾਡੇ ਪਿੰਡ ਦਾ ਪਿਛੋਕੜ--ਮੋਰਚਾ ਕੋਤਲਮਾਰਾ

ਕੋਤਲਮਾਰੇ ਦਾ ਮੋਰਚਾ ਪੰਤਾਲੀ ਸਿੱਖ ਦੇ 1939 ਤੱਕ ਦੇ ਇਤਿਹਾਸ ਦਾ ਸਭ ਤੋਂ ਵੱਡਾ ਕਾਰਨਾਮਾ ਸੀ। ਸਾਡੇ ਪਿੰਡ ਦੇ ਸਾਰੇ ਪੈਨਸ਼ਨਰ ਇਸ ਮੋਰਚੇ ਦਾ ਹਾਲ ਬੜੇ ਉਤਸ਼ਾਹ ਨਾਲ ਸੁਣਾਉਂਦੇ ਹੁੰਦੇ ਸਨ। ਸਾਡਾ ਤਾਇਆ ਹੌਲਦਾਰ ਕਿਹਰ ਸਿੰਘ ਇਸ ਮੋਰਚੇ ਤੋਂ ਕੁਝ ਚਿਰ ਪਹਿਲਾਂ ਹੀ ਜ਼ਖ਼ਮੀ ਹੋ ਕੇ, ਜਾਂ ਬਿਮਾਰ ਹੋ ਕੇ ਹਸਪਤਾਲ ਦਾਖ਼ਲ ਸੀ, ਉਹ ਇਸ ਮਾਹਰਕੇ ਵਿਚ ਸ਼ਾਮਲ ਨਹੀਂ ਸੀ। ਜੋ ਗੱਲਾਂ ਮੈਂ ਆਪਣੇ ਪਿੰਡ ਦੇ ਬਜ਼ੁਰਗਾਂ ਤੋਂ ਸੁਣੀਆਂ ਉਹ ਸਾਰੀਆਂ ਇਸ ਮੋਰਚੇ ਦੇ ਕਿਤਾਬਾਂ ਵਿਚ ਲਿਖੇ ਹਾਲਾਤ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀਆਂ। ਇਸ ਦੇ ਕਈ ਕਾਰਨ ਹਨ। ਇਕ ਇਹ ਕਿ ਕਿਤਾਬਾਂ ਲਿਖਣ ਵਾਲੇ ਸਿਰਫ਼ ਮੋਟੇ-ਮੋਟੇ ਹਾਲਾਤ ਲਿਖਦੇ ਹਨ, ਜੋ ਉਹਨਾਂ ਨੂੰ ਸਰਕਾਰੀ ਤੌਰ ਤੇ ਪ੍ਰਾਪਤ ਹੋਏ ਹੋਣ, ਪਰ ਮੈਦਾਨੇ-ਜੰਗ ਵਿਚ ਲੜਨ ਵਾਲਾ ਸਿਪਾਹੀ ਉਹ ਕੁਝ ਬਿਆਨ ਕਰਦਾ ਹੈ, ਜੋ ਉਸ ਦੇ ਸਿਰ ਬੀਤਿਆ ਹੋਵੇ। ਇਹ ਵੀ ਠੀਕ ਹੈ ਕਿ ਸਧਾਰਨ ਸਿਪਾਹੀ ਨੂੰ ਪੂਰੇ ਵੇਰਵਿਆਂ ਦੀ ਓਨੀ ਜਾਣਕਾਰੀ ਨਹੀਂ ਹੁੰਦੀ, ਜਿੰਨੀ ਉੱਤੇ ਬੈਠੇ ਸੀਨੀਅਰ ਅਫ਼ਸਰਾਂ ਨੂੰ ਹੁੰਦੀ ਹੈ, ਤੇ ਇਹਨਾਂ ਅਫ਼ਸਰਾਂ ਦੀਆਂ ਲਿਖਤਾਂ ਹੀ ਇਤਿਹਾਸ ਲਿਖਣ ਵਾਲਿਆਂ ਦਾ ਮੂਲ ਸ੍ਰੋਤ ਹੁੰਦੀਆਂ ਹਨ। ਇਸ ਦੇ ਉਲਟ ਕੁਝ ਅਜਿਹੀਆਂ ਗੱਲਾਂ ਵੀ ਹੁੰਦੀਆਂ ਹਨ ਜੋ ਨਾ ਸੀਨੀਅਰ ਅਫ਼ਸਰਾਂ ਦੇ ਰਿਕਾਰਡ ਵਿਚ ਦਰਜ ਕੀਤੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਅਜਿਹੇ ਗੰਭੀਰ ਨੁਕਤੇ ਕੋਈ ਇਤਿਹਾਸਕਾਰ ਹੀ ਕਲਮਬੰਦ ਕਰਨ ਦੀ ਜੁਰਅਤ ਕਰਦਾ ਹੈ। ਉਦਾਹਰਨ ਲਈ ਬਜ਼ੁਰਗ ਪੈਨਸ਼ਨਰ ਦਸਦੇ ਹੁੰਦੇ ਸਨ ਕਿ ਕੋਤਲਮਾਰੇ ਦੇ ਮੋਰਚੇ ਵਿਚ ਪਹਿਲਾਂ ਇਕ ਬ੍ਰਿਟਿਸ਼ ਬ੍ਰਿਗੇਡ ਬਾਰ-ਬਾਰ ਹਮਲਾ ਕਰਕੇ ਆਪਣਾ ਕਾਫ਼ੀ ਨੁਕਸਾਨ ਕਰਵਾ ਚੁੱਕਾ ਸੀ, ਪਰ ਮੋਰਚਾ ਨਾ ਤੋੜ ਸਕਿਆ (ਕਈ ਪੈਨਸ਼ਨਰ ਦੱਸਦੇ ਸਨ ਕਿ ਦੋ ਬ੍ਰਿਟਿਸ਼ ਬ੍ਰਿਗੇਡ ਮਾਰ ਖਾ ਚੁੱਕੇ ਸਨ) ਤੁਰਕੀ ਦਾ ਇਹ ਮੋਰਚਾ ਤੋੜਨਾ ਜ਼ਰੂਰੀ ਸੀ। ਅੰਤ ਇਕ ਬ੍ਰਿਗੇਡੀਅਰ ਨੇ, ਜੋ ਪੁਰਾਣਾ ਸਿੱਖ ਰਜਮੈਂਟ ਦਾ ਅਫ਼ਸਰ ਸੀ, ਵਾਲੰਟੀਅਰ ਕੀਤਾ ਕਿ ਮੈਨੂੰ ਇਕ ਸਿੱਖ ਬ੍ਰਿਗੇਡ ਦੇ ਦਿਓ, ਮੈਂ ਮੋਰਚਾ ਤੋੜ ਦਿਆਂਗਾ। ਉਸ ਸਮੇਂ ਬ੍ਰਿਗੇਡ ਵਿਚ ਸਿਰਫ਼ ਇਕ ਸਿੱਖ ਬਟਾਲੀਅਨ ਸੀ। ਇਕ ਹੋਰ ਬਟਾਲੀਅਨ ਓਸੇ ਵੇਲੇ ਬਦਲ ਕੇ ਲਿਆਂਦੀ ਗਈ। ਤੀਜੀ ਸਿੱਖ ਬਟਾਲੀਅਨ ਕਿਤੇ ਨੇੜੇ ਨਾ ਮਿਲ ਸਕੀ, ਉਸ ਦੀ ਥਾਂ ਬ੍ਰਿਗੇਡ ਕਮਾਂਡਰ ਦੀ ਪ੍ਰਵਾਨਗੀ ਨਾਲ, ਇਕ ਗੋਰਖਾ ਬਟਾਲੀਅਨ ਲਿਆਂਦੀ ਗਈ। ਜਿਹੜੀਆਂ ਦੋ'ਹ ਕਿਤਾਬਾਂ ਵਿੱਚੋਂ ਮੈਂ ਕੋਤਲਮਾਰੇ ਦਾ ਹਾਲ ਪੜ੍ਹਿਆ ਹੈ (ਇਹਨਾਂ ਦੇ ਨਾਮ ਹੁਣ ਮੈਨੂੰ ਯਾਦ ਨਹੀਂ), ਉਹਨਾਂ ਵਿਚ ਇਹ ਵੇਰਵੇ ਦਰਜ ਨਹੀਂ। ਉਦੋਂ ਸਾਰੇ ਫ਼ੌਜੀ ਅਫ਼ਸਰ ਵੀ ਅੰਗਰੇਜ਼ ਸਨ ਤੇ ਇਤਿਹਾਸਕਾਰ ਵੀ ਅੰਗਰੇਜ਼।

www.sikhbookclub.com



ਕੋਈ ਅੰਗਰੇਜ਼ ਇਹ ਕਿਵੇਂ ਸਵੀਕਾਰ ਕਰੇਗਾ ਕਿ ਜਿਹੜੇ ਮੋਰਚੇ ਤੇ ਇਕ (ਜਾਂ ਦੋ) ਬ੍ਰਿਟਿਸ਼ ਬ੍ਰਿਗੇਡ ਬੁਰੀ ਤਰ੍ਹਾਂ ਹਾਰੇ ਸਨ, ਉਹ ਫੇਰ ਹਿੰਦੁਸਤਾਨੀ ਸਿਪਾਹੀਆਂ ਨੇ ਸਰ ਕੀਤਾ ? ਖ਼ੈਰ, ਅੱਗੇ ਜੋ ਕੁਝ ਮੈਂ ਲਿਖ ਰਿਹਾ ਹਾਂ, ਇਸ ਨੂੰ ਇਤਿਹਾਸ ਵਜੋਂ ਨਹੀਂ ਲਿਖ ਰਿਹਾ, ਸਗੋਂ ਆਪਣੇ ਪਿੰਡ ਦੇ ਬਜ਼ੁਰਗ ਪੈਨਸ਼ਨਰਾਂ ਦੁਆਰਾ ਸੁਣਾਏ ਗਏ ਹਾਲਾਤ ਦੇ ਆਧਾਰ ਤੇ ਲਿਖ ਰਿਹਾ ਹਾਂ, ਅਤੇ ਪੈਨਸ਼ਨਰ ਖੁਦ ਉਸ ਮਾਹਰਕੇ ਵਿਚ ਸ਼ਾਮਿਲ ਸਨ। ਇਹਨਾਂ ਵਿੱਚੋਂ ਉੱਘੇ ਪੈਨਸ਼ਨਰ ਸਨ ਜਮਾਦਾਰ ਵਜ਼ੀਰ ਸਿੰਘ, ਜੋ ਉਸ ਸਮੇਂ ਦੇ ਸਟੈਂਡਰਡ ਮੁਤਾਬਕ ਪੜ੍ਹਿਆ, ਲਿਖਿਆ ਫ਼ੌਜੀ ਸੀ। ਮੋਰਚੇ ਸਮੇਂ ਸ਼ਾਇਦ ਇਹ ਨਾਇਕ ਜਾਂ ਲਾਂਸ ਨਾਇਕ ਸੀ; ਦੂਜਾ ਸੀ ਜਮਾਦਾਰ ਨਰੈਣ ਸਿੰਘ, ਇਹ ਉਸ ਸਮੇਂ ਹੌਲਦਾਰ ਸੀ ਤੇ ਤੀਜਾ ਸੀ ਹੌਲਦਾਰ ਸੁਰਜਨ ਸਿੰਘ ਜੋ ਉਦੋਂ ਲਾਂਸ ਨਾਇਕ ਜਾਂ ਨਾਇਕ ਸੀ।

ਅਟੈਕ ਦੇ ਮੌਕੇ ਸੈਂਟਰ ਵਿਚ 45 ਸਿੱਖ ਸੀ, ਇਕ ਫਲੈਂਕ 'ਤੇ 47 ਸਿੱਖ, ਦੂਜੇ ਤੇ ਗੋਰਖੇ। ਅੱਗੇ ਤੁਰਕੀ ਵਾਲਿਆਂ ਦੇ ਮੋਰਚੇ ਦੀਆਂ ਪੰਜ ਜਾਂ ਛੇ ਲਾਈਨਾਂ ਸਨ। ਬ੍ਰਿਗੇਡ ਕਮਾਂਡਰ ਨੇ ਹੁਕਮ ਦਿੱਤਾ ਕਿ ਦੁਸ਼ਮਨ ਦੇ ਤੀਜੇ ਮੋਰਚੇ, ਤੇ ਕਬਜ਼ਾ ਕਰੋ। ਅਟੈਕ ਏਨਾ ਜ਼ਬਰਦਸਤ ਸੀ ਕਿ ਤੁਰਕੀ ਦੇ ਪੈਰ ਉੱਖੜ ਗਏ ਤੇ ਇੰਡੀਅਨ ਬ੍ਰਿਗੇਡ ਪਹਿਲੇ ਹੱਲੇ ਵਿਚ ਹੀ ਤੀਜੇ ਮੋਰਚੇ ਵਿਚ ਜਾ ਵੜਿਆ। ਗ਼ਲਤੀ ਕਿਸ ਪੜਾਅ ਤੇ ਹੋਈ, ਇਸ ਬਾਰੇ ਤਾਂ ਸਿਪਾਹੀ ਕੁਝ ਨਹੀਂ ਸਨ ਦਸ ਸਕਦੇ, ਪਰ ਉਹ ਏਨਾ ਦੱਸਦੇ ਸਨ ਕਿ ਗੋਰਖੇ ਤੇ 47 ਸਿੱਖ ਤਾਂ ਤੀਜੇ ਮੋਰਚੇ ਤੱਕ ਪਹੁੰਚ ਕੇ ਰੁਕ ਗਏ, ਪਰ ਵਿਚਾਲੇ 45 ਸਿੱਖ ਦੁਸ਼ਮਨ ਨੂੰ ਪਿੱਛੇ ਧੱਕੀ ਗਈ ਤੇ ਪੰਜਵੇਂ ਮੋਰਚੇ ਵਿਚ ਜਾ ਵੜੀ। ਜਦੋਂ ਤੁਰਕੀ ਵਾਲਿਆਂ ਵੇਖਿਆ ਕਿ ਫਲੈਂਕ ਖਾਲੀ ਹਨ, ਉਹ ਬੜੀ ਬਹਾਦਰੀ ਕਰਕੇ 45 ਸਿੱਖ ਦੇ ਪਿੱਛੇ ਚਉਥੇ ਮੋਰਚੇ ਵਿਚ ਆ ਵੜੇ। ਪੰਤਾਲੀ ਘੇਰੇ ਵਿਚ ਆ ਗਈ। ਇਸ ਦੌਰਾਨ ਟੈਲੀਫੋਨ ਲਾਈਨ ਮਾਰਟਰ ਦਾ ਗੋਲਾ ਵਜ ਕੇ ਟੁੱਟ ਗਈ ਸੀ; ਵਾਇਰਲੈਸ ਉਦੋਂ ਅਜੇ ਆਈ ਨਹੀਂ ਸੀ ਪਲਟਣ ਦਾ ਹੈਡ ਕੁਆਟਰ ਨਾਲੋਂ ਸੰਪਰਕ ਵੀ ਟੁੱਟ ਗਿਆ। ਜਦੋਂ ਕਮਾਂਡਰ ਨੂੰ ਦੱਸਿਆ ਗਿਆ ਕਿ ਅਸੀਂ ਘੇਰੇ ਵਿਚ ਹਾਂ, ਫਲੈਂਕ ਖਾਲੀ ਹਨ, ਤਾਂ ਉਹ ਇਹ ਗੱਲ ਮੰਨੇ ਹੀ ਨਾ। ਹੌਲਦਾਰ ਸੁਰਜਨ ਸਿੰਘ ਕਦੇ ਕਮਾਂਡਰ ਦਾ ਅਰਦਲੀ ਰਿਹਾ ਸੀ। ਦੋਂਹ ਸਰਦਾਰਾਂ ਨੇ ਸੁਰਜਨ ਸਿੰਘ ਨੂੰ ਕਿਹਾ, "ਸਾਹਿਬ ਤੇਰੀ ਗੱਲ ਮੰਨਦਾ ਏ, ਉਹਨੂੰ ਸਮਝਾ ਕਿ ਦੁਸ਼ਮਣ ਸਾਡੇ ਪਿੱਛੇ ਆ ਗਿਆ ਏ; ਸਾਡੀਆਂ ਫਲੈਂਕਾਂ ਵਾਲੀਆਂ ਪਲਟਣਾਂ ਪਿੱਛੇ ਰਹਿ ਗਈਆਂ ਨੇ।" ਸੁਰਜਨ ਸਿੰਘ ਦੱਸਦਾ ਸੀ ਕਿ ਜਦੋਂ ਮੈਂ ਸਾਹਿਬ ਨੂੰ ਇਹ ਗੱਲ ਕਹੀ, ਉਹ ਕੜਕ ਕੇ ਬੋਲਿਆ, "ਸੁਰਜਨ ਸਿੰਘ ਤੁਮ ਸਿੱਖ ਹੋ ਕਰ ਡਰਤਾ ਹੈ।" ਇਹ ਆਖ ਕੇ ਬਹਾਦਰ ਕਮਾਂਡਰ ਹੱਥ ਵਿਚ ਦੂਰਬੀਨ ਫੜ ਕੇ ਮੋਰਚੇ ਤੋਂ ਬਾਹਰ ਨਿਕਲ ਕੇ ਖਲੋ ਗਿਆ ਤੇ ਦੂਰਬੀਨ ਲਾ ਕੇ ਸੱਜੇ ਫਲੈਂਕ ਵੱਲ ਵੇਖਣ ਹੀ ਲੱਗਾ ਸੀ ਕਿ ਗੋਲੀ ਉਸ ਦੀ ਪੁੜਪੁੜੀ ਵਿਚ ਵੱਜੀ; ਕਮਾਂਡਰ ਮੋਰਚੇ ਵਿਚ ਡਿੱਗਾ ਤੇ ਡਿਗਦਾ ਹੀ ਦਮ ਤੋੜ ਗਿਆ।

ਇਸ ਤੋਂ ਪਹਿਲਾਂ ਵਜ਼ੀਰ ਸਿੰਘ ਨੂੰ ਟੈਲੀਫੋਨ ਦੀ ਲਾਈਨ ਜੋੜਨ ਲਈ ਭੇਜਿਆ ਗਿਆ ਸੀ। ਜਮਾਦਾਰ ਵਜ਼ੀਰ ਸਿੰਘ ਦੱਸਦਾ ਹੁੰਦਾ ਸੀ ਕਿ ਮੈਂ ਹੱਥ ਵਾਲੀ ਲਾਈਨ ਫੜ ਕੇ ਵਰ੍ਹਦੀਆਂ ਗੋਲੀਆਂ ਵਿਚ ਓਥੇ ਪੁੱਜਾ ਜਿੱਥੇ ਲਾਈਨ ਟੁੱਟੀ ਹੋਈ ਸੀ। ਹੱਥ ਵਾਲੀ ਤਾਰ

www.sikhbookclub.com



ਇਕ ਥਾਂ ਰੱਖ ਕੇ ਮੈਂ ਦੂਜੇ ਪਾਸੇ ਦੀ ਤਾਰ ਲੱਭਣ ਲੱਗਾ ਜਾਂ ਉਹ ਤਾਰ ਲੱਭੀ ਤਾਂ ਫੇਰ ਪਹਿਲੀ ਨਾ ਲੱਭੇ। ਪਿੱਛੋਂ ਗੋਲੀਆਂ ਮੀਂਹ ਵਾਂਗ ਆ ਰਹੀਆਂ ਸਨ। ਅੰਤ ਵਜ਼ੀਰ ਸਿੰਘ ਨੇ ਇਕ ਪਾਸੇ ਦੀ ਤਾਰ ਇਕ ਮੁਰਦੇ ਦੀ ਲੱਤ ਨਾਲ ਬੱਧੀ, ਫੇਰ ਦੂਜੀ ਤਾਰ ਲੱਭ ਕੇ ਤਾਰਾਂ ਜੋੜ ਦਿੱਤੀਆਂ, ਬ੍ਰਿਗੇਡ ਨਾਲ ਸੰਪਰਕ ਕਾਇਮ ਹੋ ਗਿਆ (ਵਜ਼ੀਰ ਸਿੰਘ ਨੂੰ ਇਸ ਬਹਾਦਰੀ ਲਈ ਆਈ. ਡੀ. ਐਸ. ਐਮ. ਮਿਲਿਆ)। ਇਸ ਸਮੇਂ ਤੱਕ ਕਰਨਲ ਮਾਰਿਆ ਗਿਆ ਸੀ। ਬ੍ਰਿਗੇਡ ਤੋਂ ਹੁਕਮ ਮਿਲਿਆ ਕਿ ਆਪਣੇ ਫਲੈਂਕਾਂ ਵੱਲੋਂ ਦੀ ਪਿੱਛੋਂ ਪਹੁੰਚਣ ਦੀ ਕੋਸ਼ਿਸ਼ ਕਰੋ। ਇਸ ਤੋਂ ਅਗਲੇ ਹਾਲਾਤ ਜਮਾਦਾਰ ਨਰੈਣ ਸਿੰਘ ਦੀ ਜ਼ਬਾਨੀ ਇੰਞ ਸਨ।

"ਜਦੋਂ ਅਸੀ ਅਟੈਕ ਵਿਚ ਅੱਗੇ ਵੱਧ ਰਹੇ ਸਾਂ, ਉਦੋਂ ਮੈਂ ਆਪਣੇ ਖੱਬੇ ਪਾਸੇ ਇਕ ਛੋਟਾ ਜਿਹਾ ਨਾਲਾ ਵੇਖਿਆ ਸੀ ਜੋ ਸਾਡੇ ਪਿਛਲੇ ਹੈਡਕੁਆਟਰ ਵੱਲ ਜਾ ਰਿਹਾ ਸੀ। ਜਦੋਂ ਹੁਕਮ ਮਿਲਿਆ, 'ਜਵਾਨੋਂ ਜਿੱਧਰ ਦੀ ਰਾਹ ਮਿਲਦਾ ਏ, ਭੱਜ ਕੇ ਪਿੱਛੇ ਪਹੁੰਚ ਜਾਓ।' ਮੈਂ ਦੌੜ ਕੇ ਉਸ ਨਾਲੇ ਵਿਚ ਜਾ ਵੜਿਆ ਤੇ ਇਸ ਨਿਵਾਣ ਦੀ ਓਟ ਵਿਚ ਪਿਛਾਂਹ ਨੂੰ ਦੌੜਿਆ, ਕੁਝ ਹੋਰ ਜਵਾਨ ਵੀ ਮੇਰੇ ਪਿਛੇ ਆਏ। ਕੁਝ ਦੂਰ ਪਹੁੰਚਣ ਤੇ ਇਕ ਗੋਲੀ ਮੇਰੇ ਕੰਨ ਕੋਲੋਂ ਦੀ ਸ਼ੂਕਦੀ ਲੰਘ ਗਈ। ਜਿਧਰੋਂ ਗੋਲੀ ਆਈ ਸੀ ਓਧਰ ਨੂੰ ਰਫਲ ਦੀ ਸਿਸ਼ਤ ਲੈ ਕੇ ਮੈਂ ਜਿੰਨੀਆਂ ਗੋਲੀਆਂ ਮੈਗਜ਼ੀਨ ਵਿਚ ਸਨ ਸਾਰੀਆਂ ਦਾਗ ਦਿੱਤੀਆਂ। ਪਿੱਛੋਂ ਓਧਰੋਂ ਕੋਈ ਫੇਰ ਨਾ ਆਇਆ। ਹੁਣ ਡਰ ਸੀ ਕਿ ਪਿਛਾਂਹ ਦੌੜਦਿਆਂ ਨੂੰ ਕਿਤੇ ਆਪਣੀਆਂ ਪਲਟਣਾਂ ਹੀ ਗੋਲੀ ਨਾ ਮਾਰ ਦੇਣ। ਪਰ ਉਹਨਾਂ ਨੂੰ ਹੁਕਮ ਮਿਲ ਚੁੱਕਾ ਸੀ ਕਿ ਪੰਤਾਲੀ ਦੇ ਜਵਾਨ ਪਿਛਾਂਹ ਆ ਰਹੇ ਨੇ, ਉਹਨਾਂ ਨੂੰ ਸੰਭਾਲਣਾ। ਜਿੱਧਰੋਂ ਦੀ ਮੈਂ ਗਿਆ ਓਧਰ ਪਿੱਛੇ ਗੋਰਖਾ ਪਲਟਣ ਸੀ। ਇਕ ਗੋਰਖਾ ਸੂਬੇਦਾਰ ਮੋਰਚੇ ਤੋਂ ਬਾਹਰ ਖੜ੍ਹਾ ਸਾਡੀ ਉਡੀਕ ਕਰ ਰਿਹਾ ਸੀ। ਮੈਨੂੰ ਨਾਲੇ ਵਿਚ ਦੌੜਦਿਆਂ ਵੇਖ ਕੇ ਓਨੇ ਵਾਜ ਮਾਰੀ, "ਸਰਦਾਰ ਜੀ ਇਧਰ ਆ ਜਾਓ, ਦੌੜ ਕਰ ਪਹੁੰਚੋਂ।" ਮੈਂ ਓਧਰ ਦੌੜਿਆ। ਮੋਰਚੇ ਵਿਚ ਛਾਲ ਮਾਰੀ ਹੀ ਸੀ ਕਿ ਪਿੱਛੋਂ ਇਕ ਠੰਢੀ ਹੋਈ ਗੋਲੀ ਮੇਰੇ ਮੋਢੇ ਵਿਚ ਵੱਜੀ, ਜੋ ਅੰਦਰੇ ਰਹਿ ਗਈ। ਮੇਰੇ ਮਗਰ-ਮਗਰ ਹੋਰ ਵੀ ਕਈ ਜਵਾਨ ਆ ਗਏ। ਗੋਰਖਾ ਸੂਬੇਦਾਰ ਵਰ੍ਹਦੀਆਂ ਗੋਲੀਆਂ ਵਿਚ ਮੋਰਚੇ ਤੋਂ ਬਾਹਰ ਖੜਾ ਜਵਾਨਾਂ ਨੂੰ ਵਾਜਾਂ ਮਾਰਦਾ ਰਿਹਾ ਤੇ ਅੰਤ ਜ਼ਖਮੀ ਹੋ ਕੇ ਮੋਰਚੇ ਵਿਚ ਉੱਤਰਿਆ।..."

ਕੁਝ ਹੋਰ ਜਵਾਨ ਕਿਸੇ ਦੂਜੇ ਪਾਸਿਓਂ ਦੀ ਬਚ ਕੇ ਨਿਕਲ ਆਏ, ਪਰ ਬਹੁਤ ਸਾਰੇ ਮਾਰੇ ਗਏ। ਮਰਨ ਵਾਲਿਆਂ ਵਿਚ ਅਫ਼ਸਰ, ਸਰਦਾਰ, ਜਵਾਨ ਸਭ ਸ਼ਾਮਿਲ ਸਨ। ਜਿਹੜੇ ਬਚ ਕੇ ਨਾ ਨਿਕਲ ਸਕੇ ਉਹ ਤੁਰਕੀ ਵਾਲਿਆਂ ਨੇ ਕੈਦੀ ਬਣਾ ਲਏ—ਇਹਨਾਂ ਵਿਚ ਸ਼ਾਮਿਲ ਸੀ ਹੌਲਦਾਰ ਸੁਰਜਨ ਸਿੰਘ। ਤੁਰਕੀ ਦੀ ਕੈਦ ਦੋਜ਼ਖ ਨਾਲੋਂ ਵੀ ਭੈੜੀ ਸੀ। ਸੁਰਜਨ ਸਿੰਘ ਦਸਦਾ ਸੀ ਕਿ ਕੈਦ ਕਰਨ ਪਿੱਛੋਂ ਸਾਡੇ ਸਾਰਿਆਂ ਦੇ ਕਪੜੇ ਲਹਾ ਲਏ ਤੇ ਗਲ ਤੇ ਤੇੜ ਪਾਉਣ ਨੂੰ ਸਾਨੂੰ ਬੋਰੀਆਂ ਦੇ ਦਿੱਤੀਆਂ। ਅਸਾਂ ਗਲ ਤੇ ਬਾਂਹਵਾਂ ਲੰਘਾਉਣ ਨੂੰ ਬੋਰੀਆਂ ਵਿਚ ਮੋਰੀਆਂ ਕੀਤੀਆਂ। ਸਿਰੋਂ ਸਾਰੇ ਨੰਗੇ ਹੀ ਰਹੇ। ਖਾਣ ਨੂੰ ਘਾਹ-ਬੂਟ ਦਾ ਅੱਧ-ਰਿੱਧਾ ਸਾਗ ਜਿਹਾ ਦਿੱਤਾ ਜਾਂਦਾ ਸੀ ਜਿਸ ਵਿਚ ਮਮੂਲੀ ਲੂਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਹੁੰਦਾ। ਇਹ ਸਾਗ ਇਕ ਮਿਟੀ ਦੀ ਕੁਨਾਲੀ ਵਿਚ ਪਾ ਕੇ ਦੁਆਲੇ ਏਨੇ ਆਦਮੀ

www.sikhbookclub.com



ਬਿਠਾਏ ਜਾਂਦੇ ਸਨ ਕਿ ਸਾਨੂੰ ਪਾਸਾ ਮਾਰਕੇ ਬਹਿਣਾ ਪੈਂਦਾ ਸੀ, ਜਿਸ ਨਾਲ ਸਿਰਫ਼ ਇਕ ਹੱਥ ਕੂਨਾਲੀ ਤੱਕ ਪਹੁੰਚਦਾ ਸੀ। ਇਹ ਸਾਗ ਜਿਹੋ ਜਿਹਾ ਵੀ ਇਹ ਸੀ, ਸਿਰਫ਼ ਏਨਾ ਮਿਲਦਾ ਸੀ ਜਿਸ ਨਾਲ ਅਸੀਂ ਜਿਊਂਦੇ ਰਹਿ ਸਕੀਏ।

ਅੱਜ ਮੈਨੂੰ ਯਾਦ ਨਹੀਂ ਕਿ ਇਹਨਾਂ ਫ਼ੌਜੀਆਂ ਨੇ ਕਿੰਨਾ ਚਿਰ ਕੈਦ ਕੱਟੀ। ਕਾਫ਼ੀ ਚਿਰ ਪਿਛੋਂ ਸੰਨ 1961 ਵਿਚ (ਸ਼ਾਇਦ 1960 ਵਿਚ) ਮੈਂ ਐਮ. ਏ. ਹਿੰਦੀ ਦੀ ਪਰੀਖਿਆ ਦੇਣ ਗਿਆ ਮੇਰਠ ਸਿੱਖ ਰਜਮੈਂਟਲ ਸੈਂਟਰ ਵਿਚ ਠਹਿਰਿਆ ਹੋਇਆ ਸਾਂ। ਕੁਦਰਤੀਂ ਉਹਨੀਂ ਦਿਨੀਂ ਹੀ ਸਿੱਖ ਰਜਮੈਂਟ ਦੀ ਰੀਯੂਨੀਅਨ ਸੀ, ਜਿਸ ਵਿਚ ਬਹੁਤ ਸਾਰੇ ਪੁਰਾਣੇ ਪੈਨਸ਼ਨਰ ਆਏ ਹੋਏ ਸਨ। ਉਹਨਾਂ ਵਿਚ ਮੈਨੂੰ ਮਿਲ ਪਿਆ 45 ਸਿੱਖ ਦਾ ਸੂਬੇਦਾਰ ਮੇਜਰ, ਆਨਰੇਰੀ ਕੈਪਟਨ ਕਾਕਾ ਸਿੰਘ ਜੋ ਕੋਤਲਮਾਰੇ ਦੇ ਮੋਰਚੇ ਵਿਚ ਸ਼ਾਮਿਲ ਸੀ, ਤੇ ਤੁਰਕੀ ਦੀ ਕੈਦ ਵਿਚੋਂ ਭਜ ਕੇ ਨਿਕਲ ਆਉਣ ਵਿਚ ਸਫ਼ਲ ਹੋਇਆ ਸੀ। ਮੈਂ ਕੈਪਟਨ ਸਾਹਿਬ ਨੂੰ ਇਸ ਮੋਰਚੇ ਦਾ ਹਾਲ ਸੁਣਾਉਣ ਲਈ ਬੇਨਤੀ ਕੀਤੀ। ਉਹਨਾਂ ਗੱਲ ਸੁਣਾਉਣੀ ਸ਼ੁਰੂ ਵੀ ਕੀਤੀ; ਪਰ ਉਸ ਵੇਲੇ ਸਮਾਂ ਰਾਤ ਦੇ 12 ਵਜੇ ਦਾ ਸੀ। ਕੈਪਟਨ ਸਾਹਿਬ ਕਾਫ਼ੀ ਬਜ਼ੁਰਗ ਸਨ। ਕਹਿਣ ਲੱਗੇ, "ਸਰਦਾਰ ਜੀ ਮੈਂ ਬਹੁਤ ਥੱਕ ਗਿਆ ਹਾਂ। ਕਹਾਣੀ ਲੰਮੀ ਏ। ਸਵੇਰੇ ਤੜਕਸਾਰ ਮੈਂ ਵਾਪਸ ਮੁੜ ਜਾਣਾ ਏ। ਜੇ ਪੂਰੀ ਗੱਲ ਸੁਣਨੀ ਹੋਵੇ ਤਾਂ ਮੇਰੇ ਪਿੰਡ ਆ ਜਾਣਾ।' ਮੈਂ ਫੇਰ ਉਹਨਾਂ ਨੂੰ ਕਦੇ ਨਾ ਮਿਲ ਸਕਿਆ।

ਕੋਤਲਮਾਰੇ ਦੇ ਮੋਰਚੇ ਅਤੇ ਰੱਸੇ ਦੇ ਮੁਕਾਬਲਿਆਂ ਤੋਂ ਬਿਨ੍ਹਾ 45 ਸਿੱਖ ਦੀਆਂ ਹੋਰ ਵੀ ਅਨੇਕਾਂ ਕਹਾਣੀਆਂ ਸਾਡੇ ਦੋਂਹ ਪਿੰਡਾਂ ਦੇ ਪੈਨਸ਼ਨਰ ਸੁਣਾਉਂਦੇ ਹੁੰਦੇ ਸਨ। ਇਹਨਾਂ ਵਿਚੋਂ ਬਹੁਤ ਥੋੜੇ ਕਿੱਸੇ ਅੱਜ ਮੈਨੂੰ ਯਾਦ ਹਨ; ਪਰ ਇਹਨਾਂ ਨੂੰ ਏਥੇ ਕਲਮਬੰਦ ਕਰਨ ਦੀ ਲੋੜ ਨਹੀਂ ਜਾਪਦੀ। ਉੱਤੇ ਦਿੱਤੀਆਂ ਕਹਾਣੀਆਂ ਇਸ ਲਈ ਬਿਆਨ ਕੀਤੀਆਂ ਹਨ ਕਿਉਂਕਿ 45 ਸਿੱਖ ਦਾ ਇਤਿਹਾਸ ਦੱਸਣ ਤੋਂ ਬਿਨਾਂ ਸਾਡੇ ਪਿੰਡ ਸਗੋਂ ਸਾਡੇ ਇਲਾਕੇ ਦੀ ਕਹਾਣੀ ਅਧੂਰੀ ਰਹਿ ਜਾਂਦੀ ਹੈ। ਸਾਡਾ ਪਿੰਡ ਇਸ ਇਲਾਕੇ ਦਾ ਭੂਗੋਲਿਕ ਕੇਂਦਰ ਹੀ ਨਹੀਂ ਸੀ, ਸਗੋਂ ਸਭਿਆਚਾਰਿਕ ਕੇਂਦਰ ਵੀ ਸੀ ਅਤੇ ਇਸ ਸਭਿਆਚਾਰ ਦਾ ਪ੍ਰੇਰਨਾ-ਸ੍ਰੋਤ ਸੀ '45 ਰੈਟਰੇਜ਼ ਸਿਖਜ਼' ਦਾ ਜੀਵਨ।

www.sikhbookclub.com

24

## ਗੰਜੀ ਬਾਰ ਦਾ ਪਿਛਲਾ ਇਲਾਕਾ

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਸਾਡੇ ਪਿੰਡ ਗੰਜੀ ਬਾਰ ਦੇ ਅਖੀਰਲੇ ਹਿੱਸੇ ਵਿਚ ਆਉਂਦੇ ਸਨ। ਹੋਰ ਅੱਗੇ ਇਲਾਕਾ 'ਜਹਾਨੀਆਂ' ਤੇ ਪੁੱਜ ਕੇ ਗੰਜੀ ਬਾਰ ਦਾ ਅੰਤ ਹੁੰਦਾ ਸੀ। ਇਲਾਕਾ ਜਹਾਨੀਆਂ ਵਿਚ ਸਿੱਖਾਂ ਦੇ ਤੇਰਾਂ ਪਿੰਡ ਸਨ। ਗੰਜੀ ਬਾਰ ਦਾ ਸਹੀ ਮੁਹਾਂਦਰਾ ਪੇਸ਼ ਕਰਨ ਵਾਲਾ ਇਲਾਕਾ ਅਜਲ ਵਿਚ ਸਾਡੇ ਪਿੰਡਾਂ ਤੋਂ ਪਿੱਛੇ ਰਹਿ ਜਾਂਦਾ ਸੀ। ਇਹ ਇਲਾਕਾ ਕਸਬਾ 'ਮੀਆਂ ਚੰਨੂ' ਦੇ ਨੇੜਿਓਂ ਲੈ ਕੇ ਧੁਰ ਪਿੱਛੇ, 'ਹੜੱਪੇ' ਤੋਂ ਵੀ ਕੁਝ ਪਿੱਛੇ, ਤੱਕ ਪਹੁੰਚਦਾ—ਸੀ ਜਿੱਥੋਂ ਗੰਜੀ ਬਾਰ ਅਰੰਭ ਹੁੰਦੀ ਸੀ। ਇਹ ਅਸਲ ਵਿਚ ਸਿੱਖ ਕਾਸ਼ਤਕਾਰਾਂ ਦਾ ਇਲਾਕਾ ਸੀ। ਆਬਾਦੀ ਭਾਵੇਂ ਏਥੇ ਮੁਸਲਮਾਨਾਂ ਦੀ ਵਧੇਰੇ ਸੀ, ਪਰ ਬਾਰ ਦੀ ਨਵੀਂ ਅਬਾਦ ਹੋਈ ਜ਼ਮੀਨ ਵਿਚੋਂ ਤਕਰੀਬਨ 70% ਸਿੱਖਾਂ ਨੂੰ ਦਿੱਤੀ ਗਈ ਸੀ। (ਸਰਕਾਰੀ ਅੰਕੜੇ ਮੈਨੂੰ ਕਿਤਿਓਂ ਨਹੀਂ ਮਿਲੇ—ਗੈਜ਼ਟੀਅਰ ਤੇ ਸੈਟਲਮਿੰਟ ਰਿਪੋਰਟਾਂ ਵੀ ਕੋਈ ਸੰਕੇਤ ਨਹੀਂ ਦਿੰਦੀਆਂ)।

'ਮੀਆਂ ਚੰਨੂ' ਦੇ ਲਾਗੇ ਦੇ ਪਿੰਡਾਂ ਬਾਰੇ ਮੈਨੂੰ ਕੁਝ ਨਿੱਜੀ ਵਾਕਫ਼ੀਅਤ ਹੈ। ਏਸੇ ਇਲਾਕੇ ਦੇ ਚੱਕ ਨੰਬਰ 109/15 ਐਲ (ਰਿਸਾਲੇਵਾਲਾ) ਵਿਚ ਸਾਡੇ ਪਰਵਾਰ ਨੇ ਤਕਰੀਬਨ 10 ਸਾਲ ਗੁਜ਼ਾਰੇ ਸਨ। ਏਸੇ ਪਿੰਡ ਵਿਚ ਰਹਿਣ ਸਮੇਂ ਹੀ ਮੈਂ ਸੱਤਵੀਂ ਤੋਂ ਲੈ ਕੇ ਬੀ. ਏ. ਤੱਕ ਦੀ ਪੜ੍ਹਾਈ ਕੀਤੀ। ਏਸੇ ਪਿੰਡ ਦਾ ਵਸਨੀਕ ਹੈ ਪੰਜਾਬੀ ਦਾ ਜਾਣਿਆਂ ਪਛਾਣਿਆਂ ਕਵੀ ਤੇ ਲੇਖਕ ਅਤੇ ਮੇਰਾ ਅਜ਼ੀਜ਼ ਮਿੱਤਰ ਸੁਖਪਾਲ ਵੀਰ ਸਿੰਘ ਹਸਰਤ। ਸਾਡੇ ਪਰਵਾਰ ਤੇ ਹਸਰਤ ਹੋਰਾਂ ਦੇ ਪਰਵਾਰ ਦੀ ਬੜੀ ਨਿਕਟਤਾ ਸੀ। ਕੁਦਰਤੀਂ ਏਧਰ ਆ ਕੇ ਵੀ ਅਸੀਂ ਨਾਲ-ਨਾਲ ਦੇ ਪਿੰਡਾਂ ਵਿਚ ਹੀ ਬੈਠੇ, ਸੋ ਪਿਛਲੀ ਸਾਂਝ ਜਾਰੀ ਰਹੀ। ਹਸਰਤ ਦੇ ਮਾਤਾ ਜੀ ਪਿਛਲੇ ਸਾਲ ਚਲਾਣਾ ਕਰ ਗਏ; ਉਹਨਾਂ ਦੇ ਪਿਤਾ ਜੀ ਏਧਰ ਆਉਣ ਤੋਂ ਕੁਝ ਸਾਲ ਮਗਰੋਂ ਹੀ ਸੁਰਗਵਾਸ ਹੋ ਗਏ ਸਨ। ਸਾਡੇ ਮਾਤਾ ਜੀ ਦਾ 1977 ਵਿਚ ਦੇਹਾਂਤ ਹੋ ਗਿਆ ਸੀ ਤੇ ਪਿਤਾ ਜੀ ਬਾਰ ਵਿਚ ਹੀ ਸਾਨੂੰ ਵਿਛੋੜਾ ਦੇ ਗਏ ਸਨ। ਇੰਵ ਉਤਲੀ ਪੀੜ੍ਹੀ ਦੀ ਸਾਂਝੀ ਧੜਕਣ ਖ਼ਤਮ ਹੋ ਗਈ, ਹੁਣ ਦੁਰਾਡੀ ਜਿਹੀ ਸਾਂਝ ਬਾਕੀ ਹੈ ਮੇਰੀ ਤੇ ਮੇਰੇ ਛੋਟੇ ਭਰਾ ਜਸਵੰਤ ਸਿੰਘ ਜੀ ਹਸਰਤ ਨਾਲ, ਜਿਸ ਨੂੰ ਸਾਡੇ ਪਰਵਾਰ ਵਿਚ 'ਸੁਖ' ਕਹਿ ਕੇ ਯਾਦ ਕੀਤਾ ਜਾਂਦਾ ਹੈ; ਇਹ ਹਸਰਤ ਦਾ ਬਚਪਨ ਦਾ ਨਾਮ ਸੀ।

ਚੱਕ 109 ਬੜਾ ਵੱਡਾ ਪਿੰਡ ਸੀ। ਇਸ ਵਿਚ ਕਈ ਸੀਨੀਅਰ ਫ਼ੌਜੀ ਅਫ਼ਸਰ ਸਨ। ਤਿੰਨ ਤਾਂ ਕਪਤਾਨ ਹੀ ਸਨ, ਕਪਤਾਨ ਪਹਿਲੇ ਸੰਸਾਰ ਯੁੱਧ ਤੱਕ ਵੱਡੇ ਤੋਂ ਵੱਡਾ ਰੈਂਕ ਸੀ, ਜੋ ਕਿਸੇ ਹਿੰਦੁਸਤਾਨੀ ਨੂੰ ਦਿੱਤਾ ਜਾਂਦਾ ਸੀ। ਸਭ ਤੋਂ ਸੀਨੀਅਰ ਸਨ ਕਪਤਾਨ

www.sikhbookclub.com



ਭਗਤ ਸਿੰਘ। ਇਹ ਸਾਡੇ ਇਸ ਪਿੰਡ ਆਉਣ ਤੋਂ ਪਹਿਲਾਂ ਸੁਰਗਵਾਸ ਹੋ ਗਏ ਸਨ। ਇਹ ਵੀ ਪੁਰਾਣੇ 45 ਸਿੱਖ ਦੇ ਸਰਦਾਰ ਸਨ। ਦੂਜੇ ਸਨ ਕਪਤਾਨ ਬਹਾਲ ਸਿੰਘ ਤੇ ਤੀਜੇ ਕਪਤਾਨ ਤੇਜਾ ਸਿੰਘ। ਹਸਰਤ ਦੇ ਪਿਤਾ ਜੀ ਦਾ ਵੀ ਬੜਾ ਅਸਰ-ਰਸੂਖ ਤੇ ਚੰਗਾ ਕਾਰੋ-ਬਾਰ ਸੀ। ਇਸ ਪਿੰਡ ਦੀ ਰੱਸੇ ਦੀ ਟੀਮ ਬਹੁਤ ਤਕੜੀ ਸੀ। ਇਹ ਟੀਮ ਦੂਰ-ਦੂਰ ਤੱਕ ਮੁਕਾਬਲਿਆਂ ਲਈ ਜਾਂਦੀ ਹੁੰਦੀ ਸੀ। ਇਹ ਰੱਜੇ-ਪੁੱਜੇ ਤੇ ਸਾਊ ਸੁਭਾ ਵਾਲੇ ਲੋਕਾਂ ਦਾ ਪਿੰਡ ਸੀ। ਏਥੇ ਕਦੇ ਕੋਈ ਲੜਾਈ ਝਗੜਾ ਨਹੀਂ ਸੀ ਹੋਇਆ।

ਇਸ ਪਿੰਡ ਤੋਂ ਕੋਈ ਦੋ ਮੀਲ ਦੂਰ ਸੀ ਚੱਕ 99 ਜਿਥੋਂ ਦੇ ਰਹਿਣ ਵਾਲੇ ਸਨ ਸਰਦਾਰ ਕਰਤਾਰ ਸਿੰਘ ਸ਼ਮਸੇਰ, ਜਿਨ੍ਹਾਂ ਦਾ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਪੰਜਾਬੀ ਕਵੀਆਂ ਵਿਚ ਚੰਗਾ ਥਾਂ ਸੀ। ਸ਼ਮਸ਼ੇਰ ਸਾਹਿਬ ਕਵਿਤਾ ਦੀ ਸਿਖਲਾਈ ਵਿਚ ਮੇਰੇ ਉਸਤਾਦ ਸਨ; ਪਰ ਸਾਡਾ ਅਸਲ ਰਿਸ਼ਤਾ ਸੀ ਮਿੱਤਰਤਾ ਦਾ। ਸਕੂਲ ਤੇ ਪਿੱਛੋਂ ਕਾਲਜ ਪੜ੍ਹਦਾ ਜਦੋਂ ਮੈਂ ਛੁੱਟੀ ਆਉਂਦਾ ਤਾਂ ਪਹਿਲਾ ਕੰਮ ਹੁੰਦਾ ਸੀ ਸ਼ਮਸ਼ੇਰ ਸਾਹਿਬ ਨੂੰ ਮਿਲਨ ਜਾਣ ਦਾ। ਅਸੀਂ ਦੋਵੇਂ ਜਣੇ ਦੂਹਾਂ ਪਿੰਡਾਂ ਦੇ ਵਿਚਾਲੇ ਪੈਂਦੇ ਇਕ ਟਿੱਬੇ ਤੇ ਆ ਬੈਠਦੇ, ਏਥੇ ਗੱਪ-ਸ਼ੱਪ ਮਾਰਦਿਆਂ ਰਾਤ ਦੇ ਦਸ, ਗਿਆਰਾਂ ਵੱਜ ਜਾਂਦੇ। ਘਰ ਵਾਲਿਆਂ ਨੂੰ ਪਤਾ ਹੁੰਦਾ ਸੀ ਕਿ ਅੱਜ ਇਹ ਜੁੰਡੀ ਇਕੱਠੀ ਹੋਈ ਹੈ, ਇਹਨਾਂ ਅੱਧੀ ਰਾਤ ਨੂੰ ਹੀ ਘਰ ਮੁੜਨਾ ਹੈ। ਉਹ ਰੋਟੀ ਪਕਾ ਕੇ ਰੱਖ ਦਿੰਦੇ ਤੇ ਆਪ ਸੌਂ ਜਾਂਦੇ। ਆਜ਼ਾਦੀ ਪਿਛੋਂ ਏਧਰ ਆ ਕੇ ਜਦੋਂ ਸ਼ਮਸ਼ੇਰ ਮੈਨੂੰ ਪਹਿਲੀ ਵਾਰ ਮਿਲਿਆ ਤਾਂ ਇਸ ਨੇ ਦੱਸਿਆ, "ਪਿੰਡੋਂ ਨਿਕਲਣ ਲੱਗਿਆਂ ਮੈਂ ਓਸ ਟਿੱਬੇ ਤੇ ਬਹਿ ਕੇ ਰੱਜ ਕੇ ਰੋ ਕੇ ਆਇਆ ਹਾਂ।" ਆਹ! ਗੰਜੀ ਬਾਰ ਦੀਆਂ ਦੋਸਤੀਆਂ ਏਧਰ ਕਿਤੇ ਨਹੀਂ ਲੱਭੀਆਂ। ਸ਼ਮਸ਼ੇਰ ਜੀ ਮੈਨੂੰ ਮਿਲਿਆਂ ਤੋਂ ਬਿਨਾਂ ਹੀ ਕਨੇਡਾ ਚਲੇ ਗਏ ਤੇ ਓਧਰੇ ਹੀ ਡੇਰਾ ਲਾ ਲਿਆ; ਭਾਵੇਂ ਉਹਨਾਂ ਦੀ ਏਧਰ ਬੜੀ ਜਾਇਦਾਦ ਸੀ। ਅਫ਼ਸੋਸ, ਸਦ ਅਫ਼ਸੋਸ, ਮੈਨੂੰ ਉਹਨਾਂ ਦੇ ਦੇਹਾਂਤ ਤੋਂ ਕੋਈ ਸਾਲ ਭਰ ਪਿੱਛੋਂ ਪਤਾ ਲੱਗਾ ਕਿ ਆਪਣੇ ਇਸ ਗਲਵੱਕੜੀ ਦੇ ਦੋਸਤ ਨਾਲ ਫੇਰ ਕਦੇ ਮੁਲਾਕਾਤ ਨਹੀਂ ਹੋਣੀ।

ਚੱਕ ਨੰਬਰ 109 ਤੋਂ ਦੱਖਣ ਵੱਲ ਕੋਈ ਦੋ ਮੀਲ ਦੂਰ ਸੀ ਚੱਕ ਨੰਬਰ 105, ('ਵਨਜਾਰੀ)'। ਇਸ ਨੂੰ ਮੈਂ ਗੰਜੀ ਬਾਰ ਦਾ ਮਾਡਲ ਪਿੰਡ ਕਹਾਂਗਾ। ਇਸ ਪਿੰਡ ਵਿਚ ਕੁਝ ਬੜੇ ਸੂਝਵਾਨ ਸਰਦਾਰ ਆਬਾਦ ਸਨ। ਅੱਜ ਮੈਨੂੰ ਸਾਰਿਆਂ ਦੇ ਨਾਮ ਵੀ ਯਾਦ ਨਹੀਂ ਆ ਰਹੇ। ਇਹਨਾਂ ਵਿਚੋਂ ਇਕ ਸਨ ਜਮਾਦਾਰ ਜਿਊਣ ਸਿੰਘ, ਜੋ ਸਾਡੇ ਪਿਛਲੇ ਪਿੰਡ 'ਘਣੀਏਂ ਕੇ ਬਾਂਗਰ' (ਜ਼ਿਲਾ ਗੁਰਦਾਸਪੁਰ) ਦੇ ਵਸਨੀਕ ਤੇ ਸਾਡੇ ਗੋਤ ਭਰਾ (ਰੰਧਾਵੇ) ਸਨ। ਦੂਜੇ ਸਿਰ ਕੱਢ ਲੀਡਰ ਸਨ ਸੂਬੇਦਾਰ ਰਾਮ ਸਿੰਘ। ਇਕ ਹੋਰ ਬੜੇ ਸਿਆਣੇ ਤੇ ਬਾਰਸੂਖ ਨੌਜਵਾਨ ਸਨ ਸਰਦਾਰ ਸੰਤ ਸਿੰਘ। ਇਹੋ ਜਿਹੇ ਕੁਝ ਹੋਰ ਬੁਧੀਵਾਨ ਬਜ਼ੁਰਗ ਵੀ ਸਨ, ਜ਼ਿਆਦਾ ਫੌਜੀ ਸਰਦਾਰ। ਇਹਨਾਂ ਨੇ ਆਪਣੇ ਪਿੰਡ ਨੂੰ ਇਕ ਨਮੂਨੇ ਦਾ ਪਿੰਡ ਬਣਾ ਦਿੱਤਾ ਸੀ। ਇਸ ਪਿੰਡ ਵਿਚ ਮਿਡਲ ਸਕੂਲ ਵੀ ਸਾਡੇ ਪਿੰਡ (ਚੱਕ 79) ਨਾਲੋਂ ਪਹਿਲਾਂ ਬਣਿਆ; ਡਿਸਪੈਂਸਰੀ ਤੇ ਡਾਕਖਾਨਾ ਵੀ ਸਾਡੇ ਨਾਲੋਂ ਕਾਫ਼ੀ ਪਹਿਲਾਂ ਖੁੱਲ੍ਹੇ ਅਤੇ ਇਹਨਾਂ ਨੇ ਇਕ ਆਲੀਸ਼ਾਨ ਗੁਰਦਵਾਰਾ ਵੀ ਬਹੁਤ ਛੇਤੀ ਬਣਾ ਲਿਆ ਸੀ।

www.sikhbookclub.com



ਪਿੰਡ ਦੀ ਪੰਚਾਇਤ ਅਜਿਹੇ ਮੁਦੱਬਰ ਤੇ ਨਿਰਪੱਖ ਸੁਭਾ ਵਾਲੇ ਲੋਕਾਂ ਦੇ ਹੱਥ ਵਿਚ ਸੀ ਕਿ ਪਿੰਡ ਵਿਚ ਕਦੇ ਕੋਈ ਲੜਾਈ ਝਗੜਾ ਹੋਣ ਹੀ ਨਹੀਂ ਸੀ ਦਿੱਤਾ ਜਾਂਦਾ, ਕਦੇ ਕੋਈ ਚੋਰੀ ਨਹੀਂ ਸੀ ਹੋਈ, ਕਦੇ ਪਿੰਡ ਵਿਚ ਪੁਲਿਸ ਨਾ ਆਈ। ਇਥੋਂ ਤੱਕ ਕਿ ਇਕ ਵਾਰੀ ਇਕ ਕਤਲ ਦੇ ਕੇਸ ਦਾ ਵੀ ਪਿੰਡ ਦੀ ਪੰਚਾਇਤ ਨੇ ਸੁਲਾਹ-ਸਫ਼ਾਈ ਰਾਹੀਂ ਫੈਸਲਾ ਕਰਵਾ ਦਿੱਤਾ, ਪੁਲਿਸ ਤੱਕ ਕੇਸ ਨਾ ਜਾਣ ਦਿੱਤਾ। ਇਸੇ ਪਿੰਡ ਨੇ ਸਭ ਤੋਂ ਪਹਿਲਾਂ ਮਜ਼ਹਬੀ ਸਿੰਘਾਂ ਨੂੰ ਆਪਣੇ ਖੂਹ ਤੋਂ ਪਾਣੀ ਭਰਨ ਦੀ ਖੁੱਲ੍ਹ ਦਿੱਤੀ। ਸ਼ਾਇਦ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਇਹ ਇਕ ਨਗੂਣੀ ਜਿਹੀ ਤੇ ਹਾਸੋ-ਹੀਣੀ ਗੱਲ ਜਾਪੇ, ਪਰ ਉਹਨੀਂ ਦਿਨੀਂ ਇਹ ਇਕ ਬਹੁਤ ਵੱਡਾ ਕਾਰਨਾਮਾ ਸੀ। ਇਸ ਤੋਂ ਵੀ ਵੱਡਾ ਕਾਰਨਾਮਾ, ਕਿ ਇਸ ਪਿੰਡ ਨੇ ਪਿੰਡ ਦਾ ਗ੍ਰੰਥੀ ਇਕ ਮਜ਼ਹਬੀ ਸਿੰਘ ਨੂੰ ਰੱਖਿਆ, ਜਿਸ ਦਾ ਨਾਮ ਸੀ ਭਾਈ ਹੁਕਮ ਸਿੰਘ। ਮੇਰੇ ਪਿਤਾ ਜੀ ਲੰਮੇ ਸਮੇਂ ਤੱਕ ਜ਼ਿਲਾ ਮੁਲਤਾਨ ਦੇ ਅਕਾਲੀ ਜੱਥੇ ਦੇ ਮੈਂਬਰ ਰਹੇ ਤੇ ਕੁਝ ਸਮੇਂ ਲਈ ਜ਼ਿਲੇ ਦੇ ਜਥੇਦਾਰ ਵੀ ਰਹੇ। ਉਹ ਜ਼ਿਲੇ ਦੀ ਧਰਮ-ਪ੍ਰਚਾਰ ਕਮੇਟੀ ਤੇ ਅੰਮ੍ਰਿਤ-ਪ੍ਰਚਾਰ ਜੱਥੇ ਦੇ ਵੀ ਪੱਕੇ ਮੈਂਬਰ ਸਨ। ਉਹ ਅੰਮ੍ਰਿਤ-ਪ੍ਰਚਾਰ ਵਾਲੇ ਪੰਜਾਂ ਪਿਆਰਿਆਂ ਵਿਚ ਭਾਈ ਹੁਕਮ ਸਿੰਘ ਨੂੰ ਸਦਾ ਨਾਲ ਰੱਖਦੇ ਸਨ। ਇਸ ਸੰਬੰਧ ਵਿਚ ਵਾਪਰੀ ਇਕ ਘਟਨਾ ਸ਼ਾਇਦ ਪਾਠਕਾਂ ਨੂੰ ਦਿਲਚਸਪ ਜਾਪੇ।

ਮੇਰੀ ਪਤਨੀ ਦੇ ਤਾਏ ਦੀ ਧੀ ਬੀਬੀ ਮਹਿੰਦਰ ਕੌਰ ਚੱਕ 78 ਅਲਫ ਵਿਚ ਵਿਆਹੀ ਹੋਈ ਸੀ (ਮੇਰੇ ਸਹੁਰਿਆਂ ਦਾ ਪਿੰਡ ਚੱਕ ਨੰਬਰ 82 ਸੀ)। ਬੀਬੀ ਮਹਿੰਦਰ ਕੌਰ ਦੇ ਸਹੁਰੇ ਬੀਬੀ ਉੱਤੇ ਦਬਾ ਪਾ ਰਹੇ ਸਨ ਕਿ ਉਹ ਆਪਣੀ ਭੈਣ ਸਵਰਨ ਕੌਰ ਦਾ ਰਿਸ਼ਤਾ ਆਪਣੇ ਦਿਓਰ ਸਾਧੂ ਸਿੰਘ ਲਈ ਲਿਆਵੇ। ਬੀਬੀ ਸਵਰਨ ਕੌਰ ਨੇ ਅੰਮ੍ਰਿਤ ਛਕਿਆ ਹੋਇਆ ਸੀ। ਉਸ ਦੇ ਮਾਪਿਆਂ ਨੇ ਸ਼ਰਤ ਰੱਖੀ ਕੀ ਸਾਧੂ ਸਿੰਘ ਅੰਮ੍ਰਿਤ ਛਕ ਲਏ ਤਾਂ ਅਸੀਂ ਰਿਸ਼ਤਾ ਕਰ ਦਿਆਂਗੇ। ਸਾਧੂ ਸਿੰਘ ਦਾ ਪਰਵਾਰ ਆਖਰ ਸਾਡੀ ਰਿਸ਼ਤੇਦਾਰੀ ਵਿਚ ਸੀ। ਉਹਨਾਂ ਨੇ ਪਿਤਾ ਜੀ ਨੂੰ ਅੰਮ੍ਰਿਤ-ਪ੍ਰਚਾਰ ਦਾ ਪ੍ਰਬੰਧ ਕਰਨ ਲਈ ਬੇਨਤੀ ਕੀਤੀ। ਪਿਤਾ ਜੀ ਨੇ ਪੰਜ-ਪਿਆਰੇ ਬੁਲਾ ਲਏ ਅਤੇ ਵਿਚ ਭਾਈ ਹੁਕਮ ਸਿੰਘ ਨੂੰ ਵੀ ਸ਼ਾਮਿਲ ਕੀਤਾ। ਸਾਧੂ ਸਿੰਘ ਤੇ ਇਕ ਹੋਰ ਨੌਜਵਾਨ ਨੇ ਐਨ ਮੌਕੇ ਤੇ ਭਾਈ ਹੁਕਮ ਸਿੰਘ ਦੇ ਹੱਥੋਂ ਅੰਮ੍ਰਿਤ ਛਕਣ ਤੋਂ ਇਨਕਾਰ ਕਰ ਦਿੱਤਾ। ਪਿਤਾ ਜੀ ਦੀ ਪੁਜ਼ੀਸ਼ਨ ਬੜੀ ਅਜੀਬ ਸੀ। ਇਕ ਪਾਸੇ ਰਿਸ਼ਤੇਦਾਰੀ ਦਾ ਲਿਹਾਜ ਸੀ ਤੇ ਦੂਜੇ ਪਾਸੇ ਗੁਰਸਿੱਖੀ ਦੀ ਮਰਯਾਦਾ। ਪਿਤਾ ਜੀ ਨੇ ਭਾਈ ਹੁਕਮ ਸਿੰਘ ਤੋਂ ਬਿਨਾ ਅੰਮ੍ਰਿਤ ਛਕਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਾਧੂ ਸਿੰਘ ਦੇ ਮਾਪੇ ਸਾਨੂੰ ਉਲਾਹਮਾ ਦੇਣ ਵੀ ਆਏ ਪਰ ਪਿਤਾ ਜੀ ਮਰਯਾਦਾ ਤੇ ਅਟੱਲ ਰਹੇ। ਅੰਤ ਛੇ, ਸੱਤ ਮਹੀਨੇ ਬਾਅਦ ਸਾਧੂ ਸਿੰਘ ਨੇ ਪੰਜਾਂ ਪਿਆਰਿਆਂ ਤੋਂ ਤੇ ਭਾਈ ਹੁਕਮ ਸਿੰਘ ਤੋਂ ਮੁਆਫ਼ੀ ਮੰਗੀ ਅਤੇ ਉਹਨਾਂ ਦੇ ਹੱਥੋਂ ਅੰਮ੍ਰਿਤ ਛਕਿਆ। ਇਸ ਸਾਕੇ ਤੋਂ ਜਿੱਥੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੰਜੀ ਬਾਰ ਵਿਚ ਸਿੱਖ ਮਰਯਾਦਾ ਦਾ ਪ੍ਰਚਾਰ ਕਿਹੜੀਆਂ ਲਾਈਨਾਂ ਤੇ ਚੱਲ ਰਿਹਾ ਸੀ, ਓਥੇ ਇਹ ਵੀ ਪਤਾ ਲਗਦਾ ਹੈ ਪਿੰਡ ਵਣਜਾਰੀ ਦੇ ਵਸਨੀਕ ਇਸ ਪੱਖ ਤੋਂ ਆਪਣੇ ਸਮੇਂ ਤੋਂ ਕਿੰਨਾ ਅੱਗੇ ਚੱਲ ਰਹੇ ਸਨ।

ਸ਼ਾਇਦ ਡਾ. ਸਾਧੂ ਸਿੰਘ ਹਮਦਰਦ ਦੀ ਆਪਣੀ ਉਲਾਦ ਨੂੰ ਵੀ ਇਹ ਪਤਾ ਨਾ ਹੋਵੇ

www.sikhbookclub.com



ਕਿ ਪੰਜਾਬੀ ਦੇ ਇਸ ਸਿਰਮੌਰ ਪੱਤਰਕਾਰ ਨੇ ਵੀ ਆਪਣੇ ਜੀਵਨ ਦੇ ਕੁਝ ਮੁੱਢਲੇ ਦਿਨ ਏਸੇ ਪਿੰਡ (ਵਨਜਾਰੀ) ਵਿਚ ਬਿਤਾਏ ਸਨ। ਏਥੋਂ ਹੀ ਹਮਦਰਦ ਜੀ 'ਮੀਆਂ ਚੰਨੂ' ਗਏ ਜਿਥੋਂ ਉਹਨਾਂ ਦੇ ਪੱਤਰਕਾਰੀ ਵਾਲੇ ਜੀਵਨ ਦਾ ਅਰੰਭ ਹੋਇਆ; ਅਤੇ ਏਥੇ ਹੀ ਮੇਰੀ ਉਹਨਾਂ ਨਾਲ ਜਾਣਕਾਰੀ ਹੋਈ।

ਇਹ ਸਾਰੇ ਪਿੰਡ ਲਾਹੌਰ ਤੋਂ ਮੁਲਤਾਨ, ਕਰਾਚੀ ਨੂੰ ਜਾਣ ਵਾਲੀ ਰੇਲਵੇ ਲਾਈਨ ਦੇ ਖੱਬੇ ਪਾਸੇ ਸਨ। 'ਮੀਆਂ ਚੰਨੂ' ਦੇ ਲਾਗੇ ਰੇਲਵੇ ਲਾਈਨ ਦੇ ਸੱਜੇ ਪਾਸੇ ਵੀ ਸਿੱਖਾਂ ਦੇ ਕੁਝ ਚੱਕ ਸਨ, ਜਿਨ੍ਹਾਂ ਵਿਚ ਵਧੇਰੇ ਦੁਆਬੇ ਤੋਂ ਆਏ ਲੋਕ ਅਬਾਦ ਸਨ। ਇਹਨਾਂ ਪਿੰਡਾਂ ਦੇ ਮੁੰਡੇ ਹਰੀ ਸਿੰਘ, ਸ਼ਿਵ ਸਿੰਘ, ਕੁੰਦਨ ਸਿੰਘ, ਸ਼ੰਕਰ ਸਿੰਘ ਤਲੁੰਭੇ ਵਿਚ ਮੇਰੇ ਜਮਾਤੀ ਸਨ। ਪਰ ਇਹਨਾਂ ਪਿੰਡਾਂ ਬਾਰੇ ਮੈਨੂੰ ਵਧੇਰੇ ਵਾਕਫ਼ੀਅਤ ਨਹੀਂ।

ਗੰਜੀ ਬਾਰ ਦਾ ਜ਼ਿਲ੍ਹਾ ਮਿੰਟਗੁਮਰੀ ਵਿਚ ਪੈਂਦਾ ਇਲਾਕਾ ਸਭ ਤੋਂ ਵੱਧ ਖ਼ੁਸ਼ਹਾਲ ਤੇ ਵਿਸੇਸ਼ ਮਹੱਤਾ ਵਾਲਾ ਇਲਾਕਾ ਸੀ। ਇਸ ਖੇਤਰ ਵਿਚ ਕਈ ਵੱਡੇ-ਵੱਡੇ ਬਾਰਸੂਖ ਤੇ ਪ੍ਰਸਿੱਧ ਸਰਦਾਰ ਅਬਾਦ ਸਨ। ਮੀਆਂ ਚੰਨੂ ਦੇ ਨੇੜੇ ਹੀ ਸਰ ਜੋਗਿੰਦਰਾ ਸਿੰਘ ਦੇ ਮੁਰੱਬੇ ਸਨ। ਸਰ ਜੋਗਿੰਦਰਾ ਸਿੰਘ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਉਹਨਾਂ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਸਿਰਕੱਢ ਖਾਨਦਾਨ ਨਾਲ ਸੀ। ਆਪ ਆਜ਼ਾਦੀ ਤੋਂ ਪਹਿਲਾਂ ਕਈ ਵਾਰ ਵਜ਼ੀਰ ਰਹੇ, ਤੇ ਆਜ਼ਾਦੀ ਤੋਂ ਪਿੱਛੋਂ ਵੀ ਉਹਨਾਂ ਦਾ ਕਾਫ਼ੀ ਅਸਰ-ਰਸੂਖ ਰਿਹਾ।

ਇਸ ਤੋਂ ਪਿਛਲੇ ਇਲਾਕੇ ਬਾਰੇ ਮੇਰੀ ਕੋਈ ਨਿੱਜੀ ਜਾਣਕਾਰੀ ਨਹੀਂ। ਅੱਗੇ ਦਿੱਤੇ ਹਾਲਾਤ ਮੈਂ ਆਪਣੇ ਪੁਰਾਣੇ ਮਿੱਤਰ ਮੇਜਰ ਗੁਰਮੁਖ ਸਿੰਘ ਤੇ ਉਰਦੂ ਦੇ ਪ੍ਰਸਿੱਧ ਸ਼ਾਇਰ ਡਾ. ਸਤਨਾਮ ਸਿੰਘ ਖ਼ੁਮਾਰ ਤੋਂ ਮਿਲੀ ਸੂਚਨਾ ਦੇ ਆਧਾਰ ਤੇ ਨੋਟ ਕਰ ਰਿਹਾ ਹਾਂ।

ਸਰ ਜੋਗਿੰਦਰ ਸਿੰਘ ਤਾਂ ਬਹੁਤ ਵੱਡੇ ਜ਼ਿਮੀਂਦਾਰਾਂ ਵਿੱਚੋਂ ਸਨ, ਪਰ ਇਹਨਾਂ ਤੋਂ ਇਲਾਵਾ ਵੀ ਦੱਸ-ਦੱਸ, ਬਾਰਾਂ-ਬਾਰਾਂ ਮੁਰੱਬਿਆਂ ਦੇ ਮਾਲਕ ਕਈ ਸਰਦਾਰ ਸਨ। ਸਾਡੇ ਆਪਣੇ ਇਲਾਕੇ ਵਿਚ ਸਰਦਾਰ ਉੱਜਲ ਸਿੰਘ ਤੇ ਮੇਜਰ ਠਾਕਰ ਸਿੰਘ ਤੋਂ ਬਿਨ੍ਹਾਂ ਕੋਈ ਸਿੱਖ ਏਨੀ ਵੱਡੀ ਮਲਕੀਅਤ ਵਾਲਾ ਨਹੀਂ ਸੀ।

ਮੇਜਰ ਗੁਰਮੁਖ ਸਿੰਘ ਦੱਸਦੇ ਹਨ ਕਿ ਉਹਨਾਂ ਦੇ ਪਿੰਡ ਚੱਕ. 77/5-ਆਰ ਦਾ ਜ਼ੈਲਦਾਰ ਕਿਸ਼ਨ ਸਿੰਘ ਰਿਟਾਇਰਡ ਫ਼ੌਜੀ ਰਿਸਾਲਦਾਰ ਸੀ। ਇਸ ਨੂੰ ਪਿੰਡ ਵਿਚ ਦੋ ਮੁਰਬੇ ਫ਼ੌਜੀ ਸਰਵਿਸ ਦੇ, ਦੋ ਘੋੜੀ ਪਾਲ ਮੁਰੱਬੇ ਸਨ। ਇਹਨਾਂ ਤੋਂ ਇਲਾਵਾ ਏਸੇ ਰਿਸਾਲਦਾਰ ਦੇ 7 ਘੋੜੀਪਾਲ ਮੁਰੱਬੇ ਇਕਬਾਲ ਨਗਰ ਲਾਗੇ (ਮੀਆਂ ਚੰਨੂ ਨੇੜੇ) ਸਨ। ਕਿਸੇ ਹੋਰ ਵਿਅਕਤੀ ਦੇ ਏਨੇ ਘੋੜੀ ਪਾਲ ਮੁਰੱਬੇ ਨਹੀਂ ਸੁਣੇ।

ਪ੍ਰਸਿੱਧ ਅਕਾਲੀ ਲੀਡਰ ਸਰਦਾਰ ਹੁਕਮ ਸਿੰਘ ਭਾਵੇਂ ਜ਼ਿਮੀਂਦਾਰ ਨਹੀਂ ਸਨ, ਪਰ ਇਹ ਗੰਜੀ ਬਾਰ ਹੀ ਨਹੀਂ, ਪੰਜਾਬ ਦੇ ਚੋਟੀ ਦੇ ਅਕਾਲੀ ਲੀਡਰਾਂ ਵਿੱਚੋਂ ਸਨ। ਆਪ ਮਿੰਟਗੁਮਰੀ ਵਿਚ ਵਕਾਲਤ ਕਰਦੇ ਸਨ। ਦੇਸ ਦੀ ਆਜ਼ਾਦੀ ਤੋਂ ਪਿੱਛੋਂ ਆਪ ਲੋਕ ਸਭਾ ਦੇ ਸਪੀਕਰ ਰਹੇ ਤੇ ਰਾਜਿਸਥਾਨ ਦੇ ਗਵਰਨਰ ਵੀ ਰਹੇ। ਪਿੱਛੋਂ ਆਪ ਆਪਣੇ ਅਖੀਰੀ ਸਵਾਸਾਂ ਤੱਕ 'ਸਿੰਘ ਸਭਾ ਕਮੇਟੀ' ਦੇ ਪ੍ਰਧਾਨ ਰਹੇ।

ਡਾ. ਖ਼ੁਮਾਰ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ ਜ਼ਿਲ੍ਹਾ ਮਿੰਟਗੁਮਰੀ ਦੇ ਕੁਝ

www.sikhbookclub.com



ਹੋਰ ਉੱਘੇ ਵਿਅਕਤੀ ਭਾਵੇਂ ਸਹੀ ਅਰਥਾਂ ਵਿਚ ਗੰਜੀ ਬਾਰ ਦੇ ਵਸਨੀਕ ਨਹੀਂ ਸਨ, ਕਿਉਂਕਿ ਇਹਨਾਂ ਦੀਆਂ ਜ਼ਮੀਨਾਂ ਦੀਪਾਲਪੁਰ, ਪਾਕਪਟਨ ਦੇ ਇਲਾਕੇ ਵਿਚ ਆਉਂਦੀਆਂ ਸਨ; ਪਰ ਗੰਜੀ ਬਾਰ ਵਿਚ ਉਹਨਾਂ ਦਾ ਅਸਰ-ਰਸੂਖ ਬਹੁਤ ਸੀ; ਸ਼ਾਇਦ ਕਿਸੇ ਦੀ ਕੁਝ ਜ਼ਮੀਨ ਵੀ ਗੰਜੀ ਬਾਰ ਵਿਚ ਆਉਂਦੀ ਹੋਵੇ। ਇਹਨਾਂ ਵਿੱਚੋਂ ਪ੍ਰਮੁਖ ਸਨ ਬਾਬਾ ਸਰ ਖੇਮ ਸਿੰਘ ਬੇਦੀ, ਇਹਨਾਂ ਦੀ ਪਾਕਪਟਨ ਇਲਾਕੇ ਵਿਚ 37000 ਏਕੜ ਜ਼ਮੀਨ ਸੀ। ਇਹਨਾਂ ਦੀ ਵੰਸ਼ ਦੇ ਕਈ ਉੱਘੇ ਅਫ਼ਸਰ ਹੋਏ ਹਨ। ਟਿੱਕਾ ਜਗਜੀਤ ਸਿੰਘ ਬੇਦੀ ਹਾਈ ਕੋਰਟ ਦੇ ਜਸਟਿਸ ਰਹੇ; ਬੇਦੀ ਸੁਰਿੰਦਰ ਸਿੰਘ ਆਈ. ਏ. ਐਸ. ਅਫ਼ਸਰ ਸਨ; ਮੰਨੇ-ਪ੍ਰਮੰਨੇ ਉਰਦੂ ਸ਼ਾਇਰ ਤੇ ਲੇਖਕ ਕੰਵਰ ਮਹਿੰਦਰ ਸਿੰਘ ਬੇਦੀ ਡਿਪਟੀ ਕਮਿਸ਼ਨਰ ਰਹੇ ਤੇ ਕਈ ਹੋਰ ਉੱਚਿਆਂ ਅਹੁਦਿਆਂ ਉੱਤੇ ਵੀ ਰਹੇ।

ਇਕ ਹੋਰ ਉੱਘੇ ਜ਼ਿਮੀਂਦਾਰ ਸਨ ਸਰ ਦਾਤਾਰ ਸਿੰਘ। ਇਹਨਾਂ ਦੀ ਪਾਕਪਟਨ ਇਲਾਕੇ ਵਿਚ 35000 ਏਕੜ ਜ਼ਮੀਨ ਸੀ। ਇਹਨਾਂ ਦਾ ਜੱਦੀ ਪਿੰਡ ਕਲਿਆਣ ਸੀ, ਇਸ ਲਈ ਇਹ ਕਲਿਆਣੀਏ ਕਰਕੇ ਪ੍ਰਸਿੱਧ ਸਨ। ਡਾ. ਖੁਮਾਰ ਦੱਸਦੇ ਹਨ ਕਿ 'ਕਲਿਆਣ' ਨਾਮ ਦੀ ਕਣਕ ਸਰ ਦਾਤਾਰ ਸਿੰਘ ਦੁਆਰਾ ਹੀ ਵਿਕਸਿਤ ਕੀਤੀ ਗਈ ਸੀ। ਮੇਰੀ ਜਾਣਕਾਰੀ ਅਨੁਸਾਰ ਗੰਜੀ ਬਾਰ ਵਿਚ ਵੀ ਸਰ ਦਾਤਾਰ ਸਿੰਘ ਦੀ ਜ਼ਮੀਨ ਸੀ। ਸੁਤੰਤਰਤਾ ਤੋਂ ਪਿੱਛੋਂ ਸਰ ਦਾਤਾਰ ਸਿੰਘ ਭਾਰਤ ਸਰਕਾਰ ਦੇ ਮਹਿਕਮਾਂ ਖੇਤੀ ਦੇ ਸਲਾਹਕਾਰ (ਐਡਵਾਈਜ਼ਰ) ਰਹੇ। ਉਹਨਾਂ ਦੀ ਦੋਹਤੀ, ਸ੍ਰੀਮਤੀ ਮੈਨਿਕਾ ਗਾਂਧੀ, ਅੱਜ ਵੀ ਦੇਸ਼ ਦੀ ਰਾਜਨੀਤੀ ਵਿਚ ਸਰਗਰਮ ਹਿੱਸਾ ਲੈ ਰਹੀ ਹੈ।

ਖ਼ੁਦ ਡਾ. ਸਤਨਾਮ ਸਿੰਘ ਖੁਮਾਰ ਇਲਾਕਾ ਦੀਪਾਲਪੁਰ ਦੇ ਇਕ ਰਈਸ ਘਰਾਣੇ ਦੇ ਪ੍ਰਤਿਨਿਧ ਹਨ। ਆਪ ਦੇ ਦਾਦਾ ਜੀ ਪੰਜਾਂ ਪਿੰਡਾਂ ਦੇ ਮਾਲਕ ਸਨ। ਖੁਮਾਰ ਸਾਹਿਬ ਦੇ ਆਪਣੇ ਹਿੱਸੇ ਇਕ ਪਿੰਡ ਆਇਆ ਸੀ, ਜੋ ਇਹਨਾਂ ਦੇ ਪਿਤਾ ਜੀ ਦੇ ਨਾਮ ਤੇ 'ਚੱਕ ਸੁਰਜਨ ਸਿੰਘ' ਕਹਾਉਂਦਾ ਹੈ। ਇਹ ਇਲਾਕਾ ਵੀ ਗੰਜੀ ਬਾਰ ਵਿਚ ਨਹੀਂ ਸੀ ਆਉਂਦਾ।

## ਸਰਦਾਰ ਬੇਅੰਤ ਸਿੰਘ ਜੀ
### ਮੁੱਖ ਮੰਤਰੀ ਪੰਜਾਬ

ਮੈਂ ਪਿੱਛੇ ਦੱਸ ਆਇਆ ਹਾਂ ਕਿ ਗੰਜੀ ਬਾਰ ਦੇ ਮੁੱਢਲੇ ਇਲਾਕੇ ਅਰਥਾਤ ਜ਼ਿਲ੍ਹਾ ਮਿੰਟਗੁਮਰੀ ਬਾਰੇ ਮੇਰੀ ਜਾਣਕਾਰੀ ਬਹੁਤ ਥੋੜ੍ਹੀ ਹੈ। ਇਸ ਇਲਾਕੇ ਬਾਰੇ ਜੋ ਮੈਂ ਥੋੜ੍ਹਾ ਬਹੁਤ ਲਿਖਿਆ ਹੈ, ਉਹ ਆਪਣੇ ਮਿੱਤਰਾਂ ਮੇਜਰ ਗੁਰਮੁਖ ਸਿੰਘ ਤੇ ਡਾ. ਸਤਿਨਾਮ ਸਿੰਘ ਖੁਮਾਰ ਤੋਂ ਪੁੱਛ ਕੇ ਲਿਖਿਆ ਹੈ। ਮੈਂ ਗੰਜੀ ਬਾਰ ਦੇ ਉਹਨਾ ਸਾਰਿਆਂ ਮਾਨਯੋਗ ਸਪੂਤਾਂ ਬਾਰੇ ਕੁਝ ਲਾਈਨਾਂ ਲਿਖਣਾ ਚਾਹੁੰਦਾ ਸਾਂ ਜਿਹੜੇ ਬਾਰ ਵਿਚ ਸਿਰ ਕੱਢ ਤੇ ਸਨਮਾਨਿਤ ਸਨ, ਜਾਂ ਜਿਨ੍ਹਾਂ ਨੇ ਏਧਰ ਆ ਕੇ ਨਾਮਣਾ ਖੱਟਿਆ ਹੈ। ਜ਼ਿਲ੍ਹਾ ਮਿੰਟਗੁਮਰੀ ਸੰਬੰਧੀ ਪਰੀ ਵਾਕਫ਼ੀਅਤ ਨਾ ਹੋਣ ਕਾਰਨ ਮੈਂ ਇਸ ਇਲਾਕੇ ਦੀਆ ਮਹਾਨ ਸ਼ਖ਼ਸੀਅਤਾਂ ਬਾਰੇ ਕੁਝ ਨਾ ਲਿਖ ਸਕਿਆ। ਜਦੋਂ 'ਯਾਦਾਂ ਗੰਜੀ ਬਾਰ ਦੀਆਂ' 'ਪੰਜਾਬੀ ਟ੍ਰਿਬਿਊਨ' ਵਿਚ ਲੜੀਵਾਰ ਪ੍ਰਕਾਸ਼ਿਤ ਹੋਈਆਂ, ਉਦੋਂ ਤੱਕ ਮੈਨੂੰ ਪਤਾ ਨਹੀਂ ਸੀ ਕਿ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ

www.sikhbookclub.com



ਸਰਦਾਰ ਬੇਅੰਤ ਸਿੰਘ ਜੀ ਵੀ ਗੰਜੀ ਬਾਰ ਦੇ ਹੀ ਪੁਰਾਣੇ ਵਸਨੀਕ ਹਨ। ਇਕ ਦਿਨ ਆਪਣੇ ਵਾਈਸ-ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਨਾਲ ਸਰਸਰੀ ਗੱਲ-ਬਾਤ ਕਰਦਿਆਂ ਮੈਂ ਪੁਛਿਆ, "ਕੀ ਸਰਦਾਰ ਬੇਅੰਤ ਸਿੰਘ ਸਾਂਦਲ ਬਾਰ ਵਿੱਚੋਂ ਆਏ ਹਨ ?" ਮੈਨੂੰ ਕਿਸੇ ਤੋਂ ਏਹੋ ਜਾਣਕਾਰੀ ਮਿਲੀ ਸੀ। ਡਾ. ਪੁਆਰ ਨੇ ਹੱਸ ਕੇ ਉੱਤਰ ਦਿੱਤਾ, "ਸਰਦਾਰ ਬੇਅੰਤ ਸਿੰਘ ਤੇ ਮੈਂ ਇਕੋ ਪਿੰਡ ਦੇ ਹਾਂ; ਦੋਵੇਂ ਗੰਜੀ ਬਾਰ ਵਿੱਚੋਂ ਹੀ ਆਏ ਹਾਂ। ਸਾਡਾ ਚੱਕ ਨੰਬਰ 53/2 ਐਲ, ਉਕਾੜਾ ਮੰਡੀ ਤੋਂ ਪੂਰਬ ਵੱਲ ਸੀ।" ਮੈਨੂੰ ਇਹ ਜਾਣ ਕੇ ਹੋਰ ਵੀ ਸ਼ਰਮਿੰਦਗੀ ਹੋਈ, ਕਿਉਂਕਿ ਡਾ. ਪੁਆਰ ਸਾਡੇ ਵਾਈਸ ਚਾਂਸਲਰ ਹੀ ਨਹੀਂ ਸਗੋਂ ਪੁਰਾਣੇ ਮਿੱਤਰ ਵੀ ਹਨ; ਅਸਾਂ ਦੁਹਾਂ ਨੇ ਕਾਫੀ ਸਮਾਂ ਏਸੇ ਯੂਨੀਵਰਸਿਟੀ ਦੇ ਇਕੋ ਵਿਭਾਗ ਵਿਚ ਇਕੱਠਿਆਂ ਕੰਮ ਕੀਤਾ। ਉਹਨਾਂ ਦੇ ਏਥੋਂ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਜਾਣ ਪਿੱਛੋਂ ਵੀ ਸਾਡਾ ਸੰਪਰਕ ਬਣਿਆ ਰਿਹਾ, ਕਿਉਂਕਿ ਅਸੀਂ ਦੋਵੇਂ ਇਕੋ ਵਿਸ਼ੇ (ਭਾਸ਼ਾ ਵਿਗਿਆਨ) ਦੇ ਵਿਦਿਆਰਥੀ ਹਾਂ। ਖ਼ੈਰ, ਮੈਂ ਜੋ ਥੋੜ੍ਹੀ ਬਹੁਤ ਜਾਣਕਾਰੀ ਸਰਦਾਰ ਬੇਅੰਤ ਸਿੰਘ ਬਾਰੇ ਤੇ ਡਾ. ਪੁਆਰ ਬਾਰੇ ਪ੍ਰਾਪਤ ਕਰ ਸਕਿਆ ਹਾਂ ਉਹ ਸੰਖ਼ਿਪਤ ਰੂਪ ਵਿਚ ਕਲਮਬੰਦ ਕਰ ਰਿਹਾ ਹਾਂ।

ਸਰਦਾਰ ਬੇਅੰਤ ਸਿੰਘ ਦੇ ਪਿਤਾ ਕੈਪਟਨ ਹਜ਼ੂਰਾ ਸਿੰਘ ਨੂੰ ਸ਼ਲਾਘਾਯੋਗ ਫ਼ੌਜੀ ਸਰਵਿਸ ਬਦਲੇ ਗੰਜੀ ਬਾਰ ਵਿਚ ਮੁਰੱਬੇ ਮਿਲੇ ਸਨ। ਪਹਿਲਾ ਸੰਸਾਰ ਯੁੱਧ ਖ਼ਤਮ ਹੋਣ ਤੱਕ ਆਨਰੇਰੀ ਕੈਪਟਨ ਵੱਡੇ ਤੋਂ ਵੱਡਾ ਰੈਂਕ ਸੀ ਜਿਹੜਾ ਕਿਸੇ ਹਿੰਦੁਸਤਾਨੀ ਨੂੰ ਮਿਲ ਸਕਦਾ ਸੀ; ਇਸ ਤਰ੍ਹਾਂ ਕੈਪਟਨ ਹਜ਼ੂਰਾ ਸਿੰਘ ਫ਼ੌਜ ਦੀ ਉੱਚੀ ਤੋਂ ਉੱਚੀ ਪਦਵੀ ਪ੍ਰਾਪਤ ਕਰਕੇ ਰਿਟਾਇਰ ਹੋਏ। ਆਪਣੇ ਇਲਾਕੇ ਵਿਚ ਕੈਪਟਨ ਸਾਹਿਬ ਦਾ ਬੜਾ ਆਦਰ-ਮਾਨ ਤੇ ਦਬ-ਦਬਾ ਸੀ।

ਕੈਪਟਨ ਸਾਹਿਬ ਦੇ ਸਪੁਤਰ ਸਰਦਾਰ ਬੇਅੰਤ ਸਿੰਘ ਨੇ ਆਪਣੇ ਖ਼ਾਨਦਾਨ ਦਾ ਨਾਮ ਹੋਰ ਵੀ ਕਈ ਗੁਣਾਂ ਉਚੇਰਾ ਕੀਤਾ ਹੈ, ਅਤੇ ਉਹਨਾਂ ਤੋਂ ਅਜੇ ਹੋਰ ਵੀ ਉਮੀਦਾਂ ਹਨ। ਸਰਦਾਰ ਸਾਹਿਬ ਨੇ ਉਕਾੜਾ ਤੋਂ ਮੈਟਰਿਕ ਪਾਸ ਕੀਤੀ, ਉਪਰੰਤ ਗੋਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋਏ, ਜਿੱਥੋਂ ਉਹਨਾਂ 1941 ਵਿਚ ਬੀ. ਏ. ਕੀਤੀ (ਏਸੇ ਸਾਲ ਹੀ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ. ਏ. ਕੀਤੀ ਸੀ)।

ਸੁਤੰਤਰਤਾ ਪ੍ਰਾਪਤੀ ਪਿੱਛੋਂ ਆਪ ਦੇ ਪਰਿਵਾਰ ਨੂੰ ਏਧਰ ਜ਼ਮੀਨ ਅਲਾਟ ਹੋਈ। ਕੁਝ ਚਿਰ ਤਾਂ ਦੇਸ਼ ਦੀ ਵੰਡ ਸਮੇਂ ਹੋਏ ਉਜਾੜੇ ਦੇ ਪ੍ਰਭਾਵ ਤੋਂ ਮੁਕਤ ਹੋਣ ਅਤੇ ਆਪਣੇ ਪੈਰਾਂ ਤੇ ਖਲੋਣ ਲਈ ਲੱਗਾ, ਛੇਤੀ ਹੀ ਪਿੱਛੋਂ ਆਪ ਪੰਜਾਬ ਦੀ ਸਿਆਸਤ ਵਿਚ ਸਰਗਰਮ ਹਿੱਸਾ ਪਾਉਣ ਲੱਗ ਪਏ ਤੇ ਥੋੜ੍ਹੇ ਹੀ ਸਮੇਂ ਵਿਚ ਉੱਚੇ ਤੋਂ ਉੱਚੇ ਉਠਦੇ ਗਏ—ਆਪ ਐਮ. ਐਲ. ਏ. ਰਹੇ, ਪੰਜਾਬ ਦੇ ਕੈਬੀਨਿਟ ਮਨਿਸਟਰ ਵੀ ਰਹੇ ਅਤੇ ਉਸ ਸਮੇਂ ਇਸ ਰਾਜ ਦੇ ਮੁਖ ਮੰਤਰੀ ਬਣੇ ਜਦੋਂ ਪੰਜਾਬ ਇੰਤਿਹਾਈ ਨਾਜ਼ਕ ਦੌਰ ਵਿੱਚੋਂ ਦੀ ਲੰਘ ਰਿਹਾ ਸੀ, ਸਿਆਸੀ ਤਾਣਾ-ਬਾਣਾ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ। ਅਜਿਹੇ ਹਾਲਾਤ ਵਿਚ ਕਿਸੇ ਵੀ ਸਿਆਸੀ ਲੀਡਰ ਦਾ ਪੰਜਾਬ ਦਾ ਮੁੱਖ ਮੰਤਰੀ ਬਣਨਾ ਸ਼ੇਰ ਦੇ ਮੂੰਹ ਵਿਚ ਹੱਥ ਪਾਉਣਾ ਸੀ। ਆਪ ਇਹਨਾਂ ਅਣਮਿਥਵੀਆਂ ਮੁਸ਼ਕਲਾਂ ਤੇ ਖ਼ਤਰਿਆਂ ਦੇ

www.sikhbookclub.com



ਬਾਵਜੂਦ ਪੂਰੀ ਤਰ੍ਹਾਂ ਕਾਮਯਾਬ ਮੁੱਖ ਮੰਤਰੀ ਸਿੱਧ ਹੋਏ; ਥੋੜ੍ਹੇ ਹੀ ਸਮੇਂ ਵਿਚ ਪੰਜਾਬ ਦਾ ਵਾਤਾਵਰਨ ਬਿਲਕੁਲ ਬਦਲ ਦਿੱਤਾ—ਉਹ ਕੁਝ ਕਰ ਵਿਖਾਇਆ ਜਿਸ ਦੀ ਕਿਸੇ ਨੂੰ ਆਸ ਨਹੀਂ ਸੀ। ਹੁਣ ਪੰਜਾਬੀ ਆਸ ਰਖਦੇ ਹਨ ਕਿ ਆਪ ਰਾਸ਼ਟਰੀ ਪੱਧਰ ਤੇ ਵੀ ਕੋਈ ਕ੍ਰਿਸ਼ਮਾ ਕਰ ਵਿਖਾਉਣਗੇ।

ਅੰਤ ਵਿਚ ਮੈਂ ਉਹਨਾਂ ਦੇ ਜੀਵਨ ਦੀ ਇਕ ਅਜਿਹੀ ਘਟਨਾ ਸੁਣਾਉਣੀ ਚਾਹੁੰਦਾ ਹਾਂ ਜੋ ਸਰਸਰੀ ਨਜ਼ਰ ਨਾਲ ਵੇਖਿਆਂ ਇਕ ਸਧਾਰਨ ਕਾਰਵਾਈ ਸੀ, ਪਰ ਜ਼ਰਾ ਗਹੁ ਨਾਲ ਵਿਚਾਰਿਆਂ ਇਸ ਦੀ ਮਹਾਨਤਾ ਸਪੱਸ਼ਟ ਹੋ ਜਾਂਦੀ ਹੈ। ਦੇਸ਼ ਦੀ ਵੰਡ ਸਮੇਂ ਆਪ ਦਾ ਇਲਾਕਾ ਆਪਣੇ ਘਰ-ਬਾਰ ਛੱਡ ਕੇ ਕਾਫਲੇ ਦੇ ਰੂਪ ਵਿਚ ਭਾਰਤ ਵੱਲ ਨੂੰ ਆ ਰਿਹਾ ਸੀ। ਸੁਲੇਮਾਨਕੀ ਹੈਡ ਵਰਕਸ ਦੇ ਪੁੱਲ ਤੋਂ ਲੰਘ ਕੇ ਇਹ ਕਾਫ਼ਲਾ ਭਾਰਤ ਦੀ ਜੂਹ ਵਿਚ ਦਾਖ਼ਲ ਹੋਇਆ ਤਾਂ ਦੂਜੇ ਪਾਸਿਓਂ ਮੁਸਲਮਾਨਾਂ ਦਾ ਇਕ ਕਾਫ਼ਲਾ ਪਾਕਿਸਤਾਨ ਜਾਣ ਲਈ ਆ ਰਿਹਾ ਸੀ। ਇਹ ਕਾਫ਼ਲਾ ਪਹਿਲਾਂ ਹੀ ਬੁਰੀ ਤਰ੍ਹਾਂ ਮਾਰ ਖਾ ਕੇ ਆਇਆ ਜਾਪਦਾ ਸੀ। ਕਈ ਲੋਕ ਲਹੂ-ਲੁਹਾਨ ਸਨ, ਕਈ ਰੋਂਦੇ ਪਿੱਟਦੇ ਆ ਰਹੇ ਸਨ। ਇਹਨਾਂ ਨੂੰ ਵੇਖ ਕੇ ਭਾਰਤੀ ਕਾਫ਼ਲੇ ਦੇ ਕੁਝ ਸਿੱਖ ਨੌਜਵਾਨ ਮੁਸਲਮਾਨਾਂ ਦੇ ਕਾਫ਼ਲੇ ਤੇ ਹੱਲਾ ਬੋਲਣ ਲਈ ਦੌੜੇ। ਨੌਜਵਾਨ ਬੇਅੰਤ ਸਿੰਘ ਘੋੜੀ ਤੇ ਸਵਾਰ ਸੀ ਤੇ ਹੱਥ ਵਿਚ ਦੁਨਾਲੀ ਬੰਦੂਕ ਸੀ। ਉਹ ਘੋੜੀ ਦੌੜਾ ਕੇ ਅੱਗੇ ਵਧਿਆ ਤੇ ਇਹਨਾਂ ਧਾੜਵੀਆਂ ਨੂੰ ਦਬਕਾ ਮਾਰਿਆ, "ਸ਼ਰਮ ਨਹੀਂ ਆਉਂਦੀ; ਅਜੇ ਅੱਧਾ ਘੰਟਾ ਪਹਿਲਾਂ ਤੱਕ ਤੁਸੀਂ ਅਰਦਾਸਾਂ ਕਰਦੇ ਆ ਰਹੇ ਸਉ ਕਿ ਗੁਰੂ ਸਾਨੂੰ ਸੁਖੀ-ਸਾਂਦੀ ਸਰਹੱਦੋਂ ਪਾਰ ਲੈ ਚਲੇ। ਹੁਣ ਹੱਦ ਪਾਰ ਕਰਦਿਆਂ ਹੀ ਤੁਸੀਂ ਉਹਨਾਂ ਲੋਕਾਂ ਨੂੰ ਮਾਰਨ ਲਈ ਦੌੜੇ ਹੋ ਜਿਹੜੇ ਪਹਿਲਾਂ ਹੀ ਮਾਰੇ, ਲੁੱਟੇ ਆਏ ਹਨ।" ਧਾੜਵੀਆਂ ਦੀ ਢਾਣੀ ਸ਼ੇਰ ਦਿਲ ਨੌਜਵਾਨ ਦੀ ਲਲਕਾਰ ਸੁਣ ਕੇ ਠਠੰਬਰ ਗਈ। ਨਿਡਰ ਬੇਅੰਤ ਸਿੰਘ ਨੇ ਸਾਹਵੇਂ ਖਲੋ ਕੇ ਮੁਸਲਮਾਨਾਂ ਦੇ ਕਾਫ਼ਲੇ ਨੂੰ ਸਰਹੱਦੋਂ ਪਾਰ ਕੀਤਾ।

ਜਿਨ੍ਹਾਂ ਲੋਕਾਂ ਨੇ ਉਹ ਖ਼ੂਨੀ ਤੇ ਜਨੂਨੀ ਸਮਾਂ ਵੇਖਿਆ ਹੋਇਆ ਹੈ, ਉਹ ਸੰਤਾਪ ਆਪਣੇ ਪਿੰਡੇ ਤੇ ਹੰਢਾਇਆ ਹੋਇਆ ਹੈ, ਉਹੋ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਇਹ ਕਿੱਡੀ ਮਹਾਨ ਕਾਰਵਾਈ ਸੀ। ਜਦੋਂ ਪੰਜਾਬ ਵਿਚ ਇਨਸਾਨੀਅਤ ਨਾਮ ਦੀ ਕੋਈ ਚੀਜ਼ ਹੀ ਬਾਕੀ ਨਹੀਂ ਸੀ, ਜਦੋਂ ਹਰ ਪੰਜਾਬੀ ਦਰਿੰਦਾ, ਵਹਿਸ਼ੀ ਖ਼ੂਨਖਾਰ ਬਣ ਚੁੱਕਾ ਸੀ; ਉਦੋਂ ਜਿਹੜਾ ਇਨਸਾਨ, ਖ਼ਾਸ ਕਰ ਜਿਹੜਾ ਨੌਜਵਾਨ ਆਪਣੇ ਪਿੰਡੇ ਤੇ ਇਸ ਝੱਖੜ ਦੇ ਥਪੇੜੇ ਝੱਲਣ ਪਿੱਛੋਂ ਵੀ ਆਪਣਾ ਦਮਾਗੀ ਤਵਾਜ਼ਨ ਕਾਇਮ ਰੱਖ ਸਕਿਆ, ਉਹ ਸੱਚ-ਮੁੱਚ ਹੀ ਇਕ ਮਹਾਨ ਇਨਸਾਨ ਸੀ। ਸਰਦਾਰ ਬੇਅੰਤ ਸਿੰਘ ਨੂੰ ਮੁੱਖ ਮੰਤਰੀ ਵਜੋਂ ਵਧਾਈਆਂ ਦੇਣ ਵਾਲੇ ਹੋਰ ਬਹੁਤ ਹੋਣਗੇ; ਮੈਂ ਇਕ ਨਿਮਾਣੇ ਲੇਖਕ ਵਜੋਂ, ਅੱਜ ਸੰਤਾਲੀ ਵਰ੍ਹਿਆਂ ਪਿੱਛੋਂ ਨੌਜਵਾਨ ਬੇਅੰਤ ਸਿੰਘ ਨੂੰ ਉਸ ਦੀ ਇਸ ਲਾਸਾਨੀ ਤੇ ਫ਼ਰਿਸਤਾਸੀਰਤ ਕਾਰਵਾਈ ਲਈ ਵਧਾਈ ਦੇਣ ਦਾ ਹੀਆ ਕਰਦਾ ਹਾਂ।

## ਡਾ. ਜੋਗਿੰਦਰ ਸਿੰਘ ਪੁਆਰ

ਵਾਈਸ-ਚਾਂਸਲਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੌਜੂਦਾ ਵਾਈਸ-ਚਾਂਸਲਰ, ਡਾ. ਜੋਗਿੰਦਰ ਸਿੰਘ

www.sikhbookclub.com



ਪੁਆਰ ਦੇ ਪਿਤਾ ਸਰਦਾਰ ਕਰਤਾਰ ਸਿੰਘ ਨੂੰ ਫ਼ੌਜੀ ਸਰਵਿਸ ਬਦਲੇ ਚੱਕ ਨੰ. 53/2 ਐਲ ਵਿਚ ਮੁਰੱਬੇ ਮਿਲੇ ਸਨ। ਦੇਸ਼ ਦੀ ਵੰਡ ਸਮੇਂ ਪੁਆਰ ਸਾਹਿਬ ਦੀ ਉਮਰ ਸਿਰਫ਼ 12 ਸਾਲ ਸੀ, ਪਰ ਉਹਨਾਂ ਨੂੰ ਗੰਜੀ ਬਾਰ ਦੇ ਉਜਾੜੇ ਦਾ ਤੇ ਉਸ ਸਮੇਂ ਹੋਏ ਕਤਲੋ-ਗਾਰਤ ਦਾ ਹਾਲ ਚੰਗੀ ਤਰ੍ਹਾਂ ਯਾਦ ਹੈ। ਉਹ ਦਸਦੇ ਹਨ ਕਿ ਘਰ ਬਾਰ ਛੱਡਣ ਪਿੱਛੋਂ ਉਹਨਾਂ ਦਾ ਕਾਫ਼ਲਾ ਆਪਣੇ ਗੱਡਿਆਂ ਸਮੇਤ ਦੋਹ ਦਿਨਾਂ ਵਿਚ ਸੁਲੇਮਾਨਕੀ ਪੁਲ ਲੰਘ ਕੇ ਭਾਰਤ ਵਿਚ ਦਾਖ਼ਲ ਹੋ ਗਿਆ। ਰਸਤੇ ਵਿਚ ਉਹਨਾਂ ਦੇ ਕਾਫ਼ਲੇ ਉੱਤੇ ਕੋਈ ਹਮਲਾ ਨਹੀਂ ਹੋਇਆ। ਉਹਨਾਂ ਦੇ ਦੱਸਣ ਅਨੁਸਾਰ ਪਾਕਿਸਤਾਨ ਦੀ ਹੱਦ ਵਿਚ ਉਹਨਾਂ ਨੂੰ ਕੋਈ ਲਾਸ਼ ਨਹੀਂ ਮਿਲੀ, ਪਰ ਭਾਰਤ ਦੀ ਹੱਦ ਅੰਦਰ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ।

ਡਾ. ਪੁਆਰ ਨੇ ਏਧਰ ਆ ਕੇ ਪੰਜਾਬੀ ਦੀ ਐਮ. ਏ. ਕੀਤੀ, ਉਪਰੰਤ ਉਚੇਰੀ ਵਿਦਿਆ ਲਈ ਇੰਗਲੈਂਡ ਚਲੇ ਗਏ। ਉਥੋਂ ਭਾਸ਼ਾ-ਵਿਗਿਆਨ ਦੀ ਐਮ. ਏ. ਕਰਕੇ ਵਾਪਸ ਆਏ ਤੇ ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ-ਵਿਗਿਆਨ ਵਿਭਾਗ ਵਿਚ ਲੈਕਚਰਾਰ ਨਿਯੁਕਤ ਹੋਏ। ਏਥੋਂ ਹੀ ਇਹਨਾਂ ਨੇ ਪੀ. ਐਚ. ਡੀ. ਕੀਤੀ, ਅਤੇ ਕੁਝ ਸਮੇਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਰੀਡਰ ਚੁਣੇ ਗਏ।

ਅੰਮ੍ਰਿਤਸਰ ਰਹਿੰਦਿਆਂ ਉਹਨਾਂ ਨੇ ਕਈ ਬਿਲਕੁਲ ਨਵੇਂ ਤੇ ਵਿਸ਼ੇਸ਼ ਅਹਿਮੀਅਤ ਵਾਲੇ ਕੰਮ ਕੀਤੇ। 'ਪੰਜਾਬੀ ਸਾਹਿਤ ਅਕਾਦਮੀ' ਦੇ ਮੁਕਾਬਲੇ 'ਪੰਜਾਬੀ ਭਾਸ਼ਾ ਅਕਾਦਮੀ' ਸਥਾਪਿਤ ਕੀਤੀ, ਜਿਸ ਦੀ ਬੜੀ ਲੋੜ ਸੀ, ਕਿਉਂਕਿ ਸਾਹਿਤ ਅਕਾਦਮੀ ਨੇ ਕਦੇ ਕਿਸੇ ਭਾਸ਼ਾ-ਵਿਗਿਆਨੀ ਨੂੰ ਪੰਜਾਬੀ ਦਾ ਲੇਖਕ ਸਵੀਕਾਰ ਕਰਨ ਬਾਰੇ ਸੋਚਿਆ ਹੀ ਨਹੀਂ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿਲੇਬਸਾਂ ਵਿਚ ਡਾ. ਪੁਆਰ ਦੀਆਂ ਕੋਸ਼ਿਸ਼ਾਂ ਸਦਕਾ ਭਾਸ਼ਾ-ਵਿਗਿਆਨ ਤੇ ਵਿਆਕਰਨ ਨੂੰ ਮੁਨਾਸਬ ਥਾਂ ਦਿੱਤਾ ਗਿਆ। ਪਿੱਛੋਂ ਜਦੋਂ ਡਾ. ਪੁਆਰ ਪੰਜਾਬੀ ਯੂਨੀਵਰਸਿਟੀ ਦੇ ਪ੍ਰੋ-ਵਾਈਸ-ਚਾਂਸਲਰ ਤੇ ਉਪਰੰਤ ਵਾਈਸ-ਚਾਂਸਲਰ ਨਿਯੁਕਤ ਹੋਏ ਤਾਂ ਏਥੇ ਵੀ ਉਹਨਾਂ ਨੂੰ ਕਈ ਦਲੇਰਾਨਾ ਕਦਮ ਚੁਕਣੇ ਪਏ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਨਾਲ-ਨਾਲ ਯੂਨੀਵਰਸਿਟੀ ਵੀ ਗੰਭੀਰ ਸਮੱਸਿਆਵਾਂ ਨਾਲ ਘਿਰੀ ਹੋਈ ਸੀ। ਅਜਿਹੀ ਸਥਿਤੀ ਵਿਚ ਯੂਨੀਵਰਸਿਟੀ ਦੇ ਹਾਲਾਤ ਨੂੰ ਸੁਧਾਰਨਾ ਕੋਈ ਸੌਖਾ ਕੰਮ ਨਹੀਂ ਸੀ। ਡਾ. ਪੁਆਰ ਨੂੰ ਕਈ ਅਣ-ਸੁਖਾਵੀਆਂ ਸਥਿਤੀਆਂ ਨਾਲ ਜੂਝਣਾ ਪਿਆ; ਕਈ ਅਜਿਹੇ ਕਦਮ ਚੁੱਕਣੇ ਪਏ ਜਿਨ੍ਹਾਂ ਕਾਰਨ ਅਕਾਦਮਿਕ ਸਟਾਫ਼, ਪ੍ਰਬੰਧਕੀ ਅਮਲੇ ਤੇ ਖ਼ਾਸ ਕਰਕੇ ਵਿਦਿਆਰਥੀਆਂ ਵਿਚ ਕੁਝ ਬੇਚੈਨੀ ਵੀ ਹੋਈ, ਪਰ ਹੁਣ ਸਭ ਲੋਕ ਮਹਿਸੂਸ ਕਰਦੇ ਹਨ ਕਿ ਜੋ ਕੁਝ ਕੀਤਾ ਗਿਆ, ਉਸ ਵਿੱਚੋਂ ਬਹੁਤ ਕੁਝ ਜ਼ਰੂਰ ਕਰਨ ਵਾਲਾ ਹੀ ਸੀ।

ਯੂਨੀਵਰਸਿਟੀ ਦਾ ਮੂੰਹ ਮੁਹਾਂਦਰਾ ਸਵਾਰਨ ਲਈ ਡਾ. ਪੁਆਰ ਨੇ ਖ਼ਾਸ ਉਪਰਾਲੇ ਕੀਤੇ ਹਨ। ਚਿਰਾਂ ਤੋਂ ਲਟਕਦੇ ਆ ਰਹੇ ਉਸਾਰੀ ਦੇ ਕੰਮ ਨੇਪਰੇ ਚਾੜ੍ਹੇ ਹਨ, ਯੂਨੀਵਰਸਿਟੀ ਦੀਆਂ ਸੜਕਾਂ ਹੁਣ ਕਿਸੇ ਵੀ ਵਿਕਸਿਤ ਦੇਸ਼ ਦੀਆਂ ਸੜਕਾਂ ਦਾ ਟਾਕਰਾ ਕਰ ਸਕਦੀਆਂ ਹਨ। ਸੈਨਿਟ ਹਾਲ, ਸਿੰਡੀਕੇਟ ਰੂਮ, ਗੁਰੂ ਗੋਬਿੰਦ ਸਿੰਘ ਭਵਨ ਵਰਗੀਆਂ ਇਮਾਰਤਾਂ ਦਾ ਖ਼ਸਤਾ-ਹਾਲ ਫਰਨੀਚਰ ਪੂਰੇ ਦਾ ਪੂਰਾ ਬਦਲ ਦਿੱਤਾ ਹੈ।

ਡਾ. ਪੁਆਰ ਦੀਆਂ ਅਜਿਹੀਆਂ ਸਫਲਤਾਵਾਂ ਦਾ ਅਨੁਮਾਨ ਤਾਂ ਪੜ੍ਹੇ-ਲਿਖੇ ਅਤੇ

www.sikhbookclub.com



ਉੱਚੀਆਂ ਪਦਵੀਆਂ ਉੱਤੇ ਬੈਠੇ ਲੋਕ ਹੀ ਲਾ ਸਕਦੇ ਹਨ। ਪਰ ਇਕ ਸਧਾਰਨ ਵਿਅਕਤੀ ਦਾ ਡਾ. ਪੁਆਰ ਬਾਰੇ ਕੀ ਖਿਆਲ ਹੈ, ਇਸ ਦਾ ਅੰਦਾਜ਼ਾ ਹੇਠ ਲਿਖੀ ਘਟਨਾ ਤੋਂ ਲਾਇਆ ਜਾ ਸਕਦਾ ਹੈ।

ਅਗਸਤ 1993 ਵਿਚ ਡਾ. ਪੁਆਰ ਨੇ ਸਿੰਡੀਕੇਟ ਦੀ ਮਨਜ਼ੂਰੀ ਨਾਲ ਪੰਜਾਂ ਵਿਦਵਾਨਾਂ ਨੂੰ ਆਜੀਵਨ ਫ਼ੈਲੋਸ਼ਿਪ ਦਿੱਤੀ। ਮੈਨੂੰ ਵਿਦਵਾਨ ਹੋਣ ਦੀ ਗ਼ਲਤ-ਫ਼ਹਿਮੀ ਨਹੀਂ, ਪਰ ਮੇਰਾ ਨਾਮ ਵੀ ਇਹਨਾਂ ਪੰਜਾਂ ਵਿਚ ਸ਼ਾਮਿਲ ਸੀ। ਜਦੋਂ ਮੈਂ ਆਪਣੀ ਘਰਵਾਲੀ ਨੂੰ ਇਹ ਖ਼ੁਸ਼ਖ਼ਬਰੀ ਸੁਣਾਉਂਦਿਆਂ ਦੱਸਿਆ, "ਵਾਈਸ-ਚਾਂਸਲਰ ਸਾਹਿਬ ਨੇ ਸਾਨੂੰ ਲਾਈਫ਼ ਫੈਲੋਸ਼ਿਪ ਦੇ ਦਿੱਤੀ ਹੈ", ਤਾਂ ਖ਼ੁਸ਼ੀ ਪ੍ਰਗਟਾਉਂਦਿਆਂ ਉਸ ਨੇ ਉੱਤਰ ਦਿੱਤਾ, "ਬੜੀ ਮਿਹਰਬਾਨੀ ਹੈ ਵਾਈਸ-ਚਾਂਸਲਰ ਸਾਹਿਬ ਦੀ, ਪਰ ਮੈਨੂੰ ਤਾਂ ਵਾਈਸ-ਚਾਂਸਲਰ ਦਾ ਉਹ ਉਪਕਾਰ ਨਹੀਂ ਭੁਲਦਾ ਜਦੋਂ ਹੜ੍ਹਾਂ ਦੇ ਦਿਨੀਂ ਉਹਦੀ ਆਪਣੀ ਕੋਠੀ ਪਾਣੀ ਨਾਲ ਭਰੀ ਹੋਈ ਸੀ ਤੇ ਵੀ. ਸੀ. ਖ਼ੁਦ ਗੋਡੇ-ਗੋਡੇ ਪਾਣੀ ਵਿਚੋਂ ਦੀ ਲੰਘ ਕੇ ਸਾਡਾ ਹਾਲ-ਚਾਲ ਪੁਛਣ ਆਇਆ ਸੀ।"

ਮੈਂ ਡਾ. ਪੁਆਰ ਬਾਰੇ ਇਹ ਕੁਝ ਲਾਈਨਾਂ ਇਸ ਲਈ ਲਿਖੀਆਂ ਹਨ, ਕਿਉਂਕਿ ਡਾ. ਪੁਆਰ ਵੀ ਗੰਜੀ ਬਾਰ ਦਾ ਜੰਮ-ਪਲ ਹੈ। ਸਾਨੂੰ ਮਾਣ ਹੈ ਗੰਜੀ ਬਾਰ ਦੇ ਅਜਿਹੇ ਵਸਨੀਕਾਂ ਤੇ। ਵਸਦੀ-ਰੱਸਦੀ ਰਹੇ ਗੰਜੀ ਬਾਰ ਤੇ ਉੱਚੀਆਂ ਸਿਖਰਾਂ ਛੂੰਹਦੇ ਰਹਿਣ ਤੇ ਮਹਿਕਾਂ ਵੰਡਦੇ ਰਹਿਣ ਗੰਜੀ ਬਾਰ ਦੇ ਉੱਜੜੇ ਵਸਨੀਕ।

www.sikhbookclub.com

25

# ਗੰਜੀ ਬਾਰ ਦੇ ਜਾਂਗਲੀ

ਗੰਜੀ ਬਾਰ ਦੇ ਜੱਦੀ ਵਸਨੀਕ ਮੁਸਲਮਾਨਾਂ ਨੂੰ ਸਾਡੇ ਲੋਕ 'ਜਾਂਗਲੀ' ਕਹਿੰਦੇ ਸਨ। ਉਹਨਾਂ ਨੂੰ ਇਹ ਉਪਾਧੀ (ਜਾਂਗਲੀ) ਇਸ ਲਈ ਨਹੀਂ ਸੀ ਮਿਲੀ ਕਿ ਉਹਨਾਂ ਵਿਚ ਜਾਂਗਲੀਪਣ ਵਾਲੇ ਕੋਈ ਲੱਛਣ ਸਨ, ਜਾਂ ਉਹ ਕੋਈ ਗੈਰਮੁਹਜ਼ੱਬ, ਉਜੱਡ ਲੋਕ ਸਨ, ਸਗੋਂ 'ਜਾਂਗਲੀ' ਉਹਨਾਂ ਨੂੰ ਇਸ ਲਈ ਕਿਹਾ ਜਾਂਦਾ ਸੀ, ਕਿਉਂਕਿ ਉਹ ਜੰਗਲਾਂ ਵਿਚ ਰਹਿਣ ਵਾਲੇ ਤਕਰੀਬਨ ਟੱਪਰੀਵਾਸ ਰਹਿਣੀ ਵਾਲੇ ਲੋਕ ਸਨ। ਅਸੀਂ ਪਿੱਛੇ ਵਿਚਾਰ ਆਏ ਹਾਂ ਕਿ ਸ਼ਬਦ 'ਬਾਰ' ਦਾ ਮੂਲ ਅਰਥ ਹੀ ਜੰਗਲ ਹੈ, ਇਸ ਲਈ ਬਾਰ ਦੇ ਵਸਨੀਕਾਂ ਦਾ ਨਾਮ 'ਜਾਂਗਲੀ' ਪੈ ਗਿਆ। ਇਹਨਾਂ ਵਿੱਚੋਂ ਕਈ ਮੁਸਲਮਾਨ ਦਰਿਆਵਾਂ ਦੇ ਲਾਗੇ-ਚਾਗੇ ਪੁਰਾਣੇ ਵੱਸਦੇ ਪਿੰਡਾਂ ਵਿਚ ਵੀ ਰਹਿੰਦੇ ਸਨ, ਪਰ ਜਾਂਗਲੀਆਂ ਦੇ ਭਰਾਅ, ਭਾਈ ਹੋਣ ਕਰਕੇ ਅਸੀਂ ਉਹਨਾਂ ਨੂੰ ਵੀ ਜਾਂਗਲੀ ਹੀ ਕਹਿੰਦੇ ਸਾਂ।

ਇਹ ਜਾਂਗਲੀ ਬੜੇ ਸਿੱਧੇ-ਸਾਦੇ, ਸਾਫ਼-ਦਿਲ ਮਿਲਨਸਾਰ ਤੇ ਸਬਰ-ਸੰਤੋਖ ਵਾਲੇ ਲੋਕ ਸਨ। ਆਪਣੇ ਵਿਤ ਅਨੁਸਾਰ ਪਰਾਹੁਣਚਾਰੀ ਕਰਨਾ ਇਹਨਾਂ ਦਾ ਸੁਭਾਅ ਬਣਿਆ ਹੋਇਆ ਸੀ। ਲੋੜਵੰਦ ਦੀ ਮਦਦ ਲਈ ਇਹ ਹਰ ਵੇਲੇ ਤਿਆਰ ਰਹਿੰਦੇ ਸਨ; ਜਿਸ ਨਾਲ ਮਿੱਤਰਤਾ ਹੋ ਜਾਵੇ ਉਸ ਲਈ ਸਭ ਕੁਝ ਵਾਰ ਦੇਣ ਲਈ ਹਾਜ਼ਰ ਸਨ। ਇਹਨਾਂ ਦੀ ਬਰਾਦਰੀ ਸਾਡੇ ਦੇਸ਼ ਦੀਆਂ ਪੁਰਾਣੀਆਂ ਰਵਾਇਤਾਂ ਮੁਤਾਬਕ ਚਲ ਰਹੀ ਸੀ। ਸਾਕਾਦਾਰੀਆਂ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਨਿਭਾਉਣਾ ਇਹਨਾਂ ਦਾ ਧਰਮ ਸੀ। ਸਾਕ ਇਹ ਨਜ਼ਦੀਕੀ ਰਿਸ਼ਤੇਦਾਰਾਂ ਵਿਚ ਕਰਦੇ ਸਨ। ਚਾਚੇ ਦੀ ਧੀ ਉੱਤੇ ਪਹਿਲਾ ਹੱਕ ਸਮਝਿਆ ਜਾਂਦਾ ਸੀ। ਜੇ ਕੋਈ ਚਾਚਾ ਆਪਣੇ ਭਤੀਜੇ ਨੂੰ ਆਪਣੀ ਧੀ ਨਾ ਦੇਣਾ ਚਾਹੇ ਤਾਂ ਸਮਝਿਆ ਜਾਂਦਾ ਸੀ ਕਿ ਭਤੀਜਾ ਨਾ-ਅਹਿਲ ਨੌਜਵਾਨ ਹੈ, ਤੇ ਜਾਂ ਫਿਰ ਚਾਚਾ ਬਰਾਦਰੀ ਵਿਚ ਰਹਿਣਯੋਗ ਨਹੀਂ।

ਇਹਨਾਂ ਦੀ ਰਹਿਣੀ ਬੜੀ ਸਾਦਾ ਸੀ। ਆਮ ਤੌਰ ਤੇ ਜੰਗਲਾਂ ਵਿਚ ਘੁੰਮਦੇ ਰਹਿੰਦੇ ਸਨ, ਜਿੱਥੇ ਕਿਤੇ ਪਾਣੀ ਮਿਲ ਜਾਵੇ ਓਥੇ ਝੁੱਗੀਆਂ ਪਾ ਲੈਣੀਆਂ। ਇਹਨਾਂ ਦਾ ਸਾਜ਼-ਸਮਾਨ ਹੁੰਦਾ ਸੀ ਕੁਝ ਮਿੱਟੀ ਦੇ ਭਾਂਡੇ, ਜਿਨ੍ਹਾਂ ਨੂੰ ਇਹ 'ਥਾਂ' ਕਹਿੰਦੇ ਸਨ, ਖਜੂਰ ਦੇ ਪੱਤਿਆਂ ਦੀਆਂ ਬਣੀਆਂ ਪੱਛੀਆਂ ਜਾਂ ਛਿੱਕੂ, ਕੁਝ ਸਿਆਲ ਵਿਚ ਵਰਤਣ ਵਾਲੇ ਜੁੱਲੇ ਤੇ ਕੁਝ ਲੋੜ ਵਾਲੇ ਸੰਦ। ਇਹਨਾਂ ਦੀ ਜਾਇਦਾਦ ਹੁੰਦੀ ਸੀ ਬੱਕਰੀਆਂ, ਭੇਡਾਂ ਤੇ ਊਠ। ਇਹ ਪਸੂ ਜੰਗਲਾਂ ਵਿਚ ਚਰਕੇ ਪਲਦੇ ਸਨ। ਬੱਕਰੀਆਂ ਭੇਡਾਂ ਦੀ ਉੱਨ ਵੇਚ ਕੇ, ਜਾਂ ਗੋਸ਼ਤ ਵਾਸਤੇ ਖੱਕਰੇ, ਛੱਤਰੇ ਵੇਚ ਕੇ ਘਰ ਦਾ ਕੰਮ ਚਲਾਉਣ ਲਈ ਚਾਰ ਪੈਸੇ ਵੱਟ ਲੈਂਦੇ ਸਨ। ਦੁੱਧ-ਘਿਓ ਤੇ ਗੋਸ਼ਤ ਇਹਨਾਂ ਦੀ ਆਮ ਖ਼ੁਰਾਕ ਸੀ, ਇਸ ਲਈ ਇਹ ਚੰਗੇ ਕੱਦ-ਆਵਰ ਜਵਾਨ

www.sikhbookclub.com



ਹੁੰਦੇ ਸਨ। ਸਾਰਾ-ਸਾਰਾ ਦਿਨ ਇੱਜੜਾਂ ਦੇ ਪਿੱਛੇ ਫਿਰਦੇ ਰਹਿਣ ਕਰਕੇ ਇਹਨਾਂ ਦੇ ਸਰੀਰ ਚੰਗੇ ਕਮਾਏ ਹੋਏ ਹੁੰਦੇ ਸਨ। ਲੰਮੇ-ਲੰਮੇ ਪੈਂਡੇ ਝਾਗਣਾ ਇਹਨਾਂ ਦਾ ਸੁਭਾਅ ਬਣਿਆ ਹੋਇਆ ਸੀ, ਕਿਉਂਕਿ ਇਹਨਾਂ ਦੀਆਂ ਬਹਿਕਾਂ ਕਾਫ਼ੀ ਦੂਰ-ਦੂਰ ਹੁੰਦੀਆਂ ਸਨ। ਘਰ ਦੀਆਂ ਲੋੜਾਂ ਖ਼ਰੀਦਣ ਲਈ ਵੀ ਇਹਨਾਂ ਨੂੰ ਲੰਮੀਆਂ ਮੰਜ਼ਲਾਂ ਮਾਰਨੀਆਂ ਪੈਂਦੀਆਂ ਸਨ।

ਊਠਾਂ ਵਾਲਿਆਂ ਨੂੰ 'ਡੱਖਣੇ' ਕਿਹਾ ਜਾਂਦਾ ਸੀ। ਇਹ ਵਪਾਰੀਆਂ ਦਾ ਸਮਾਨ ਊਠਾਂ ਤੇ ਲੱਦ ਕੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਸਨ। ਪੁਰਾਣੇ ਬਜ਼ੁਰਗ ਡੱਖਣੇ ਦੱਸਦੇ ਹੁੰਦੇ ਸਨ ਕਿ ਆਪਣੀ ਜਵਾਨੀ ਸਮੇਂ ਉਹ ਮੁਲਤਾਨ ਤੋਂ ਲਾਹੌਰ, ਜਾਂ ਮੁਲਤਾਨ ਤੋਂ ਦਿੱਲੀ ਤੱਕ ਵੀ ਜਾਂਦੇ ਰਹੇ ਸਨ। ਇਹ ਡੱਖਣੇ, ਆਮ ਤੌਰ, ਊਠਾਂ ਦੀਆਂ ਲੰਮੀਆਂ ਕਤਾਰਾਂ ਲੈ ਕੇ ਤੁਰਦੇ ਸਨ। ਇਕ ਊਠ ਦੀ ਮੁਹਾਰ ਅਗਲੇ ਊਠ ਦੇ ਪਿਛਲੇ ਪਾਸੇ ਬੱਧੀ ਹੁੰਦੀ ਸੀ; ਇਸ ਤਰ੍ਹਾਂ ਇਹ ਊਠ ਇਕ ਲੰਮੀ ਪਾਲ ਵਿਚ ਚੱਲਦੇ ਸਨ। ਇਕ ਡੱਖਣਾ ਮੂਹਰਲੇ ਊਠ ਉੱਤੇ ਬੈਠਾ ਹੁੰਦਾ ਸੀ, ਇਕ ਸਭ ਤੋਂ ਪਿਛਲੇ ਉੱਤੇ, ਅਤੇ ਬਾਕੀ ਜਿੰਨੇ ਹੋਣ, ਉਹ ਵਿਚਾਲੇ ਵਾਲੇ ਊਠਾਂ ਉੱਤੇ ਹੁੰਦੇ ਸਨ। ਸਫ਼ਰ ਆਮ ਤੌਰ ਤੇ ਰਾਤ ਨੂੰ ਕਰਦੇ ਸਨ, ਇਸ ਲਈ ਵਾਰੀ-ਵਾਰੀ ਇਕ ਜਣਾ ਜਾਗਦਾ ਰਹਿੰਦਾ ਸੀ ਤੇ ਗੀਤ ਗਾਉਂਦਾ ਰਹਿੰਦਾ ਸੀ। ਮੁਲਤਾਨੀ ਬੋਲੀ ਵਿਚ ਗੀਤਾਂ ਨੂੰ 'ਢੋਲੇ' ਆਖਿਆ ਜਾਂਦਾ ਹੈ। ਪਿਛਲੇ ਸਮੇਂ ਵਿਚ ਡੱਖਣਿਆਂ ਦਿਆਂ ਢੋਲਿਆਂ ਨੂੰ ਵੀ 'ਡੱਖਣੇ' ਹੀ ਕਿਹਾ ਜਾਂਦਾ ਸੀ, ਸ਼ਾਇਦ ਏਸੇ ਨਾਮ ਤੋਂ ਹੀ ਗੁਰੂ ਅਰਜਨ ਦੇਵ ਜੀ ਨੇ, ਆਪਣੀ ਮੁਲਤਾਨੀ ਭਾਸ਼ਾ ਵਿਚ ਰਚੀ ਬਾਣੀ ਦਾ ਨਾਮ 'ਡੱਖਣੇ' ਰੱਖਿਆ ਹੈ।

ਜਾਂਗਲੀਆਂ ਦੇ ਢੋਲੇ ਬੜੇ ਪਿਆਰੇ ਤੇ ਮਿੱਠੇ ਗੀਤ ਹੁੰਦੇ ਹਨ, ਸ਼ਾਇਦ ਇਹ ਕਹਿਣਾ ਗ਼ਲਤ ਨਾ ਹੋਵੇ ਕਿ ਮੁਲਤਾਨੀ-ਝਾਂਗੀ ਦੇ ਢੋਲਿਆਂ ਦੇ ਮੁਕਾਬਲੇ ਦੇ ਲੋਕ-ਗੀਤ ਹੋਰ ਕਿਸੇ ਭਾਸ਼ਾ ਵਿਚ ਨਹੀਂ ਮਿਲਦੇ। ਮੇਲਿਆਂ-ਮੁਸ਼ਾਹਦਿਆਂ ਤੇ ਢੋਲੇ ਲਾਉਣ ਵਾਲਿਆਂ ਦੇ ਪਿੜ ਬੱਝਦੇ ਸਨ, ਸ਼ਾਇਰ ਲੋਕ ਵਾਰੀ-ਵਾਰੀ ਉਠ ਕੇ ਢੋਲੇ ਸੁਣਾਉਂਦੇ ਸਨ। ਸ੍ਰੋਤੇ 'ਵਾਹ-ਵਾਹ' ਕਰ ਉਠਦੇ ਸਨ। ਬਾਰਾਂ ਦੇ ਢੋਲਿਆਂ ਦਾ ਇਕ ਵਿਸ਼ੇਸ਼ ਗੁਣ ਇਹ ਸੀ, ਕਿ ਇਹਨਾਂ ਵਿਚ ਸਦਾਚਾਰ ਤੋਂ ਗਿਰਿਆ ਹੋਇਆ ਜਾਂ ਅਸ਼ਲੀਲਤਾ ਦੀ ਸੀਮਾ ਵਿਚ ਆਉਣ ਵਾਲਾ ਕੋਈ ਅੰਸ਼ ਨਹੀਂ ਸੀ ਹੁੰਦਾ।

ਝੂਮਰ ਤੇ ਲੁੱਡੀ ਇਹਨਾਂ ਦੇ ਪ੍ਰਸਿੱਧ ਲੋਕ-ਨਾਚ ਸਨ, ਪਰ ਇਹਨਾਂ ਦਾ ਪ੍ਰਗਟਾਵਾ ਕਿਤੇ ਮੇਲਿਆਂ ਜਾਂ ਵਿਆਹ-ਸ਼ਾਦੀਆਂ ਤੇ ਹੀ ਹੁੰਦਾ ਸੀ। ਝੂਮਰ ਨਾਲ ਵਿਸ਼ੇਸ਼ ਪ੍ਰਕਾਰ ਦੇ ਗੀਤ (ਢੋਲੇ) ਗਾਏ ਜਾਂਦੇ ਸਨ। ਉਦਾਹਰਨ ਵੇਖਿਆ ਜਾਵੇ :

ਮੈਂ ਜੂ ਤੈਨੂੰ ਆਖਿਆ
ਮਾਹੀ ਥਲ ਵਿਚ ਬੰਗਲਾ ਪਵਾ ਭਲਾ,
ਨਿੱਕੀਆਂ-ਨਿੱਕੀਆਂ ਬਾਰੀਆਂ
ਮਾਹੀ ਪੱਛੋਂ ਦੀ ਲੱਗੇ ਹਵਾ ਭਲਾ।
ਮੈਂ ਜੂ ਤੈਨੂੰ ਆਖਿਆ
ਮਾਹੀ ਥਲ ਵਿਚ ਖੂਹਾ ਲਵਾ ਭਲਾ,

www.sikhbookclub.com



ਡਾਚੀਆਂ ਤਾਂ ਪਾਣੀ ਪੀ ਗਈਆਂ
ਮਾਹੀ ਤੋੜੇ ਤਾਂ ਦੇਨੀਂ ਦੁਆ ਭਲਾ ।

ਜਾਂਗਲੀਆਂ ਦੀ ਸਭ ਤੋਂ ਪ੍ਰਸਿੱਧ ਖੇਡ ਸੀ 'ਪਿੜਧੋਂਦਾ'। ਇਹ ਖੇਡ ਸਾਡੀ ਪੁਰਾਣੀ ਸੌਂਚੀ ਨਾਲ ਮਿਲਦੀ ਜੁਲਦੀ ਸੀ ਤੇ ਇਸ ਲਈ ਜਾਂਗਲੀਆਂ ਵਿਚ ਬੜਾ ਉਤਸ਼ਾਹ ਹੁੰਦਾ ਸੀ। ਪਿੜਧੋਂਦੇ ਦੇ ਮੁਕਾਬਲੇ ਦੀ ਤਾਰੀਖ ਕਾਫ਼ੀ ਸਮਾਂ ਪਹਿਲਾਂ ਮੁਕੱਰਰ ਕਰ ਲਈ ਜਾਂਦੀ ਸੀ ਤੇ ਸਾਰੇ ਇਲਾਕੇ ਨੂੰ ਖ਼ਬਰ ਕਰ ਦਿੱਤੀ ਜਾਂਦੀ ਸੀ। ਇਸ ਨੂੰ 'ਖੇਡ ਪਵਣੀ' ਕਿਹਾ ਜਾਂਦਾ ਸੀ। 'ਖੇਡ ਪਵਣ' ਵਾਲੇ ਦਿਹਾੜੇ ਮੁਕੱਰਰ ਕੀਤੇ ਥਾਂ ਉੱਤੇ ਮੁਲਖਈਆ ਇਕੱਠਾ ਹੋ ਜਾਂਦਾ ਸੀ। ਵਿਚਾਲੇ ਬੜਾ ਖੁੱਲ੍ਹਾ ਪਿੜ ਰੱਖਿਆ ਜਾਂਦਾ ਸੀ ਤੇ ਚੁਫੇਰੇ ਦੂਰ-ਦੂਰ ਤੋਂ ਆਏ ਤਮਾਸ਼ਬੀਨ ਖੜੇ ਹੁੰਦੇ ਸਨ; ਜਿਹੜੇ ਲੋਕ ਊਠਾਂ ਤੇ ਚੜ੍ਹ ਕੇ ਆਉਂਦੇ ਸਨ, ਉਹ ਊਠਾਂ ਤੇ ਬੈਠੇ ਹੀ ਵੇਖਦੇ ਸਨ। ਮੁਕਾਬਲੇ ਵਾਲੀਆਂ ਟੀਮਾਂ ਪਿੜ ਦੇ ਵਿਰੋਧੀ ਪਾਸਿਆਂ ਤੇ ਖੜੀਆਂ ਹੁੰਦੀਆਂ ਸਨ। ਇਕ ਟੀਮ ਦੇ ਦੋ ਗੱਭਰੂ ਨਿਕਲਦੇ ਸਨ, ਤੇ ਵਿਰੋਧੀ ਟੀਮ ਦਾ ਇਕ। ਇਹ ਗਲੋਂ ਨੰਗੇ ਹੁੰਦੇ ਸਨ, ਤੇੜ ਆਮ ਤੌਰ ਤੇ, ਲਾਂਗੜ ਕੱਢੀ ਚਾਦਰ ਹੁੰਦੀ ਸੀ, ਜਿਸ ਨੂੰ ਇਹ ਮਝਲੀ ਆਖਦੇ ਸਨ। ਸਿਰ ਤੇ ਤਕਰੀਬਨ ਢਾਈ ਗਜ਼ ਦਾ ਪਟਕਾ, ਜਿਸ ਦੇ ਸਿਰ ਦਵਾਲੇ ਤਿੰਨ ਵਲ ਆਉਂਦੇ ਸਨ। ਪਿੜ ਵਿਚ ਉਤਰਨ ਵਾਲੇ ਗੱਭਰੂਆਂ ਦੇ ਸਿਰ ਤੇ ਪਟਕਾ ਜ਼ਰੂਰ ਹੁੰਦਾ ਸੀ, ਭਾਵੇਂ ਇਹ ਪਟਕਾ ਛੇਤੀ ਹੀ ਡਿਗ ਪੈਂਦਾ ਸੀ। ਇਹ ਗੱਭਰੂ 'ਯਾ ਅਲੀ' ਦਾ ਨਾਹਰਾ ਲਾ ਕੇ ਪਿੜ ਵਿਚ ਉਤਰਦੇ ਸਨ। ਜਿਹੜਾ ਇਕੱਲਾ ਹੁੰਦਾ ਸੀ ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਦੋਂਹ ਵਿਰੋਧੀ ਜਵਾਨਾਂ ਨੂੰ ਤਿੰਨ ਧੱਫੇ ਮਾਰ ਕੇ ਬਚ ਕੇ ਨਿਕਲ ਜਾਵੇ। ਦੋਂਹ ਵਿੱਚੋਂ ਹਰ ਇਕ ਨੂੰ ਇਕ ਧੱਫਾ ਜ਼ਰੂਰ ਵੱਜਣਾ ਚਾਹੀਦਾ ਸੀ। ਦੂਜਿਆਂ ਦੋਂਹ ਨੇ ਧੱਫਾ ਮਾਰਨ ਵਾਲੇ ਨੂੰ ਫੜਨਾ ਹੁੰਦਾ ਸੀ। ਜੇ ਧੱਫਾ ਮਾਰਨ ਵਾਲਾ ਤਿੰਨ ਧੱਫੇ ਮਾਰ ਕੇ ਨਿਕਲ ਜਾਵੇ ਤਾਂ ਉਹ ਜਿੱਤਿਆ, ਪਰ ਅਜਿਹੇ ਜੇਤੂ ਮੈਂ ਬਹੁਤ ਘੱਟ ਵੇਖੇ। ਕਦੇ ਕੋਈ ਵਿਰਲਾ ਹੀ ਜਵਾਨ ਜੇਤੂ ਸਿੱਧ ਹੁੰਦਾ ਸੀ ਤੇ ਜਿੱਤ-ਹਾਰ ਦਾ ਫ਼ੈਸਲਾ ਇਹਨਾਂ ਧੱਫਾ ਮਾਰਨ ਵਾਲੇ ਜਵਾਨਾਂ ਦੀ ਜਿੱਤ ਦੇ ਆਧਾਰ ਤੇ ਹੀ ਹੁੰਦਾ ਸੀ।

ਵੀਣੀ ਫੜਨਾ ਇਕ ਹੋਰ ਜ਼ੋਰ-ਅਜ਼ਮਾਈ ਦਾ ਮੁਕਾਬਲਾ ਸੀ, ਇਸ ਨੂੰ ਜਾਂਗਲੀ 'ਗਿਥਣੀ ਨੱਪਣਾ' ਕਹਿੰਦੇ ਸਨ। ਕਿਤੇ-ਕਿਤੇ ਘੁਲਣ ਵਾਲੇ ਗੱਭਰੂ ਜਾਂਗਲੀ ਵੀ ਨਿਕਲ ਆਉਂਦੇ ਸਨ, ਪਰ ਬਹੁਤ ਘੱਟ।

ਬਾਰ ਦੇ ਜਾਂਗਲੀ ਸ਼ਰਾਬ ਬਿਲਕੁਲ ਨਹੀਂ ਸਨ ਪੀਂਦੇ। ਰੋਜ਼ੇ, ਨਮਾਜ਼ ਦੇ ਪੱਕੇ ਸਨ, ਪਰ ਤੁਅੱਸਬੀ ਬਿਲਕੁਲ ਨਹੀਂ ਸਨ। ਸਾਡੇ ਨਾਲ ਉਹਨਾਂ ਦੇ ਬੜੇ ਚੰਗੇ ਤੁਅਲਕਾਤ ਰਹੇ। ਜਦੋਂ ਅਸੀਂ ਓਥੇ ਗਏ, ਉਦੋਂ ਉਹਨਾਂ ਨੇ ਸਾਡੀ ਬੜੀ ਮਦਦ ਕੀਤੀ ਤੇ ਜਦੋਂ ਅਸੀਂ ਉਥੋਂ ਨਿਕਲਣ ਲੱਗੇ, ਉਹਨਾਂ ਨੇ ਸਾਨੂੰ ਰੋ-ਰੋ ਕੇ ਤੋਰਿਆ।

ਚੋਰੀ ਕਰਨਾ ਜਾਂਗਲੀਆਂ ਲਈ ਇਕ ਕਸਬ ਸੀ। ਕਈ ਕਬੀਲੇ ਅਜਿਹੇ ਵੀ ਸਨ, ਜਿਹਨਾਂ ਵਿਚ ਇਕ ਅਜੀਬ ਰਿਵਾਜ ਸੀ—ਜਦੋਂ ਤਕ ਮੁੰਡਾ ਕੋਈ ਚੋਰੀ ਕਰਕੇ ਨਾ ਲਿਆਵੇ, ਓਨਾ ਚਿਰ ਉਹ ਸਿਰ ਤੇ ਪੱਟਕਾ ਨਹੀਂ ਸੀ ਬੰਨ੍ਹ ਸਕਦਾ। ਪਰ ਸਾਡੇ ਲਾਗੇ-ਚਾਗੇ ਦੇ ਜਾਂਗਲੀਆਂ ਵਿਚ ਚੋਰੀ ਦੀ ਵਬਾ ਦੇ ਚਿੰਨ੍ਹ ਸਾਨੂੰ ਘੱਟ ਹੀ ਨਜ਼ਰ ਆਏ। ਛੱਬੀਆਂ ਵਰ੍ਹਿਆਂ

www.sikhbookclub.com



ਦੇ ਸਮੇਂ ਵਿਚ ਸਾਡੇ ਪਿੰਡ ਸਿਰਫ ਦੋ ਚੋਰੀਆਂ ਹੋਈਆਂ। ਇਕ ਵਾਰੀ ਬਾਬੇ ਦਾਲੇ ਦੀ ਹੱਟੀ ਸੰਨ੍ਹ ਲਾ ਕੇ ਭੰਨੀ ਤੇ ਦੂਜੀ ਵਾਰ ਹੌਲਦਾਰ ਕੇਸਰ ਸਿੰਘ ਦੀ ਜੋਗ ਚੁਰਾਈ ਗਈ। ਅਸਲ ਵਿਚ ਜਾਂਗਲੀ ਵਧੇਰੇ ਮਾਲ-ਡੰਗਰ ਦੀ ਚੋਰੀ ਹੀ ਕਰਦੇ ਸਨ। ਜੇ ਜਾਂਗਲੀ ਚੋਰੀ ਕਰਨ ਵਿਚ ਮਾਹਿਰ ਸਨ ਤਾਂ ਖੁਰਾ ਕੱਢਣ ਵਿਚ ਵੀ ਕਾਮਲ ਸਨ। ਜਦੋਂ ਹੌਲਦਾਰ ਕੇਸਰ ਸਿੰਘ ਦੇ ਬੱਲਦ ਚੁਰਾਏ ਗਏ, ਖੋਜੀ ਜਾਂਗਲੀ ਤੀਹ ਕੋਹ ਬਲ੍ਹਦਾਂ ਦਾ ਤੇ ਚੋਰ ਦਾ ਖੁਰਾ ਕੱਢਦੇ ਠੀਕ ਟਿਕਾਣੇ ਤੇ ਜਾ ਪੁੱਜੇ। ਜਦੋਂ ਖੁਰਾ ਕਿਸੇ ਪਿੰਡ ਵਿਚ ਜਾ ਵੜੇ ਤਾਂ ਪਿੰਡ ਵਾਲਿਆਂ ਦਾ ਫ਼ਰਜ਼ ਸੀ ਕਿ ਜਾਂ ਮਾਲ ਦੇਣ ਜਾਂ ਫੇਰ ਖੁਰਾ ਪਿੰਡ ਵਿਚੋਂ ਬਾਹਰ ਜਾਂਦਾ ਵਿਖਾਉਣ। ਹੌਲਦਾਰ ਕੇਸਰ ਸਿੰਘ ਦੇ ਬਲ੍ਹਦ ਚੁਰਾਉਣ ਵਾਲੇ ਨੇ ਬੜੀ ਦਲੇਰੀ ਨਾਲ ਮੰਨਿਆ ਕਿ ਚੋਰੀ ਮੈਂ ਕੀਤੀ ਹੈ। ਉਸ ਨੇ ਪੂਰੇ ਵੇਰਵੇ ਦਿੱਤੇ ਕਿ ਮੈਂ ਕਿੰਝ ਬਲ੍ਹਦ ਚੁਰਾ ਕੇ ਲਿਆਇਆ ਹਾਂ। ਉਸ ਨੇ ਬਲ੍ਹਦਾਂ ਦੀ ਜੋਗ ਅੱਗੇ ਇਕ ਮੁਸਲਮਾਨ ਮਹੁਰ ਨੂੰ ਦਿੱਤੀ ਸੀ, ਜਿਹੜਾ ਰੱਸਾ ਲੈਂਦਾ ਸੀ। ਅਫਸੋਸ ਕਿ ਵਾਹਰ ਨਾਲ ਗਏ ਸਾਡੇ ਆਪਣੇ ਆਗੂ ਈਮਾਨਦਾਰ ਸਿੱਧ ਨਾ ਹੋਏ ਤੇ ਹੌਲਦਾਰ ਦੇ ਬਲ੍ਹਦ ਨਾ ਮੁੜੇ।

ਖੇਤੀ ਕਰਨ ਦਾ ਜਾਂਗਲੀਆਂ ਨੂੰ ਚੱਜ ਨਹੀਂ ਸੀ, ਇਹ ਕਿੱਤਾ ਉਹਨਾਂ ਸਾਡੇ ਲੋਕਾਂ ਤੋਂ ਹੀ ਸਿੱਖਿਆ, ਫੇਰ ਵੀ ਲੰਮਾ ਸਮਾਂ ਸਾਡੇ ਨਾਲ ਰਹਿਣ ਪਿੱਛੋਂ ਵੀ ਉਹ ਖੇਤੀ ਵਿਚ ਸਾਡੇ ਲੋਕਾਂ ਜਿੰਨੇ ਕਾਮਯਾਬ ਨਾ ਹੋਏ। ਜਾਂਗਲੀਆਂ ਦਾ ਵਰਤੋਂ-ਵਿਹਾਰ ਲੈਣ-ਦੇਣ ਸਭ ਜ਼ਬਾਨੀ ਹੁੰਦਾ ਸੀ, ਕੋਈ ਲਿਖਤ-ਪੜ੍ਹਤ ਨਹੀਂ ਸੀ ਹੁੰਦੀ। ਝਗੜਿਆਂ, ਸ਼ਕਾਇਤਾਂ, ਵਿਵਾਦਾਂ ਦੇ ਫ਼ੈਸਲੇ ਪੰਚਾਇਤ ਕਰਦੀ ਸੀ, ਕਚਹਿਰੀਆਂ ਵਿਚ ਇਹ ਲੋਕ ਨਹੀਂ ਸਨ ਜਾਂਦੇ।

ਜਾਂਗਲੀ ਪੜ੍ਹੇ-ਲਿਖੇ ਘੱਟ ਹੀ ਹੁੰਦੇ ਸਨ। ਕੋਈ ਵਿਰਲਾ-ਵਾਂਝਾ ਮੁੰਡਾ (ਜਾਂ ਕੁੜੀ) ਪਿੰਡ ਦੇ ਮੌਲਵੀ ਤੋਂ ਕੁਰਾਨ ਸ਼ਰੀਫ ਪੜ੍ਹਨ ਦਾ ਕੁਝ ਅਭਿਆਸ ਕਰ ਲੈਂਦਾ ਸੀ। ਇਹ ਅਨਪੜ੍ਹ ਤੇ ਸਾਦ-ਮੁਰਾਦੇ ਲੋਕ ਆਪਣੀ ਪੁਰਾਣੀ ਰਹਿਣੀ ਨੂੰ ਸੰਭਾਲੀ ਆ ਰਹੇ ਸਨ ਅਤੇ ਉਹਨਾਂ ਨੂੰ ਆਪਣੇ ਇਸ 'ਸਭਿਆਚਾਰ' ਉੱਤੇ ਫ਼ਖ਼ਰ ਸੀ।

www.sikhbookclub.com

# 26
# ਗੰਜੀ ਬਾਰ ਦੀ ਵਿਉਂਤਬੰਦੀ

ਗੰਜੀ ਬਾਰ ਬਾਰੇ ਜਾਂ ਪੰਜਾਬ ਦੀ ਕਿਸੇ ਵੀ ਬਾਰ ਬਾਰੇ ਲਿਖਦਿਆਂ ਇਹਨਾਂ ਬਾਰਾਂ ਦੀ ਡੌਲ-ਜੁਗਤ ਦਾ ਵਿਵਰਨ ਦੇਣਾ ਬੜਾ ਜ਼ਰੂਰੀ ਜਾਪਦਾ ਹੈ। ਬਾਰਾਂ ਦੇ ਚੱਕਾਂ (ਪਿੰਡਾਂ) ਦੀ ਵਿਉਂਤਬੰਦੀ ਤਾਂ ਸੰਸਾਰ ਦੇ ਕਿਸੇ ਵੀ ਦੇਸ਼ ਦੇ ਪਿੰਡਾਂ ਲਈ ਇਕ ਮਾਡਲ ਪੇਸ਼ ਕਰਦੀ ਸੀ। ਮੈਂ ਧੰਨਵਾਦੀ ਹਾਂ ਆਪਣੇ ਮਿੱਤਰ ਡਾ. ਪਰਕਾਸ਼ ਸਿੰਘ ਜੰਮੂ ਦਾ, ਜਿਹਨਾਂ ਨੇ ਮੈਨੂੰ ਬਾਰਾਂ ਦਾ ਮੁਹਾਂਦਰਾ ਉਘਾੜਨ ਵਾਲੇ ਇਸ ਪੱਖ ਸੰਬੰਧੀ ਵਿਸਤਾਰ ਨਾਲ ਲਿਖਣ ਦੀ ਪ੍ਰੇਰਨਾ ਦਿੱਤੀ। ਡਾ. ਜੰਮੂ ਖੁਦ ਸਾਂਦਲ ਬਾਰ ਦੇ ਪੁਰਾਣੇ ਵਸਨੀਕ ਹਨ। ਪੰਜਾਬ ਦੀਆਂ ਸਾਰੀਆਂ ਬਾਰਾਂ ਦੇ ਪਿੰਡਾਂ ਦੀ ਵਿਉਂਤਬੰਦੀ ਤਕਰੀਬਨ ਇਕੋ ਜਿਹੀ ਸੀ, ਪਰ ਮੈਂ ਏਥੇ ਗੰਜੀ ਬਾਰ ਦੇ ਪਿੰਡਾਂ ਦੀ ਰੂਪ-ਰੇਖਾ ਹੀ ਪੇਸ਼ ਕਰਾਂਗਾ, ਕਿਉਂਕਿ ਇਹਨਾਂ ਬਾਰੇ ਮੈਨੂੰ ਨਿੱਜੀ ਜਾਣਕਾਰੀ ਹੈ।

ਗੰਜੀ ਬਾਰ (ਬਲਕਿ ਕਿਸੇ ਵੀ ਬਾਰ) ਦੇ ਪਿੰਡਾਂ ਵਿਚ ਗਲੀਆਂ ਨਹੀਂ ਸਨ ਹੁੰਦੀਆਂ, ਸਗੋਂ ਖੁੱਲ੍ਹੀਆਂ ਸੜਕਾਂ ਹੁੰਦੀਆਂ ਸਨ। ਇਹ ਸੜਕਾਂ ਏਨੀਆਂ ਚੌੜੀਆਂ ਹੁੰਦੀਆਂ ਸਨ ਕਿ ਲੱਦੇ-ਲਦਾਏ ਦੋ ਗੱਡੇ ਆਸਾਨੀ ਨਾਲ ਇਕੋ ਵੇਲੇ ਲੰਘ ਸਕਦੇ ਸਨ। ਸਾਰੀਆਂ ਸੜਕਾਂ ਦੀ ਚੌੜਾਈ ਬਰਾਬਰ ਹੁੰਦੀ ਸੀ। ਪਿੰਡ ਦੀਆਂ ਦੋ ਮੁੱਖ ਸੜਕਾਂ ਇਕ ਦੂਜੀ ਨੂੰ ਨੱਬੇ ਡਿਗਰੀ ਦੇ ਕੋਣ ਤੇ ਕੱਟਦੀਆਂ ਹੋਈਆਂ, ਚਹੁੰ ਪਾਸੀਂ ਪਿੰਡ ਦੀ ਹੱਦ ਤਕ ਪਹੁੰਚਦੀਆਂ ਸਨ। ਜਿੱਥੇ ਇਹ ਸੜਕਾਂ ਕੱਟਦੀਆਂ ਸਨ, ਉਹ ਪਿੰਡ ਦਾ ਵੱਡਾ ਚੌਂਕ ਹੁੰਦਾ ਸੀ, ਜਿਸ ਵਿਚ ਪਿੰਡ ਦਾ ਸਾਂਝਾ ਖੂਹ ਹੁੰਦਾ ਸੀ। ਏਸ ਚੌਂਕ ਦੀਆਂ ਚਹੁੰ ਨੁੱਕਰਾਂ ਵਿਚੋਂ ਹਰੇਕ ਤੇ ਦੋ-ਦੋ ਦੁਕਾਨਾਂ ਹੁੰਦੀਆਂ ਸਨ—ਵੱਡੀ ਦੁਕਾਨ ਇਕ ਕਨਾਲ ਦੀ ਤੇ ਛੋਟੀ ਅੱਧੀ ਕਨਾਲ ਦੀ। ਅੱਧੀ-ਅੱਧੀ ਕਨਾਲ ਦੀਆਂ ਦੁਕਾਨਾਂ ਬਣਾਉਣ ਨਾਲ ਚੌਂਕ ਬੜਾ ਖੁੱਲ੍ਹਾ ਰਹਿ ਜਾਂਦਾ ਸੀ। ਇਹਨਾਂ ਵਿਚੋਂ ਇਕ ਵੱਡੀ ਦੁਕਾਨ ਵਾਲੀ ਥਾਂ ਤੇ ਗੁਰਦਵਾਰਾ, ਮਸਜਿਦ ਆਦਿ ਧਰਮ ਸਥਾਨ ਬਣਾ ਲਿਆ ਜਾਂਦਾ ਸੀ ਤੇ ਇਕ ਹੋਰ ਦੁਕਾਨ ਆਮ ਪਿੰਡਾਂ ਵਿਚ ਪਟਵਾਰਖਾਨਾ ਜਾਂ ਡੇਰਾ ਬਣਾਉਣ ਲਈ ਰੱਖੀ ਜਾਂਦੀ ਸੀ।

ਦੁਕਾਨਾਂ ਤੋਂ ਅੱਗੇ ਸੜਕਾਂ ਤੇ ਦੋਂਹ ਪਾਸੀਂ ਰਿਹਾਇਸ਼ੀ ਹਾਤੇ ਹੁੰਦੇ ਸਨ। 'ਹਾਤਾ' ਮੂਲ ਅਰਬੀ ਲਫ਼ਜ 'ਇਹਾਤਹ' ਦਾ ਬੋਲ-ਚਾਲ ਵਿਚ ਵਰਤਿਆ ਜਾਣ ਵਾਲਾ ਰੂਪ ਸੀ। ਹਰ ਹਾਤਾ ਦੋ ਕਨਾਲ ਦਾ ਹੁੰਦਾ ਸੀ ਅਤੇ ਕਨਾਲ ਓਧਰ 605 ਵਰਗ ਗਜ਼ ਦੀ ਰੱਖੀ ਜਾਂਦੀ ਸੀ। ਜਿੰਨੇ ਕਿਸੇ ਵਿਅਕਤੀ ਦੇ ਮੁਰੱਬੇ ਹੋਣ, ਓਨੇ ਹੀ ਉਸ ਨੂੰ ਹਾਤੇ ਮਿਲਦੇ ਸਨ, ਪਰ ਘੋੜੀ ਪਾਲ ਤੇ ਲੰਬਰਦਾਰੀ ਦੇ ਮੁਰੱਬਿਆਂ ਲਈ ਹਾਤੇ ਨਹੀਂ ਸਨ ਦਿੱਤੇ ਜਾਂਦੇ। ਵਿਚਕਾਰਲੀਆਂ ਸੜਕਾਂ ਦੇ ਦੁਵੱਲੀ ਬਣੇ ਹਾਤਿਆਂ ਦੇ ਪਿਛਵਾੜੇ ਹਾਤਿਆਂ ਦੀ ਦੂਜੀ ਲਾਈਨ ਚਲਦੀ ਸੀ ਤੇ

www.sikhbookclub.com



ਇਹਨਾਂ ਹਾਤਿਆਂ ਦੇ ਸਾਹਮਣੇ ਫੇਰ ਸੜਕਾਂ ਹੁੰਦੀਆਂ ਸਨ। ਹਰ ਸੜਕ ਦੂਜੀ ਸੜਕ ਨੂੰ ਨੱਬੇ ਡਿਗਰੀ ਦਾ ਕੋਣ ਬਣਾਉਂਦੀ ਮਿਲਦੀ ਸੀ। ਇੰਝ ਪਿੰਡ ਦੀਆਂ ਸਾਰੀਆਂ ਸੜਕਾਂ ਬਿਲਕੁੱਲ ਸਿੱਧੀਆਂ ਹੁੰਦੀਆਂ ਸਨ ਤੇ ਹਾਤੇ ਠੀਕ ਇਕ ਲਾਈਨ ਵਿਚ ਹੁੰਦੇ ਸਨ। ਹਰ ਪਿੰਡ ਦੇ ਹਾਤਿਆਂ ਦੇ ਆਪਣੇ ਨੰਬਰ ਹੁੰਦੇ ਸਨ, ਜੋ ਇਕ ਖਾਸ ਤਰਤੀਬ ਨਾਲ ਦਿੱਤੇ ਜਾਂਦੇ ਸਨ। ਪਿੰਡ ਦੇ ਕੰਮੀਆਂ ਦੇ ਹਾਤੇ ਪਿੰਡ ਦੀ ਇਕ ਬਾਹੀ ਤੇ ਵੱਖਰੀ ਲਾਈਨ ਵਿਚ ਹੁੰਦੇ ਸਨ। ਹਰ ਕੰਮੀ ਨੂੰ ਅੱਧਾ ਹਾਤਾ ਦਿੱਤਾ ਜਾਂਦਾ ਸੀ।

ਹਰ ਪਿੰਡ ਦੇ ਚੁਫੇਰੇ ਖੁੱਲੀ ਚਰਾਂਦ ਛੱਡੀ ਜਾਂਦੀ ਸੀ, ਜਿਸ ਨੂੰ ਗੰਜੀ ਬਾਰ ਵਿਚ 'ਚਰਾਗਾ' (ਪੁਲਿੰਗ) ਕਿਹਾ ਜਾਂਦਾ ਸੀ, ਪਰ ਸਾਂਦਲ ਬਾਰ ਵਿਚੋਂ ਆਏ ਇਕ ਵਿਦਵਾਨ ਨੇ ਦੱਸਿਆ ਹੈ ਕਿ ਉਧਰ ਇਹ ਨਾਂਵ ਇਸਤਰੀ ਲਿੰਗ ਵਿਚ ਵਰਤਿਆ ਜਾਂਦਾ ਸੀ। ਏਸੇ ਚਰਾਗੇ ਵਿਚ ਹੁੰਦੀਆਂ ਸਨ ਪਿੰਡ ਦੀਆਂ ਦੋ ਜਾਂ ਵਧੇਰੇ ਡਿੱਘੀਆਂ। ਜੇ ਪਿੰਡ ਵਿਚ ਕੋਈ ਸਕੂਲ ਹੋਵੇ ਜਾਂ ਸਰਕਾਰੀ ਡਿਸਪੈਂਸਰੀ ਹੋਵੇ ਤਾਂ ਉਹ ਵੀ ਚਰਾਗੇ ਵਿਚ ਹੀ ਹੁੰਦੀ ਸੀ। ਸਾਡੇ ਪਿੰਡ ਦਾ ਵੱਸੋਂ ਵਾਲਾ ਥਾਂ ਤੇ ਚਰਾਗਾ ਮਿਲਾ ਕੇ ਕੁੱਲ ਚਾਰ ਮੁਰੱਬੇ (ਇਕ ਸੌ ਏਕੜ) ਰਕਬਾ ਸੀ। ਨਾਲ ਲੱਗਦੇ ਹੋਰਨਾਂ ਪਿੰਡਾਂ ਵਿਚ ਵੀ ਤਕਰੀਬਨ ਏਹੋ ਸਥਿਤੀ ਸੀ।

ਹਾਤੇ ਕਿਉਂਕਿ ਕਾਫੀ ਖੁੱਲ੍ਹੇ ਹੁੰਦੇ ਸਨ, ਇਸ ਲਈ ਮਾਲ-ਡੰਗਰ ਵੀ ਹਾਤਿਆਂ ਵਿਚ ਹੀ ਰੱਖਿਆ ਜਾਂਦਾ ਸੀ। ਹਾਤੇ ਦੇ ਇਕ ਪਾਸੇ ਰਿਹਾਇਸ਼ੀ ਮਕਾਨ ਹੁੰਦੇ ਹਨ ਤੇ ਦੂਜੇ ਪਾਸੇ ਡੰਗਰਾਂ ਦੀਆਂ ਖੁਰਲੀਆਂ, ਕਵਾਣਾਂ, ਸਿਆਲ ਨੂੰ ਡੰਗਰ ਬੰਨ੍ਹਣ ਲਈ ਕੁੜ੍ਹ ਆਦਿ। ਡਿਓੜ੍ਹੀਆਂ ਬਣਾਉਣ ਦਾ ਖ਼ਾਸ ਰਿਵਾਜ ਨਹੀਂ ਸੀ, ਪਰ ਬੈਠਕ ਤਕਰੀਬਨ ਹਰ ਘਰ ਵਿਚ ਹੁੰਦੀ ਸੀ। ਚੁਬਾਰੇ ਉਸਾਰਨ ਦਾ ਜ਼ਿਆਦਾ ਸ਼ੌਕ ਨਹੀਂ ਸੀ, ਕਿਉਂਕਿ ਮੁਲਤਾਨ ਦੀ ਗਰਮੀ ਵਿਚ ਚੁਬਾਰੇ ਬਹੁਤ ਤਪ ਜਾਂਦੇ ਸਨ। ਗੰਜੀ ਬਾਰ ਵਿਚ ਮੀਂਹ ਬਹੁਤ ਘੱਟ ਪੈਂਦਾ ਸੀ, ਇਸ ਲਈ ਛੱਤੀ ਹੋਈ ਰਸੋਈ ਬਣਾਉਣ ਦੀ ਲੋੜ ਨਹੀਂ ਸੀ ਪੈਂਦੀ। ਚੁੱਲ੍ਹਾ ਚੌਂਕਾ ਵੱਸੋਂ ਵਾਲੇ ਕਮਰੇ ਦੇ ਨਾਲ ਲੱਗਦਾ ਅਣਛੱਤਿਆ ਹੀ ਹੁੰਦਾ ਸੀ, ਫੇਰ ਵੀ ਕਈਆਂ ਘਰਾਂ ਨੇ ਰਸੋਈਆਂ ਬਣਾ ਲਈਆਂ ਸਨ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਜਿਹੜੇ ਕੋਠੇ ਸ਼ੁਰੂ ਵਿਚ ਛੱਤੇ ਸਨ, ਉਹਨਾਂ ਵਿਚ ਖਿੜਕੀਆਂ, ਬਾਰੀਆਂ ਬਿਲਕੁਲ ਨਹੀਂ ਸਨ, ਪਰ ਮਗਰੋਂ ਉਸਾਰੇ ਮਕਾਨ ਚੰਗੀ ਵਿਉਂਤ ਨਾਲ ਬਣਾਏ ਗਏ ਸਨ। ਹਰ ਕਮਰੇ ਵਿਚ ਖਿੜਕੀਆਂ, ਰੋਸ਼ਨਦਾਨ ਹੁੰਦੇ ਸਨ। ਵੱਡੇ ਕਮਰਿਆਂ ਨੂੰ ਦੋ-ਦੋ ਦਰਵਾਜ਼ੇ ਰੱਖੇ ਜਾਂਦੇ ਸਨ। ਛੱਤਾਂ ਹੁਣ ਚੀਲ੍ਹ ਜਾਂ ਬਿਆਰ ਦੇ ਸ਼ਤੀਰਾਂ ਉੱਤੇ ਬਾਲੇ ਪਾ ਕੇ, ਇਹਨਾਂ ਉੱਤੇ ਟਾਈਲਾਂ ਬੀੜ ਕੇ ਪਾਈਆਂ ਜਾਣ ਲੱਗ ਪਈਆਂ ਸਨ। ਗਾਰਡਰ ਵੀ ਵਰਤੋਂ ਵਿਚ ਆ ਗਏ ਸਨ। ਪੱਕੇ ਮਕਾਨ ਅਜੇ ਬਹੁਤ ਘੱਟ ਲੋਕਾਂ ਨੇ ਬਣਾਏ ਸਨ, ਨਾ ਹੀ ਪੱਕੇ ਮਕਾਨਾਂ ਦੀ ਖਾਸ ਲੋੜ ਸੀ, ਕਿਉਂਕਿ ਬਾਰਸ਼ ਬਹੁਤ ਘੱਟ ਹੁੰਦੀ ਸੀ। ਉਂਞ ਪੱਕੇ ਮਕਾਨ ਗਰਮੀਆਂ ਵਿਚ ਤਪ ਉੱਠਦੇ ਸਨ। ਗੰਜੀ ਬਾਰ ਦੇ ਘਰ ਉਸ ਇਲਾਕੇ ਦੀਆਂ ਅਤੇ ਉਸ ਸਮੇਂ ਦੀਆਂ ਲੋੜਾਂ ਅਨੁਸਾਰ ਬੜੇ ਸੋਹਣੇ ਤੇ ਸਾਫ਼-ਸੁਥਰੇ ਹੁੰਦੇ ਸਨ। ਪਤਾ ਲੱਗਾ ਹੈ ਸਾਡੇ ਪਿੱਛੋਂ ਉਹਨਾਂ ਘਰਾਂ ਦੀ ਪਹਿਲਾਂ ਵਾਲੀ ਦਿੱਖ ਨਹੀਂ ਰਹਿ ਸਕੀ, ਕਿਉਂਕਿ ਇਕ-ਇਕ ਹਾਤੇ ਵਿਚ ਏਧਰੋਂ ਗਏ ਮੁਸਲਮਾਨਾਂ ਦੇ ਤਿੰਨ-ਤਿੰਨ, ਚਾਰ-ਚਾਰ ਟੱਬਰ ਬੈਠੇ ਹਨ।

www.sikhbookclub.com



ਮੁਰੱਬਿਆਂ ਦੀ ਵਿਉਂਤਬੰਦੀ ਵੀ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ ਸੀ। ਪਿੰਡ ਦੀ ਖੇਤੀ ਵਾਲੀ ਜ਼ਮੀਨ ਦੇ ਆਧਾਰ ਤੇ ਹਰ ਪਿੰਡ ਨੂੰ ਦੋ ਜਾਂ ਤਿੰਨ ਮੋਘੇ ਪੈਂਦੇ ਸਨ। ਮੋਘੇ ਲਈ ਬਣਾਏ ਗਏ ਖਾਲ ਦੇ ਦੋਹੀਂ ਪਾਸੀਂ ਮੁਰੱਬੇ ਹੁੰਦੇ ਸਨ। ਮੁਰੱਬਿਆਂ ਦੇ ਵੀ ਨੰਬਰ ਸਨ, ਜੋ ਇਕ ਨਿਸ਼ਚਿਤ ਤਰਤੀਬ ਅਨੁਸਾਰ ਹੁੰਦੇ ਸਨ। ਮੈਂ ਅੱਜ ਇਸ ਤਰਤੀਬ ਬਾਰੇ ਸਹੀ ਜਾਣਕਾਰੀ ਨਹੀਂ ਦੇ ਸਕਦਾ, ਕਿਉਂਕਿ ਹੁਣ ਮੈਨੂੰ ਮੁਰੱਬਿਆਂ ਦੇ ਨੰਬਰ ਹੀ ਯਾਦ ਨਹੀਂ ਰਹੇ, ਏਨਾ ਯਾਦ ਹੈ ਕਿ ਸਾਡੇ ਪਿੰਡ ਦੇ ਸਾਰੇ ਮੁਰੱਬੇ ਆਬਾਦ ਨਹੀਂ ਸਨ ਹੋਏ ਅਤੇ ਗ਼ੈਰ-ਆਬਾਦ ਮੁਰੱਬਿਆਂ ਦੇ ਨੰਬਰ 1 ਤੋਂ 10 ਜਾਂ 15 ਤਕ ਸਨ। ਇਹ ਪਿੰਡ ਤੋਂ ਬਹੁਤ ਦੂਰ ਖਾਨੇਵਾਲ ਦੇ ਰਾਹ ਵਿਚ ਪੈਂਦੇ ਸਨ। ਹਰ ਪਿੰਡ ਵਿਚ ਇਕ ਮੁਰੱਬਾ ਕੰਮੀਆਂ ਲਈ ਹੁੰਦਾ ਸੀ, ਹਰ ਕੰਮੀ ਨੂੰ ਦੋ ਕਿੱਲੇ ਜ਼ਮੀਨ ਦਿੱਤੀ ਜਾਂਦੀ ਸੀ। ਨੰਬਰਦਾਰ ਨੂੰ ਪੰਜੋਤਰੇ ਤੋਂ ਇਲਾਵਾ, ਅੱਧਾ ਮੁਰੱਬਾ ਜ਼ਮੀਨ ਵੀ ਦਿੱਤੀ ਜਾਂਦੀ ਸੀ। ਹਰ ਮੁਰੱਬੇ ਦੇ ਕਿੱਲਿਆਂ (ਏਕੜਾਂ) ਦੇ ਵੀ ਨੰਬਰ ਹੁੰਦੇ ਸਨ, ਜੋ ਇਕ ਬਾਨ੍ਹਵੀਂ ਸਕੀਮ ਅਨੁਸਾਰ ਦਿੱਤੇ ਜਾਂਦੇ ਸਨ।

ਹਰ ਮੁਰੱਬੇ ਲਈ ਪਹੁੰਚ ਸੜਕ ਹੁੰਦੀ ਸੀ। ਇਹ ਸੜਕਾਂ ਵੀ ਬਿਲਕੁੱਲ ਸਿੱਧੀਆਂ ਹੁੰਦੀਆਂ ਸਨ ਤੇ ਏਨੀਆਂ ਚੌੜੀਆਂ ਹੁੰਦੀਆਂ ਸਨ ਕਿ ਆਮੋ-ਸਾਮ੍ਹਣੇ ਆਉਂਦੇ ਦੋ ਗੱਡੇ ਆਰਾਮ ਨਾਲ ਲੰਘ ਸਕਦੇ ਸਨ। ਪਿੰਡਾਂ ਨੂੰ ਆਪਸ ਵਿਚ ਜੋੜਨ ਵਾਲੀਆਂ ਸੜਕਾਂ ਕੁਝ ਹੋਰ ਖੁੱਲ੍ਹੀਆਂ ਹੁੰਦੀਆਂ ਸਨ। ਇਹਨਾਂ ਸਾਰੀਆਂ ਸੜਕਾਂ ਵਿਚੋਂ ਦੀ ਜਿੱਥੇ ਕਿਤੇ ਕੋਈ ਖਾਲ ਜਾਂ ਰਾਜਵਾਹਾ ਲੰਘਦਾ ਸੀ, ਓਥੇ ਪੱਕੀ ਪੁਲੀ ਬਣਾਈ ਹੁੰਦੀ ਸੀ।

ਗੰਜੀ ਬਾਰ ਵਿਚ ਪੱਕੀਆਂ ਸੜਕਾਂ ਬਹੁਤ ਘੱਟ ਸਨ। ਥਾਣਾ ਮੀਆਂ ਚੰਨੂ ਦੇ ਸਾਰੇ ਇਲਾਕੇ ਵਿਚ ਕੋਈ ਇਕ ਵੀ ਪੱਕੀ ਸੜਕ ਨਹੀਂ ਸੀ। ਇਸ ਲਿਹਾਜ਼ ਨਾਲ ਨੀਲੀ ਬਾਰ ਸਾਥੋਂ ਬਹੁਤ ਅੱਗੇ ਸੀ, ਓਧਰ ਮੁਰੱਬਿਆਂ ਦੀ ਅਲਾਟਮੈਂਟ ਤੋਂ ਪਹਿਲਾਂ ਹੀ ਪੱਕੀਆਂ ਸੜਕਾਂ ਬਣਾ ਦਿੱਤੀਆਂ ਗਈਆਂ ਸਨ। ਇਸ ਬਾਰ ਦੇ ਕੁਝ ਇਲਾਕੇ ਵਿਚ ਤਾਂ ਪੱਕੀਆਂ ਸੜਕਾਂ ਦਾ ਜਾਲ ਵਿਛਿਆ ਹੋਇਆ ਸੀ। ਦੱਸਿਆ ਜਾਂਦਾ ਹੈ ਕਿ ਬ੍ਰਿਟਿਸ਼ ਸਰਕਾਰ ਇਸ ਇਲਾਕੇ ਵਿਚ ਅੰਗਰੇਜ਼ ਜ਼ਿਮੀਦਾਰਾਂ ਨੂੰ ਵੱਡੇ-ਵੱਡੇ ਫ਼ਾਰਮ ਦੇਣਾ ਚਾਹੁੰਦੀ ਸੀ, ਪਰ ਮੁਲਤਾਨ ਦੀ ਗਰਮੀ ਕਰਕੇ ਅਤੇ ਇਲਾਕੇ ਦੀ ਭੂਗੋਲਿਕ ਸਥਿਤੀ ਕਰਕੇ ਕੋਈ ਅੰਗਰੇਜ਼ ਏਥੇ ਵੱਸਣ ਨੂੰ ਤਿਆਰ ਨਾ ਹੋਇਆ, ਇਸ ਲਈ ਜ਼ਮੀਨ ਪੰਜਾਬੀ ਆਬਾਦਕਾਰਾਂ ਨੂੰ ਦੇ ਦਿੱਤੀ ਗਈ। ਸ਼ਾਇਦ ਇਹ ਗੱਲ ਠੀਕ ਹੋਵੇ, ਪਰ ਮੈਂ ਇਸ ਦੀ ਕਿਤਿਓਂ ਪੁਸ਼ਟੀ ਨਹੀਂ ਕਰ ਸਕਿਆ।

ਗੰਜੀ ਬਾਰ ਦੇ ਚੱਕਾਂ ਦੇ ਨੰਬਰ ਵੀ ਇਕ ਨਿਸ਼ਚਿਤ ਸਕੀਮ ਅਨੁਸਾਰ ਲਾਏ ਗਏ ਸਨ। ਪਿੱਛੇ ਦੱਸ ਆਏ ਹਾਂ ਕਿ ਨਹਿਰ 'ਲੋਇਰ ਬਾਰੀ ਦੁਆਬ' ਵਿੱਚੋਂ ਨਿਕਲਨ ਵਾਲੇ ਹਰ ਮੁੱਖ ਰਾਜਵਾਹੇ ਦੇ ਚੱਕਾਂ ਦੇ ਨੰਬਰਾਂ ਦੀ ਆਪਣੀ ਲੜੀ ਹੁੰਦੀ ਸੀ। ਉਦਾਹਰਨ ਲਈ ਸਾਡੇ ਰਾਜਵਾਹੇ 15-ਐਲ ਦੇ ਖੱਬੇ ਪਾਸੇ ਵਾਲੇ ਪਹਿਲੇ ਚੱਕ ਦਾ ਨੰਬਰ ਇਕ ਸੀ ਅਤੇ ਖੱਬੇ ਬੰਨੇ ਦੇ ਚੱਕਾਂ ਦੇ ਨੰਬਰ ਇਕ ਤੋਂ 77 ਤੱਕ ਚਲਦੇ ਸਨ। ਚੱਕ ਨੰਬਰ 77 ਰਾਜਵਾਹੇ 15-ਐਲ ਦੇ ਖੱਬੇ ਪਾਸੇ ਦਾ ਅਖੀਰੀ ਚੱਕ ਸੀ, ਉਸ ਤੋਂ ਅਗਲਾ ਚੱਕ 78 ਰਾਜਵਾਹੇ ਦੇ ਸੱਜੇ ਪਾਸੇ ਪੈਂਦਾ ਸੀ ਤੇ ਹੁਣ 78 ਤੋਂ ਅਗਲੇ ਚੱਕ 79, 80, 81 ਆਦਿ ਸੱਜੇ ਪਾਸੇ ਆਉਂਦੇ ਸਨ ਤੇ ਇਹ ਲੜੀ ਹੁਣ ਪਿਛਲੇ ਪਾਸੇ (ਰਾਜਵਾਹੇ ਦੇ ਮੁੱਢ) ਵੱਲ ਨੂੰ ਚਲਦੀ ਸੀ। ਮੀਆਂ ਚੰਨੂੰ

www.sikhbookclub.com



ਦੇ ਕੋਲ ਚੱਕ ਨੰਬਰ 115 ਆਉਂਦਾ ਸੀ, ਪਰ 15-ਐਲ ਉਸ ਤੋਂ ਕੋਈ 10 ਮੀਲ ਪਿੱਛੋਂ ਨਿਕਲਦਾ ਸੀ। ਮੈਨੂੰ ਪਤਾ ਨਹੀਂ ਕਿ ਅਖੀਰੀ ਚੱਕ ਦਾ ਨੰਬਰ ਕੀ ਸੀ।

ਬਾਰਾਂ ਵਿਚ ਵਸਾਏ ਗਏ ਨਵੇਂ ਸ਼ਹਿਰਾਂ ਤੇ ਕਸਬਿਆਂ ਦੀ ਵਿਉਂਤਬੰਦੀ ਵੀ ਬੜੇ ਜਚਵੇਂ ਢੰਗ ਨਾਲ ਕੀਤੀ ਗਈ ਸੀ। ਸਾਂਦਲਬਾਰ ਦਾ ਪ੍ਰਸਿੱਧ ਸ਼ਹਿਰ ਲਾਇਲਪੁਰ (ਹੁਣ ਫੈਸਲਾਬਾਦ) ਤਾਂ ਦੁਨੀਆ ਭਰ ਵਿਚ ਇਕ ਆਦਰਸ਼ ਸ਼ਹਿਰ ਸੀ। ਇਸ ਦੇ ਵਿਚਾਲੇ ਖੁਲ੍ਹਾ ਚੌਂਕ ਸੀ, ਜਿਸ ਵਿਚ ਘੰਟਾ ਘਰ ਉਸਾਰਿਆ ਹੋਇਆ ਸੀ। ਇਸ ਚੌਕ ਤੋਂ ਅੱਠਾਂ ਪਾਸਿਆਂ ਨੂੰ ਅੱਠ ਸੜਕਾਂ ਨਿਕਲਦੀਆਂ ਸਨ, ਜਿਨ੍ਹਾਂ ਦੇ ਦੋਹੀਂ ਪਾਸੀਂ ਦੁਕਾਨਾਂ ਬਣੀਆਂ ਹੋਈਆਂ ਸਨ। ਇਹਨਾਂ ਸਾਰੀਆਂ ਸੜਕਾਂ ਦੇ ਡੀਜ਼ਾਈਨ ਇਕੋ ਜਿਹੇ ਸਨ। ਕਈ ਵਾਰੀ ਕੇਂਦਰੀ ਚੌਂਕ ਵਿੱਚੋਂ ਮੁੜਦਿਆਂ ਭੁਲੇਖੇ ਨਾਲ ਗਲਤ ਬਜ਼ਾਰ ਵਿਚ ਜਾ ਵੜੀਦਾ ਸੀ। ਗੰਜੀ ਬਾਰ ਵਿਚ ਵਸਾਏ ਗਏ ਨਵੇਂ ਸ਼ਹਿਰਾਂ ਵਿਚੋਂ ਕੋਈ ਵੀ ਲਾਇਲਪੁਰ ਦੇ ਨਮੂਨੇ ਉੱਤੇ ਨਹੀਂ ਸੀ ਬਣਾਇਆ ਗਿਆ, ਫੇਰ ਵੀ ਇਹਨਾਂ ਸ਼ਹਿਰਾਂ ਤੇ ਕਸਬਿਆਂ ਦੀ ਰੂਪ-ਰੇਖਾ ਬੜੀ ਸੁਚੱਜੀ ਸੀ। ਮੇਰੇ ਸਾਮ੍ਹਣੇ ਇਸ ਸਮੇਂ ਆਪਣੇ ਸ਼ਹਿਰ ਖਾਨੇਵਾਲ ਦਾ ਢਾਂਚਾ ਹੈ। ਇਸ ਸ਼ਹਿਰ ਦੇ ਵਿਚਾਲੇ ਦੀ ਦੋ ਵੱਡੀਆਂ ਸੜਕਾਂ ਇਕ ਦੂਜੀ ਨੂੰ ਕੱਟਦੀਆਂ ਲੰਘਦੀਆਂ ਸਨ। ਇਹਨਾਂ ਵਿੱਚੋਂ ਇਕ ਸੜਕ ਦੇ ਇਕ ਪਾਸੇ ਰਹਾਇਸ਼ੀ ਮਕਾਨ ਸਨ, ਦੂਜੇ ਪਾਸੇ ਵਪਾਰਿਕ ਅਦਾਰੇ। ਸ਼ਹਿਰ ਦੇ ਸਭ ਤੋਂ ਵੱਡੇ ਬਜ਼ਾਰ ਦਾ ਨਾਮ 'ਗੁਰਦਵਾਰਾ ਬਜ਼ਾਰ' ਸੀ, ਕਿਉਂਕਿ ਇਸ ਦੇ ਇਕ ਸਿਰੇ ਉੱਤੇ ਸ਼ਹਿਰ ਦਾ ਵੱਡਾ ਗੁਰਦਵਾਰਾ ਸੀ। ਦੂਜਾ ਪ੍ਰਸਿੱਧ ਬਜ਼ਾਰ ਸੀ 'ਕਚਹਿਰੀ ਬਜ਼ਾਰ', ਤੇ ਤੀਜਾ, ਸਭ ਤੋਂ ਪੁਰਾਣਾ ਸੀ 'ਗੁਰੂ ਨਾਨਕ ਬਜ਼ਾਰ'। ਮੁਲਤਾਨ, ਝੰਗ, ਲਾਇਲਪੁਰ ਵੱਲ ਦੇ ਤਕਰੀਬਨ ਸਾਰੇ ਹਿੰਦੂ ਸਹਿਜਧਾਰੀ ਸਿੱਖ ਸਨ ਤੇ ਨਿਤਨੇਮ ਨਾਲ ਗੁਰਦਵਾਰੇ ਜਾਂਦੇ ਸਨ। ਖਾਨੇਵਾਲ ਦੀਆਂ ਕਚਹਿਰੀਆਂ, ਠਾਣਾ ਤੇ ਸਰਕਾਰੀ ਦਫ਼ਤਰ ਸ਼ਹਿਰ ਤੋਂ ਬਾਹਰ ਸਨ। ਕਚਹਿਰੀਆਂ ਤੋਂ ਹੋਰ ਅੱਗੇ ਸੀ ਗੌਰਮਿੰਟ ਹਾਈ ਸਕੂਲ। ਇਸ ਦੇ ਸਾਮ੍ਹਣੇ ਪੈਂਦੀਆਂ ਸਨ 'ਸਿਵਲ ਲਾਈਨਜ਼' ਜਿਨ੍ਹਾਂ ਵਿਚ ਵੱਡੇ-ਵੱਡੇ ਅਫ਼ਸਰਾਂ ਤੇ ਅਮੀਰ ਲੋਕਾਂ ਦੀਆਂ ਕੋਠੀਆਂ ਸਨ। 'ਸਿਵਲ ਲਾਈਨਜ਼' ਦੇ ਤੇ ਸ਼ਹਿਰ ਦੇ ਵਿਚਾਲੇ ਪਿੱਛੋਂ ਆ ਕੇ ਖਾਲਸਾ ਹਾਈ ਸਕੂਲ ਉਸਾਰਿਆ ਗਿਆ, ਜਿੱਥੋਂ ਮੈਂ ਮੈਟਰਿਕ ਪਾਸ ਕੀਤਾ। ਗੰਜੀ ਬਾਰ ਦੇ ਸਾਰਿਆਂ ਸ਼ਹਿਰਾਂ ਦਾ ਨਕਸ਼ਾ ਤਕਰੀਬਨ ਇਹੋ ਜਿਹਾ ਹੀ ਸੀ। ਲਾਹੌਰ ਤੋਂ ਮੁਲਤਾਨ ਵੱਲ ਨੂੰ ਜਾਂਦਿਆਂ ਰਾਹ ਵਿਚ ਆਉਂਦੇ ਕੁਝ ਹੋਰ ਸ਼ਹਿਰ ਸਨ ਉਕਾਹੜਾ, ਮਿੰਟਗੁਮਰੀ, ਚੀਚਾਵਤਨੀ, ਮੀਆਂ ਚੰਨੂ। ਇਸ ਤੋਂ ਅੱਗੇ ਪੈਂਦਾ ਸੀ ਖਾਨੇਵਾਲ ਤੇ ਫੇਰ ਮੁਲਤਾਨ। ਇਹ ਸਾਰੇ ਸ਼ਹਿਰ ਜਾਂ ਕਸਬੇ ਲਾਹੌਰ ਤੋਂ ਕਰਾਚੀ ਜਾਣ ਵਾਲੀ ਰੇਲਵੇ ਲਾਈਨ 'ਤੇ ਆਉਂਦੇ ਸਨ। ਜੰਕਸ਼ਨ ਇਹਨਾਂ ਵਿਚੋਂ ਇਕੱਲਾ ਖਾਨੇਵਾਲ ਸੀ। ਮੁਲਤਾਨ ਤੇ ਮਿੰਟਗੁਮਰੀ ਜ਼ਿਲਾ ਹੈਡਕੁਆਟਰ ਸਨ, ਪਰ ਜੰਕਸ਼ਨ ਨਹੀਂ ਸਨ। ਖਾਨਵਾਲੇ ਤੋਂ, ਲਾਹੌਰ-ਕਰਾਚੀ ਲਾਈਨ ਤੋਂ ਇਲਾਵਾ ਇਕ ਪਾਸੇ ਲਾਇਲਪੁਰ ਨੂੰ ਰੇਲਵੇ ਲਾਈਨ ਜਾਂਦੀ ਸੀ, ਤੇ ਦੂਜੇ ਪਾਸੇ ਜਹਾਨੀਆਂ, ਵਿਹਾੜੀ, ਪਾਕਪਟਨ ਹੋ ਕੇ ਰਾਏਵਿੰਡ ਪਹੁੰਚਦੀ ਸੀ। ਏਥੋਂ ਇਕ ਲਾਈਨ ਸੱਜੇ ਹੱਥ ਸਤਲੁਜ ਪਾਰ ਕਰਕੇ ਫਿਰੋਜ਼ਪੁਰ ਪਹੁੰਚਦੀ ਸੀ, ਦੂਜੀ ਲਾਹੌਰ ਨੂੰ ਜਾਂਦੀ ਸੀ।

ਇਹਨਾਂ ਸਾਰਿਆਂ ਸ਼ਹਿਰਾਂ, ਕਸਬਿਆਂ ਵਿਚ ਕਪਾਹ ਦੇ ਕਾਰਖਾਨੇ ਸਨ, ਜਿਨ੍ਹਾਂ ਵਿਚ

www.sikhbookclub.com



ਕਪਾਹ (ਨਰਮਾ) ਵੇਲੀ ਜਾਂਦੀ ਸੀ ਤੇ ਰੂੰ ਦੀਆਂ ਗੰਢਾਂ ਬੰਨ੍ਹ ਕੇ ਕਰਾਚੀ ਬੰਦਰਗਾਹ ਤੇ ਪਹੁੰਚਾਈਆਂ ਜਾਂਦੀਆਂ ਸਨ। ਮੈਂ ਬਾਰ ਤੋਂ ਜਨਵਰੀ, 1944 ਵਿਚ ਚਲਾ ਗਿਆ ਸਾਂ; ਅੱਜ ਪੰਜਾਹ ਸਾਲ ਪਿੱਛੋਂ ਲਿਖਦਿਆਂ ਯਾਦ ਨਹੀਂ ਆ ਰਿਹਾ ਕਿ ਸਾਡੇ ਆਪਣੇ ਇਲਾਕੇ ਦੇ ਸ਼ਹਿਰਾਂ ਵਿਚ ਕਿੰਨੇ-ਕਿੰਨੇ ਕਾਰਖਾਨੇ ਸਨ। ਖਾਨੇਵਾਲ ਵਿਚ ਪੰਜ ਜਾਂ ਛੇ ਕਾਰਖਾਨੇ ਸਨ, ਤੇ ਮੀਆਂ ਚੰਨੂ ਵਿਚ ਸ਼ਾਇਦ ਚਾਰ ਸਨ।

ਪੇਂਡੂ ਇਲਾਕੇ ਵਿਚੋਂ ਸ਼ਹਿਰਾਂ ਤੇ ਰੇਲਵੇ ਸਟੇਸ਼ਨਾਂ ਨੂੰ ਜਾਣ ਲਈ ਸੜਕਾਂ ਬਣਾਈਆਂ ਗਈਆਂ ਸਨ। ਇਹ ਸੜਕਾਂ ਬੜੀਆਂ ਖੁੱਲੀਆਂ ਸਨ ਤੇ ਇਹਨਾਂ ਦੇ ਦੋਹ ਪਾਸੀਂ ਰੁੱਖ ਲਾਏ ਹੋਏ ਸਨ—ਆਮ ਤੌਰ ਤੇ ਟਾਹਲੀ ਦੇ ਰੁੱਖ। ਸਾਡੇ ਇਲਾਕੇ ਵਿਚ ਮੰਬਾ ਬੰਗਲਾ ਤੋਂ ਸੜਕ ਨਿਕਲਦੀ ਸੀ। ਅੱਗੇ ਚੱਕ 78 ਅਲਿਫ਼ ਕੋਲ ਇਸ ਵਿਚੋਂ ਖਾਨੇਵਾਲ ਨੂੰ ਜਾਣ ਵਾਲੀ ਸੜਕ ਵੱਖ ਹੋ ਜਾਂਦੀ ਸੀ, ਜੋ ਕੋਈ ਦੋ ਮੀਲ ਅੱਗੇ ਕੱਪਰ ਵਿਚ ਪੁੱਜ ਕੇ 78 ਬੇ ਕੋਲ ਖ਼ਤਮ ਹੋ ਜਾਂਦੀ ਸੀ। ਮੂਲ ਸੜਕ ਦੀਆਂ ਸਾਡੇ ਪਿੰਡ ਲਾਗੇ ਫੇਰ ਦੋ ਬ੍ਰਾਂਚਾਂ ਬਣਦੀਆਂ ਸਨ, ਇਕ ਰੇਲਵੇ ਸਟੇਸ਼ਨ ਪੀਰੋਵਾਲ (ਪੀਰਾਂਵਾਲਾ) ਨੂੰ ਜਾਣ ਵਾਲੀ ਤੇ ਦੂਜੀ ਕੱਚਾ ਖੂਹ ਨੂੰ ਜਾਣ ਵਾਲੀ। ਇਹ ਵੀ ਚੱਕ 80 ਲੰਘ ਕੇ ਕੱਪਰ ਵਿਚ ਖ਼ਤਮ ਹੋ ਜਾਂਦੀਆਂ ਸਨ। ਇੰਞ ਸੜਕਾਂ ਸਿਰਫ਼ ਆਬਾਦ ਇਲਾਕੇ ਵਿਚ ਹੀ ਸਨ, ਕੱਪਰ ਤੇ ਗੈਰ ਆਬਾਦ ਇਲਾਕੇ ਵਿਚ ਸੜਕਾਂ ਨਹੀਂ ਸਨ ਬਣਾਈਆਂ ਗਈਆਂ। ਦੂਜੇ ਪਾਸੇ ਛੰਭ ਬੰਗਲੇ ਤੋਂ ਸ਼ੁਰੂ ਹੋਣ ਵਾਲੀ ਸੜਕ ਇਕ ਪਾਸੇ ਕੱਚੇ ਖੂਹ ਨੂੰ ਜਾਂਦੀ ਸੀ, ਦੂਜੇ ਬੰਨੇ ਨੀਲੀ ਬਾਰ ਵਿਚ ਵਿਹਾੜੀ ਨੂੰ!

ਸੜਕਾਂ ਸਾਰੀਆਂ ਕੱਚੀਆਂ ਸਨ, ਏਥੋਂ ਤੱਕ ਕਿ ਰੇਲਵੇ ਲਾਈਨ ਦੇ ਨਾਲ-ਨਾਲ ਲਾਹੌਰ ਤੋਂ ਮੁਲਤਾਨ ਜਾਂਦੀ ਸੜਕ ਵੀ ਸਾਡੇ ਇਲਾਕੇ ਵਿਚ ਕੱਚੀ ਸੀ, ਮਿੰਟਗੁਮਰੀ ਕੋਲ ਜਾ ਕੇ ਇਹ ਪੱਕੀ ਹੋ ਜਾਂਦੀ ਸੀ। ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸ਼ੇਰਸ਼ਾਹ ਸੂਰੀ ਦੀ ਬਣਾਈ ਸੜਕ ਸਾਥੋਂ ਦੂਰ ਪੈਂਦੀ ਸੀ। ਇਹ ਰਾਵੀ ਦੇ ਨੇੜੇ ਪੈਂਦੇ ਪੁਰਾਣੇ ਆਬਾਦ ਇਲਾਕੇ ਵਿਚੋਂ ਦੀ ਲੰਘਦੀ ਸੀ, ਗੰਜੀ ਬਾਰ ਦਾ ਬਹੁਤ ਥੋੜ੍ਹਾ ਹਿੱਸਾ ਇਸ ਸੜਕ ਉੱਤੇ ਆਉਂਦਾ ਸੀ। ਏਸੇ ਸੜਕ ਦੇ ਕੰਢੇ ਉੱਤੇ ਵਸਦਾ ਹੈ ਤਲੁੰਬਾ ਸ਼ਹਿਰ ਜਿੱਥੇ ਸ਼ੇਰਸ਼ਾਹ ਸੂਰੀ ਦਾ ਬਣਾਇਆ ਇਕ ਕਿਲਾ ਵੀ ਹੈ। ਏਸੇ ਸੜਕ ਉੱਤੇ ਤੁਲੁੰਭੇ ਤੋਂ ਕੋਈ 14 ਮੀਲ ਮੁਲਤਾਨ ਵਾਲੇ ਪਾਸੇ ਹੈ ਮਖ਼ਦੂਮਪੁਰ ਜੋ ਸੱਜਣ ਠੱਗ ਦਾ ਟਿਕਾਣਾ ਸੀ। ਅੱਜ-ਕੱਲ੍ਹ ਇਹ ਖਾਨੇਵਾਲ-ਲਾਇਲਪੁਰ ਰੇਲਵੇ ਲਾਈਨ ਦਾ ਇਕ ਸਟੇਸ਼ਨ ਹੈ। ਪੁਰਾਣੇ ਸਮੇਂ ਇਹ ਲਾਹੌਰ-ਮੁਲਤਾਨ ਜਾਣ ਵਾਲੇ ਅਤੇ ਦਿੱਲੀ ਤੋਂ ਸਾਂਦਲਬਾਰ ਵੱਲ ਜਾਣ ਵਾਲੇ ਕਾਫ਼ਲਿਆਂ ਦੇ ਰਸਤੇ ਦਾ ਚੁਰਾਹਾ ਸੀ। ਪਰਾਣਾ ਰਾਹ ਸੀ ਦਿੱਲੀ ਹਿਸਾਰ, ਅਬੋਹਰ, ਪਾਕਪਟਨ ਤੇ ਮਖ਼ਦੂਮਪੁਰ ਦਾ ਚੁਰਾਹਾ; ਅੱਗੇ ਰਾਵੀ ਲੰਘ ਕੇ ਦਾ ਸਾਂਦਲ ਬਾਰ ਦੇ ਪੁਰਾਣੇ ਸ਼ਹਿਰ।

ਇਹ ਹੈ ਗੰਜੀ ਬਾਰ ਦੇ ਪਿੰਡਾਂ ਤੇ ਸ਼ਹਿਰਾਂ ਦੀ, ਅਤੇ ਗੰਜੀ ਬਾਰ ਦੇ ਇਲਾਕੇ ਦੀ ਵਿਉਂਤਬੰਦੀ ਸੰਬੰਧੀ ਮੋਟੀ-ਮੋਟੀ ਜਾਣਕਾਰੀ; ਵਧੇਰੇ ਵੇਰਵੇ ਦੇਣ ਦੀ ਲੋੜ ਨਹੀਂ ਜਾਪਦੀ।

www.sikhbookclub.com

## 27
# ਗੰਜੀ ਬਾਰ ਕਿਵੇਂ ਉੱਜੜੀ

ਮੈਂ ਜਨਵਰੀ 1944 ਵਿਚ ਫ਼ੌਜ ਵਿਚ ਭਰਤੀ ਹੋਇਆ ਸਾਂ ਤੇ 1947 ਦੇ ਸ਼ੁਰੂ ਤੱਕ ਕਦੇ ਟੱਬਰ ਨਾਲ ਨਹੀਂ ਸਾਂ ਲਿਗਿਆ। ਮੈਂ ਉਦੋਂ ਜਬਲਪੁਰ ਸਾਂ। ਮੈਂ ਆਪਣੇ ਬੱਚੇ ਲੈਣ ਬਾਰ ਵਿਚ ਆਪਣੇ ਪਿੰਡ ਗਿਆ। ਇਸ ਤੋਂ ਪਹਿਲਾਂ ਮਾਰਚ 1947 ਵਾਲੀਆਂ ਪੋਠੋਹਾਰ ਦੇ ਇਲਾਕੇ ਦੀਆਂ ਗੜਬੜਾਂ ਹੋ ਚੁੱਕੀਆਂ ਸਨ। ਇਹਨਾਂ ਗੜਬੜਾਂ ਵਿਚ ਪੋਠੋਹਾਰ ਦੇ ਅਨੇਕਾਂ ਹਿੰਦੂ, ਸਿੱਖ ਮਾਰੇ ਗਏ ਸਨ; ਲੁੱਟੇ-ਪੁੱਟੇ ਤਾਂ ਸਾਰੇ ਹੀ ਗਏ ਸਨ। ਏਥੋਂ ਤੱਕ ਕਿ ਇਸ ਇਲਾਕੇ ਦੇ ਸਾਰੇ ਹਿੰਦੂ, ਸਿੱਖ ਆਪਣੇ ਜੱਦੀ ਘਰ ਛੱਡ ਕੇ ਪੂਰਬੀ ਪੰਜਾਬ ਵਿਚ ਜਾਂ ਅੱਗੇ ਹਿੰਦੁਸਤਾਨ ਦੇ ਜਿਹੜੇ ਵੀ ਇਲਾਕੇ ਵਿਚ ਕਿਸੇ ਨੂੰ ਟਿਕਾਣਾ ਮਿਲਿਆ, ਪਹੁੰਚ ਗਏ ਸਨ। ਇਹਨਾਂ ਗੜਬੜਾਂ ਦਾ ਪ੍ਰਭਾਵ ਮੁਲਤਾਨ ਦੇ ਜ਼ਿਲ੍ਹੇ ਵਿਚ ਵੀ ਪਿਆ ਸੀ। ਸਿੱਖਾਂ ਦਿਆਂ ਪਿੰਡਾਂ ਲਾਗੇ ਤਾਂ ਕੋਈ ਛੇੜਖਾਨੀ ਨਹੀਂ ਸੀ ਹੋਈ, ਪਰ ਸਾਡਿਆਂ ਇਲਾਕਿਆਂ ਤੋਂ ਦੂਰ ਮੁਸਲਮਾਨਾਂ ਦੇ ਪਿੰਡਾਂ ਵਿਚ ਵੱਸਦੇ ਹਿੰਦੂ ਦੁਕਾਨਦਾਰਾਂ ਦੀ ਕਾਫ਼ੀ ਲੁੱਟ-ਮਾਰ ਹੋਈ ਸੀ। ਇਸ ਦੇ ਪ੍ਰਤਿਕ੍ਰਮ ਵਜੋਂ ਹੁਣ ਮਾਝੇ, ਮਾਲਵੇ, ਦੁਆਬੇ ਵਿਚ ਸਿੱਖ ਬੜੇ ਭੜਕੇ ਹੋਏ ਸਨ, ਅਤੇ ਵਾਰਦਾਤਾਂ ਵੀ ਸ਼ੁਰੂ ਹੋ ਚੁੱਕੀਆਂ ਸਨ।

ਜਦੋਂ ਮੈਂ ਆਪਣੇ ਪਿੰਡ ਪੁੱਜਾ ਤਾਂ ਮਾਹੌਲ ਕੁਝ ਸਹਿਮ ਵਾਲਾ ਜ਼ਰੂਰ ਸੀ, ਪਰ ਲੋਕਾਂ ਦੇ ਹੌਸਲੇ ਬੁਲੰਦ ਸਨ। ਕਿਸੇ ਗੜਬੜ ਦਾ ਟਾਕਰਾ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਸਨ। ਉਹਨਾਂ ਨੇ ਦੇਸੀ ਬੰਬ ਤੇ ਨਲਕਿਆਂ ਦੀਆਂ ਨਾਲਾਂ ਨਾਲ ਤੋਪਾਂ ਵਰਗੇ ਹਥਿਆਰ ਵੀ ਬਣਾਏ ਹੋਏ ਸਨ। ਇਸ ਸਮੇਂ ਤੱਕ ਪਾਕਿਸਤਾਨ ਬਣਨਾ ਤਾਂ ਯਕੀਨੀ ਹੋ ਚੁੱਕਾ ਸੀ, ਪਰ ਉਸ ਦੀ ਹੱਦ ਕਿੱਥੋਂ ਤੱਕ ਹੋਵੇਗੀ, ਇਹ ਕਿਸੇ ਨੂੰ ਕੋਈ ਪਤਾ ਨਹੀਂ ਸੀ। ਸੂਝਵਾਨ ਲੋਕਾਂ ਦਾ ਇਹ ਅਨੁਮਾਨ ਸੀ ਕਿ ਪਾਕਿਸਤਾਨ ਦੀ ਹੱਦ ਰਾਵੀ ਤੋਂ ਅੱਗੇ ਨਹੀਂ ਆ ਸਕਦੀ। ਇਹ ਵੀ ਸੋਚਿਆ ਜਾ ਰਿਹਾ ਸੀ ਕਿ ਜੇ ਸਾਡਾ ਇਲਾਕਾ ਵੀ ਪਾਕਿਸਤਾਨ ਵਿਚ ਆ ਜਾਵੇ ਤਾਂ ਕੀ ਆਖਰ ਆ ਗਈ। ਰਾਜ ਬਦਲਦੇ ਰਹੇ ਹਨ; ਕਦੇ ਕਿਸੇ ਨੇ ਆਪਣੇ ਜੱਦੀ ਘਰ ਵੀ ਛੱਡੇ ਹਨ? ਆਪਣੇ ਟਿਕਾਣਿਆਂ ਤੇ ਡਟੇ ਰਹਿਣ ਦਾ ਲੋਕਾਂ ਦਾ ਵਿਸ਼ਵਾਸ ਏਨਾ ਮਜ਼ਬੂਤ ਸੀ ਕਿ ਪਿੰਡ ਦੇ ਜਿਹੜੇ ਦੋ ਮੁਹਤਬਰ ਆਦਮੀ ਆਪਣੇ ਟੱਬਰ ਆਪਣੇ ਪਿਛਲੇ ਪਿੰਡਾਂ ਵਿਚ ਛੱਡ ਗਏ ਸਨ, ਪਿੰਡ ਦੀ ਪੰਚਾਇਤ ਨੇ ਉਹਨਾਂ ਨੂੰ ਆਪਣੇ ਟੱਬਰ ਵਾਪਸ ਲਿਆਉਣ ਲਈ ਭੇਜਿਆ। ਮੈਂ ਵੀ ਪਿੰਡ ਵਾਲਿਆਂ ਨੂੰ ਏਹੋ ਰਾਏ ਦਿੱਤੀ ਕਿ ਘਰ ਨਾ ਛੱਡੋ, ਜੇ ਅਸੀਂ ਪਾਕਿਸਤਾਨ ਵਿਚ ਵੀ ਆ ਜਾਈਏ, ਫੇਰ ਵੀ ਏਥੇ ਹੀ ਵਸਾਂਗੇ।

ਮੈਂ ਆਪਣੇ ਬੱਚੇ ਲੈ ਕੇ ਆ ਗਿਆ, ਪਰ ਮੈਂ ਘਰੋਂ ਬਹੁਤ ਥੋੜ੍ਹਾ ਸਾਮਾਨ ਨਾਲ

www.sikhbookclub.com



ਲਿਆ ਤਾਂ ਜੋ ਲੋਕਾਂ ਨੂੰ ਇਹ ਨਾ ਜਾਪੇ ਕਿ ਮੈਂ ਆਪਣਾ ਟੱਬਰ ਤੇ ਮਾਲ-ਅਸਬਾਬ ਲੈ ਜਾ ਰਿਹਾ ਹਾਂ ਤੇ ਲੋਕਾਂ ਨੂੰ ਪਿੰਡ ਵਿਚ ਡਟੇ ਰਹਿਣ ਦਾ ਪ੍ਰਚਾਰ ਕਰ ਰਿਹਾ ਹਾਂ। ਏਥੋਂ ਤੱਕ ਕਿ ਮੈਂ ਸਿਆਲ ਦੇ ਬਿਸਤਰੇ ਵੀ ਨਾਲ ਨਾ ਚੁੱਕੇ।

ਅੰਤ ਪਾਕਿਸਤਾਨ ਦਾ ਐਲਾਨ ਹੋ ਗਿਆ ਅਤੇ ਹੱਦ ਓਥੇ ਬਣੀ ਜਿੱਥੋਂ ਦਾ ਕਦੇ ਕਿਸੇ ਹਿੰਦੂ, ਸਿੱਖ ਨੇ ਕਿਆਸ ਵੀ ਨਹੀਂ ਸੀ ਕੀਤਾ। ਸਿੱਖਾਂ ਦੇ ਦਿਲ ਪਹਿਲਾਂ ਹੀ ਵਲੂੰਦਰੇ ਹੋਏ ਸਨ, ਹੁਣ ਉਹ ਜੰਗਲ ਦੀ ਅੱਗ ਵਾਂਗ ਭੜਕ ਉੱਠੇ। ਮਾਝੇ, ਮਾਲਵੇ, ਦੁਆਬੇ ਵਿਚ ਮੁਸਲਮਾਨਾਂ ਦਾ ਕਤਲਾਮ ਸ਼ੁਰੂ ਹੋ ਗਿਆ। ਓਧਰ ਪਾਕਿਸਤਾਨ ਵਿਚ ਆਏ ਇਲਾਕਿਆਂ ਅੰਦਰ ਹਿੰਦੂਆਂ, ਸਿੱਖਾਂ ਨੂੰ ਮਾਰ ਪੈਣ ਲੱਗ ਪਈ। ਪੂਰੀ ਵੱਸੋਂ ਦੀ ਮੁਕੰਮਲ ਅਦਲਾ-ਬਦਲੀ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਹਿ ਗਿਆ। ਦੋਂਹ ਪਾਸੀ ਖ਼ੂਨਖਾਰ ਜਨੂਨੀਆਂ ਦਾ ਰਾਜ ਸੀ; ਹਰ ਥਾਂ ਤਲਵਾਰ, ਛਵ੍ਹੀਆਂ, ਬੰਦੂਕਾਂ ਚੱਲ ਰਹੀਆਂ ਸਨ। ਕੋਈ ਗੌਰਮਿੰਟ ਨਹੀਂ ਸੀ, ਕੋਈ ਕਾਨੂੰਨ ਨਹੀਂ ਸੀ, ਕਿਸੇ ਦੀ ਕਿਤੇ ਕੋਈ ਸੁਣਵਾਈ ਨਹੀਂ ਸੀ; ਲੋਕ ਜਿਊਂ ਰਹੇ ਸਨ ਰੱਬ ਦੇ ਆਸਰੇ ਜਾਂ ਆਪਣੇ ਬਾਹੂ-ਬਲ ਦੇ ਸਹਾਰੇ। ਰੇਲ, ਡਾਕ, ਤਾਰ, ਸਭ ਠੱਪ। ਪੰਜਾਬ ਵਿਚੋਂ ਨਿਕਲਣ ਵਾਲੇ ਅਖ਼ਬਾਰ ਵੀ ਤਕਰੀਬਨ ਸਭ ਬੰਦ ਸਨ। ਦੂਰ-ਦੁਰਾਡ਼ ਦੇ ਇਲਾਕਿਆਂ ਵਿਚੋਂ ਖ਼ਬਰਾਂ ਕੌਣ ਪਹੁੰਚਾ ਸਕਦਾ ਸੀ? ਡਿਪਟੀ ਕਮਿਸ਼ਨਰਾਂ, ਕਮਿਸ਼ਨਰਾਂ ਤੇ ਗਵਰਨਰ ਤੱਕ ਨੂੰ ਪਤਾ ਨਹੀਂ ਸੀ ਕਿ ਕਿੱਥੇ ਕੀ ਹੋ ਰਿਹਾ ਹੈ। ਪੁਲਿਸ ਰਾਹੀਂ ਪਹੁੰਚੀਆਂ ਅੱਧ-ਪਚੱਧੀਆਂ ਖ਼ਬਰਾਂ ਰੇਡੀਓ ਵਾਲਿਆਂ ਨੂੰ ਮਿਲਦੀਆਂ ਸਨ; ਏਹੋ ਖ਼ਬਰਾਂ ਪੰਜਾਬ ਤੋਂ ਬਾਹਰ ਦੇ ਅਖ਼ਬਾਰਾਂ ਨੂੰ ਪਹੁੰਚਦੀਆਂ ਸਨ। ਅਸੀਂ ਦੂਰ ਦੂਰ ਬੈਠੇ ਏਹੋ ਰੇਡੀਓ ਤੋਂ ਪ੍ਰਸਾਰਿਤ ਹੁੰਦੀਆਂ ਖ਼ਬਰਾਂ ਸੁਣਦੇ ਸਾਂ। ਖ਼ਬਰਾਂ ਤੇ ਕੋਈ ਸੈਂਸਰ ਨਹੀਂ ਸੀ; ਮਾਰ-ਧਾੜ, ਕਤਲ-ਗਾਰਤ ਦੀਆਂ ਜੋ ਖ਼ਬਰਾਂ ਲਾਹੌਰ ਤੱਕ ਪਹੁੰਚਦੀਆਂ ਸਨ, ਸਭ ਰੇਡੀਓ ਤੋਂ ਨਸ਼ਰ ਕਰ ਦਿੱਤੀਆਂ ਜਾਂਦੀਆਂ ਅਤੇ ਇਹ ਖ਼ਬਰਾਂ ਬੜੀਆਂ ਹੋਲਨਾਕ ਹੁੰਦੀਆਂ ਸਨ। ਖ਼ੂਨ-ਖ਼ਰਾਬਾ, ਤਬਾਹੀ, ਬਰਬਾਦੀ ਦੋਂਹ ਪਾਸੀਂ ਬੁਰੀ ਤਰ੍ਹਾਂ ਹੋ ਰਹੀ ਸੀ। ਅਜਿਹੇ ਹਾਲਾਤ ਵਿਚ ਮੈਨੂੰ ਕੋਈ ਆਸ ਨਹੀਂ ਸੀ ਕਿ ਸਾਡੇ ਪਿੰਡ ਬੱਚ ਕੇ ਨਿਕਲ ਸਕਣਗੇ। ਸਿੱਖਾਂ ਦੇ ਕੁੱਲ ਛੇ ਸੱਤ ਪਿੰਡ, ਚਾਰ-ਚੁਫੇਰੇ ਮੁਸਲਮਾਨ ਇਲਾਕਾ, ਅਠਾਰਾਂ-ਅਠਾਰਾਂ ਮੀਲ ਤੱਕ ਕੋਈ ਸ਼ਹਿਰ ਨਹੀਂ। ਅਜਿਹੇ ਥਾਂ ਤੋਂ, ਅਜਿਹੇ ਹਾਲਾਤ ਵਿਚ ਬੱਚ ਕੇ ਕਿੱਥੇ ਨਿਕਲਿਆ ਜਾ ਸਕਦਾ ਸੀ?

ਫ਼ੌਜੀਆਂ ਦੀਆਂ ਛੁੱਟੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਕੁਝ ਸਿੱਖ ਜਵਾਨ ਪਲਟਣਾਂ ਵਿਚੋਂ ਆਪਣੇ ਹਥਿਆਰਾਂ ਸਮੇਤ ਭੱਜ ਕੇ ਪਿੰਡਾਂ ਵਿਚ ਪਹੁੰਚ ਗਏ ਸਨ ਤੇ ਉਹਨਾਂ ਨੇ ਆਪਣੇ ਦਿਲ ਦੀ ਭੜਾਸ ਪੂਰੀ ਤਰ੍ਹਾਂ ਕੱਢੀ ਸੀ। ਇਹ ਵੀ ਖਤਰਾ ਸੀ ਕਿ ਸਿੱਖ ਪਲਟਣਾਂ ਬੇਕਾਬੂ ਹੋ ਕੇ ਪੰਜਾਬ ਵਿਚ ਨਾ ਜਾ ਵੜਨ, ਇਸ ਲਈ ਬੜੀਆਂ ਪੱਕੀਆਂ ਰੋਕਾਂ ਲਾਈਆਂ ਗਈਆਂ ਸਨ। ਕਰੜੇ ਪ੍ਰਬੰਧ ਕੀਤੇ ਗਏ ਸਨ ਕਿ ਦਿੱਲੀ ਤੋਂ ਅੱਗੇ ਪੰਜਾਬ ਵਲ ਕੋਈ ਫ਼ੌਜੀ ਨਹੀਂ ਜਾ ਸਕਦਾ। ਲੋਕ ਆਪਣੇ ਬਚਾ ਲਈ ਕੈਂਪਾਂ ਵਿਚ ਇਕੱਠੇ ਹੋ ਗਏ ਸਨ। ਖ਼ਾਨੇਵਾਲ ਦੇ ਲਾਗਲੇ ਪਿੰਡ ਖ਼ਾਨੇਵਾਲ ਦੀ ਖੁੱਲ੍ਹੀ ਮੰਡੀ ਵਿਚ ਇਕੱਠੇ ਹੋ ਗਏ ਸਨ। ਸਾਡੇ ਇਲਾਕੇ ਦੇ ਸਾਰੇ ਲੋਕ ਸਾਡੇ ਪਿੰਡ 79 ਵਿਚ ਆ ਗਏ ਸਨ, ਪਰ ਉਹ ਆਪਣੇ ਘਰਾਂ ਵਿਚ ਗੇੜੇ ਮਾਰਦੇ ਰਹਿੰਦੇ ਸਨ। ਏਥੇ ਕੋਈ ਵਾਰਦਾਤ ਨਹੀਂ ਹੋਈ। ਮੀਆਂ ਚੰਨੂੰ ਵਲ ਦੇ ਪਿੰਡ ਚੱਕ ਨੰਬਰ

www.sikhbookclub.com



109 ਵਿਚ ਕੈਂਪ ਲਾਈ ਬੈਠੇ ਸਨ। ਓਸੇ ਪਿੰਡ ਵਿਚ ਜਿੱਥੇ ਸਾਡੇ ਟੱਬਰ ਨੇ ਦੱਸ ਸਾਲ ਬਿਤਾਏ ਸਨ। ਇਹ ਕੈਂਪ ਬੜਾ ਵੱਡਾ ਸੀ ਅਤੇ ਏਥੇ ਕਈ ਵਾਰਦਾਤਾਂ ਵੀ ਹੋਈਆਂ। ਮੈਨੂੰ ਏਥੋਂ ਦੇ ਸਾਰੇ ਹਾਲਾਤ ਸੁਖਪਾਲਵੀਰ ਸਿੰਘ ਹਸਰਤ ਦੇ ਪਿਤਾ ਸਰਦਾਰ ਲਾਲ ਸਿੰਘ ਨੇ ਜਨਵਰੀ 1948 ਵਿਚ ਸੁਣਾਏ ਸਨ, ਪਰ ਮੈਂ ਸਭ ਕੁਝ ਭੁੱਲ ਚੁੱਕਾ ਸਾਂ। ਪੰਜਾਬੀ ਟ੍ਰਿਬਿਊਨ ਵਿਚ ਗੰਜੀ ਬਾਰ ਬਾਰੇ ਪੜ੍ਹ ਕੇ ਇਸ ਪਿੰਡ ਦਾ ਵਸਨੀਕ ਸਰਦਾਰ ਵਰਿਆਮ ਸਿੰਘ ਦਾ ਸਪੁੱਤਰ ਸੂਰਾ ਸਿੰਘ ਮੈਨੂੰ ਘਰ ਆ ਕੇ ਮਿਲਿਆ। ਇਸ ਨੇ ਕੈਂਪ ਦੇ ਹਾਲਾਤ ਫੇਰ ਸੁਣਾਏ। ਪਹਿਲਾ ਵੱਡਾ ਸਾਕਾ ਚੱਕ ਨੰਬਰ 111 ਵਿਚ ਵਾਪਰਿਆ। ਲੋਕ ਪਿੰਡ ਛੱਡ ਕੇ ਕੈਂਪ ਵਿਚ ਆ ਗਏ ਸਨ, ਪਰ ਭਰੇ-ਭਰਾਏ ਘਰ ਵੇਖਣ ਜਾਂਦੇ ਰਹਿੰਦੇ ਸਨ। ਇਕ ਦਿਨ ਨਾਲ ਲੱਗਦੇ ਈਸਾਈਆਂ ਦੇ ਪਿੰਡਾਂ ਦੇ ਲੋਕ ਪਿੰਡ ਲੁੱਟਣ ਆ ਪਏ। ਕੈਂਪ ਵਾਲਿਆਂ ਨੂੰ ਖ਼ਬਰ ਪਹੁੰਚ ਗਈ। ਇਹਨਾਂ ਨੇ ਹਥਿਆਰਬੰਦ ਘੋੜ-ਸਵਾਰ ਜਥਾ ਤੇ ਇਕ ਪੈਦਲ ਜੱਥਾ ਹਰ ਸਮੇਂ ਤਿਆਰੀ ਦੀ ਹਾਲਤ ਵਿਚ ਰਖਿਆ ਹੋਇਆ ਸੀ। ਘੋੜ-ਸਵਾਰ ਜ਼ਥਾ ਘੋੜੀਆਂ ਦੌੜਾ ਕੇ ਮੌਕੇ ਤੇ ਪਹੁੰਚ ਗਿਆ ਤੇ ਫੁਰਤੀ ਨਾਲ ਹਮਲਾ ਕਰਕੇ 11 ਈਸਾਈ ਮਾਰ ਦਿੱਤੇ, ਬਾਕੀ ਜਾਨ ਬਚਾ ਕੇ ਭੱਜ ਗਏ। ਈਸਾਈ ਏਨੇ ਡਰ ਗਏ ਕਿ ਉਹਨਾਂ ਨੇਂ ਪੁਲਿਸ ਨੂੰ ਇਤਲਾਹ ਤਾਂ ਕੀ ਦੇਣੀ ਸੀ, ਆਪਣੇ ਮੁਰਦੇ ਵੀ ਨਾ ਚੁੱਕੇ। ਜਦੋਂ ਦੱਸ ਗਿਆਰਾਂ ਦਿਨਾਂ ਪਿੱਛੋਂ ਕੈਂਪ ਵਾਲੇ ਪਿੰਡ ਨੂੰ ਛੱਡ ਕੇ ਮੀਆਂ ਚੰਨੂੰ ਕੈਂਪ ਵਿਚ ਜਾਂਦਿਆਂ ਚੱਕ 111 ਵਿਚੋਂ ਦੀ ਲੰਘੇ ਤਾਂ ਇਹ 11 ਲਾਸ਼ਾਂ ਅਜੇ ਓਥੇ ਹੀ ਪਈਆਂ ਸਨ।

ਦੂਜੀ ਘਟਨਾ ਚੱਕ 105, ਵਨਜਾਰੀ ਦੀ ਹੈ। ਏਥੇ ਗੁਆਂਢ ਵਿਚ ਕੁਝ ਪਠਾਨਾਂ ਦੇ ਪਿੰਡ ਸਨ। ਪਠਾਨ ਕੁਝ ਜਾਂਗਲੀਆਂ ਨੂੰ ਨਾਲ ਲੈ ਕੇ ਵਨਜਾਰੀ ਨੂੰ ਲੁੱਟਣ ਆ ਪਏ। ਕੈਂਪ ਵਾਲਿਆਂ ਨੇ ਘੋੜ-ਸਵਾਰ ਤੇ ਪੈਦਲ ਦੋਵੇਂ ਜਥੇ ਭੇਜ ਦਿੱਤੇ। ਇਹਨਾਂ ਪੂਰੇ ਜੋਸ਼ ਵਿਚ ਹੱਲਾ ਬੋਲ ਕੇ ਪਠਾਨਾਂ ਦੇ ਪੰਜ, ਛੇ ਬੰਦੇ ਮਾਰ ਦਿੱਤੇ, ਕੁਝ ਜ਼ਖ਼ਮੀ ਹਾਲਤ ਵਿਚ ਕਮਾਦਾ, ਚਰ੍ਹੀਆਂ ਵਿਚ ਜਾ ਲੁੱਕੇ ਤੇ ਬਾਕੀ ਸਾਰੀ ਧਾੜ ਭੱਜ ਗਈ। ਇਕ ਸਕੂਲ ਮਾਸਟਰ ਬੜਾ ਮੁਤਅੱਸਬ ਸੀ। ਉਹ ਪਾਕਿਸਤਾਨ ਬਣਨ ਨਾਲ ਹੀ ਹਿੰਦੂਆਂ ਸਿੱਖਾਂ ਦੇ ਖਿਲਾਫ਼ ਮੁਸਲਮਾਨਾਂ ਨੂੰ ਭੜਕਾਉਣ ਲੱਗ ਪਿਆ ਸੀ। ਜਥੇ ਵਾਲਿਆਂ ਨੇ ਇਸ ਨੂੰ ਮੁਨਾਸਬ ਸਜ਼ਾ ਦੇਣ ਲਈ ਕੁੱਟ-ਕੁੱਟ ਕੇ ਉਸ ਦੀ ਕੋਈ ਹੱਡੀ-ਪਸਲੀ ਸਬੂਤੀ ਨਾ ਰਹਿਣ ਦਿੱਤੀ। ਆਪਣੇ ਵਲੋਂ ਉਸ ਨੂੰ ਮਾਰ ਕੇ ਸੁੱਟ ਆਏ, ਪਰ ਉਹ ਬੱਚ ਗਿਆ ਅਤੇ ਉਸ ਨੇ ਪਿੱਛੋਂ ਤਫਤੀਸ਼ ਕਰਨ ਆਈ ਪੁਲਿਸ ਨੂੰ ਜੱਥੇ ਵਿਚ ਆਏ ਕੁਝ ਮੁਹਤਬਰ ਆਦਮੀਆਂ ਦੇ ਨਾਮ ਦੇ ਦਿੱਤੇ। ਇਹਨਾਂ ਵਿਚ ਹਸਰਤ ਦੇ ਪਿਤਾ ਸਰਦਾਰ ਲਾਲ ਸਿੰਘ ਦਾ ਨਾਮ ਵੀ ਸੀ। ਪੁਲਿਸ ਕੈਂਪ ਵਿਚੋਂ ਛੇ (ਜਾਂ ਅੱਠ) ਆਦਮੀ ਫੜ ਕੇ ਲੈ ਗਈ। ਸਰਦਾਰ ਲਾਲ ਸਿੰਘ ਇਸ ਸਮੇਂ ਕਿਸੇ ਤਰ੍ਹਾਂ ਗ੍ਰਿਫ਼ਤਾਰੀ ਤੋਂ ਬੱਚ ਗਏ। ਜਿਹੜੇ ਫੜੇ ਗਏ ਸਨ, ਉਹਨਾਂ ਨੇ ਪਾਕਿਸਤਾਨੀ ਜੇਲ੍ਹ ਵਿਚ ਬੜੇ ਤਸੀਹੇ ਝੱਲੇ। ਕੋਈ ਡੇਢ ਸਾਲ ਪਿੱਛੋਂ ਇਹ ਕੈਦੀਆਂ ਦੇ ਤਬਾਦਲੇ ਸਮੇਂ ਵਾਪਸ ਭਾਰਤ ਵਿਚ ਪਹੁੰਚੇ।

ਹੁਣ ਕੈਂਪ ਵਾਲਿਆਂ ਨੂੰ ਇਹ ਖਦਸ਼ਾ ਹੋ ਗਿਆ ਕਿ ਮੁਸਲਮਾਨਾਂ ਦੇ ਪਿੰਡ ਪਾਕਿਸਤਾਨੀ ਪੁਲਿਸ ਦੀ ਮਦਦ ਨਾਲ ਕੈਂਪ ਉੱਤੇ ਹਮਲਾ ਕਰਨਗੇ, ਇਸ ਲਈ ਉਹ ਇਕ

www.sikhbookclub.com



ਦਿਨ ਲੋੜ ਵਾਲਾ ਸਾਮਾਨ ਗੱਡਿਆਂ ਤੇ ਲੱਦ ਕੇ ਮੀਆਂ ਚੰਨੂੰ ਪਹੁੰਚ ਗਏ ਤੇ ਸਰਦਾਰ ਉੱਜਲ ਸਿੰਘ ਦੇ ਕਪਾਹ ਦੇ ਕਾਰਖਾਨੇ ਵਿਚ ਜਾ ਕੈਂਪ ਲਾਇਆ। ਏਥੋਂ ਵੀ ਇਹਨਾਂ ਨੂੰ ਇਕ ਵੱਡਾ ਮਾਹਰਕਾ ਮਾਰਨਾ ਪਿਆ। ਮੀਆਂ ਚੰਨੂੰ ਤੋਂ ਕੋਈ ਦਸ ਮੀਲ ਦੂਰ ਸੀ ਕਸਬਾ ਤਲੁੰਭਾ, ਜੋ ਮੁੱਖ ਰੂਪ ਵਿਚ ਹਿੰਦੂਆਂ ਦਾ ਕਸਬਾ ਸੀ ਤੇ ਹਿੰਦੂਆਂ ਦੀ ਵੱਸੋਂ ਚਾਰ-ਪੰਜ ਹਜ਼ਾਰ ਦੇ ਕਰੀਬ ਹੋਵੇਗੀ, ਪਰ ਇਹ ਲੋਕ ਏਨੇ ਡਰੇ ਹੋਏ ਸਨ ਕਿ ਆਪਣੇ ਆਪ ਮੀਆਂ ਚੰਨੂੰ ਪਹੁੰਚਣ ਦੀ ਦਲੇਰੀ ਵੀ ਨਹੀਂ ਸਨ ਕਰ ਰਹੇ, ਹਾਲਾਂ ਕਿ ਤਲੁੰਭੇ ਦੇ ਨੇੜੇ ਵਸੇ ਸਿੱਖਾਂ ਦੇ ਦੋ ਛੋਟੇ-ਛੋਟੇ ਚੱਕ ਕਾਫ਼ੀ ਚਿਰ ਪਹਿਲਾਂ ਮੀਆਂ ਚੰਨੂੰ ਪਹੁੰਚ ਗਏ ਸਨ। ਇਹਨਾਂ ਨੇ ਕਿਸੇ ਤਰ੍ਹਾਂ ਮੀਆਂ ਚੰਨੂੰ ਕੈਂਪ ਦੇ ਸਿੱਖਾਂ ਨੂੰ ਸੁਨੇਹਾ ਭੇਜਿਆ ਕਿ ਸਾਨੂੰ ਕਿਸੇ ਤਰ੍ਹਾਂ ਏਥੋਂ ਕੱਢੋ। ਸਰਦਾਰ ਸੁੱਚਾ ਸਿੰਘ ਦੇ ਦੱਸਣ ਮੁਤਾਬਕ ਕੈਂਪ ਵਾਲਿਆਂ ਨੇ ਹਥਿਆਰਬੰਦ ਜੱਥੇ ਦੇ ਨਾਲ ਕੋਈ ਪੰਜਾਹ, ਸੱਠ ਗੱਡੇ ਭੇਜੇ ' ਇਹ ਜੱਥਾ ਤਲੁੰਭੇ ਦੀ ਸਾਰੀ ਹਿੰਦੂ ਆਬਾਦੀ ਕੈਂਪ ਵਿਚ ਲੈ ਆਇਆ।

ਇਸ ਕੈਂਪ ਵਿਚ ਲੋਕ ਬੜੇ ਲੰਮੇ ਸਮੇਂ ਤਕ ਰੁਲਦੇ ਰਹੇ। ਇਹਨਾਂ ਦੀ ਆਖਰੀ ਟੋਲੀ ਨਵੰਬਰ, 1947 ਦੇ ਅੰਤ ਵਿਚ ਭਾਰਤ ਪਹੁੰਚੀ।

ਸਾਂਦਲ ਬਾਰ ਵਿਚ ਇਸ ਉਜਾੜੇ ਦਾ ਸਭ ਤੋਂ ਵੱਡਾ ਕੈਂਪ ਚੂੜ੍ਹਕਾਣੇ ਵਿਚ ਸੀ। ਪ੍ਰੋ. ਸ਼ੇਰ ਸਿੰਘ ਸ਼ੇਰ ਤੇ ਡਾ. ਪ੍ਰਕਾਸ਼ ਸਿੰਘ ਜੰਮੂ ਦੋਵੇਂ ਇਸ ਕੈਂਪ ਵਿਚ ਰਹੇ ਸਨ। ਉਹਨਾਂ ਦੇ ਦੱਸਣ ਮੁਤਾਬਕ ਇਹ ਕੈਂਪ 12 ਵਰਗ ਮੀਲ ਰਕਬੇ ਵਿਚ ਫੈਲਿਆ ਹੋਇਆ ਸੀ। ਸਾਂਦਲ ਬਾਰ ਦੇ ਪਿੰਡਾਂ ਵਿਚ ਤਾਂ ਕਈ ਥਾਈਂ ਬੜੇ ਡੱਟਵੇਂ ਮੁਕਾਬਲੇ ਹੋਏ। ਦੋ'ਹ ਤਿੰਨਾਂ ਪਿੰਡਾਂ ਨੇ ਤਾਂ ਆਪਣੀ ਆਬਾਦੀ ਨਾਲੋਂ ਛੇ-ਛੇ ਗੁਣੇ ਹਥਿਆਰਬੰਦ ਹਜੂਮ ਦਾ 24 ਘੰਟੇ (ਜਾਂ ਇਸ ਤੋਂ ਵੀ ਜ਼ਿਆਦਾ ਸਮੇਂ ਤਕ) ਜਾਨਾਂ ਹੀਲ ਕੇ ਮੁਕਾਬਲਾ ਕੀਤਾ, ਪਰ ਇਸ ਕੈਂਪ ਵਿਚ ਕੋਈ ਵੱਡੀ ਵਾਰਦਾਤ ਨਹੀਂ ਹੋਈ। ਇਸ ਕੈਂਪ ਵਿਚ ਲੋਕ ਕਈ ਮਹੀਨੇ ਰੁਲਦੇ ਰਹੇ, ਮਸਾਂ ਕਿਤੇ ਦਸੰਬਰ ਵਿਚ ਜਾ ਕੇ ਕੈਂਪ ਖਾਲੀ ਹੋਇਆ।

ਸਾਡੇ ਇਲਾਕੇ ਦੇ ਲੋਕਾਂ ਨੇ ਪਾਕਿਸਤਾਨ ਬਣਨ ਦੀ ਖ਼ਬਰ ਤਾਂ ਸੁਣ ਲਈ ਸੀ, ਪਰ ਇਹਨਾਂ ਸੱਤਾਂ ਪਿੰਡਾਂ ਨੂੰ 3 ਸਤੰਬਰ ਤਕ ਕੋਈ ਖ਼ਬਰ ਨਹੀਂ ਸੀ ਕਿ ਬਾਹਰ ਦੁਨੀਆਂ ਵਿਚ ਕੀ ਹੋ ਰਿਹਾ ਹੈ। ਰੇਡੀਓ ਅਜੇ ਓਦੋਂ ਤਕ ਪਿੰਡਾਂ ਵਿਚ ਪਹੁੰਚਿਆ ਨਹੀਂ ਸੀ ਤੇ ਹੋਰ ਕਿਸੇ ਤਰ੍ਹਾਂ ਕੋਈ ਖ਼ਬਰ ਏਥੇ ਪਹੁੰਚ ਹੀ ਨਹੀਂ ਸੀ ਸਕਦੀ। ਉਂਝ ਪਿੰਡਾਂ ਵਾਲੇ ਹਰ ਘਟਨਾ ਦਾ ਟਾਕਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ। ਪੁਰਾਣੇ ਫ਼ੌਜੀਆਂ ਨੇ ਕਿਸੇ ਹਮਲੇ ਸਮੇਂ ਮੁਕਾਬਲਾ ਕਰਨ ਦੀਆਂ ਪੂਰੀਆਂ ਸਕੀਮਾਂ ਬਣਾਈਆਂ ਹੋਈਆਂ ਸਨ, ਹਰ ਆਦਮੀ ਦੀ ਡਿਊਟੀ ਨਿਸ਼ਚਿਤ ਸੀ; ਰਾਤ ਨੂੰ ਪਿੰਡਾਂ ਦੇ ਚਹੁੰ ਪਾਸੀਂ ਪੱਕਾ ਪਹਿਰਾ ਲੱਗਦਾ ਸੀ। ਗੁਆਂਢੀ ਜਾਂਗਲੀਆਂ ਨੇ ਦੋਸਤੀ ਪੂਰੀ ਨਿਭਾਈ, ਉਹਨਾਂ ਸਾਡੇ ਨਾਲ ਕੋਈ ਵਧੀਕੀ ਨਹੀਂ ਕੀਤੀ। ਇਹ ਸਭ ਕੁਝ ਠੀਕ ਸੀ; ਪਰ ਸੱਤਾਂ ਪਿੰਡਾਂ ਵਿਚੋਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਬਾਕੀ ਪੰਜਾਬ ਵਿਚ ਕੀ ਕੁਝ ਵਾਪਰ ਰਿਹਾ ਹੈ, ਤੇ ਨਾ ਹੀ ਕਿਸੇ ਨੂੰ ਕਦੇ ਇਹ ਖਿਆਲ ਆਇਆ ਸੀ ਕਿ ਸਾਨੂੰ ਇਹ ਘਰ-ਬਾਰ ਛੱਡਣੇ ਪੈਣੇ ਹਨ। ਲੋਕੀ ਆਪਣਾ ਨਿੱਤ ਦਾ ਕਾਰ-ਵਿਹਾਰ ਕਰ ਰਹੇ ਸਨ; ਪੱਠੇ, ਮਕਈ ਆਦਿ ਬੀਜੇ ਜਾ ਰਹੇ ਸਨ; ਨਰਮੇ ਦੀ ਪੂਰੀ ਸੰਭਾਲ ਕੀਤੀ ਜਾ ਰਹੀ ਸੀ; ਚੌਂਕੇ-ਚੁੱਲ੍ਹੇ ਲੋੜ ਅਨੁਸਾਰ ਲਿੰਬੇ-ਪੋਚੇ ਜਾ ਰਹੇ ਸਨ; ਹਲ ਵਗ ਰਹੇ ਸਨ; ਦਿਨੇ,

www.sikhbookclub.com



ਰਾਤ ਪਾਣੀ ਦੀਆਂ ਵਾਰੀਆਂ ਸਮੇਂ ਸਿਰ ਲਈਆਂ ਜਾ ਰਹੀਆਂ ਸਨ—ਜੀਵਨ ਬਿਲਕੁਲ ਆਮ ਵਾਂਗ ਸੀ। ਇਹ ਕੁਝ 3 ਸਤੰਬਰ 1947 ਤੱਕ ਚਲਦਾ ਰਿਹਾ—3 ਸਤੰਬਰ ਸਵੇਰੇ ਮੇਰੇ ਭਰਾ ਜਸਵੰਤ ਸਿੰਘ ਨੇ ਮਕਈ ਬੀਜੀ। ਬਾਰ ਵਿਚ ਅਸੀਂ ਮਕਈ ਘੱਟ ਹੀ ਬੀਜਦੇ ਸਾਂ, ਪਰ ਜਾਪਦਾ ਹੈ ਕਿ ਜਸਵੰਤ ਸਿੰਘ ਤੋਂ ਕੋਈ ਗ਼ੈਬੀ ਤਾਕਤ ਇਹ ਫਸਲ ਬਿਜਵਾ ਰਹੀ ਸੀ—ਅਸੀਂ ਮਕਈ ਬੀਜ ਕੇ ਪਾਕਿਸਤਾਨੀਆਂ ਲਈ ਛੱਡ ਆਏ, ਅਤੇ ਏਧਰ ਸਾਨੂੰ ਆਉਂਦਿਆਂ ਹੀ ਪੱਕੀ-ਪਕਾਈ ਮਕਈ ਦੀ ਫਸਲ ਮਿਲ ਗਈ।

3 ਸਤੰਬਰ ਦੀ ਰਾਤ ਨੂੰ ਇਕ ਭਿਆਨਕ ਘਟਨਾ ਵਾਪਰੀ—ਇਕ ਨਵੀਂ ਕਿਸਮ ਦਾ ਘਲੂਘਾਰਾ। ਰੋਟੀ-ਟੁੱਕ ਖਾ ਕੇ ਲੋਕੀਂ ਵੱਖ-ਵੱਖ ਟੋਲੀਆਂ ਵਿਚ ਖੜੇ ਇਕ ਦੂਜੇ ਤੋਂ ਪੁੱਛ ਰਹੇ ਸਨ, "ਕਿਤਿਓਂ ਕੋਈ ਖ਼ਬਰ ਆਈ ਏ ?" ਪਹਿਰੇ ਵਾਲੇ ਆਪੋ-ਆਪਣੇ ਟਿਕਾਣਿਆਂ ਤੇ ਪਹੁੰਚ ਗਏ ਸਨ; ਚੰਗਾ ਹਨੇਰਾ ਹੋ ਚੁੱਕਾ ਸੀ। ਜਮਾਦਾਰ ਵਜ਼ੀਰ ਸਿੰਘ ਦਾ ਲੜਕਾ ਦੂਰਬੀਨ ਫੜੀ ਆਪਣੇ ਚੁਬਾਰੇ ਤੇ ਖੜਾ ਸੀ, ਅਚਾਨਕ ਉਸ ਨੇ ਉੱਚੀ ਆਵਾਜ਼ ਵਿਚ ਦੱਸਿਆ, "ਅਠੱਤਰ ਵੱਲੋਂ ਦੋ ਟ੍ਰੱਕ ਆ ਰਹੇ ਨੇ।" ਸਾਰੇ ਦੌੜ ਕੇ ਓਸ ਪਾਸੇ ਗਏ; ਦੋਂਹ ਟ੍ਰੱਕਾਂ ਦੀਆਂ ਲਾਈਟਾਂ ਸਾਫ਼ ਦਿੱਸ ਰਹੀਆਂ ਸਨ। ਇਹ ਟ੍ਰੱਕ ਫ਼ੌਜੀ ਹੀ ਹੋ ਸਕਦੇ ਸਨ—ਤੇ ਫ਼ੌਜ ਵੀ ਪਾਕਿਸਤਾਨੀ ਹੋਵੇਗੀ; ਭਾਰਤੀ ਫ਼ੌਜ ਤਾਂ ਉਸ ਸਮੇਂ ਤਕ ਪਾਕਿਸਤਾਨੀ ਇਲਾਕੇ ਵਿਚੋਂ ਜਾ ਚੁੱਕੀ ਸੀ। ਪਾਕਿਸਤਾਨੀ ਫ਼ੌਜ ਦੇ ਆਉਣ ਦਾ ਕੀ ਮਤਲਬ ਹੋ ਸਕਦਾ ਸੀ ? ਜਾਂ ਤਾਂ ਉਹ ਪਹਿਲਾਂ ਸਿੱਖਾਂ ਦੇ ਕੇਂਦਰ ਚੱਕ 79 ਨੂੰ ਤਬਾਹ ਕਰਕੇ ਫਿਰ ਦੂਜਿਆਂ ਪਿੰਡਾਂ ਨੂੰ ਘੇਰਨਗੇ, ਜਾਂ ਫਿਰ ਸਾਨੂੰ ਇਹ ਦੱਸਣ ਆ ਰਹੇ ਹਨ ਕਿ ਤੁਸੀਂ ਪਾਕਿਸਤਾਨ ਦੀ ਰਿਆਇਆ ਹੋ, ਡਰਨ ਦੀ ਲੋੜ ਨਹੀਂ, ਅਸੀਂ ਤੁਹਾਡੀ ਹਿਫ਼ਾਜ਼ਤ ਕਰਾਂਗੇ। ਦੋਵਾਂ ਵਿਚੋਂ ਕੋਈ ਵੀ ਅਨੁਮਾਨ ਠੀਕ ਹੋ ਸਕਦਾ ਸੀ। ਖ਼ੈਰ, ਕਿਆਸਆਰਾਈ ਲਈ ਬਹੁਤ ਸਮਾਂ ਨਹੀਂ ਸੀ। ਚੱਕ 78 ਸਾਡੇ ਚੱਕ ਤੋਂ ਸਿਰਫ਼ ਮੀਲ, ਡੇਢ੍ਹ ਮੀਲ ਦੂਰ ਸੀ; ਛੇਤੀ ਹੀ ਇਹ ਗੱਡੀਆਂ ਸਾਡੇ ਪਿੰਡ ਦੀ ਹੱਦ ਵਿਚ ਪਹੁੰਚ ਗਈਆਂ। ਇਹਨਾਂ ਵਿਚ ਇਕ ਜੀਪ ਸੀ, ਤੇ ਇਕ ਵੱਡਾ ਟ੍ਰੱਕ। ਗੱਡੀਆਂ ਸਾਡੇ ਬੰਦਿਆਂ ਦੇ ਨੇੜੇ ਆ ਕੇ ਰੁਕੀਆਂ। ਜਮਾਦਾਰ ਵਜ਼ੀਰ ਸਿੰਘ ਤੇ ਜਮਾਦਾਰ ਨਰੈਣ ਸਿੰਘ ਦਾ ਪੁੱਤਰ ਬਚਨ ਸਿੰਘ ਅੱਗੇ ਵੱਧੇ। ਜੀਪ ਦੀ ਸਾਮ੍ਹਣੀ ਸੀਟ ਤੋਂ ਇਕ ਫ਼ੌਜੀ ਬਾਹਰ ਨਿਕਲਿਆ। ਗੱਡੀਆ ਦੀਆਂ ਲਾਈਟਾਂ ਸਿੱਧੀਆਂ ਸਾਡੇ ਲੋਕਾਂ ਤੇ ਪੈ ਰਹੀਆਂ ਸਨ, ਇਸ ਲਈ ਉਹ ਪਛਾਣ ਨਾ ਸਕੇ ਕਿ ਬਾਹਰ ਨਿਕਲਣ ਵਾਲਾ ਫ਼ੌਜੀ ਕੌਣ ਹੈ। ਉਹ ਸਾਮ੍ਹਣੇ ਖੜ੍ਹੇ ਨੌਜਵਾਨ ਬਚਨ ਸਿੰਘ ਵੱਲ ਆਇਆ ਤੇ ਉਸ ਨੂੰ ਜੱਫ਼ੀ ਪਾ ਕੇ ਬੋਲਿਆ, "ਭਾ ਜੀ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।" ਸਾਰਿਆਂ ਦੀ ਜਾਨ ਵਿਚ ਜਾਨ ਆਈ। ਇਹ ਫ਼ੌਜੀ ਕੈਪਟਨ ਬਰਕਤ ਸਿੰਘ ਸੀ, ਉਸ ਦੇ ਨਾਲ ਡੋਗਰਾ ਜਵਾਨਾਂ ਦਾ ਇਕ ਸੈਕਸ਼ਨ ਸੀ—ਅੱਠ ਜਾਂ ਦਸ ਜਵਾਨ। ਕੈਪਟਨ ਬਰਕਤ ਸਿੰਘ, ਬਚਨ ਸਿੰਘ ਦੀ ਭੈਣ ਬੀਬੀ ਤਾਰੋ ਦਾ ਦਿਓਰ ਸੀ। ਬੀਬੀ ਤਾਰੋ ਦਾ ਪਤੀ ਸਰਦਾਰ ਗਿਆਨ ਸਿੰਘ ਮਹਿਕਮਾ ਨਹਿਰ ਦੇ ਹੈਡ ਆਫਿਸ ਵਿਚ ਲਾਹੌਰ ਨੌਕਰ ਸੀ। ਕੈਪਟਨ ਬਰਕਤ ਸਿੰਘ ਦੀ ਪਲਟਣ ਵੀ ਪੰਜਾਬ ਵਿਚ ਹੀ ਸੀ। ਦੋਹਾਂ ਗੌਰਮਿੰਟਾਂ ਨੇ ਇਹ ਫ਼ੈਸਲਾ ਕੀਤਾ ਹੋਇਆ ਸੀ ਕਿ ਸਿੱਖ ਰਜਮੈਂਟ ਦੀ ਕੋਈ ਟੁਕੜੀ ਪਾਕਿਸਤਾਨੀ ਇਲਾਕੇ ਵਿਚ ਨਹੀਂ ਜਾਏਗੀ ਤੇ

www.sikhbookclub.com



ਬਲੋਚ ਰਜਮੈਂਟ ਭਾਰਤੀ ਖੇਤਰ ਵਿਚ ਨਹੀਂ ਵੜੇਗੀ। ਇਸ ਲਈ ਬਰਕਤ ਸਿੰਘ ਡੋਗਰੇ ਜਵਾਨ ਨਾਲ ਲੈ ਕੇ ਆਇਆ ਸੀ—ਬੀਬੀ ਤਾਰੋ ਨੇ ਉਸ ਨੂੰ ਜ਼ੋਰ ਦੇ ਕੇ ਭੇਜਿਆ ਸੀ ਆਪਣੇ ਮਾਪਿਆਂ ਨੂੰ ਕੱਢ ਕੇ ਲਿਆਉਣ ਲਈ। ਜਦੋਂ ਬਰਕਤ ਸਿੰਘ ਨੇ ਦੱਸਿਆ ਕਿ ਪਿਛਲਾ ਸਾਰਾ ਇਲਾਕਾ ਤਾਂ ਖ਼ਾਲੀ ਹੋ ਚੁੱਕਾ ਹੈ, ਤੁਸੀਂ ਇਥੇ ਕੀ ਕਰਦੇ ਹੋ, ਤਾਂ ਇਸ ਖ਼ਬਰ ਦਾ ਪ੍ਰਭਾਵ ਹੀਰੋਸ਼ੀਮਾ ਤੇ ਡਿੱਗੇ ਐਟਮ ਬੰਬ ਨਾਲੋਂ ਘੱਟ ਨਹੀਂ ਸੀ। ਹੀਰੋਸ਼ੀਮਾ ਵਾਲੇ ਤਾਂ ਸਾਰੇ ਖ਼ਤਮ ਹੋ ਗਏ, ਪਿੱਛੇ ਉਹਨਾਂ ਨੂੰ ਰੋਣ ਵਾਲਾ ਵੀ ਕੋਈ ਨਾ ਰਿਹਾ, ਪਰ ਬਾਰ ਤੋਂ ਉੱਜੜ ਕੇ ਆਏ ਲੋਕਾਂ ਦੀਆਂ ਦੋ ਪੀੜ੍ਹੀਆਂ ਅੱਜ ਤਕ ਰੋ ਰਹੀਆਂ ਹਨ, ਅਤੇ ਅਗਾਂਹ ਆਉਣ ਵਾਲੇ ਪਤਾ ਨਹੀਂ ਕਦੋਂ ਤਕ ਰੋਂਦੇ ਰਹਿਣਗੇ।

ਸਾਰੇ ਇਲਾਕੇ ਨੇ ਏਕਾ ਕੀਤਾ ਹੋਇਆ ਸੀ ਕਿ ਇਕੱਲਾ ਟੱਬਰ ਘਰ ਛੱਡ ਕੇ ਕੋਈ ਨਹੀਂ ਜਾਏਗਾ, ਜੇ ਜਾਣਾ ਪਿਆ ਤਾਂ ਇਕੱਠੇ ਨਿਕਲਾਂਗੇ। ਬਰਕਤ ਸਿੰਘ ਨੂੰ ਇਲਾਕੇ ਦਾ ਇਹ ਫ਼ੈਸਲਾ ਸਪੱਸ਼ਟ ਕਰ ਦਿੱਤਾ ਗਿਆ। ਆਫ਼ਰੀਨ ਹੈ ਬੀਬੀ ਤਾਰੋ ਤੇ ਬਚਨ ਸਿੰਘ ਦੇ ਪਿਤਾ ਜਮਾਦਾਰ ਨਰੈਣ ਸਿੰਘ ਦੇ, ਜਿਸ ਨੇ ਇਲਾਕੇ ਵੱਲੋਂ ਕੀਤੇ ਫ਼ੈਸਲੇ ਨੂੰ ਅੰਤ ਤਕ ਨਿਭਾਇਆ। ਹੁਣ ਜਦੋਂ ਬਰਾਦਰੀ ਖ਼ਤਮ ਹੋ ਰਹੀ ਸੀ, ਭਾਈਚਾਰੇ ਵੱਲੋਂ ਬਾਈਕਾਟ ਦਾ ਜਾਂ ਤਾਹਨੇ, ਮਿਹਣੇ ਸੁਣਨ ਦਾ ਕੋਈ ਖ਼ਤਰਾ ਨਹੀਂ ਸੀ, ਜਮਾਦਾਰ ਸਾਹਿਬ ਆਪਣੇ ਪਰਵਾਰ ਨੂੰ ਲੈ ਕੇ ਟ੍ਰੱਕ ਵਿਚ ਆ ਸਕਦੇ ਸਨ, ਪਰ ਉਹਨਾਂ ਨੇ ਭਾਈਚਾਰੇ ਦੇ ਬਿਲਕੁਲ ਵੱਖਰੇ ਹਾਲਾਤ ਵਿਚ ਕੀਤੇ ਫ਼ੈਸਲੇ ਨੂੰ ਸਿਰ-ਮੱਥੇ ਤੇ ਨਿਭਾਇਆ। ਆਫ਼ਰੀਨ ਹੈ ਕੈਪਟਨ ਬਰਕਤ ਸਿੰਘ ਦੇ, ਜਿਸ ਨੇ ਕੁੱਲ ਦਸ ਜਵਾਨਾਂ ਨਾਲ ਕੋਈ ਪੰਜ ਹਜ਼ਾਰ ਉੱਜੜੇ-ਪੁੱਜੜੇ ਲੋਕਾਂ ਦਾ ਕਾਫ਼ਲਾ ਕੋਈ ਡੇਢ ਸੌ ਮੀਲ ਦੇ ਨਿਹਾਇਤ ਖ਼ਤਰਨਾਕ ਇਲਾਕੇ ਵਿਚੋਂ ਦੀ ਲੈ ਜਾਣ ਦਾ ਹੌਸਲਾ ਕੀਤਾ। ਮੁਸਲਮਾਨਾਂ ਦੇ ਪਿੰਡਾਂ ਦੇ ਸਾਰੇ ਹਿੰਦੂ ਦੁਕਾਨਦਾਰ ਵੀ ਸਾਡੇ ਪਿੰਡ ਵਿਚ ਹੀ ਆ ਗਏ ਹੋਏ ਸਨ। ਇਸ ਲਈ ਹੁਣ ਇਸ ਕਾਫ਼ਲੇ ਨਾਲ ਜਾਣ ਵਾਲਿਆਂ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਹੋ ਗਈ ਸੀ।

ਗੁਰਦਵਾਰੇ ਦਾ ਸੰਖ ਪੂਰਿਆ ਗਿਆ। ਸਾਰਾ ਪਿੰਡ ਇਕੱਠਾ ਹੋ ਗਿਆ ਤੇ ਸਾਰਿਆਂ ਨੂੰ ਇਹ ਮੌਤ ਦੀ ਸਜ਼ਾ ਸੁਣਾਉਣ ਵਰਗੀ ਭਿਆਨਕ ਖ਼ਬਰ ਸੁਣਾ ਦਿੱਤੀ ਗਈ—"ਅਸਾਂ ਭਲਕੇ ਸਵੇਰੇ ਆਪਣੇ ਘਰ-ਬਾਰ ਛੱਡ ਕੇ ਨਵੇਂ ਬਣੇ ਦੇਸ਼ ਭਾਰਤ ਵੱਲ ਚਾਲੇ ਪਾਉਣੇ ਹਨ, ਰਾਤੋ-ਰਾਤ ਤਿਆਰੀ ਕਰ ਲਓ।" ਗੁਰਦਵਾਰੇ ਬੈਠ ਕੇ ਹੀ ਨਾਲ ਦਿਆਂ ਪਿੰਡਾਂ ਨੂੰ ਚਿੱਠੀਆਂ ਲਿਖੀਆਂ ਗਈਆਂ; ਸਾਰਾ ਵੇਰਵਾ ਦੇ ਕੇ ਲਿਖ ਦਿੱਤਾ ਗਿਆ ਕਿ ਭਲਕੇ 4 ਸਤੰਬਰ ਨੂੰ ਸਵੇਰੇ 10 ਤੋਂ 12 ਵਜੇ ਦੇ ਦਰਮਿਆਨ ਛੰਭ ਬੰਗਲੇ ਵਾਲੇ ਪੁਲ ਕੋਲ ਪਹੁੰਚ ਜਾਓ। ਇਹ ਚਿੱਠੀਆਂ ਜਵਾਨ ਮੁੰਡਿਆਂ ਨੇ ਘੋੜੀਆਂ ਤੇ ਚੜ੍ਹ ਕੇ ਸਾਰਿਆਂ ਸਿੱਖਾਂ ਦਿਆਂ ਪਿੰਡਾਂ ਵਿਚ ਪਹੁੰਚਾਈਆਂ।

ਕਿਸੇ ਦੀ ਕੋਈ ਤਿਆਰੀ ਨਹੀਂ ਸੀ। ਕੁਝ ਇਕ ਘਰਾਂ ਕੋਲ ਗੱਡੇ ਵੀ ਨਹੀਂ ਸਨ। ਜਿਹੜੇ ਗੱਡੇ ਸਨ, ਉਹਨਾਂ ਨੂੰ ਵਾਂਗਣ ਦਾ ਟਾਇਮ ਨਹੀਂ ਸੀ, ਜ਼ਰੂਰੀ ਮੁਰੰਮਤ ਲਈ ਵੀ ਵਿਹਲ ਨਹੀਂ ਸੀ। ਹਰ ਟੱਬਰ ਨੇ ਬਹੁਤ ਜ਼ਰੂਰੀ ਬਿਸਤਰੇ ਤੇ ਕਪੜੇ ਚੁੱਕੇ, ਕੁਝ ਥੋੜ੍ਹੇ ਜਿਹੇ

www.sikhbookclub.com



ਭਾਂਡੇ ਲਏ, ਕੁਝ ਆਟਾ, ਦਾਲ, ਲੂਣ ਘਿਓ ਜਿੰਨਾ ਕੋਈ ਚੁੱਕ ਸਕਦਾ ਸੀ, ਚੁੱਕਿਆ। ਬਾਕੀ ਭਰੇ ਘਰ ਛੱਡਣੇ ਸਨ—'ਘਰ' ਕਿੰਨਾ ਅਹਿਮ, ਕਿੱਡਾ ਮਹਾਨ, ਕਿੰਨਾ ਪਿਆਰਾ ਸ਼ਬਦ ਹੈ, ਖ਼ਾਸ ਕਰ ਪੰਜਾਬੀ ਲੋਕਾਂ ਲਈ। ਕਿਰਾਏ ਦਾ ਘਰ ਛੱਡਣ ਲੱਗਿਆਂ ਵੀ ਦਿਲ ਉਦਾਸ ਹੁੰਦਾ ਹੈ, ਇਹ ਘਰ ਤਾਂ ਸਾਡੇ ਬਜ਼ੁਰਗਾਂ ਨੇ ਕਈਆਂ ਮੋਰਚਿਆਂ ਤੇ ਤੇਗਾਂ ਮਾਰ ਕੇ ਪ੍ਰਾਪਤ ਕੀਤੇ ਸਨ। ਉਹ ਘਰ ਜਿਨ੍ਹਾਂ ਦੇ ਇਕ-ਇਕ ਰਦੇ ਵਿਚ ਸੌ-ਸੌ ਰੀਝਾਂ ਚਿਣੀਆਂ ਹੋਈਆਂ ਸਨ, ਜਿਨ੍ਹਾਂ ਦੇ ਤੋੜੇ (ਸ਼ਤੀਰ) ਵਢਦਿਆਂ ਤੇ ਛਾਂਗਦਿਆਂ ਪਿੰਡ ਦੀ ਜਵਾਨੀ ਦਾ ਮੁੜ੍ਹਕਾ ਆਬੇਹਯਾਤ ਦੀਆਂ ਬੂੰਦਾਂ ਵਾਂਗ ਚੋਇਆ ਸੀ, ਜਿਨ੍ਹਾਂ ਦੀਆਂ ਕੰਧਾਂ ਲਿੰਬਦਿਆਂ ਪਿੰਡ ਦੀਆਂ ਮੁਟਿਆਰਾਂ ਨੇ ਮੁਲਤਾਨ ਦੀ ਕੜਕਦੀ ਧੁੱਪ ਵਿਚ, ਹਸਦਿਆਂ-ਖੇਡਦਿਆਂ ਪੱਬਾਂ ਭਾਰ ਹੋ ਕੇ ਲੇਅ ਲਾਏ ਸਨ, ਜਿਨ੍ਹਾਂ ਦੇ ਫਸਕੇ ਪਾਉਂਦਿਆਂ ਦਿਲਾਂ ਦੀ ਡੂੰਘਾਈ ਵਿਚੋਂ ਅਸੀਸਾਂ ਨਿਕਲੀਆਂ ਸਨ—ਇਹ ਘਰ ਛਡਣੇ ਸਨ ਅਸਾਂ, ਨਿਹਾਇਤ ਬੇਬਸੀ ਦੀ ਹਾਲਤ ਵਿਚ। ਕੁਝ ਇਕ ਘਰਾਂ ਦੀਆਂ ਬਰੂਹਾਂ ਅੱਗੇ ਅਜੇ ਸਰੀਂਹ ਦੇ ਪੱਤੇ ਲਮਕ ਰਹੇ ਸਨ; ਬਹੁਤਿਆਂ ਘਰਾਂ ਦੀਆਂ ਕੰਧਾਂ ਉੱਤੇ ਬੀਤੀ ਵਿਸਾਖੀ ਨੂੰ ਬਣਾਏ ਵੇਲ-ਬੂਟੇ ਅਜੇ ਚਮਕਦੇ ਸਨ, ਇਕ-ਦੋਂਹ ਨਵੇਂ ਬਣੇ ਕੋਠਿਆਂ ਦੀਆਂ ਅਜੇ ਕੰਧਾਂ ਵੀ ਨਹੀਂ ਸਨ ਲਿੰਬੀਆਂ।

ਰੀਝਾਂ ਨਾਲ ਬਣਾਏ ਹੋਏ ਚੁਬਾਰੇ, ਉੱਚੇ ਗੇਟ ਜਿਨ੍ਹਾਂ ਹੇਠ ਦੀ ਲੱਦੇ-ਲਦਾਏ ਊਠ ਲੰਘ ਜਾਣ, ਖੁੱਲ੍ਹੀਆਂ ਬੈਠਕਾਂ ਜਿਨ੍ਹਾਂ ਵਿਚ ਦਸ-ਦਸ ਪਲੰਘ ਡਹਿ ਜਾਣ, ਸੱਜੀਆਂ-ਸਜਾਈਆਂ ਸਬਾਤਾਂ ਜਿਨ੍ਹਾਂ ਦੀਆਂ ਪੜਛੱਤੀਆਂ ਉੱਤੇ ਭਾਂਡਿਆ ਦੀਆਂ ਟੀਂਡਾਂ ਲੱਗੀਆਂ ਹੋਈਆਂ ਸਨ, ਇਹ ਸਭ ਕੁਛ ਛੱਡ ਕੇ ਤੁਰਨਾ ਸੀ।

ਰਾਤ ਨੂੰ ਕਿਸ ਨੇ ਸੌਣਾ ਸੀ; ਕੁੱਛੜ ਵਾਲੇ ਅੰਞਾਣੇ ਵੀ ਨਾ ਸੁੱਤੇ, ਉਹਨਾਂ ਦੀ ਮਾਸੂਮ ਬੁੱਧ ਨੂੰ ਵੀ ਜਾਪਦਾ ਸੀ ਕਿ ਕੋਈ ਅਣ-ਹੋਣੀ ਗੱਲ ਹੋ ਰਹੀ ਹੈ। ਲੋਕਾਂ ਦੋਂਹ-ਦੋਂਹ ਡੰਗਾਂ ਦੀਆਂ ਰੋਟੀਆਂ ਪਕਾ ਲਈਆਂ, ਕੁਝ ਮੱਠੀਆਂ ਕੱਢ ਲਈਆਂ, ਪੰਜੀਰੀ ਬਣਾ ਲਈ; ਜੋ ਕਿਸੇ ਨੂੰ ਸੁਝਿਆ, ਕਰ ਲਿਆ।

ਸਾਡੇ ਘਰ ਦਾ ਰੱਬ ਰਾਖਾ ਸੀ। ਮੇਰੇ ਪਿਤਾ ਜੀ ਸੰਨ 1941 ਵਿਚ ਚਲਾਣਾ ਕਰ ਗਏ ਸਨ, ਜਿਸ ਸਾਲ ਮੈਂ ਬੀ. ਏ. ਕੀਤੀ ਸੀ—ਉਹਨਾਂ ਦੀ ਮੌਤ ਨੇ ਮੇਰੇ ਜੀਵਨ ਦੀਆਂ ਸਾਰੀਆਂ ਸੱਧਰਾਂ ਤੇ ਪਾਣੀ ਫੇਰ ਦਿੱਤਾ ਸੀ। ਇਸ ਉਜਾੜੇ ਸਮੇਂ ਘਰ ਦੀ ਸਾਰੀ ਜ਼ੁੰਮੇਵਾਰੀ ਸਾਡੀ ਮਾਤਾ ਜੀ ਦੇ ਸਿਰ ਤੇ ਸੀ। ਮੇਰਾ ਛੋਟਾ ਭਰਾ ਜਸਵੰਤ ਸਿੰਘ ਅਜੇ ਮਸਾਂ ਪੰਦਰ੍ਹਾਂ ਸੋਲ੍ਹਾਂ ਸਾਲ ਦਾ ਸੀ ਤੀਜਾ ਸੁਰਿੰਦਰ ਮਸਾਂ ਦਸ ਸਾਲ ਦਾ। ਉਹਨਾਂ ਕੋਲੋਂ ਜੁ ਕੁਝ ਹੋਇਆ ਕੀਤਾ। ਸਾਡੀ ਛੋਟੀ ਭੈਣ ਵੰਤੀ (ਇੰਦਰਵੰਤ ਕੌਰ) ਵੀ ਇਹਨੀਂ ਦਿਨੀਂ ਸਾਡੇ ਕੋਲ ਹੀ ਸੀ; ਉਸ ਦੇ ਸਹੁਰਿਆਂ ਨੇ ਖ਼ੁਦ ਹੀ ਭੇਜੀ ਸੀ, ਕਿਉਂਕਿ ਉਹ ਨੀਲੀਬਾਰ ਵਿਚ ਬੜੇ ਕੁਥਾਂ ਬੈਠੇ ਸਨ। ਸਾਡੇ ਚਾਚੇ ਦੇ ਘਰ ਸਾਡੀ ਮਾਸੀ ਸੀ; ਇਹਨਾਂ ਦੁਹਾਂ ਜੀਆਂ ਨੇ ਬੜੀਆਂ ਸੱਟਾਂ ਸਹਾਰੀਆਂ ਸਨ; ਇਹਨਾਂ ਦੇ ਤਿੰਨ ਪੁੱਤਰ ਥੋੜ੍ਹੀ ਜਿਹੀ ਵਿੱਥ ਨਾਲ ਵਿਛੋੜਾ ਦੇ ਗਏ ਸਨ। ਹੁਣ ਇਹਨਾਂ ਦੀਆਂ ਤਿੰਨ ਲੜਕੀਆਂ ਸਨ ਤੇ ਕੁੱਛੜ ਇਕ ਕਾਕਾ। ਚਾਚੇ ਤੇ ਜਸਵੰਤ ਨੇ ਗੱਡੇ ਤੇ ਘਰ ਦਾ ਸਮਾਨ ਲੱਦਿਆ—ਜਿੰਨਾ 'ਕੁ ਲੱਦਿਆ ਜਾ ਸਕਦਾ ਸੀ। ਜਮਾਦਾਰ

www.sikhbookclub.com



ਨਰੈਣ ਸਿੰਘ ਹੋਰਾਂ ਨਾਲ ਸਾਡੀ ਰਿਸ਼ਤੇਦਾਰੀ ਵੀ ਸੀ, ਪਰ ਰਿਸ਼ਤੇਦਾਰੀ ਤੋਂ ਵੱਧ ਦੂਹਾਂ ਟੱਬਰਾਂ ਦੀ ਨਿਕਟਤਾ ਸੀ। ਉਹਨਾਂ ਕਹਿ ਭੇਜਿਆ ਸੀ ਕਿ ਸਾਡੀ ਮਾਂ ਜੀ, ਸਾਡੀ ਭੈਣ, ਮਾਸੀ ਤੇ ਉਸ ਦੇ ਬੱਚੇ ਉਹਨਾਂ ਦੇ ਟ੍ਰੱਕ ਤੇ ਜਾਣਗੇ; ਗੱਡੇ ਨਾਲ ਚਾਚੇ ਨੇ ਤੇ ਜਸਵੰਤ ਸਿੰਘ ਨੇ ਜਾਣਾ ਸੀ। ਪਰ ਜਾਣਾ ਟ੍ਰੱਕ ਨੇ ਵੀ ਕਾਫ਼ਲੇ ਦੇ ਨਾਲ ਹੀ ਸੀ। ਸਾਰੇ ਪਿੰਡ ਦੀਆਂ ਜਵਾਨ ਲੜਕੀਆਂ ਵੀ ਏਸੇ ਟ੍ਰੱਕ ਵਿਚ ਬੈਠਾਈਆਂ ਗਈਆਂ।

ਕਿਆਮਤ ਦਾ ਦਿਨ ਆ ਗਿਆ; 4 ਸਤੰਬਰ ਦਾ ਸੂਰਜ ਚੜ੍ਹਿਆ—ਅਜਿਹਾ ਸੂਰਜ ਪਹਿਲਾਂ ਕਦੇ ਨਹੀਂ ਸੀ ਚੜ੍ਹਿਆ। ਪਿੰਡ ਦੇ ਲੋਕ ਗੁਰਦਵਾਰੇ ਗਏ—ਜਿਸ ਗੁਰਦਵਾਰੇ ਦੀ ਕੰਧ ਉੱਤੇ ਪੱਥਰ ਲੱਗਾ ਹੋਇਆ ਸੀ, 'ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ।' ਤੇ ਹੇਠਾਂ ਲਿਖਿਆ ਸੀ, '45 ਰੈਟਰੇਜ਼ ਸਿਖਜ਼, ਗੁਰਦਵਾਰਾ ਚੱਕ ਨੰਬਰ 79/15 ਐਲ, ਬਸੰਤਪੁਰਾ।' ਅਰਦਾਸਾ ਸੋਧਿਆ—ਅਰਦਾਸ ਵਿਚ ਕੀ ਕਿਹਾ, ਇਹ ਮੈਨੂੰ ਪਤਾ ਨਹੀਂ, ਕਿਉਂਕਿ ਮੈਂ ਤਾਂ ਓਥੇ ਹਾਜ਼ਰ ਨਹੀਂ ਸਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਗੁਰਦਵਾਰੇ ਦੀਆਂ ਸਨ, ਤੇ ਤੀਜੀ ਸਾਡੇ ਘਰ ਸੀ। ਇਹ ਤਿੰਨੇ ਬੀੜਾਂ ਤੇ ਰੁਮਾਲੇ ਦੋਹ ਟ੍ਰੰਕਾਂ ਵਿਚ ਪਾਏ ਤੇ ਇਹ ਟ੍ਰੰਕ ਲੈ ਜਾਣ ਦੀ ਜ਼ੁੰਮੇਵਾਰੀ ਸੂਬੇਦਾਰ ਮੇਜਰ ਮੈਸਾ ਸਿੰਘ ਦੇ ਭਰਾ ਹਰੀ ਸਿੰਘ ਨੇ ਲਈ (ਸੂਬੇਦਾਰ ਮੇਜਰ ਪੰਜ, ਛੇ ਸਾਲ ਪਹਿਲਾਂ ਚਲਾਣਾ ਕਰ ਗਿਆ ਸੀ।) ਹਰੀ ਸਿੰਘ ਨੇ ਘਰ ਦਾ ਹੋਰ ਕੋਈ ਸਾਮਾਨ ਨਹੀਂ ਸੀ ਚੁਕਿਆ, ਬੱਸ ਗਲ ਦਿਆਂ ਕੱਪੜਿਆਂ ਵਿਚ ਹੀ ਤਰ ਪਿਆ ਸੀ।

ਲੋਕਾਂ ਨੇ ਘਰ ਦਾ ਸਾਰਾ ਸਾਜ-ਸਮਾਨ ਵਿਹੜਿਆਂ ਵਿਚ ਖਿਲਾਰਿਆ ਹੋਇਆ ਸੀ—ਨਾਲ ਲੈ ਜਾਣ ਵਾਲੀਆਂ ਵਸਤਾਂ ਚੁਣ ਕੇ ਕੱਢਣ ਲਈ। ਹੁਣ ਪਿੰਡ ਦੇ ਮੁਸਲਮਾਨ ਕੰਮੀਆਂ ਨੂੰ ਤੇ ਹਸਾਈਆਂ ਨੂੰ ਸੱਦਿਆ ਤੇ ਕਿਹਾ, 'ਜੋ ਚੁਕਣਾ ਹੈ ਚੁੱਕ ਲਵੋ।' ਕੋਈ ਕੰਮੀ ਕਿਸੇ ਚੀਜ਼ ਨੂੰ ਹੱਥ ਨਾ ਲਾਵੇ। ਸਾਰੇ ਰੋ ਰਹੇ ਸਨ, ਕਈ ਭੁੱਬਾਂ ਮਾਰ ਰਹੇ ਸਨ। ਆਖਰ ਹੱਥੀ ਵਸਤਾਂ ਫੜ-ਫੜ ਕੇ ਵੰਡੀਆਂ। ਸਾਡਾ ਟੱਬਰ ਕੋਈ ਬਹੁਤ ਅਮੀਰ ਘਰਾਣਾ ਨਹੀਂ ਸੀ, ਫੇਰ ਵੀ ਘਰ ਭਰਿਆ ਹੋਇਆ ਸੀ। ਰਜਾਈਆਂ ਸੰਭਾਲਣ ਲਈ ਗੁਜਰਾਂਵਾਲੇ ਤੋਂ ਮੰਗਾਈ ਹੋਈ ਪੇਟੀ ਗਾਮੇ ਜੁਲਾਹੇ ਨੂੰ ਚੁਕਾਈ, ਮੇਰੀ ਘਰ ਵਾਲੀ ਦੇ ਦਾਜ ਦੇ ਬਿਸਤਰੇ ਨ੍ਹਾਮੋ ਹਸੈਣ ਤੇ ਆਸੋ ਮਿਰਾਸਣ ਨੂੰ ਦਿਤੇ; ਨਵਾਰੀ ਪਲੰਘ, ਰੀਝਾਂ ਨਾਲ ਉਣੇ ਹੋਏ ਰੰਗੀਨ ਸੂਤ ਦੇ ਮੰਜੇ, ਮੇਰੀਆਂ ਭੈਣਾਂ ਮਹਿੰਦਰੋ, ਵੰਤੀ ਤੇ ਮੇਰੀ ਪਤਨੀ ਨਿਰੰਜਨ ਕੌਰ ਦੀਆਂ ਕਰੜੀ ਤਪੱਸਿਆ ਕਰਕੇ ਉਣੀਆਂ ਡਿਜ਼ਾਇਨਦਾਰ ਦਰੀਆਂ, ਸਿੱਧੀਆਂ ਕਰਤਾਰਪੁਰ ਤੋਂ ਮੰਗਾਈਆਂ ਹੋਈਆਂ ਕੁਰਸੀਆਂ (ਕੁਰਸੀ ਉਹਨੀਂ ਦਿਨੀਂ ਪਿੰਡਾਂ ਵਿਚ ਬੜੀ ਵੱਡੀ ਚੀਜ਼ ਮੰਨੀ ਜਾਂਦੀ ਸੀ), ਮੇਰੇ ਸੁਮਾਟਰਾ ਵਿਚੋਂ ਲਿਆਂਦੇ ਹੋਏ ਚੀਨੀ ਦੇ ਬਰਤਨ, ਸਭ ਕੁਝ ਬੜੀ ਬੇਦਰਦੀ ਨਾਲ ਸੁੱਟਿਆ—ਲੈਣ ਵਾਲੇ ਨਾਂਹ, ਨਾਂਹ ਕਰ ਰਹੇ ਸਨ, ਦੇਣ ਵਾਲੇ ਧੱਕੇ ਨਾਲ ਦੇ ਰਹੇ ਸਨ।

ਗੱਡੇ ਜੋਣ ਵਾਲੀ ਇਕ ਜੋਗ ਛਡ ਕੇ ਬਾਕੀ ਡੰਗਰਾਂ ਦੇ ਰੱਸੇ ਖੋਲ੍ਹ ਦਿੱਤੇ। ਕੁੰਢੀਆਂ ਮੱਝਾਂ, ਜਿਨ੍ਹਾਂ ਦੇ ਹਵਾਨੇ ਚੱਡਿਆਂ ਵਿਚ ਨਹੀਂ ਸਨ ਸਮਾਉਂਦੇ, ਨਾਰ੍ਹੇ ਬਲਦ ਜਿਹੜੇ ਛਾਟ ਦੀ ਛੋਹ ਨਹੀਂ ਸਨ ਸਹਾਰਦੇ, ਸਾਹਨਾਂ ਵਰਗੇ ਵਹਿੜਕੇ ਜਿਹੜੇ ਘਿਓ ਦੀਆਂ ਨਾਲਾਂ ਦੇ-ਦੇ

www.sikhbookclub.com



ਕੇ ਪਾਲੇ ਸਨ, ਸਭ ਖੁੱਲ੍ਹੇ ਛੱਡ ਦਿੱਤੇ, ਅਤੇ ਆਖਰੀ ਥਾਪੀ ਦੇ ਕੇ ਕਹਿ ਦਿੱਤਾ, 'ਜਾਓ ਭਾਈ ਹੁਣ ਸਾਡਾ ਤੁਹਾਡਾ ਰਿਸ਼ਤਾ ਖ਼ਤਮ ਹੋ ਗਿਆ।' ਖੁੱਲ੍ਹੇ ਛੱਡੇ ਡੰਗਰ ਵੀ ਕਿੱਲਿਆਂ ਤੋਂ ਨਾ ਹਿੱਲਣ; ਉਹ ਰਾਤ ਦੇ ਹੀ ਹੈਰਾਨੀ ਨਾਲ ਸਭ ਕੁਝ ਹੁੰਦਾ ਵੇਖ ਰਹੇ ਸਨ; ਕਈ ਪਸ਼ੂ ਤਾਂ ਸਾਰੀ ਰਾਤ ਬੈਠੇ ਹੀ ਨਹੀਂ ਸਨ।

ਹੁਣ ਲੋਕਾਂ ਨੇ ਕਲੇਜੇ ਤੇ ਹੱਥ ਧਰ ਕੇ ਗੱਡੇ ਜੁੱਤੇ, ਤੇ ਇਥੇ ਸਾਡੇ ਘਰ ਦੀ ਇਕ ਘਟਨਾ ਦਾ ਮੈਂ ਵਿਸ਼ੇਸ਼ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਡੀ ਦਾਦੀ, ਮਾਈ ਇੰਦੋ, ਜਿਸ ਨੇ ਇਸ ਪਿੰਡ ਦੇ ਪਹਿਲੇ ਚੁੱਲ੍ਹੇ ਵਿਚ ਅੱਗ ਬਾਲੀ ਸੀ, ਜਿਸ ਦੀਆਂ ਪੱਕੀਆਂ ਹੋਈਆਂ ਰੋਟੀਆਂ ਅੱਧੇ ਪਿੰਡ ਨੇ ਖਾਧੀਆਂ ਸਨ, ਉਹ ਅਜੇ ਜਿਊਂਦੀ ਸੀ; ਪਰ ਪਿਛਲੇ ਪੰਜਾਂ, ਛਿਆਂ ਸਾਲਾਂ ਤੋਂ ਬਿਲਕੁਲ ਅੰਨ੍ਹੀ ਸੀ। ਉਹ ਕੱਲਮ-ਕੱਲੀ ਆਪਣੇ ਕਮਰੇ ਵਿਚ ਪਈ ਰਹਿੰਦੀ ਸੀ। ਨੋਂਹਾਂ ਤੇ ਪੋਤਰਿਆਂ, ਪੋਤਰੀਆਂ ਨੇ ਉਸ ਦੀ ਉਹ ਸੰਭਾਲ ਨਾ ਕੀਤੀ ਜੋ ਕਰਨੀ ਚਾਹੀਦੀ ਸੀ। ਮਾਈ ਨੇ ਆਪਣੀ ਉਮਰ ਦੇ ਪਿਛਲੇ ਸਾਲ ਬੜੇ ਔਖੇ ਕੱਟੇ। ਗੱਡਾ ਜੋ ਕੇ ਉਸ ਨੂੰ ਪਹਿਲੀ ਵਾਰ ਦੱਸਿਆ ਗਿਆ, "ਮਾਂ ਚੱਲ ਗੱਡੇ ਤੇ ਬੈਠ, ਹੁਣ ਅਸਾਂ ਏਥੋਂ ਚਲੇ ਜਾਣਾ ਏ, ਏਥੇ ਮੁਸਲਮਾਨਾਂ ਦਾ ਰਾਜ ਹੋ ਗਿਆ ਏ।" ਮਾਂ ਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਰਹਿ ਗਿਆ। ਉਹ ਕੁਝ ਬੋਲ ਨਾ ਸਕੀ। ਉਸ ਨੂੰ ਲਿਟਾਉਣ ਲਈ ਗੱਡੇ ਉੱਤੇ ਥਾਂ ਬਣਾਇਆ ਹੋਇਆ ਸੀ, ਮਾਂ ਨੂੰ ਓਥੇ ਲਿਟਾ ਦਿੱਤਾ ਗਿਆ। ਜਿਹੜੀ ਮਾਤਾ 26 ਸਾਲ ਪਹਿਲਾਂ ਬਟਾਲੇ ਤੋਂ ਚੱਕ 79 ਤੱਕ ਗੱਡੇ ਤੇ ਸਫ਼ਰ ਕਰਦਿਆਂ ਰੋਜ ਟੱਬਰ ਨੂੰ ਤਾਜ਼ਾ ਮੱਖਣ, ਲੱਸੀ ਦਿੰਦੀ ਰਹੀ ਸੀ ਤੇ ਪਰੌਂਠੇ ਪਕਾ ਕੇ ਦਿੰਦੀ ਰਹੀ ਸੀ, ਅੱਜ ਉਸ ਵਿਚ ਗੱਡੇ ਤੇ ਚੜ੍ਹਨ ਦੀ ਹਿੰਮਤ ਨਹੀਂ ਸੀ।

ਆਖਰ ਲੋਕਾਂ ਨੇ ਬਲਦ ਹਿੱਕੇ ਤੇ ਗੱਡੇ ਪਿੰਡੋਂ ਬਾਹਰ ਨਿਕਲੇ ਤੇ ਨਿਕਲੇ ਵੀ ਸਾਡੇ ਮੁਰੱਬੇ ਵਿਚੋਂ ਦੀ, ਜਿਸ ਮੁਰੱਬੇ ਵਿਚ ਸਾਡੇ ਬਜ਼ੁਰਗਾਂ ਨੇ ਪਿੰਡ ਦਾ ਪਹਿਲਾ ਜੋਤਰਾ ਲਾਇਆ ਸੀ। ਜਮਾਦਾਰ ਵਜ਼ੀਰ ਸਿੰਘ ਦੇ ਛੋਟੇ ਲੜਕੇ ਨਰਿੰਦਰ ਸਿੰਘ ਨੇ ਆਪਣੇ ਸਾਈਕਲ ਦੇ ਕੈਰੀਅਰ ਤੇ ਸਿਰਫ਼ ਹਾਰਮੋਨੀਅਮ ਰੱਖਿਆ ਹੋਇਆ ਸੀ। ਉਹ ਉੱਚੀ ਸੁਰ ਵਿਚ ਕਿਸੇ ਕਵੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦ ਪੁਰ ਛੱਡਣ ਬਾਰੇ ਲਿਖੀ ਕਵਿਤਾ ਗਾ ਰਿਹਾ ਸੀ। ਮੈਨੂੰ ਅੱਜ ਇਸ ਕਵਿਤਾ ਦੇ ਸਿਰਫ਼ ਪਹਿਲੇ ਕੁਝ ਸ਼ਬਦ ਹੀ ਯਾਦ ਹਨ—"ਸੁਖੀ ਵੱਸੀਂ ਅਨੰਦਪੁਰੀਏ......।" ਲੋਕ ਗੱਡੇ ਹਿੱਕੀ ਜਾ ਰਹੇ ਸਨ ਤੇ ਪਿਛਾਂਹ ਮੁੜ-ਮੁੜ ਕੇ ਆਪਣੇ ਘਰਾਂ ਨੂੰ ਵੀ ਵੇਖਦੇ ਜਾ ਰਹੇ ਸਨ। ਕਿੱਡੇ ਵੱਡੇ ਜੇਰੇ ਦੀ ਲੋੜ ਹੈ ਏਡੀ ਵੱਡੀ ਸੱਟ ਸਹਾਰਨ ਲਈ। ਇਸ ਦਾ ਅਨੁਮਾਨ ਉਹੋ ਲੋਕ ਲਾ ਸਕਦੇ ਹਨ ਜਿਨ੍ਹਾਂ ਦੇ ਸਿਰ ਬੀਤੀ ਹੋਵੇ। ਅੰਤ ਗੱਡੇ ਛੰਭ ਬੰਗਲੇ ਵਾਲੇ ਪੁਲ ਤੇ ਪੁੱਜ ਗਏ ਜਿੱਥੇ ਹੋਰਨਾ ਪਿੰਡਾਂ ਦੇ ਲੋਕ ਸਾਡੀ ਉਡੀਕ ਕਰ ਰਹੇ ਸਨ।

ਸੱਜਣੋਂ ਇੰਞ ਉੱਜੜੀ ਗੰਜੀ ਬਾਰ—ਸ਼ਬਦ 'ਉੱਜੜੀ' ਕਹਿ ਦੇਣਾ ਜਾਂ ਲਿਖ ਦੇਣਾ ਸੋਖਾ ਹੈ, ਪਰ ਅੱਜ 47 ਵਰ੍ਹੇ ਬੀਤਣ ਪਿੱਛੋਂ ਵੀ ਇਸ ਉੱਜਾੜੇ ਨੂੰ ਯਾਦ ਕਰਕੇ ਦਿਲ ਨੂੰ ਕਾਬੂ ਵਿਚ ਰੱਖਣਾ ਕਿਸੇ ਮਹਾਨ ਸਾਧਕ ਦਾ ਹੀ ਕਰਤਬ ਹੋ ਸਕਦਾ ਹੈ। ਇਹ ਕਥਾ ਹੈ ਸਾਡੇ ਛਿਆਂ ਸੱਤਾਂ ਪਿੰਡਾਂ ਦੀ; ਹਰ ਇਲਾਕੇ ਦੀ, ਹਰ ਪਿੰਡ ਦੀ ਆਪਣੀ ਕਹਾਣੀ ਹੈ—ਅਫ਼ਸੋਸ

www.sikhbookclub.com



ਕਿ ਜੋ ਕੁਝ ਪੰਜਾਬੀਆਂ ਦੇ ਸਿਰ ਬੀਤਿਆ ਸੀ, ਉਸ ਦਾ ਇਕ ਫ਼ੀ ਸਦੀ ਵੀ ਕਿਸੇ ਨੇ ਕਲਮਬੰਦ ਨਹੀਂ ਕੀਤਾ। ਮੈਂ ਵੀ ਬਹੁਤ ਕੁਝ ਛਡਿਆ ਹੈ—ਸਿਰਫ਼ ਸਿਰ ਬੀਤੀ ਦਾ ਇਹ ਪਰਛਾਵਾਂ ਜਿਹਾ ਹੀ ਪੇਸ਼ ਕੀਤਾ ਹੈ। ਅੱਜ ਕੋਈ ਅੱਧੀ ਸਦੀ ਪਿੱਛੋਂ ਜਦੋਂ ਮੈਂ ਇਸ ਨਾ-ਬਿਆਨ ਕੀਤੇ ਜਾਣ ਜੋਗੇ ਉਜਾੜੇ ਨੂੰ ਬਿਆਨ ਕਰਨ ਦਾ ਜਤਨ ਕੀਤਾ ਹੈ ਤਾਂ ਸ਼ਾਇਦ ਮੇਰੀ ਲਿਖਤ ਵਿਚ ਦਿਲਚਸਪੀ ਲੈਣ ਵਾਲੇ ਵੀ ਥੋੜ੍ਹੇ ਲੋਕ ਰਹਿ ਗਏ ਹੋਣ। ਫੇਰ ਵੀ ਮੈਨੂੰ ਤਸੱਲੀ ਹੈ—ਗੰਜੀ ਬਾਰ ਲਿਖਣ ਲਈ ਮੈਂ ਪਿਛਲੇ ਚਾਲੀਆਂ ਸਾਲਾਂ ਤੋਂ ਤਾਂਘ ਰਿਹਾ ਸਾਂ।

www.sikhbookclub.com

## 28

# ...ਤੇ ਕਾਫ਼ਲਾ ਤੁਰ ਪਿਆ

ਛੰਭ ਬੰਗਲੇ ਵਾਲੇ ਪੁਲ ਦੇ ਦੁਹੀਂ ਪਾਸੀਂ ਦੂਰ-ਦੂਰ ਤੱਕ ਗੱਡਿਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਹਰ ਪਿੰਡ ਦੇ ਮੁਹਤਬਰ ਬੰਦਿਆਂ ਨੂੰ ਸੱਦ ਕੇ ਤਸੱਲੀ ਕੀਤੀ ਗਈ ਕਿ ਉਹਨਾਂ ਦੇ ਪਿੰਡ ਦੇ ਸਾਰੇ ਹਿੰਦੂ, ਸਿੱਖ ਪਹੁੰਚ ਗਏ ਹਨ। ਹੁਣ ਫੌਜੀਆਂ ਨੇ ਇਹਨਾਂ ਜਿਊਂਦੀਆਂ ਲਾਸ਼ਾਂ ਦੇ ਕਾਫ਼ਲੇ ਨੂੰ ਕੋਈ ਥੋੜ੍ਹੀ ਬਹੁਤ ਤਰਤੀਬ ਦੇ ਕੇ ਚੱਲਣ ਦਾ ਹੁਕਮ ਦਿੱਤਾ ਤੇ ਕਾਫ਼ਲਾ ਤੁਰ ਪਿਆ: ਅਜਿਹੀ ਬੇਬਸੀ, ਲਾਚਾਰੀ ਤੇ ਆਜਜ਼ੀ ਦੀ ਹਾਲਤ ਵਿਚ, ਜਿਸ ਤਰ੍ਹਾਂ ਸਿੱਖਾਂ ਦਾ ਕਾਫ਼ਲਾ ਪਹਿਲਾਂ ਕਦੇ ਨਹੀਂ ਸੀ ਤੁਰਿਆ। ਅਫ਼ਸੋਸ, ਕਿ ਸਾਡੇ ਨੇਤਾਵਾਂ ਵਿਚ ਦੂਰਦਰਸ਼ਤਾ ਦੀ ਘਾਟ ਕਾਰਨ ਸ਼ੇਰਾਂ ਦੀ ਕੌਮ ਨੂੰ ਗਿੱਦੜਾਂ ਵਾਂਗ ਭੱਜਣ ਲਈ ਮਜ਼ਬੂਰ ਹੋਣਾ ਪਿਆ। ਅੱਜ (4 ਸਤੰਬਰ, 1947) ਤੱਕ ਪਾਕਿਸਤਾਨ ਬਣੇ ਨੂੰ ਵੀਹ ਦਿਨ ਹੋ ਗਏ ਸਨ, ਪਾਕਿਸਤਾਨ ਦਾ ਐਲਾਨ ਤਾਂ ਕਾਫ਼ੀ ਚਿਰ ਪਹਿਲਾਂ ਦਾ ਹੋ ਗਿਆ ਸੀ, ਤੇ ਕਤਲ-ਗ਼ਾਰਤ ਦੋਂਹ ਪਾਸੀਂ ਕਈ ਮਹੀਨੇ ਪਹਿਲਾਂ ਤੋਂ ਚੱਲ ਰਿਹਾ ਸੀ, ਪਰ ਅਜੇ ਤੱਕ ਸਾਡੀ ਸਰਕਾਰ ਨੇ ਪਾਕਿਸਤਾਨ ਵਿਚ ਆਏ ਦੂਰ-ਦਰਾਡੇ ਇਲਾਕੇ ਵਿਚੋਂ ਹਿੰਦੂਆਂ, ਸਿੱਖਾਂ ਨੂੰ ਕੱਢ ਕੇ ਲਿਆਉਣ ਲਈ ਸੋਚਿਆ ਹੀ ਨਹੀਂ ਸੀ। ਸਾਡਾ ਇਲਾਕਾ ਬੱਚ ਕੇ ਨਿਕਲ ਆਇਆ ਤਾਂ ਕੈਪਟਨ ਬਰਕਤ ਸਿੰਘ ਦੀ ਬਹਾਦਰੀ ਨਾਲ, ਤੇ ਬਰਕਤ ਸਿੰਘ ਸਰਕਾਰ ਦਾ ਭੇਜਿਆ ਨਹੀਂ ਸੀ ਗਿਆ, ਆਪਣੇ ਕਮਾਂਡਿੰਗ ਅਫ਼ਸਰ ਤੋਂ ਆਗਿਆ ਲੈ ਕੇ ਆਪਣੇ ਆਪ ਗਿਆ ਸੀ। 'ਸਿਧਨੈ' ਇਲਾਕੇ ਦੇ ਸਿੱਖਾਂ ਦੇ 15 ਪਿੰਡ ਤੇ ਨਾਲ ਦੇ ਪਿੰਡਾਂ ਦੇ ਹਿੰਦੂ ਆਪਣੀ ਹਿੰਮਤ ਨਾਲ ਖਾਨੇਵਾਲ ਕੈਂਪ ਵਿਚ ਪਹੁੰਚ ਗਏ, ਜਿੱਥੇ ਉਹ ਲੰਮੇ ਸਮੇਂ ਤੱਕ ਰੁਲਦੇ ਰਹੇ। ਇਲਾਕਾ ਜਹਾਨੀਆਂ ਵਿਚ ਤੇਰ੍ਹਾਂ ਪਿੰਡ ਸਿੱਖਾਂ ਦੇ ਸਨ ਤੇ ਹਿੰਦੂ ਆਬਾਦੀ ਵੀ ਕਾਫ਼ੀ ਸੀ। ਇਹਨਾਂ ਦੀ ਕਿਸੇ ਨੇ ਸਾਰ ਨਾ ਲਈ; ਅੰਤ ਇਹਨਾਂ ਨੂੰ ਪਾਕਿਸਤਾਨੀ ਫ਼ੌਜ ਹੀ ਏਧਰ ਪਹੁੰਚਾ ਕੇ ਗਈ। ਰਾਹ ਵਿਚ ਪਾਕਿਸਤਾਨੀ ਫ਼ੌਜੀਆਂ ਨੇ ਕਾਫ਼ਲੇ ਦੇ ਸਿੱਖ ਲੀਡਰ ਨੂੰ ਮਾਰ ਦ੍ਰਿੱਤਾ ਤੇ ਬਾਕੀ ਕਾਫ਼ਲੇ ਨੂੰ ਪਸੂਆਂ ਵਾਂਗ ਹਿੱਕ ਕੇ ਸਰਹੱਦ ਤੇ ਛੱਡ ਕੇ ਗਏ। ਫੇਰ ਵੀ ਉਹਨਾਂ ਦੀ ਮਿਹਰਬਾਨੀ ਹੈ ਕਿ ਕਿ ਉਹਨਾਂ ਨੇ ਰਾਹ ਵਿਚ ਇਸ ਕਾਫ਼ਲੇ ਉੱਤੇ ਕਿਤੇ ਹਮਲਾ ਨਹੀਂ ਹੋਣ ਦਿੱਤਾ। ਕੱਚੇ ਖੂਹ ਲਾਗੇ ਸਿੱਖਾਂ ਹਿੰਦੂਆਂ ਦੇ ਸਾਂਝੇ ਤਿੰਨ ਜਾਂ ਚਾਰ ਪਿੰਡ ਸਨ ਜੋ ਇਕ ਥਾਂ ਇਕੱਠੇ ਹੋ ਗਏ ਸਨ। ਇਹਨਾਂ ਵਿਚੋਂ ਕੁਝ ਹਿੰਮਤ ਵਾਲੇ ਲੋਕ ਰਾਤੋ-ਰਾਤ ਨਿਕਲ ਕੇ ਮੀਆਂ ਚੰਨੂੰ ਕੈਂਪ ਵਿਚ ਜਾ ਵੜੇ, ਬਾਕੀਆਂ ਉੱਤੇ ਅਗਲੇ ਦਿਨ ਚੁਫੇਰੇ ਦੇ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ। ਪਿੱਛੇ ਰਹੇ ਸਾਰੇ ਮਰਦ ਕਤਲ ਕਰ ਦਿੱਤੇ ਤੇ ਔਰਤਾਂ ਦੀ ਪਿੱਛੋਂ ਕੋਈ ਉੱਘ ਸੁੱਘ ਨਹੀਂ ਨਿਕਲੀ। ਜ਼ਿਲ੍ਹਾ ਲਾਇਲਪੁਰ ਦੇ ਉਸ ਪਿੰਡ ਦੀ ਕਹਾਣੀ ਬ੍ਰਹੁਤਿਆਂ ਨੇ ਸੁਣੀ

www.sikhbookclub.com



ਹੋਵੇਗੀ, ਜਿਸ ਨੇ 24 ਘੰਟੇ, ਜਾਂ ਇਸ ਤੋਂ ਵੀ ਜ਼ਿਆਦਾ ਸਮਾਂ, ਬਾਹਰੋਂ ਆਏ ਹਜੂਮ ਦਾ ਡਟ ਕੇ ਮੁਕਾਬਲਾ ਕੀਤਾ, ਪਰ ਜਦੋਂ ਅੰਤਿਮ ਲੜਾਈ ਲਈ ਕਮਰ ਕੱਸੇ ਕਰਨੇ ਪਏ ਤਾਂ ਮਾਪਿਆਂ ਨੇ ਜਵਾਨ ਧੀਆਂ ਦੇ ਆਪਣੇ ਹੱਥੀਂ ਸਿਰ ਵੱਢੇ। ਸਾਂਦਲਬਾਰ ਦੇ ਵਸਨੀਕ ਪ੍ਰੋਫੈਸਰ ਸ਼ੇਰ ਸਿੰਘ ਸ਼ੇਰ ਦੇ ਦੱਸਣ ਅਨੁਸਾਰ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਪਿੰਡ ਭੁਲੇਰ ਵਿਚ ਵੀ ਅਜਿਹੀ ਹੀ ਘਟਨਾ ਵਾਪਰੀ। ਸਾਂਦਲਬਾਰ ਵਿਚੋਂ ਆਇਆ ਉਹ ਅਣਖ ਦਾ ਧਨੀ ਸਿੱਖ ਅਜੇ ਜਿਊਂਦਾ ਹੈ ਜਿਸ ਨੂੰ ਇਕੱਲਾ ਵੇਖ ਕੇ, ਉਸ ਦੀ ਖ਼ੂਬਸੂਰਤ ਪਤਨੀ ਨੂੰ ਖੋਹਣ ਲਈ ਗੁੰਡਿਆਂ ਦੀ ਇਕ ਧਾੜ ਨੇ ਘੇਰ ਲਿਆ ਸੀ। ਗੈਰਤ ਦੀ ਪੁੰਜ ਮੁਟਿਆਰ ਨੇ ਪਤੀ ਨੂੰ ਵੰਗਾਰ ਕੇ ਕਿਹਾ, "ਜੇ ਗੁਰੂ ਦਾ ਸਿੱਖ ਹੈਂ ਤਾਂ ਪਹਿਲਾਂ ਮੇਰਾ ਸਿਰ ਵੱਢ ਤੇ ਫੇਰ ਇਹਨਾਂ ਵਿਚੋਂ ਅਧਿਆਂ ਨੂੰ ਮਾਰ ਕੇ ਮਰੀਂ।" ਜਦੋਂ ਸ਼ੇਰ ਦਿਲ ਨੌਜਵਾਨ ਪਤਨੀ ਦੀ ਧੌਣ ਵੱਢ ਕੇ ਧਾੜਵੀਆਂ ਉੱਤੇ ਹੱਲਾ ਕਰਨ ਲਈ ਵਧਿਆ ਤਾਂ ਪੰਜੀਆਂ, ਤੀਹਾਂ ਦੀ ਇਹ ਟੋਲੀ ਸਿੰਘ ਦੀ ਲਹੂ-ਲਿਬੜੀ ਕਿਰਪਾਨ ਵੇਖ ਕੇ ਹਰਨਾਂ ਦੀ ਡਾਰ ਵਾਂਗ ਦੌੜ ਗਈ। ਇਸ ਨੌਜਵਾਨ ਨੇ, ਜੋ ਹਣ ਬਜ਼ੁਰਗ ਹੈ, ਏਧਰ ਆ ਕੇ ਦੂਜਾ ਵਿਆਹ ਨਹੀਂ ਕਰਵਾਇਆ, ਸਾਰੀ, ਉਮਰ ਆਪਣੀ ਉਸ ਦੇਵੀ-ਰੂਪ ਪਤਨੀ ਦੀ ਯਾਦ ਵਿਚ ਇਕੱਲਿਆਂ ਗੁਜ਼ਾਰੀ ਹੈ, ਜਿਸ ਨੂੰ ਉਹ ਆਪਣੇ ਹੱਥੀਂ 'ਸ਼ਹੀਦ' ਕਰ ਆਇਆ ਸੀ। ਜ਼ਿਲ੍ਹਾ ਸ਼ੇਖ਼ੂਪੁਰਾ ਦੇ ਵਸਨੀਕ ਡਾਕਟਰ ਪਰਕਾਸ਼ ਸਿੰਘ ਜੰਮੂ ਨੇ ਆਪਣੇ ਇਲਾਕੇ ਦੇ ਇਕ ਅਧਖੜ ਜੋੜੇ ਦੀ ਅਜਿਹੀ ਹੀ ਕਹਾਣੀ ਸੁਣਾਈ। ਇਹ ਜੋੜਾ ਲੁਕਦਾ-ਛੁਪਦਾ ਕਿਸੇ ਦੂਜੇ ਪਿੰਡ ਤੋਂ ਆਪਣੇ ਪਿੰਡ ਨੂੰ ਜਾ ਰਿਹਾ ਸੀ। ਬੜੇ ਤਿਹਾਏ ਸਨ, ਇਕ ਖੂਹ ਤੋਂ ਪਾਣੀ ਪੀਣ ਨੂੰ ਨਿਕਲੇ ਤਾਂ ਚਰ੍ਹੀ ਵਿਚ ਲੁਕੇ ਗੁੰਡਿਆਂ ਨੇ ਆ ਘੇਰਿਆ। ਜਦੋਂ ਸਿੰਘ ਨੇ ਕਿਰਪਾਨ ਮਿਆਨ ਵਿਚੋਂ ਕੱਢੀ ਤਾਂ ਘਰਵਾਲੀ ਨੇ ਲਲਕਾਰਿਆ, "ਮੈਨੂੰ ਇਹਨਾਂ ਬੁੱਚੜਾਂ ਦੇ ਵੱਸ ਪਾ ਕੇ ਨਾ ਜਾਈਂ; ਪਹਿਲਾ ਵਾਰ ਮੇਰੇ ਤੇ ਕਰ।" ਪਤੀ ਨੇ ਸਿਹਰੇ ਬੰਨ੍ਹ ਕੇ, ਲਾਵਾਂ ਲੈ ਕੇ ਸਹੇੜ ਕੇ ਲਿਆਂਦੀ ਜੀਵਣ-ਸਾਥਣ ਦੀ ਧੌਣ ਤੇ ਭਰਵਾਂ ਵਾਰ ਕੀਤਾ, ਪਰ ਏਨੇ ਨੂੰ ਪਿੱਛੋਂ ਉਸ ਦੇ ਸਿਰ ਤੇ ਡਾਂਗ ਆ ਵੱਜੀ। ਕਿਰਪਾਨ ਧੌਣ ਦੀ ਥਾਂ ਜਬਾੜੇ ਤੇ ਵੱਜੀ, ਪਰ ਫੱਟੜ ਹੋਈ ਸ਼ੇਰਨੀ ਨੇ ਏਸੇ ਹਾਲਤ ਵਿਚ ਦੌੜ ਕੇ ਖੂਹ ਵਿਚ ਛਾਲ ਮਾਰ ਦਿੱਤੀ। ਧਾੜਵੀ ਉਸ ਡਿਗੇ ਪਏ ਸ਼ੇਰ ਮਰਦ ਨੂੰ ਮਾਰ ਕੇ ਚਲੇ ਗਏ। ਕਰਨੀ ਕਰਤਾਰ ਦੀ ਖੂਹ ਵਿਚ ਪਾਣੀ ਥੋੜ੍ਹਾ ਸੀ, ਬੀਬੀ ਮਾਹਲ ਫੜ ਕੇ ਖੜੀ ਰਹੀ। ਇਸ ਨੂੰ ਅਗਲੇ ਦਿਨ ਓਥੋਂ ਦੀ ਲੰਘਦੇ ਸਿੱਖਾਂ ਦੇ ਇਕ ਕਾਫ਼ਲੇ ਨੇ ਖੂਹ ਵਿਚੋਂ ਕੱਢਿਆ। ਇਹ ਬੀਬੀ ਵੀ ਅਜੇ ਤੱਕ ਜਿਊਂਦੀ ਹੈ, ਅਤੇ ਉਸ ਦੇ ਜਬਾੜ੍ਹੇ ਤੇ ਦਿਸਦਾ ਡੂੰਘੇ ਫੱਟ ਦਾ ਨਿਸ਼ਾਨ ਗੌਰਮਿੰਟਾਂ ਵੱਲੋਂ ਦਿੱਤੇ ਜਾਣ ਵਾਲੇ ਕਿਸੇ ਵੀ ਬਹਾਦਰੀ ਦੇ ਮੈਡਲ ਤੋਂ ਘੱਟ ਅਹਿਮੀਅਤ ਵਾਲਾ ਨਹੀਂ।

ਇਸ ਤੋਂ ਪਹਿਲਾਂ ਮਾਰਚ 1947 ਵਿਚ ਪੋਠੋਹਾਰ ਦੇ ਇਲਾਕੇ ਵਿਚ ਹੋਏ ਹਿੰਦੂ-ਸਿੱਖਾਂ ਦੇ ਕਤਲਾਮ ਵਿਚ ਥੋਹਾ ਖਾਲਸਾ, ਕੱਲਰ ਪਿੰਡਾਂ ਵਿਚ ਜਿਵੇਂ ਮਰਦਾਂ ਦੇ ਮੈਦਾਨੇ-ਜੰਗ ਵਿਚ ਜੂਝ ਮਰਨ ਪਿੱਛੋਂ ਬੀਬੀਆਂ ਨੇ ਖੂਹਾਂ ਵਿਚ ਛਾਲਾਂ ਮਾਰ ਕੇ ਆਪਣੀ ਪਤ ਤੇ ਕੌਮ ਦੀ ਅਣਖ ਬਚਾਈ, ਉਹ ਕਹਾਣੀ ਬਹੁਤਿਆਂ ਨੂੰ ਯਾਦ ਹੋਵੇਗੀ। ਦਸਿਆ ਜਾਂਦਾ ਹੈ ਕਿ ਖੂਹ ਭਰ ਗਏ ਸਨ। ਇਹ ਸਾਰੀ ਹੋਲਨਾਕ ਦਾਸਤਾਨ ਪਿਛਲੇਰੇ ਸਾਲ 'ਦੂਰ ਦਰਸ਼ਨ' ਉੱਤੇ ਵਿਖਾਈ ਗਈ ਫਿਲਮ 'ਤਮਸ' ਵਿਚ ਬੜੇ ਕਲਾਮਈ ਢੰਗ ਨਾਲ ਵਿਖਾਈ ਗਈ ਸੀ। ਇਹੋ ਜਿਹੀਆਂ

www.sikhbookclub.com



ਅਨੇਕਾਂ ਕਹਾਣੀਆਂ ਮੇਰੀ ਉਮਰ ਦੇ ਪੰਜਾਬੀਆਂ ਨੇ ਸੁਣੀਆਂ ਹੋਣਗੀਆਂ, ਪਰ ਜਦੋਂ ਪੰਜਾਬ ਦੇ ਹਿੰਦੂ-ਸਿੱਖਾਂ ਉੱਤੇ ਇਹ ਸਭ ਕੁਝ ਵਾਪਰ ਰਿਹਾ ਸੀ, ਦਿੱਲੀ ਵਿਚ ਆਜ਼ਾਦੀ ਮਿਲਣ ਦੀ ਖ਼ੁਸ਼ੀ ਵਿਚ ਜਸ਼ਨ ਮਨਾਏ ਜਾ ਰਹੇ ਸਨ, ਸ਼ਾਦਿਆਨੇ ਵੱਜ ਰਹੇ ਸਨ, ਆਤਸ਼ਬਾਜ਼ੀਆਂ ਚੱਲ ਰਹੀਆਂ ਸਨ, ਦੀਪਮਾਲਾਵਾਂ ਹੋ ਰਹੀਆਂ ਸਨ। ਜਿਸ ਪੰਜਾਬ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਬਾਕੀ ਸਾਰੇ ਦੇਸ਼ ਨਾਲੋਂ ਕਈ ਗੁਣਾਂ ਜ਼ਿਆਦਾ ਹਿੱਸਾ ਪਾਇਆ ਸੀ, ਉਸ ਦਾ ਕਿਸੇ ਨੂੰ ਚਿੱਤ-ਚੇਤਾ ਹੀ ਨਹੀਂ ਸੀ।

ਨਵੇਂ ਬਣੇ ਭਾਰਤ ਕੋਲ ਉਸ ਵੇਲੇ ਏਨੀ ਫ਼ੌਜ ਸੀ, ਏਨੇ ਟ੍ਰੱਕ ਸਨ, ਏਨੀਆਂ ਟ੍ਰੇਨਾਂ ਸਨ, ਕਿ ਜੇ ਸਾਡੀ ਨਵੀਂ ਬਣੀ ਸਰਕਾਰ ਨੂੰ ਪੰਜਾਬ ਦਾ ਕੁਝ ਫ਼ਿਕਰ ਹੁੰਦਾ ਤਾਂ ਉਹ ਪਾਕਿਸਤਾਨੀ ਪੰਜਾਬ ਦੀ ਹਰ ਨੁੱਕਰ ਵਿਚ ਵਸਦੇ ਹਿੰਦੂ-ਸਿੱਖਾਂ ਨੂੰ ਦਸਾਂ ਦਿਨਾਂ ਵਿਚ ਕੱਢ ਕੇ ਲਿਆ ਸਕਦੇ ਸਨ; ਪਰ ਇੰਞ ਜਾਪਦਾ ਹੈ ਕਿ ਪੰਜਾਬ ਦਾ ਕਿਸੇ ਨੂੰ ਧਿਆਨ ਹੀ ਨਹੀਂ ਸੀ, ਚੇਤਾ ਹੀ ਨਹੀਂ ਸੀ।

ਕੁਝ ਚਿਰ ਪਿਛੋਂ ਮਿਸਟਰ ਜਿੱਨਾਹ ਨੇ ਬਿਆਨ ਦਿੱਤਾ ਸੀ ਕਿ ਭਾਰਤੀ ਪੰਜਾਬ ਵਿਚ ਤਿੰਨ ਲੱਖ ਮੁਸਲਮਾਨ ਮਾਰੇ ਗਏ ਹਨ। ਮਾਸਟਰ ਤਾਰਾ ਸਿੰਘ ਨੇ ਉੱਤਰ ਦਿੱਤਾ ਸੀ ਕਿ ਮਿਸਟਰ ਜਿਨਾਹ ਦਾ ਅਨੁਮਾਨ ਠੀਕ ਹੋ ਸਕਦਾ ਹੈ, ਪਰ ਪਾਕਿਸਤਾਨ ਵਿਚ ਮਾਰੇ ਗਏ ਹਿੰਦੂ ਸਿੱਖਾਂ ਦੀ ਗਿਣਤੀ ਤਿੰਨ ਲੱਖ ਤੋਂ ਜ਼ਿਆਦਾ ਹੈ। ਜੇ ਮਾਸਟਰ ਜੀ ਦੇ ਅਨੁਮਾਨ ਨੂੰ ਕੁਝ ਘੱਟ ਕਰਕੇ ਮਾਰੇ ਗਏ ਹਿੰਦੂ-ਸਿੱਖਾਂ ਦੀ ਗਿਣਤੀ ਢਾਈ ਲੱਖ ਵੀ ਮੰਨ ਲਈਏ, ਤਾਂ ਵੀ ਕੀ ਆਪਣੇ ਲੀਡਰਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਪੰਜਾਬ (ਤੇ ਬੰਗਾਲ) ਵਿਚ ਇੰਞ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਸਨ, ਦਿੱਲੀ ਵਿਚ ਕਿਸ ਖ਼ੁਸ਼ੀ ਉੱਤੇ ਜਸ਼ਨ ਮਨਾਏ ਜਾ ਰਹੇ ਸਨ? ਜਲ੍ਹਿਆਂ ਵਾਲਾ ਬਾਗ਼ ਵਿਚ ਅੰਗਰੇਜ਼ਾਂ ਹੱਥੋਂ ਮਾਰੇ ਗਏ ਢਾਈ ਸੌ ਲੋਕਾਂ ਦਾ ਅੱਜ ਤੱਕ ਸਰਕਾਰੀ ਪੱਧਰ ਉੱਤੇ ਸੋਗ ਮਨਾਇਆ ਜਾਂਦਾ ਹੈ, ਉਹਨਾਂ ਦੀ ਯਾਦਗਾਰ ਵੀ ਬਣਾਈ ਗਈ ਹੈ, ਪਰ ਸਾਡੀ ਆਪਣੀ ਸਰਕਾਰ ਦੀ ਅਣਗਹਿਲੀ ਤੇ ਲਾਪਰਵਾਹੀ ਵਾਲੇ ਵਤੀਰੇ ਕਾਰਨ ਮਾਰੇ ਗਏ ਢਾਈ ਲੱਖ ਦੇਸ਼ ਵਾਸੀਆਂ ਨੂੰ ਸਾਡੇ ਨੇਤਾਵਾਂ ਨੇ ਕਦੇ ਯਾਦ ਤੱਕ ਨਹੀਂ ਕੀਤਾ। ਕੀ ਪੰਜਾਬ ਵਿਚ ਮਰਨ ਵਾਲੇ ਇਨਸਾਨ ਨਹੀਂ ਸਨ?

ਖ਼ੈਰ, ਕਾਫ਼ਲਾ ਤੁਰ ਪਿਆ। ਇਹ ਕਾਫ਼ਲਾ, ਮਿੰਟਗੁਮਰੀ, ਲਾਹੌਰ ਵਾਲੇ ਪਾਸਿਓਂ ਦੀ ਨਹੀਂ ਸੀ ਜਾਣਾ, ਕਿਉਂਕਿ ਉਹ ਰਾਹ ਲੰਮਾ ਸੀ ਤੇ ਵਧੇਰੇ ਖ਼ਤਰਨਾਕ ਵੀ ਸੀ। ਹੁਣ ਵਿਹਾੜੀ, ਬੂਰੇਵਾਲਾ, ਪਾਕਪਟਨ ਵਿਚੋਂ ਦੀ ਲੰਘਕੇ ਸੁਲੇਮਾਨਕੀ ਰਾਹੀਂ ਫ਼ਾਜ਼ਿਲਕਾ ਪਹੁੰਚਣਾ ਸੀ। ਗੱਡੇ ਸਾਰਿਆਂ ਜਿਮੀਦਾਰਾਂ ਕੋਲ ਵੀ ਨਹੀਂ ਸਨ, ਪਰ ਕੰਮੀਆਂ, ਰਾਹਕਾਂ, ਹਿੰਦੂ ਦੁਕਾਨਦਾਰਾਂ ਦੀ ਹਾਲਤ ਖ਼ਾਸ ਕਰ ਤਰਸਯੋਗ ਸੀ। ਇਹਨਾਂ ਦੇ ਅੰਞਾਣਿਆਂ ਤੇ ਬੁੱਢੀਆਂ ਜ਼ਨਾਨੀਆਂ ਨੂੰ ਤਾਂ ਲੋਕਾਂ ਨੇ ਕਿਸੇ-ਨਾਕਿਸੇ-ਤਰ੍ਹਾਂ ਗੱਡਿਆਂ ਉੱਤੇ ਬਿਠਾ ਲਿਆ ਸੀ, ਪਰ ਕੁਝ ਗਿਣਤੀ ਦੇ ਗੱਡੇ ਪੰਜ ਹਜ਼ਾਰ ਦੇ ਹਜੂਮ ਨੂੰ ਕਿਵੇਂ ਚੁੱਕ ਸਕਦੇ ਸਨ? ਇਹਨਾਂ ਅਧਮੋਇਆਂ 'ਮੁਸਾਫ਼ਰਾਂ' ਦੀ ਬਹੁਤ ਵੱਡੀ ਗਿਣਤੀ ਪੈਦਲ ਹੀ ਸੀ। ਗੰਜੀ ਬਾਰ ਦੇ ਵਸਨੀਕ ਪੈਦਲ ਚੱਲਣੋਂ ਵੀ ਨਹੀਂ ਸਨ ਡਰਦੇ, ਉਹ ਲੰਮੀਆਂ-ਲੰਮੀਆਂ ਮੰਜ਼ਲਾਂ ਉਲਾਂਘਣ ਦੇ ਆਦੀ ਸਨ, ਪਰ ਅਜਿਹੇ ਲੰਮੇ ਪੈਂਡੇ ਉਦੋਂ ਕੀਤੇ ਗਏ ਸਨ, ਜਦੋਂ ਸਰੀਰ ਹੀ ਨਹੀਂ, ਦਿਲ ਵੀ ਜਿਊਂਦਾ ਸੀ; ਇਸ ਵੇਲੇ ਸਰੀਰ ਹੀ ਹਿੱਲ-

www.sikhbookclub.com



ਜੂੰਲ ਰਿਹਾ ਸੀ, ਦਿਲ ਸਾਹ-ਸਤ ਗੁਆ ਚੁੱਕਾ ਸੀ, ਏਸੇ ਲਈ ਮੈਂ ਇਹਨਾਂ ਨੂੰ ਜਿਊਂਦੀਆਂ ਲਾਸ਼ਾਂ ਕਿਹਾ ਹੈ। ਇਹ ਮੁਰਦੇਹਾਨ, ਇਹ ਕਬਰਾਂ ਵਿਚੋਂ ਉਗਮੀ ਜ਼ਿੰਦਗੀ ਰਿੜ੍ਹਦੀ ਜਾ ਰਹੀ ਸੀ, ਜਿਵੇਂ ਕੋਈ ਗ਼ੈਬੀ ਤਾਕਤ ਇਸ ਨੂੰ ਧੱਕੇ ਮਾਰ-ਮਾਰ ਕੇ ਰੇੜ੍ਹ ਰਹੀ ਹੋਵੇ; ਜਿਵੇਂ ਮੌਤ ਇਹਨਾਂ ਮੁਸਾਫ਼ਰਾਂ ਨੂੰ ਝੰਜੋੜ-ਝੰਜੋੜ ਕੇ ਆਖ ਰਹੀ ਹੋਵੇ, "ਜਾਓ, ਅਜੇ ਮੈਨੂੰ ਤੁਹਾਡੀ ਲੋੜ ਨਹੀਂ, ਜਾਓ ਕੁਝ ਚਿਰ ਹੋਰ ਇਸ ਜ਼ਿੰਦਗੀ ਦਾ ਸਿਆਪਾ ਕਰ ਲਵੋ।" ਸੱਤਰ-ਪਝੱਤਰ ਸਾਲਾਂ ਦੇ ਬੁੱਢੇ, ਹੱਥਾਂ ਵਿਚ ਡੰਗੋਰੀਆਂ ਫੜੀ ਡਿਗਦੇ-ਡੋਲਦੇ ਜਾ ਰਹੇ ਸਨ। ਅਧਖੜ ਤੀਵੀਆਂ ਬੱਚੇ ਕੰਧਾੜੇ ਮਾਰੀ ਤੇ ਸਿਰਾਂ ਤੇ ਪੋਟਲੀਆਂ ਚੁੱਕੀ ਲੱਤਾਂ ਧੂੰਹਦੀਆਂ ਜਾ ਰਹੀਆਂ ਸਨ; ਦਸ-ਦਸ, ਗਿਆਰਾਂ-ਗਿਆਰਾਂ ਵਰ੍ਹਿਆਂ ਦੇ ਬੱਚਿਆਂ ਨੂੰ ਅੱਜ ਕੋਈ ਉਂਗਲੀ ਵੀ ਫੜਨ ਲਈ ਨਹੀਂ ਸੀ ਲੱਭਦੀ।

ਪਸ਼ੂਆਂ ਦੇ ਖੁਰਾਂ ਨਾਲ, ਗੱਡਿਆਂ ਦੇ ਪਹੀਆਂ ਨਾਲ ਤੇ ਪੈਦਲ ਚੱਲਣ ਵਾਲਿਆਂ ਦੇ ਪੈਰਾਂ ਨਾਲ ਕੱਚੀ ਸੜਕ ਉੱਤੋਂ ਧੂੜ ਦੇ ਬੱਦਲ ਉੱਠ ਰਹੇ ਸਨ। ਛੇਤੀ ਹੀ ਸਾਰਿਆਂ ਦਾ ਮੂੰਹ-ਸਿਰ ਘੱਟੇ ਨਾਲ ਲਿਬਿਆ ਗਿਆ, ਚਿਹਰੇ ਪਛਾਨਣੇ ਔਖੇ ਹੋ ਰਹੇ ਸਨ। ਫ਼ੌਜੀਆਂ ਦੀ ਜੀਪ ਅੱਗੇ, ਪਿੱਛੇ ਚੱਕਰ ਕੱਟ ਕੇ ਚੱਲਣ ਦੀ ਤਾਕੀਦ ਕਰ ਰਹੀ ਸੀ, ਕਿਉਂਕਿ ਅੱਜ ਤਿਕਾਲਾਂ ਤੱਕ ਵਿਹਾੜੀ ਪੁੱਜਣਾ ਸੀ, ਤਕਰੀਬਨ ਵੀਹ ਮੀਲ ਪੈਂਡਾ ਮਾਰ ਕੇ। ਲੋਕ ਹੌਕੇ ਭਰਦੇ, ਹੰਝੂ ਸੁੱਟਦੇ ਡਿੱਗਦੇ-ਢਹਿੰਦੇ ਬੱਚਿਆਂ, ਬੁੱਢਿਆਂ ਨੂੰ ਸਹਾਰਾ ਦਿੰਦੇ ਵਾਹੋ-ਦਾਹੀ ਚਲੇ ਜਾ ਰਹੇ ਸਨ।

ਏਥੇ ਇਕ ਘਟਨਾ ਵਾਪਰੀ ਜੋ ਸਾਡੇ ਟੱਬਰ ਲਈ ਇਸ ਮੰਜ਼ਲ ਦੀ ਸਭ ਤੋਂ ਭਿਆਨਕ ਘਟਨਾ ਹੈ। ਮੈਂ ਪਿੱਛੇ ਦੱਸ ਆਇਆ ਹਾਂ ਕਿ ਸਾਡੇ ਗੱਡੇ ਨਾਲ ਚਾਚਾ ਦਲੀਪ ਸਿੰਘ ਤੇ ਮੇਰਾ ਭਰਾ ਜਸਵੰਤ ਸਿੰਘ ਸਨ, ਅਤੇ ਵਿਚ ਲਿਟਾਈ ਹੋਈ ਸੀ ਇਸ ਕਾਫ਼ਲੇ ਦੀ ਸਭ ਤੋਂ ਬਜ਼ੁਰਗ ਮਾਈ, ਮਾਤਾ ਇੰਦੋ। ਮੇਰੀ ਭੈਣ ਬੀਬੀ ਵੰਤੀ ਨੇ ਦੱਸਿਆ ਹੈ ਕਿ ਵਿਹਾੜੀ ਤੱਕ ਸਾਡੇ ਮਾਂ ਜੀ ਵੀ ਏਸੇ ਗੱਡੇ ਵਿਚ ਸਨ। ਬਾਕੀ ਸਾਰਿਆਂ ਵਾਂਗ ਸਾਡੇ ਟੱਬਰ ਦੇ ਜੀਅ ਵੀ ਹੌਕੇ ਭਰਦੇ ਜਾ ਰਹੇ ਸਨ। ਕਿਸੇ ਨੂੰ ਕਿਸੇ ਦੂਜੇ ਦੀ ਤਾਂ ਕੀ ਆਪਣੇ ਆਪ ਦੀ ਸੁੱਧ ਵੀ ਨਹੀਂ ਸੀ। ਅਚਾਨਕ ਕਿਸੇ ਨੂੰ ਬੁੱਢੀ ਮਾਂ ਜੀ ਦਾ ਖਿਆਲ ਆਇਆ। ਜਦੋਂ ਉਹਨਾਂ ਨੂੰ ਟੋਹਿਆ ਤਾਂ ਉਹਨਾਂ ਦਾ ਸਿਰਫ਼ ਸਰੀਰ ਹੀ ਗੱਡੇ ਵਿਚ ਪਿਆ ਸੀ, ਪ੍ਰਾਣ-ਪੰਖੇਰੂ ਉਡਾਰੀ ਮਾਰ ਚੁੱਕੇ ਸਨ—ਮਾਂ ਜੀ ਦੀ ਆਤਮਾ ਗੰਜੀਬਾਰ ਦੀ ਜੂਹ ਵਿਚ ਹੀ ਸਰੀਰ ਨੂੰ ਅਲਵਿਦਾ ਕਹਿ ਗਈ। ਹੁਣ ਕੀ ਕੀਤਾ ਜਾਵੇ? ਏਥੇ ਆਪੋ-ਧਾਪ ਪਈ ਹੋਈ ਸੀ। ਕਿਸ ਨੂੰ ਵਿਹਲ ਸੀ ਮਾਂ ਜੀ ਦੀ ਦੇਹ ਨੂੰ ਅੰਤਿਮ ਇਸ਼ਨਾਨ ਕਰਾਉਣ ਦਾ, ਸਿਵਾ ਤਿਆਰ ਕਰਨ ਦਾ, ਅਰਦਾਸ ਕਰਨ ਦਾ। ਦੋਹ-ਤਿੰਨਾਂ ਹੋਰ ਪਰਵਾਰਾਂ ਨਾਲ ਗੱਲ ਕਰਕੇ ਅੰਤ ਮਾਂ ਜੀ ਦੀ ਦੇਹ ਨੂੰ ਗਲ ਵਾਲੇ ਕੱਪੜਿਆਂ ਵਿਚ ਹਾਂ ਵਲ੍ਹੇਟਿਆ ਗਿਆ। ਬਿਨਾ ਅਰਦਾਸਾ ਸੋਧੇ, ਬਿਨਾ ਕਿਸੇ ਰਸਮੋ-ਰਿਵਾਜ ਦੇ ਚਾਚੇ ਦਲੀਪ ਸਿੰਘ, ਜਸਵੰਤ ਤੇ ਹੌਲਦਾਰ ਕੇਸਰ ਸਿੰਘ ਨੇ ਮਾਂ ਜੀ ਦੀ ਦੇਹ ਨੂੰ ਗੱਡੇ ਤੋਂ ਚੁੱਕਿਆ ਤੇ ਵਿਹਾੜੀ ਵਾਲੀ ਨਹਿਰ ਵਿਚ ਜਲ-ਪ੍ਰਵਾਹ ਕਰ ਦਿੱਤਾ। ਇਹ ਹਸ਼ਰ ਹੋਇਆ ਚੱਕ ਨੰਬਰ 79 ਦੀ ਸਾਂਝੀ ਮਾਤਾ ਦਾ। ਜਿਸ ਮਾਤਾ ਨੇ ਚੱਕ 79 ਦੇ ਪਹਿਲੇ ਚੁੱਲ੍ਹੇ ਵਿਚ ਅੱਗ ਬਾਲੀ, ਜਿਸ ਨੇ ਪਿੰਡ ਵਿਚ ਆਉਣ ਵਾਲੇ ਕਈ ਨਵੇਂ ਟੱਬਰ

www.sikhbookclub.com



ਧਰਵਾਸ ਦੇ-ਦੇ ਕੇ, ਘਰੋਂ ਆਟਾ, ਗੁੜ-ਸ਼ੱਕਰ, ਦੁੱਧ-ਘਿਓ ਦੇ ਦੇ ਕੇ ਵਸਾਏ ਸਨ, ਅੱਜ ਉਸ ਨੂੰ ਖੱਫਣ ਵੀ ਨਸੀਬ ਨਾ ਹੋਇਆ। ਜਿਸ ਮਾਤਾ ਦੇ ਹੱਥਾਂ ਦੀਆਂ ਪੱਕੀਆਂ ਅੱਧੇ ਪਿੰਡ ਨੇ ਖਾਧੀਆਂ ਸਨ, ਅੱਜ ਉਸ ਦੀ ਦੇਹ ਨੂੰ ਸਹਾਰਾ ਦੇਣ ਵਾਲਾ ਚੌਥਾ ਬੰਦਾ ਵੀ ਕੋਈ ਨਾ ਲੱਭਾ। ਹੁਣ ਜਦੋਂ ਮਾਤਾ ਇੰਦੋ ਦੇ ਪੋਤਰੇ, ਪੜ-ਪੋਤਰੇ ਸਾਰੇ ਹੀ ਬੜੇ ਸੌਖੇ ਵੱਸ ਰਹੇ ਹਨ, ਅਜੇ ਤੱਕ ਸਾਡੇ ਪਰਵਾਰ ਨੂੰ ਪ੍ਰਵਾਨ ਚੜ੍ਹਾਉਣ ਵਾਲੀ ਮਾਤਾ ਦੇ ਨਾਮ ਦਾ ਪਾਠ ਵੀ ਨਹੀਂ ਕਰਵਾਇਆ ਗਿਆ—ਇਹ ਸਾਡੇ ਟੱਬਰ ਦੇ ਨਾਂ ਤੇ ਇਕ ਕਲੰਕ ਹੈ। ਇਹ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਛਪਣ ਪਿੱਛੋਂ ਮੈਨੂੰ ਕਈ ਚਿੱਠੀਆਂ ਆਈਆਂ ਕਿ ਪਾਠ ਹੁਣ ਵੀ ਕਰਵਾਓ ਅਸੀਂ ਸ਼ਾਮਲ ਹੋਵਾਂਗੇ ਅਤੇ ਇਸ ਪਾਠ ਦਾ ਭੋਗ 17 ਅਕਤੂਬਰ 1993 ਨੂੰ ਅਰਬਨ ਅਸਟੇਟ ਫੇਸ-I ਪਟਿਆਲਾ ਦੇ ਗੁਰਦਵਾਰੇ ਵਿਚ ਪਾਇਆ ਗਿਆ ਤੇ ਕਈ ਪਾਠਕ ਕਾਫ਼ੀ ਦੂਰ ਤੋਂ ਆ ਕੇ ਸ਼ਾਮਲ ਹੋਏ।

ਤਿਕਾਲਾਂ ਨੂੰ ਇਹ ਕਾਫ਼ਲਾ ਵਿਹਾੜੀ ਪਹੁੰਚ ਗਿਆ। ਪਹਿਲੀ ਮੰਜ਼ਲ ਵਿਚ ਹੀ ਦੋ ਗੱਡੇ ਟੁੱਟ ਗਏ, ਕਿਉਂਕਿ ਬਿਨਾ ਮੁਨਾਸਬ ਤਿਆਰੀ ਤੋਂ, ਬਿਨਾ ਜ਼ਰੂਰੀ ਮੁਰੰਮਤ ਤੋਂ ਅਚਾਨਕ ਤੁਰਨਾ ਪਿਆ ਸੀ। ਇਹਨਾਂ ਦੋਂਹ ਗੱਡਿਆਂ ਵਾਲਿਆਂ ਨੇ ਹੁਣ ਘਰ ਦਾ ਬਹੁਤ ਹੀ ਜ਼ਰੂਰੀ ਸਾਮਾਨ ਦੂਜਿਆਂ ਗੱਡਿਆਂ ਤੇ ਰੱਖਿਆ, ਬਾਕੀ ਸਭ ਕੁਝ ਰਾਹ ਵਿਚ ਹੀ ਸੁੱਟ ਦਿੱਤਾ। ਇਕ ਘਰ ਨੇ ਆਪਣੀ ਕਪੜੇ ਸਿਊਣ ਵਾਲੀ ਮਸ਼ੀਨ ਵੀ ਏਥੇ ਸੁੱਟ ਦਿੱਤੀ—ਇਹ ਮਸ਼ੀਨ ਉਹਨੀਂ ਦਿਨੀਂ ਬੜੀ ਦੁਰਲਭ ਵਸਤ ਸੀ।

ਦੂਸਰੇ ਦਿਨ ਸਵੇਰੇ ਇਹ ਕਾਫ਼ਲਾ ਬੂਰੇਵਾਲੇ ਪਹੁੰਚਣ ਲਈ ਰਵਾਨਾ ਹੋਇਆ। ਹੁਣ ਸਫ਼ਰ ਪੱਕੀ ਸੜਕ ਦਾ ਸੀ, ਪਰ ਏਥੇ ਕਾਫ਼ਲੇ ਦੀ ਗਿਣਤੀ ਹੋਰ ਵੀ ਵਧ ਗਈ ਸੀ, ਫ਼ੌਜੀਆਂ ਦੀ ਇਸ ਛੋਟੀ ਜਿਹੀ ਟੁਕੜੀ ਲਈ ਉਜੜੇ-ਪੁਜੜੇ ਤੇ ਸਾਹ-ਸਤਹੀਣ ਲੋਕਾਂ ਨੂੰ ਏਨਾ ਲੰਮਾ ਫ਼ਾਸਲਾ ਬਚਾ ਕੇ ਲੈ ਜਾਣਾ ਕਾਫ਼ੀ ਕਠਿਨ ਸਮੱਸਿਆ ਸੀ। ਬੂਰੇਵਾਲ ਤੱਕ ਪਹੁੰਚਦਿਆਂ ਇਕ ਜਾਂ ਦੋ ਗੱਡੇ ਹੋਰ ਟੁੱਟੇ। ਪੈਦਲ ਤੁਰਨ ਵਾਲਿਆਂ ਵਿਚੋਂ ਕਈਆਂ ਦੇ ਪੈਰ ਸੁੱਜ ਗਏ, ਕਈ ਬੁੱਢੇ ਸਰੀਰ ਬਿਲਕੁਲ ਹਿੰਮਤ ਹਾਰ ਗਏ। ਏਥੇ ਪੁੱਜ ਕੇ ਇਹ ਵੀ ਪਤਾ ਲੱਗ ਗਿਆ ਕਿ ਅਗਲਾ ਸਫ਼ਰ ਖ਼ਤਰੇ ਤੋਂ ਖਾਲੀ ਨਹੀਂ, ਕਿਉਂਕਿ ਅਗਲੇ ਇਲਾਕੇ ਵਿਚ ਭਾਰਤੀ ਪੰਜਾਬ ਵਿਚੋਂ ਮਾਰ ਖਾ ਕੇ ਆਏ ਮੁਸਲਮਾਨ ਪਹੁੰਚੇ ਹੋਏ ਸਨ। ਬੂਰੇਵਾਲਾ ਰੇਲਵੇ ਸਟੇਸ਼ਨ 'ਤੇ ਏਸੇ ਦਿਨ ਸਵੇਰੇ ਮਹਾਜਰੀਨ ਦੀ ਇਕ ਟ੍ਰੇਨ ਫਿਰੋਜ਼ਪੁਰ ਵੱਲੋਂ ਆਈ ਸੀ; ਇਹ ਟ੍ਰੇਨ ਅਜੇ ਸਟੇਸ਼ਨ 'ਤੇ ਹੀ ਖੜ੍ਹੀ ਸੀ, ਪਰ ਲੋਕ ਵਿਚੋਂ ਉਤਰ ਕੇ ਲਾਗ-ਚਾਗ ਦੇ ਪਿੰਡਾਂ ਵਿਚ ਜਾ ਵੜੇ ਸਨ। ਇਹ ਗੱਡੀ ਏਥੋਂ ਵਾਪਸ ਜਾਣੀ ਸੀ। ਏਥੇ ਇਹ ਸਾਰਾ ਕਾਫ਼ਲਾ ਆਪਣੇ ਗੱਡੇ ਛੱਡ ਕੇ ਇਸ ਗੱਡੀ ਵਿਚ ਬੈਠ ਗਿਆ। ਇਹ ਛੋਟੀ ਗੱਡੀ ਸੀ ਜਿਸ ਦੇ ਡੱਬੇ ਥੋੜ੍ਹੇ ਸਨ ਤੇ ਕਾਫ਼ਲੇ ਦੀ ਗਿਣਤੀ ਬਹੁਤ ਜ਼ਿਆਦਾ ਸੀ। ਲੋਕਾਂ ਨੇ ਹੁਣ ਬੜੇ ਜ਼ਰੂਰੀ ਬਿਸਤਰੇ ਤੇ ਦੋ-ਦੋ, ਚਾਰ-ਭਾਂਡੇ ਹੀ ਚੁੱਕੇ ਬਾਕੀ ਸਭ ਕੁਝ ਗੱਡਿਆਂ ਉੱਤੇ ਹੀ ਛੱਡ ਦਿੱਤਾ। ਜ਼ਨਾਨੀਆਂ, ਬੱਚੇ ਤੇ ਬੁੱਢੇ ਗੱਡੀ ਦੇ ਡੱਬਿਆਂ ਦੇ ਅੰਦਰ ਡੱਕ ਦਿੱਤੇ ਤੇ ਤਕਰੀਬਨ ਸਾਰੇ ਹੀ ਮਰਦ ਗੱਡੀ ਦੀ ਛੱਤ ਉੱਤੇ ਬੈਠੇ।

ਮੈਂ ਇਸ ਸੰਬੰਧ ਵਿਚ ਤਸੱਲੀਬਖ਼ਸ਼ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਿਆ ਕਿ

www.sikhbookclub.com



ਗੱਡੀ ਵਿਚ ਬੈਠਣ ਦੀ ਰਾਏ ਕੈਪਟਨ ਬਰਕਤ ਸਿੰਘ ਨੇ ਦਿੱਤੀ, ਜਾਂ ਲੋਕਾਂ ਨੇ ਖ਼ੁਦ ਆਪਣਾ ਸਭ ਕੁਝ ਛੱਡ ਕੇ ਗੱਡੀ ਉੱਤੇ ਬੈਠਣ ਦਾ ਫ਼ੈਸਲਾ ਕੀਤਾ। ਗੱਡੀ ਦੀ ਗਾਰਦ ਗੋਰਖਿਆਂ ਦੀ ਸੀ, ਇਕ ਸੂਬੇਦਾਰ ਤੇ ਸਿਰਫ਼ ਪੰਜ ਜਵਾਨ। ਇਸ ਬਾਰੇ ਵੀ ਠੀਕ ਸੂਚਨਾ ਨਹੀਂ ਮਿਲ ਸਕੀ ਕਿ ਪਾਕਿਸਤਾਨੀ ਅਫ਼ਸਰਾਂ ਨੇ ਸਾਡੇ ਕਾਫ਼ਲੇ ਨੂੰ ਇਸ ਗੱਡੀ ਵਿਚ ਬੈਠਣ ਦੀ ਆਗਿਆ ਕਿਵੇਂ ਦਿੱਤੀ।

ਗੱਡੀ 6 ਸਤੰਬਰ ਨੂੰ ਸਵੇਰੇ ਬੂਰੇਵਾਲਾ ਤੋਂ ਚੱਲੀ ਤੇ ਅਗਲੇ ਸਟੇਸ਼ਨ ਪਾਕਪਟਨ ਤੇ ਜਾ ਕੇ ਰੁਕੀ। ਏਥੇ ਪਾਕਿਸਤਾਨੀ ਪੁਲਿਸ ਨੇ ਗੱਡੀ ਤੇ ਸਵਾਰ ਲੋਕਾਂ ਤੋਂ ਸਾਰੇ ਹਥਿਆਰ ਲੈ ਲਏ—ਕਿਰਪਾਨਾਂ, ਲਾਠੀਆਂ, ਏਥੋਂ ਤੱਕ ਕਿ ਕਿਸੇ ਬੁੱਢੇ ਕੋਲ ਸਹਾਰੇ ਲਈ ਫੜਨ ਵਾਲੀ ਖੂੰਡੀ ਵੀ ਨਾ ਰਹਿਣ ਦਿੱਤੀ। ਗੱਡੀ ਦੇ ਦੂਹੀਂ ਪਾਸੀਂ ਮੁਸਲਮਾਨ ਹਜੂਮ ਵੀ ਜਮ੍ਹਾ ਹੋ ਰਿਹਾ ਸੀ। ਹੁਣ ਇਸ ਕਾਫ਼ਲੇ ਵਾਲਿਆਂ ਨੂੰ ਜਾਪਣ ਲੱਗ ਪਿਆ ਕਿ ਏਥੋਂ ਬਚਾਉਣ ਵਾਲਾ ਸਿਰਫ਼ ਪਰਮਾਤਮਾ ਹੀ ਹੈ। ਆਪਣੇ ਫ਼ੌਜੀ ਕੈਪਟਨ ਬਰਕਤ ਸਿੰਘ ਤੇ ਉਹਨਾਂ ਦੇ ਜਵਾਨ ਤਾਂ ਕਾਫ਼ਲੇ ਨੂੰ ਗੱਡੀ ਤੇ ਬੈਠਾ ਕੇ ਸਿੱਧੇ ਲਾਹੌਰ ਨੂੰ ਚਲੇ ਗਏ ਸਨ। ਇਹ ਕਾਫ਼ਲਾ ਹੁਣ ਗੱਡੀ ਵਾਲੀ ਗਾਰਦ ਦੇ ਹਵਾਲੇ ਸੀ, ਅਤੇ ਗਾਰਦ ਨੇ ਆਪਣਾ ਫ਼ਰਜ਼ ਬੜੀ ਇਮਾਨਦਾਰੀ ਤੇ ਬਹਾਦਰੀ ਨਾਲ ਨਿਭਾਇਆ। ਹਜੂਮ ਵੱਲ ਨੂੰ ਹਵਾਈ ਫਾਇਰ ਵੀ ਕੀਤੇ। ਇਕ ਆਦਮੀ ਟੈਂਕੀ ਵਿਚੋਂ ਆਉਂਦਾ ਪਾਣੀ ਬੰਦ ਕਰਨ ਲਈ ਟੈਂਕੀ ਤੇ ਚੜ੍ਹ ਰਿਹਾ ਸੀ, ਉਸ ਉੱਤੇ ਵੀ ਫਾਇਰ ਕੀਤਾ। ਗੱਡੀ ਦਾ ਡਰਾਈਵਰ ਗੱਡੀ ਨਾ ਚਲਾਵੇ, ਉਸ ਨੂੰ ਬੰਦੂਕ ਦੀ ਨੋਕ ਤੇ ਗੱਡੀ ਚਲਾਉਣ ਲਈ ਮਜਬੂਰ ਕੀਤਾ। ਗੱਡੀ ਚੱਲੀ, ਪਰ ਬੜੀ ਹੌਲੀ-ਹੌਲੀ। ਰਾਹ ਵਿਚ ਛੋਟੇ-ਛੋਟੇ ਸਟੇਸ਼ਨਾਂ ਉੱਤੇ ਬਿਨਾ ਲੋੜ ਹੀ ਰੁਕਦੀ ਰਹੀ। ਗਾਰਦ ਨੂੰ ਇਕ-ਦੋਂਹ ਥਾਈਂ ਭੜਕੇ ਹੋਏ ਮੁਸਲਿਮ ਹਜੂਮ ਉੱਤੇ ਹਵਾਈ ਫ਼ਾਇਰ ਕਰਨੇ ਪਏ। ਅੰਤ ਤਿੰਨ ਘੰਟੇ ਦਾ ਸਫ਼ਰ ਬਾਰਾਂ, ਤੇਰਾਂ ਘੰਟਿਆਂ ਵਿਚ ਮੁਕਾ ਕੇ ਇਹ ਟ੍ਰੇਨ ਰਾਤ ਦੇ ਦਸ ਵਜੇ ਦੇ ਕਰੀਬ ਕਸੂਰ ਪਹੁੰਚੀ। ਕਸੂਰ ਪਹੁੰਚ ਕੇ ਇਹ ਕਾਫ਼ਲਾ ਗੱਡੀ ਉੱਤੋਂ ਲਾਹ ਦਿੱਤਾ ਗਿਆ ਅਤੇ ਬਾਕੀ ਰਾਤ ਇਹਨਾਂ ਸਹਿਮੇ ਹੋਏ, ਅਧਮੋਏ ਲੋਕਾਂ ਨੇ ਸਟੇਸ਼ਨ ਤੇ ਕੱਟੀ। ਮਾਹੌਲ ਬੜਾ ਖ਼ੌਫ਼ਨਾਕ ਸੀ। ਏਸੇ ਦਿਨ ਸਵੇਰੇ ਭਾਰਤ ਵਿਚੋਂ ਇਕ ਮੁਸਲਮਾਨਾਂ ਦੀ ਕੱਟੀ-ਵੱਢੀ ਗੱਡੀ ਆਈ ਸੀ, ਜਿਸ ਕਾਰਨ ਏਧਰ ਦੇ ਲੋਕ ਬੜੇ ਭੜਕੇ ਹੋਏ ਸਨ। ਪਾਕਿਸਤਾਨੀ ਪੁਲਿਸ ਇਸ ਸਿੱਖਾਂ, ਹਿੰਦੂਆਂ ਦੇ ਕਾਫ਼ਲੇ ਉੱਤੇ ਗੋਲੀ ਚਲਾਉਣ ਦਾ ਕੋਈ ਬਹਾਨਾ ਲੱਭ ਰਹੀ ਸੀ। ਲੋਕ ਨੇੜੇ ਪੈਂਦੇ ਇਕ ਨਲਕੇ ਤੋਂ ਮਸਾਂ ਬੁੱਲ੍ਹ ਗਿੱਲ੍ਹੇ ਕਰਨ ਜੋਗਾ ਪਾਣੀ ਲੈਂਦੇ ਰਹੇ, ਕਿਸੇ ਦਾ ਦੂਰ ਵਗਦੇ ਨਲਕਿਆਂ ਤੱਕ ਪਾਣੀ ਲੈਣਜਾਣ ਦਾ ਹੌਸਲਾ ਨਹੀਂ ਸੀ ਪੈਂਦਾ।

ਕਸੂਰ ਦੇ ਸਟੇਸ਼ਨ ਮਾਸਟਰ ਨੇ ਏਨੀ ਮਿਹਰਬਾਨੀ ਕੀਤੀ ਕਿ ਦੂਜੇ ਪਾਸੇ ਫਿਰੋਜ਼ਪੁਰ ਦੇ ਰੇਲਵੇ ਅਧਿਕਾਰੀਆਂ ਨੂੰ ਟੈਲੀਫ਼ੋਨ ਕਰ ਦਿੱਤਾ ਜੋ ਤੁਹਾਡਾ ਇਕ ਬਹੁਤ ਵੱਡਾ ਕਾਫ਼ਲਾ ਏਥੇ ਬੈਠਾ ਹੈ, ਸਵੇਰੇ ਆਪਣੀ ਟ੍ਰੇਨ ਭੇਜ ਕੇ ਉਹਨਾਂ ਨੂੰ ਲੈ ਜਾਓ। ਅਗਲੀ ਸਵੇਰ ਬੜੀ ਲੰਮੀ ਟ੍ਰੇਨ ਪੁੱਜ ਗਈ, ਜਿਸ ਨਾਲ ਦੋ ਇੰਜਨ ਲੱਗੇ ਹੋਏ ਸਨ। ਪੂਰਾ ਕਾਫ਼ਲਾ ਸੁਖਾਲਾ ਹੀ ਇਸ ਵਿਚ ਸਮਾ ਗਿਆ। ਜਦੋਂ ਸਤਲੁਜ ਦਰਿਆ ਪਾਰ ਕਰਕੇ ਇਹ ਟ੍ਰੇਨ ਨਵੇਂ ਬਣੇ ਭਾਰਤ ਦੀ ਹੱਦ ਵਿਚ ਦਾਖ਼ਲ ਹੋਈ ਤਾਂ ਏਧਰ ਖੜੇ ਲੋਕਾਂ ਨੇ ਜੈਕਾਰਿਆਂ ਨਾਲ ਇਹਨਾਂ ਦਾ ਸੁਆਗਤ

www.sikhbookclub.com



ਕੀਤਾ। ਅੱਗੋਂ ਗੱਡੀ ਵਿਚ ਬੈਠੇ ਲੋਕਾਂ ਨੇ ਵੀ ਜੈਕਾਰੇ ਛੱਡੇ, ਪਰ ਇਹਨਾਂ ਜੈਕਾਰਿਆਂ ਵਿਚ ਜੋਸ਼ ਤਾਂ ਕੀ ਹੋਣਾ ਸੀ, ਜਾਨ ਵੀ ਨਹੀਂ ਸੀ; ਇਹ ਜੈਕਾਰੇ ਨਹੀਂ ਸਨ, ਸਿਆਸਤਦਾਨਾਂ ਦੀ ਅਕਲ ਨੂੰ ਰੋਂਦੇ ਲੋਕਾਂ ਦੇ ਹੌਕੇ ਸਨ—ਉਹਨਾਂ ਲੋਕਾਂ ਦੇ ਹੌਕੇ ਜੋ ਆਪਣਾ ਘਰ-ਬਾਰ ਹੀ ਨਹੀਂ ਸਗੋਂ ਆਪਣੀ ਅਣਖ ਵੀ ਗਵਾ ਕੇ ਆਏ ਸਨ। ਇਸ ਇਲਾਕੇ ਦੇ ਲੋਕਾਂ ਨੇ ਆਪਣੇ ਵਿਤ ਅਨੁਸਾਰ, ਕਾਫ਼ਲੇ ਦੀ ਚੰਗੀ ਸੇਵਾ ਕੀਤੀ, ਗੱਡੀ ਇਕ ਥਾਂ ਰੋਕ ਕੇ (ਸ਼ਾਇਦ 'ਹੁਸੈਨੀਵਾਲਾ' ਰੇਲਵੇ ਸਟੇਸ਼ਨ ਉੱਤੇ) ਗੱਡੀ ਵਿਚ ਬੈਠੇ ਲੋਕਾਂ ਨੂੰ ਰੋਟੀ, ਪਾਣੀ ਤੇ ਬੱਚਿਆਂ ਲਈ ਦੁੱਧ ਤੱਕ ਪਹੁੰਚਾਇਆ। ਫਿਰੋਜ਼ਪੁਰ ਸਟੇਸ਼ਨ ਤੋਂ ਲੋਕਾਂ ਨੂੰ ਕੈਂਪ ਵਿਚ ਲੈਜਾਇਆ ਗਿਆ। ਕੈਂਪ ਦਾ ਹਾਲ ਮੰਦਾ ਸੀ। ਸਰਕਾਰੀ ਮਸ਼ੀਨਰੀ ਅਜਿਹੇ ਹਾਲਾਤ ਨੂੰ ਸੰਭਾਲਣ ਲਈ ਤਿਆਰ ਹੀ ਨਹੀਂ ਸੀ: ਨਾ ਹੀ ਉਹਨਾਂ ਕੋਲ ਏਨੇ ਸਾਧਨ ਸਨ। ਉਪਰੰਤ, ਪੰਜਾਬ ਵਿਚ ਤਾਂ ਅਜੇ ਕੋਈ ਸਰਕਾਰ ਹੀ ਨਹੀਂ ਸੀ ਤੇ ਕੇਂਦਰੀ ਸਰਕਾਰ ਦਾ ਏਧਰ ਧਿਆਨ ਹੀ ਨਹੀਂ ਸੀ। ਸਭ ਤੋਂ ਚੰਗਾ ਹੱਲ ਤਾਂ ਇਹ ਸੀ ਕਿ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ ਜਾਂਦਾ। ਫ਼ੌਜ ਪੰਜਾਬ ਦੀ ਪੂਰੀ ਸਥਿਤੀ ਨੂੰ, ਸਿਵਿਲ ਅਧਿਕਾਰੀਆਂ ਦੇ ਮੁਕਾਬਲੇ, ਬਹੁਤ ਚੰਗੀ ਤਰ੍ਹਾਂ ਸੰਭਾਲ ਸਕਦੀ ਸੀ; ਕੈਂਪ ਵੀ ਜੇ ਫ਼ੌਜ ਦੇ ਅਧੀਨ ਹੁੰਦੇ ਤਾਂ ਇਹਨਾਂ ਦੀ ਏਨੀ ਭੈੜੀ ਦਸ਼ਾ ਨਾ ਹੁੰਦੀ।

ਫ਼ਿਰੋਜ਼ਪੁਰ ਕੈਂਪ ਵਿਚ ਹੈਜ਼ਾ ਪਿਆ ਹੋਇਆ ਸੀ; ਨਮੂਨੀਏ ਨਾਲ ਵੀ ਮੌਤਾਂ ਹੋ ਰਹੀਆਂ ਸਨ। ਡਾਕਟਰੀ ਸਹੂਲਤਾਂ ਨਾ ਹੋਣ ਦੇ ਬਰਾਬਰ ਸਨ; ਦਵਾਈਆਂ ਤਾਂ ਮਿਲ ਹੀ ਨਹੀਂ ਸਨ ਰਹੀਆਂ। ਏਥੇ ਸਿਰ ਲੁਕਾਉਣ ਲਈ ਵੀ ਥਾਂ ਨਹੀਂ ਸੀ। ਸਾਡੇ ਕਾਫ਼ਲੇ ਵਿਚੋਂ ਵੀ ਘੱਟੋ-ਘੱਟ ਇਕ ਬੀਬੀ ਹੈਜ਼ੇ ਨਾਲ ਮਰੀ (ਮੇਰੀ ਘਰਵਾਲੀ ਦੇ ਤਾਏ ਦੀ ਧੀ, ਬੀਬੀ ਮਹਿੰਦਰ ਕੌਰ), ਤੇ ਦੋ ਬੱਚੇ ਨਮੂਨੀਏ ਦਾ ਸ਼ਿਕਾਰ ਹੋਏ।

ਏਥੇ ਅਧਿਕਾਰੀਆਂ ਨੇ ਜਿਹੜੇ ਪਿੰਡ ਸਾਡੇ ਕਾਫ਼ਲੇ ਦੇ ਲੋਕਾਂ ਨੂੰ ਅਲਾਟ ਕੀਤੇ ਕੁਝ ਬੰਦੇ ਉਹਨਾਂ ਨੂੰ ਵੇਖਣ ਗਏ। ਏਥੇ ਨਿਰੀ ਦੱਬ ਉੱਗੀ ਹੋਈ ਸੀ; ਫਸਲ ਸ਼ਾਇਦ ਕਦੇ ਕਿਸੇ ਨੇ ਬੀਜੀ ਹੀ ਨਹੀਂ ਸੀ। ਲੋਕਾਂ ਨੇ ਸਲਾਹ ਕੀਤੀ ਕੀ ਅਜਿਹੇ ਬੰਜਰ ਇਲ੍ਹਾਕੇ ਵਿਚ ਬੈਠਣ ਨਾਲੋਂ ਚੰਗਾ ਹੈ ਕਿ ਆਪਣੇ ਪੁਰਾਣੇ ਪਿੰਡਾਂ ਨੂੰ ਚਲੀਏ। ਅਗਲੇ ਦਿਨ ਲੋਕੀ ਆਪਣਿਆਂ 26 ਸਾਲ ਪਹਿਲਾਂ ਛੱਡੇ ਪਿੰਡਾਂ ਨੂੰ ਤੁਰ ਪਏ, ਸਿਰਫ ਉਹ ਲੋਕ ਕੈਂਪ ਵਿਚ ਰਹਿ ਗਏ ਜਿਨ੍ਹਾਂ ਦਾ ਪਿਛਲਾ ਇਲਾਕਾ ਵੀ ਪਾਕਿਸਤਾਨ ਵਿਚ ਆ ਗਿਆ ਸੀ। ਇਹ ਵੀ ਜਿੱਥੇ ਕਿਸੇ ਨੂੰ ਥਾਂ ਲੱਭਾ ਬੈਠਦੇ ਗਏ। ਮੇਰੇ ਸਹੁਰਿਆਂ ਦਾ ਪਿੱਛਾ ਲਾਹੌਰ ਦਾ ਸੀ, ਉਹ ਤਹਿਸੀਲ ਜ਼ੀਰਾ ਦੇ ਪਿੰਡ ਢੰਡੀਆਂ ਵਿਚ ਬੈਠੇ; ਮੇਰੀ ਛੋਟੀ ਭੈਣ ਦੇ ਸਹੁਰੇ ਪਿੱਛੋਂ ਗੁਜਰਾਂਵਾਲੇ ਦੇ ਸਨ, ਉਹ ਢੰਡੀਆਂ ਤੋਂ ਕੋਈ ਤਿੰਨ ਮੀਲ ਦੂਰ ਪਿੰਡ ਕਿਲੀ ਬੋਦਲਾ ਵਿਚ ਬੈਠੇ। ਮੈਂ ਅਗਲੀ ਜਨਵਰੀ ਵਿਚ ਇਹਨੀਂ ਦੋਹੀਂ ਥਾਂਈਂ ਗਿਆ। ਸਾਡੀ ਬਾਰ ਦੇ ਮੁਕਾਬਲੇ ਇਹ ਇਲਾਕਾ ਨਿਰਾ ਨਰਕ ਸੀ; ਪਰ ਪੱਕੀ ਅਲਾਟਮੈਂਟ ਹੋਣ ਤੱਕ ਲੋਕਾਂ ਨੂੰ ਏਥੇ ਹੀ ਜੂਨ-ਗੁਜ਼ਾਰਾ ਕਰਨਾ ਪਿਆ। ਦੱਸਦੇ ਹਨ ਕਿ ਹੁਣ ਤੱਕ ਇਹ ਇਲਾਕਾ ਵੀ ਕਾਫ਼ੀ ਵਿਕਾਸ ਕਰ ਚੁੱਕਾ ਹੈ।

ਇਹਨਾਂ ਪਾਕਿਸਤਾਨ ਬਣੇ ਇਲਾਕਿਆਂ ਵਿਚੋਂ ਆਏ ਸ਼ਰਨਾਰਥੀਆਂ ਨੇ ਪਹਿਲੇ ਤਿੰਨ, ਚਾਰ ਸਾਲ ਕਿਸ ਤਰ੍ਹਾਂ ਬਿਤਾਏ ਇਹ ਇਕ ਵੱਖਰਾ ਬਿਰਤਾਂਤ ਹੈ। ਅਫ਼ਸੋਸ ਹੈ ਕਿ ਇਸ

www.sikhbookclub.com



ਸਮੇਂ ਦੇ ਹਾਲਾਤ ਬਾਰੇ ਕਿਸੇ ਲੇਖਕ ਨੇ ਕੁਝ ਲਿਖਣ ਦਾ ਜਤਨ ਨਹੀਂ ਕੀਤਾ। ਮੈਂ ਮੁਰੱਬਿਆਂ ਦੇ ਮਾਲਕਾਂ ਨੂੰ ਟੋਕਰੀ ਢੋਂਦੇ ਵੇਖਿਆ, ਸਰਦਾਰਾਂ ਦੇ ਪੁੱਤਾਂ ਨੂੰ ਸਿਰ ਤੇ ਬਾਲਣ ਵਾਲੀਆਂ ਲੱਕੜਾਂ ਚੁੱਕੀ ਸ਼ਹਿਰਾਂ ਦੇ ਬਜ਼ਾਰਾਂ ਵਿਚ ਹੋਕਾ ਦੇਂਦੇ ਵੇਖਿਆ; ਇਕ ਅਧਖੜ ਸੁਆਣੀ ਨੂੰ ਇਕ ਕਸਬੇ ਦੀਆਂ ਗਲੀਆਂ ਵਿਚ ਸਿਰ ਤੇ ਪਾਥੀਆਂ ਦੀ ਟੋਕਰੀ ਚੁੱਕੀ ਬੂਹੇ-ਬੂਹੇ ਵੇਚਦਿਆਂ ਵੇਖਿਆ—ਇਹ ਇਕ ਰੱਜੇ-ਪੁੱਜੇ ਘਰਾਣੇ ਦੀ ਬੀਬੀ, ਸੀ। ਇਸ ਦਾ ਪਤੀ ਪਾਕਿਸਤਾਨ ਵਿਚ ਮਾਰਿਆ ਗਿਆ ਸੀ ਤੇ ਚਹੁੰ ਬੱਚਿਆਂ ਨੂੰ ਪਾਲਣ ਦੀ ਜ਼ੁੰਮੇਵਾਰੀ ਹੁਣ ਇਸ ਬੀਬੀ ਦੇ ਸਿਰ ਸੀ। ਪੋਠੋਹਾਰ ਵੱਲੋਂ ਆਇਆ ਇਕ ਧਨਾਢ ਹਿੰਦੂ ਹੁਣ ਜੱਬਲਪੁਰ ਵਿਚ ਸੜਕ ਦੇ ਕੰਢੇ ਬੈਠ ਲਿਲਾਰੀ ਦਾ ਕੰਮ ਕਰਕੇ ਟੱਬਰ ਪਾਲ ਰਿਹਾ ਸੀ। ਪੰਜਾਬੋਂ ਬਾਹਰ ਦੇ ਇਕ ਸ਼ਹਿਰ ਵਿਚ, (ਯਾਦ ਨਹੀਂ ਆ ਰਿਹਾ ਕਿਹੜਾ ਸ਼ਹਿਰ ਸੀ), ਇਕ ਬਜ਼ੁਰਗ ਹਿੰਦੂ ਜੋੜਾ ਸਬਜ਼ੀ ਤੇ ਫਲਾਂ ਦੀ ਰੇੜ੍ਹੀ ਧੱਕੀ ਜਾ ਰਿਹਾ ਸੀ। ਮਾਈ ਦੀ ਸਲਵਾਰ ਵੇਖ ਕੇ ਮੈਂ ਸਮਝ ਲਿਆ ਕਿ ਪੰਜਾਬੀ ਹਨ। ਹਾਲ-ਚਾਲ ਪੁਛਣ ਤੇ ਬਜ਼ੁਰਗ ਨੇ ਦੱਸਿਆ, "ਲਾਇਲਪੁਰ ਵਿਚ ਸਾਡਾ ਚੰਗਾ ਕਾਰੋਬਾਰ ਸੀ। ਇਕ ਪੁੱਤਰ ਤੇ ਤਿੰਨ ਧੀਆਂ ਸਣ। ਪੁੱਤਰ ਓਧਰੇ ਮਾਰਿਆ ਗਿਆ। ਧੀਆਂ ਵਿਚੋਂ ਦੋ ਏਸੇ ਸ਼ਹਿਰ ਵਿਚ ਨੇ, ਸਾਨੂੰ ਆਪਣੇ ਕੋਲ ਲੈ ਜਾਣਾ ਚਾਹੁੰਦੀਆਂ ਨੇ, ਪਰ ਅਸੀਂ ਧੀਆਂ ਦੇ ਬੂਹੇ ਨਹੀਂ ਜਾਣਾ ਚਾਹੁੰਦੇ। ਜਿੰਨਾ ਚਿਰ ਨੈਣ-ਪ੍ਰਾਣ ਚਲਦੇ ਨੇ ਆਪਣੀ ਰੋਟੀ ਆਪ ਕਮਾਵਾਂਗੇ।" ਜਦੋਂ ਬਜ਼ੁਰਗ ਇਹ ਸਭ ਕੁਝ ਸੁਣਾ ਰਿਹਾ ਸੀ, ਮਾਈ ਦੇ ਅਥਰੂ ਡਿਗ ਰਹੇ ਸਨ; ਮੈਂ ਵੀ ਆਪਣੇ ਹੰਝੂ ਨਾ ਡੱਕ ਸਕਿਆ। ਬਜ਼ੁਰਗ ਨੇ ਉਲਟਾ ਮੈਨੂੰ ਧੀਰਜ ਦਿੰਦਿਆਂ ਕਿਹਾ, "ਸਰਦਾਰ ਜੀ ਇੰਞ ਦਿਲ ਢਾਹਿਆਂ ਕਿਵੇਂ ਗੁਜ਼ਾਰਾ ਹੋਵੇਗਾ; ਅਸੀਂ ਇਕੱਲੇ ਨਹੀਂ; ਕਈ ਹੋਰ ਸਾਡੇ ਨਾਲੋਂ ਵੀ ਮਾੜੀ ਹਾਲਤ ਵਿਚ ਨੇ; ਚੰਗੇ ਦਿਨ ਬੀਤ ਗਏ, ਮਾੜੇ ਵੀ ਬੀਤ ਜਾਣਗੇ।"

ਇਹੋ ਜਿਹੇ ਅਨੇਕਾਂ ਲੋਕ ਮੈਂ ਆਪਣੀ ਅੱਖੀਂ ਵੇਖੇ, ਪਰ ਆਫਰੀਨ ਹੈ ਪੰਜਾਬੀਆਂ ਦੇ, ਕਿਸੇ ਨੇ ਕਿਸੇ ਅੱਗੇ ਹੱਥ ਨਹੀਂ ਅੱਡਿਆ। ਜਿਹੜੇ ਬਜ਼ੁਰਗ ਇਕੱਲੇ-ਇਕੱਲੇ ਰੇੜ੍ਹੀ ਵੀ ਨਹੀਂ ਸਨ ਧੱਕ ਸਕਦੇ, ਉਹਨਾਂ ਦੀ ਅਣਖ ਵੀ ਧੀਆਂ ਦੇ ਬੂਹੇ ਤੱਕ ਜਾਣਾ ਗਵਾਰਾ ਨਹੀਂ ਸੀ ਕਰਦੀ, ਕਿਸੇ ਪਰਾਏ ਅਗੇ ਸਵਾਲੀ ਹੋਣਾ ਤਾਂ ਬਹੁਤ ਵੱਡੀ ਗੱਲ ਹੈ। ਮੈਂ ਫੇਰ ਅਪੀਲ ਕਰਦਾ ਹਾਂ ਆਪਣੇ ਹਾਣੀ ਲੇਖਕਾਂ ਨੂੰ ਕਿ ਕੋਈ ਇਹੋ ਜਿਹੇ ਅੱਖੀਂ ਡਿੱਠੇ ਹਾਲਾਤ ਕਲਮਬੰਦ ਕਰ ਜਾਵੇ, ਨਹੀਂ ਤਾਂ ਹੋਰ ਪੰਜਾਹਾਂ ਸਾਲਾਂ ਨੂੰ ਕਿਸੇ ਨੇ ਅਜਿਹੀਆਂ ਕਹਾਣੀਆਂ ਉੱਤੇ ਵਿਸ਼ਵਾਸ ਹੀ ਨਹੀਂ ਕਰਨਾ।

ਮੈਂ ਕਹਾਣੀ ਦੱਸਣੀ ਸੀ ਗੰਜੀ-ਬਾਰ ਦੀ—ਪਾਠਕਾਂ ਨੇ ਵੇਖ ਲਿਆ—ਗੰਜੀ ਬਾਰ ਕਿੰਞ ਵੱਸਦੀ ਰਹੀ, ਤੇ ਕਿੰਞ ਉੱਜੜੀ। ਮੈਂ ਰਿਣੀ ਹਾਂ ਆਪਣੇ ਮਿਹਰਬਾਨ ਮਿੱਤਰ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਰਦਾਰ ਹਰਭਜਨ ਸਿੰਘ ਹਲਵਾਰਵੀ ਦਾ ਜਿੰਨ੍ਹਾਂ ਦੀ ਕਿਰਪਾ ਸਦਕਾ ਮੈਂ ਗੰਜੀ ਬਾਰ ਸੰਬੰਧੀ ਇਹ ਵੇਰਵੇ ਪਾਠਕਾਂ ਤੱਕ ਪਹੁੰਚਾ ਸਕਿਆਂ ਹਾਂ। ਮੈਂ ਧੰਨਵਾਦੀ ਹਾਂ ਉਹਨਾਂ ਸਨੇਹੀਆਂ ਦਾ ਜਿਨ੍ਹਾਂ ਨੇ ਚਿੱਠੀਆਂ ਰਾਹੀਂ ਜਾਂ ਜ਼ਬਾਨੀ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ, ਜਾਂ ਰੀਝ ਨਾਲ ਗੰਜੀ ਬਾਰ ਦੇ ਹਾਲਾਤ ਪੜ੍ਹੇ। ਅੰਤ ਵਿਚ, ਗੰਜੀ ਬਾਰ ਦੇ ਵਸਨੀਕੋ ਤੇ ਸੁਹਿਰਦ ਪਾਠਕੋ—ਅਲਵਿਦਾ।

www.sikhbookclub.com

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA

ਕੀਮਤ: ₹ 150-00

2 458173 801509